# ਪੰਜਾਬ ਖੇਤੀਬਾੜੀ

## ਰੌਸ਼ਨ ਭਵਿੱਖ ਦੀ ਰੂਪ-ਰੇਖਾ

ਡਾ. ਮਹਿੰਦਰ ਸਿੰਘ ਬਾਜਵਾ
ਡਾ. ਇੰਦਰ ਮੋਹਣ ਛਿੱਬਾ

ਪੰਜਾਬੀ ਲੋਕ ਵਿਰਾਸਤ ਅਕਾਦਮੀ
ਲੁਧਿਆਣਾ

# Panjab Khetibari

## Raushan Bhavikh Di Rooprekha

by

Dr. Mohinder Singh Bajwa

Dr. Inder Mohan Chhibba

ISBN : 978-81-7143-681-1

Price : Rs. 250/-

First Print : Oct. 2021

Second Print : Feb. 2022

*Sole Distributor*

**Singh Brothers**, Amritsar

*Publishers :*

**Ravi Sahit Parkashan**
11, GNDU Shopping Complex
G.T. Road, Amritsar

**Punjabi Lok Virasat Academy**
Ludhiana

*Printed at*

**Printwell**

146, Industrial Focal Point, Amristar

# ਸਮਰਪਣ

ਪੰਜਾਬੀ ਕਿਸਾਨਾਂ, ਖੇਤੀ ਵਿਗਿਆਨੀਆਂ, ਕਿਰਤੀਆਂ/ਕਾਮਿਆਂ
ਤੇ ਭਵਿੱਖ ਦੇ ਵਾਰਸ ਨੌਜਵਾਨਾਂ ਦੇ ਨਾਮ
**ਜਿੰਨ੍ਹਾਂ ਦਾ ਸਾਂਝਾ ਸੰਘਰਸ਼**
**ਪੰਜਾਬ ਦੀ ਖੇਤੀ-ਨੁਹਾਰ ਸੰਵਾਰ ਸਕਦਾ ਹੈ।**

## ਧੰਨਵਾਦ !

ਅਸੀਂ ਇਸ ਮੌਕੇ ਡੂੰਘੀ ਸ਼ੁਕਰਗੁਜ਼ਾਰੀ ਦਾ ਪ੍ਰਗਟਾਵਾ ਕਰਦੇ ਹਾਂ:

* ਪ੍ਰੋਫੈਸਰ ਗੁਰਭਜਨ ਸਿੰਘ ਗਿੱਲ, ਇਸ ਪੁਸਤਕ ਨੂੰ ਤਿਆਰ ਕਰਨ ਅਤੇ ਸਾਹਮਣੇ ਲਿਆਉਣ ਵਾਸਤੇ ਉਨ੍ਹਾਂ ਵੱਲੋਂ ਉਤਸ਼ਾਹ ਲਈ।
* ਸ਼੍ਰੀਮਤੀ ਸਵਿਤਾ ਛਿੱਬਾ ਵਲੋਂ ਇਸ ਦਸਤਾਵੇਜ਼ ਨੂੰ ਤਿਆਰ ਕਰਨ ਲਈ ਦਿਲੋਂ ਉਤਸ਼ਾਹ ਅਤੇ ਸਹਾਇਤਾ ਲਈ।
* ਸ਼੍ਰੀਮਤੀ ਮਨਜੀਤ ਕੌਰ ਬਾਜਵਾ ਅਤੇ ਪਰਿਵਾਰ ਦੇ ਦੂਸਰੇ ਮੈਂਬਰਾਂ ਵਲੋਂ ਇਸ ਨੂੰ ਤਿਆਰ ਕਰਨ ਲਈ ਪ੍ਰੇਰਣਾ ਅਤੇ ਦਿਲੋਂ ਉਤਸ਼ਾਹ ਲਈ।

# ਤਤਕਰਾ


| | | |
|---|---|---|
| | ਖੇਤੀ ਵਿਕਾਸ-ਗਿਆਨ ਪੋਥੀ ਦਾ ਸੁਆਗਤ ਹੈ | 7 |
| | ਭੂਮਿਕਾ | 11 |
| 1. | ਖੇਤੀਬਾੜੀ ਨੂੰ ਦਰਪੇਸ਼ ਚੁਣੌਤੀਆਂ | 13 |
| 2. | ਖੇਤੀਬਾੜੀ ਖੇਤਰ: ਚੌਰਾਹੇ 'ਤੇ | 17 |
| 3. | ਭਾਰਤ ਦੀ ਵਧ ਰਹੀ ਆਬਾਦੀ ਲਈ ਸਾਲ 2050 ਤੱਕ ਅਨਾਜ ਸੁਰੱਖਿਆ ਯਕੀਨੀ ਬਣਾਉਣ ਲਈ ਚੁਣੌਤੀਆਂ | 23 |
| 4. | ਪੰਜਾਬ ਵਿੱਚ ਖੇਤੀ ਪੁਨਰ ਸੁਰਜੀਤੀ ਦੀ ਲੋੜ | 30 |
| 5. | ਪਾਏਦਾਰ ਖੇਤੀਬਾੜੀ ਲਈ ਜ਼ਮੀਨ ਦੀ ਸਿਹਤ ਸੰਭਾਲ ਜ਼ਰੂਰੀ | 35 |
| 6. | ਪਾਣੀ ਦੀ ਸਾਂਭ-ਸੰਭਾਲ ਤੇ ਸੁਚੱਜੀ ਵਰਤੋਂ | 41 |
| 7. | ਜ਼ਮੀਨ ਤੇ ਪਾਣੀ ਦੀ ਸਹੀ ਵਰਤੋਂ | 44 |
| 8. | ਵਿਸ਼ਵ-ਵਿਆਪੀ ਮੌਸਮੀ ਤਬਦੀਲੀਆਂ ਅਤੇ ਖੇਤੀ | 49 |
| 9. | ਜੋਖ਼ਮ ਪ੍ਰਬੰਧਨ ਕਾਰਜ ਨੀਤੀਆਂ ਬਣਾਉਣਾ ਤੇ ਲਾਗੂ ਕਰਨਾ | 53 |
| 10. | ਉੱਚ-ਕੀਮਤ ਵਾਲੀਆਂ ਫ਼ਸਲਾਂ ਦੀ ਖੇਤੀ ਦਾ ਵਿਕਾਸ | 59 |
| 11. | ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰੋ | 66 |
| 12. | ਖੇਤੀ-ਵਿਭਿੰਨਤਾ ਲਈ ਠੋਸ ਨੀਤੀ ਦੀ ਲੋੜ | 71 |
| 13. | ਫ਼ਸਲਾਂ ਵਿੱਚ ਬਦਲਾਅ- ਸੁਨਿਸ਼ਚਿਤ ਖੇਤੀ ਤਕਨੀਕ ਅਪਣਾਉ | 76 |
| 14. | ਪੇਂਡੂ ਇਲਾਕਿਆਂ ਵਿੱਚ ਖੇਤੀ ਆਧਾਰ ਉਦਯੋਗ ਹੀ ਮੁਕਤੀ-ਮਾਰਗ | 81 |
| 15. | ਕੰਢੀ ਖੇਤਰ ਵਿੱਚ ਬਰਾਨੀ ਖੇਤੀਬਾੜੀ ਦਾ ਆਧੁਨਿਕੀਕਰਨ | 87 |
| 16. | ਛੋਟੇ ਕਿਸਾਨਾਂ ਦੀ ਆਰਥਿਕ ਸਥਿਤੀ ਸੁਧਾਰਨ ਲਈ ਖੇਤੀ ਦਾ ਸਰਵਪੱਖੀ ਵਿਕਾਸ | 91 |
| 17. | ਪੇਂਡੂ ਨੌਜਵਾਨਾਂ ਨੂੰ ਖੇਤੀਬਾੜੀ ਨਾਲ ਜੋੜਨਾ ਬੇਹੱਦ ਜ਼ਰੂਰੀ ਹੈ | 95 |
| 18. | ਕਿਸਾਨ ਆਤਮ-ਹੱਤਿਆਵਾਂ ਰੋਕਣ ਵਾਸਤੇ ਸੁਝਾਅ | 100 |
| 19. | ਪੇਂਡੂ ਵਿਕਾਸ ਕਾਰਜਾਂ ਵਿੱਚ ਖੇਤੀ ਵਿਕਾਸ ਨੂੰ ਪਹਿਲ ਦਿਉ | 106 |
| 20. | ਕਿਸਾਨਾਂ ਦੀ ਆਰਥਿਕ ਸਥਿਰਤਾ ਲਈ ਠੋਸ ਨੀਤੀਆਂ ਬਣਾਉ | 110 |
| 21. | ਸ਼ਹਿਰੀ ਖ਼ੁਰਾਕ ਸੁਰੱਖਿਆ 'ਚ ਸ਼ਹਿਰੀ ਖੇਤੀਬਾੜੀ ਦੀ ਭੂਮਿਕਾ | 114 |
| 22. | ਸਮੇਂ ਦੀ ਲੋੜ ਹੈ ਖੇਤੀਬਾੜੀ ਸਿੱਖਿਆ ਦਾ ਆਧੁਨਿਕੀਕਰਨ | 121 |
| 23. | ਖੇਤੀਬਾੜੀ ਆਧੁਨਿਕੀਕਰਨ ਲਈ ਗਤੀਸ਼ੀਲ ਨੀਤੀ ਦੀ ਜ਼ਰੂਰਤ | 126 |

24. ਕਾਰਜਕਾਰੀ ਅਤੇ ਲੋੜੀਂਦੀਆਂ ਕਾਰਜ ਯੋਜਨਾਵਾਂ 129

1. ਖੇਤਰ-ਵਿਸ਼ੇਸ਼ ਆਧੁਨਿਕੀਕਰਨ ਯੋਜਨਾਵਾਂ ਬਣਾਉਣਾ ਇੱਕ ਮੁੱਢਲੀ ਜ਼ਰੂਰਤ 130
2. ਖੇਤੀ ਉਤਪਾਦਕਤਾ ਨੂੰ ਵਾਧੇ ਵੱਲ ਕਾਇਮ ਰੱਖਣ ਦੀ ਲੋੜ 132
3. ਪੌਸ਼ਟਿਕ ਖੁਰਾਕ ਸੁਰੱਖਿਆ ਲਈ ਬਾਗਬਾਨੀ ਆਧੁਨਿਕੀਕਰਨ ਦੀ ਲੋੜ 133
4. ਮੰਡੀਆਂ ਵਿੱਚ ਸਵੀਕਾਰਤ ਉਤਪਾਦਨ ਕਰਨ ਦੀ ਜ਼ਰੂਰਤ 135
5. ਉੱਚ ਗੁਣਵੱਤਾ ਵਾਲੇ ਖੇਤੀਬਾੜੀ ਉਤਪਾਦਨ- ਸਮੇਂ ਦੀ ਮੰਗ 136
6. ਜਲਵਾਯੂ ਸਮਾਰਟ ਖੇਤੀ ਨੂੰ ਉਤਸ਼ਾਹਿਤ ਕਰਨ ਦਾ ਸਮਾਂ 138
7. ਜ਼ਮੀਨ ਅਤੇ ਪਾਣੀ ਦੀ ਸਹੀ ਸੰਭਾਲ- ਇੱਕ ਬੁਨਿਆਦੀ ਜ਼ਰੂਰਤ 140
8. ਉੱਚ ਮੁਨਾਫਾ ਕਾਇਮ ਰੱਖਣ ਲਈ ਲੋੜ ਹੈ ਉਤਪਾਦਨ ਕੁਸ਼ਲਤਾ ਵਧਾਉਣ ਦੀ 142
9. ਸੁਨਿਸ਼ਚਿਤ ਖੇਤੀਬਾੜੀ- ਸਮੇਂ ਦੀ ਲੋੜ 144
10.ਉੱਚ-ਤਕਨੀਕੀ ਖੇਤੀ 145
11.ਆਧੁਨਿਕ ਖੇਤੀ ਵਿੱਚ ਡਿਜੀਟਲ ਜਾਣਕਾਰੀ ਤਕਨੀਕ ਦੀ ਵਰਤੋਂ 147
12.ਖੇਤੀ ਆਰਥਿਕਤਾ ਕਾਇਮ ਰੱਖਣ ਲਈ ਆਧੁਨਿਕ ਫ਼ਸਲੀ ਵਿਭਿੰਨਤਾ 149
13.ਫ਼ਸਲਾਂ ਦੇ ਉਤਪਾਦਾਂ ਦੀ ਬਰਬਾਦੀ ਘਟਾਉਣਾ-ਖੇਤੀਬਾੜੀ ਆਧੁਨਿਕੀਕਰਨ ਵਿੱਚ ਅਹਿਮ ਚੁਣੌਤੀ 152
14.ਖੇਤੀ ਉਤਪਾਦਾਂ ਦੇ ਭੰਡਾਰਨ ਦੌਰਾਨ ਬਰਬਾਦੀ ਤੇ ਕਾਬੂ ਪਾਉਣਾ ਬਹੁਤ ਜ਼ਰੂਰੀ 153
15.ਖੇਤੀ ਆਧੁਨਿਕੀਕਰਨ ਨੀਤੀ ਵਿੱਚ ਖੁਰਾਕ ਪ੍ਰੋਸੈਸਿੰਗ ਇੱਕ ਜ਼ਰੂਰੀ ਹਿੱਸਾ 154
16 ਛੋਟੇ ਕਿਸਾਨਾਂ ਦੇ ਸਥਾਈ ਆਰਥਿਕ ਵਿਕਾਸ ਨੂੰ ਯਕੀਨੀ ਬਣਾਉਣਾ 156
17.ਨੌਜਵਾਨਾਂ ਨੂੰ ਖੇਤੀਬਾੜੀ ਕਿੱਤੇ ਵੱਲ ਆਕਰਸ਼ਿਤ ਕਰਨਾ ਬਹੁਤ ਜ਼ਰੂਰੀ 158
18 ਖੇਤੀਬਾੜੀ ਆਧੁਨਿਕੀਕਰਨ ਵਿੱਚ ਸਵੈ-ਸਹਾਇਤਾ ਕਿਸਾਨ ਸੰਸਥਾਵਾਂ ਦੇ ਗਠਨ 160
19 ਇਕਰਾਰਨਾਮੇ ਨਾਲ ਖੇਤੀਬਾੜੀ 161
20 ਖੇਤੀ ਸਿੱਖਿਆ ਅਤੇ ਖੋਜ ਵਿੱਚ ਆਧੁਨਿਕ ਬਦਲਾਅ ਦੀ ਲੋੜ 161
21 ਖੇਤੀਬਾੜੀ ਆਧੁਨਿਕੀਕਰਨ ਲਈ ਮੰਡੀਕਰਨ ਸੁਧਾਰ 165
22 ਖੇਤੀਬਾੜੀ ਆਧੁਨਿਕੀਕਰਨ ਲਈ ਵਿੱਤੀ ਨਿਵੇਸ਼ ਵਧਾਉਣਾ ਇਕ ਬੁਨਿਆਦੀ ਜ਼ਰੂਰਤ 167
23 ਲੋੜੀਂਦੇ ਨੀਤੀਗਤ ਉਦੇਸ਼ 169
24 ਦ੍ਰਿੜ ਰਾਜਨੀਤਿਕ ਇੱਛਾ ਬਹੁਤ ਜ਼ਰੂਰੀ 174
25 ਜਵਾਬਦੇਹੀ 175


❖❖❖

# ਖੇਤੀ ਵਿਕਾਸ-ਗਿਆਨ ਪੋਥੀ ਦਾ ਸੁਆਗਤ ਹੈ

ਮੇਰੇ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਮੇਰੇ ਵੱਡੇ ਵੀਰ, ਮਾਰਗ-ਦਰਸ਼ਕ ਤੇ ਮੁਹੱਬਤ ਦੇ ਸਰਸਬਜ਼ ਚਸ਼ਮੇ ਡਾ. ਮਹਿੰਦਰ ਸਿੰਘ ਬਾਜਵਾ ਤੇ ਡਾ. ਇੰਦਰ ਮੋਹਣ ਛਿੱਬਾ ਜੀ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਿੱਚ ਲੰਮਾ ਸਮਾਂ ਵਿਗਿਆਨ, ਖੋਜ ਤੇ ਅਧਿਆਪਨ ਸੇਵਾ ਉਪਰੰਤ ਅਜੇ ਵੀ ਉਹ ਗਤੀਸ਼ੀਲਤਾ ਨਹੀਂ ਤਿਆਗੀ ਜੋ ਕਿਸੇ ਧਰਤੀ-ਪੁੱਤਰ ਨੂੰ ਨਿਭਾਉਣੀ ਬਣਦੀ ਹੈ।

ਡਾ. ਮਹਿੰਦਰ ਸਿੰਘ ਬਾਜਵਾ ਦੇ ਖ਼ਮੀਰ ਤੇ ਜ਼ਮੀਰ ਵਿੱਚ ਹੀ ਲੋਕ-ਮੁੱਖਤਾ ਪ੍ਰਮੁੱਖ ਰਹੀ ਹੈ। ਉਹ ਭਾਵੇਂ ਭੂਮੀ ਵਿਗਿਆਨ ਵਿਭਾਗ 'ਚ ਪ੍ਰੋਫ਼ੈਸਰ ਸਨ, ਮੁਖੀ ਬਣੇ, ਡੀਨ ਤੇ ਡਾਇਰੈਕਟਰ (ਖੋਜ) ਬਣੇ। ਹਰ ਥਾਂ ਉਨ੍ਹਾਂ ਨੇ ਆਪਣੇ ਪੇਂਡੂ ਪੰਜਾਬ ਦੇ ਖੇਤੀ ਅਰਥਚਾਰੇ ਦੀ ਫ਼ਿਕਰਮੰਦੀ ਪ੍ਰਗਟਾਈ। ਪੰਜਾਬ ਵਿੱਚੋਂ ਕੱਲਰ-ਖਾਤਮੇ ਦੇ ਮੋਢੀ ਵਜੋਂ ਡਾ. ਮਹਿੰਦਰ ਸਿੰਘ ਬਾਜਵਾ ਦਾ ਕੱਦ ਬੁੱਤ ਬਹੁਤ ਉਚੇਰਾ ਹੈ। ਅੰਤਰ-ਰਾਸ਼ਟਰੀ ਵਿਗਿਆਨ ਬਿਰਾਦਰੀ ਵਿੱਚ ਬੜੇ ਥੋੜ੍ਹੇ ਵਿਗਿਆਨੀ ਨੇ ਜਿਨ੍ਹਾਂ ਨੂੰ ਹਰ ਜਗ੍ਹਾ ਸਨਮਾਨਤ ਢੰਗ ਨਾਲ ਯਾਦ ਕੀਤਾ ਜਾਂਦਾ ਹੈ।

ਮੈਨੂੰ ਯਾਦ ਹੈ ਕਿ ਉਹ ਅਧਿਆਪਕਾਂ ਦੇ ਅਧਿਆਪਕ ਵਜੋਂ ਵੀ ਸਨਮਾਨਿਤ ਸਨ ਤੇ ਵਿਦਿਆਰਥੀਆਂ ਦੇ ਵਿਦਿਆਰਥੀ ਵਜੋਂ ਵੀ। ਅਕਸਰ ਆਖਦੇ, ਖੇਤੀਬਾੜੀ ਕਾਲਜ 'ਚ ਪੜ੍ਹਦੇ ਨੌਜਵਾਨ ਲੜਕੇ ਲੜਕੀਆਂ ਮੇਰੇ ਲਈ ਕਿਸੇ ਅਧਿਆਪਕ ਤੋਂ ਘੱਟ ਨਹੀਂ ਹਨ। ਮੈਂ ਇਨ੍ਹਾਂ ਦੀਆਂ ਅੱਖਾਂ ਤੇ ਮੱਥੇ ਵਿੱਚੋਂ ਪੜ੍ਹ ਕੇ ਦੱਸ ਸਕਦਾ ਹਾਂ ਕਿ ਇਸ ਦੇ ਮਾਪਿਆਂ ਦੀ ਕੀ ਦਸ਼ਾ ਹੈ। ਜਿਨ੍ਹਾਂ ਨੂੰ ਅਸੀਂ ਵਿਗੜਿਆ ਵਰਗ ਮੰਨਦੇ ਹਾਂ, ਉੱਥੇ ਹਾਰ ਮੰਨ ਰਹੇ ਹੁੰਦੇ ਹਾਂ। ਮੈਂ ਯੂਨੀਵਰਸਿਟੀ 'ਚ ਕਦੇ ਹਾਰਨਾ ਨਹੀਂ, ਸਗੋਂ ਇਨ੍ਹਾਂ ਬੱਚਿਆਂ ਦਾ ਬਾਬਲ ਬਣ ਕੇ ਜੇਤੂ ਬਣਾਉਣਾ ਹੈ। ਹਰ ਵਿਦਿਆਰਥੀ ਦੀ ਜਨਮ ਪੱਤਰੀ ਜਾਣਨ ਵਾਲਾ ਅਧਿਆਪਕ ਹੀ ਅਜਿਹਾ ਦਾਅਵਾ ਕਰ ਸਕਦਾ ਹੈ। ਮੈਨੂੰ ਯਾਦ ਹੈ, ਇੱਕ ਵਾਰ ਉਹ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਲੱਗਦੇ ਲੱਗਦੇ ਰਹਿ ਗਏ। ਕਹਿਣ ਲੱਗੇ, ਮੈਂ ਬਚ ਗਿਆ, ਮੇਰੀ ਖੋਜ ਤੇ ਪੜ੍ਹਨ ਲਿਖਣ ਦਾ ਕੰਮ ਛੁੱਟ ਜਾਣਾ ਸੀ। ਵਾਹ! ਮੇਰੇ ਭਾਜੀ! ਮੈਂ ਕਿਹਾ।

ਪਹਿਲਾਂ ਉਹ ਅੰਗਰੇਜ਼ੀ ਦੇ ਪ੍ਰਮੁੱਖ ਅਖ਼ਬਾਰਾਂ ਤੇ ਖੋਜ ਪੱਤਰਾਂ 'ਚ ਲੇਖ ਲਿਖਦੇ ਸਨ। ਮੈਂ ਕਿਹਾ, ਭਾਜੀ, ਤੁਹਾਡੇ ਗਿਆਨ ਦਾ ਜੇ ਕਾਦੀਆਂ ਵੱਸਦੇ ਕਿਸਾਨ ਨੂੰ ਲਾਭ ਨਹੀਂ, ਜਗਰਾਉਂ ਜਾਂ ਹੁਸ਼ਿਆਰਪੁਰ 'ਚ ਵੱਸਦੇ ਕਿਸੇ ਪਿੰਡ 'ਚ ਕੋਈ ਲਾਭ ਨਹੀਂ ਤਾਂ ਗੱਲ ਕਿਸ

ਨਾਲ ਕਰਦੇ ਹੋ? ਉਹ ਕਹਿਣ ਲੱਗੇ, ਮੇਰੀ ਪੰਜਾਬੀ ਕਮਜ਼ੋਰ ਹੈ, ਤੂੰ ਨਾਲ ਲੱਗ। ਮੈਂ ਕਿਹਾ, ਭਾਜੀ ਜਿਵੇਂ ਬੋਲਦੇ ਹੋ, ਉਵੇਂ ਲਿਖੋ, ਇਹੀ ਸਹੀ ਪੰਜਾਬੀ ਹੈ। ਆਪਣੇ ਅੰਦਰੋਂ ਕੋਟਲੀ ਬਾਜਵਿਆਂ (ਸਿਆਲਕੋਟ) ਦਾ ਜੰਮਿਆ ਜਾਇਆ ਮਹਿੰਦਰ ਜਗਾਉ। ਅਗਲੇ ਮਹੀਨੇ ਹੀ ਪੰਜਾਬੀ ਵਿੱਚ ਲੇਖ ਲੜੀ ਸ਼ੁਰੂ ਹੋ ਗਈ।

'ਚੰਗੀ ਖੇਤੀ' ਮਾਸਿਕ ਪੱਤਰ ਦੇ ਸੰਪਾਦਕ ਵਜੋਂ ਲੰਮਾ ਸਮਾਂ ਕੰਮ ਕਰਨ ਦੇ ਆਧਾਰ ’ਤੇ ਮੈਂ ਕਹਿ ਸਕਦਾ ਹਾਂ ਕਿ ਡਾ. ਮਹਿੰਦਰ ਸਿੰਘ ਬਾਜਵਾ ਉਨ੍ਹਾਂ ਖੇਤੀਬਾੜੀ ਵਿਗਿਆਨੀਆਂ 'ਚੋਂ ਪ੍ਰਮੁੱਖ ਹਨ ਜੋ ਇੱਕੋ ਜਿਹੀ ਮੁਹਾਰਤ ਨਾਲ ਪੰਜਾਬੀ ਤੇ ਅੰਗਰੇਜ਼ੀ ਵਿੱਚ ਗੱਲ ਕਹਿਣੀ ਤੇ ਸਮਝਾਉਣੀ ਜਾਣਦੇ ਹਨ। ਪੰਜਾਬ ’ਚ ਹੋਣ ਜਾਂ ਅਮਰੀਕਾ ਵਿਚ, ਉਨ੍ਹਾਂ ਦੀ ਸੋਚ ਪੰਜਾਬੀ ਕਿਸਾਨ ਦੇ ਵਿਕਾਸ ਲਈ ਕਾਰਜਸ਼ੀਲ ਰਹਿੰਦੀ ਹੈ।

ਅਗਲੀ ਗੱਲ ਡਾ. ਇੰਦਰ ਮੋਹਣ ਛਿੱਬਾ ਜੀ ਦੀ। ਡਾ. ਛਿੱਬਾ ਮੇਰੇ ਲਗਪਗ ਤੀਹ ਸਾਲ ਸਹਿਕਰਮੀ ਰਹੇ ਹਨ। ਭੂਮੀ ਵਿਗਿਆਨ ਨਾਲ ਸੰਬੰਧਿਤ ਹਰ ਫ਼ਿਕਰਮੰਦੀ ਉਨ੍ਹਾਂ ਦੇ ਏਜੰਡੇ ’ਤੇ ਪ੍ਰਥਮ ਰਹੀ ਹੈ। ਉਹ ਸਾਡੇ ਅਧਿਆਪਕ ਆਗੂ ਵੀ ਸਨ ਪਰ ਨਾਲੋ ਨਾਲ ਭੂਮੀ ਵਿਗਿਆਨ ਦੇ ਬਾਰੀਕਬੀਨ ਅਧਿਆਪਕ, ਖੋਜਕਾਰ ਤੇ ਪਸਾਰ ਮਾਹਿਰ ਵੀ। ਪੰਜਾਬ ਵਿੱਚ ਜਲ ਸੋਮਿਆਂ ਦੀ ਬੱਚਤ, ਭੂਮੀ ਸਿਹਤ ਸੰਭਾਲ ਅਤੇ ਹੋਰ ਅਨੇਕਾਂ ਸੰਬੰਧਿਤ ਵਿਸ਼ਿਆਂ ਬਾਰੇ ਤੁਰੰਤ ਵਿਚਾਰ-ਉਜੇਕਤ ਸਾਹਿੱਤ ਲਿਖ ਦੇਂਦੇ। ਅਸਾਂ ਬਹੁਤ ਲੰਮਾ ਸਮਾਂ ਲੋਕ-ਪੱਖੀ ਵਿਗਿਆਨ ਸੰਚਾਰ ਦੀਆਂ ਮੁਹਿੰਮਾਂ ਨੂੰ ਸਿਲਸਿਲੇ ਬੱਧ ਕਰਨ ਵਿੱਚ ਇਕੱਠਿਆਂ ਵਕਤ ਗੁਜ਼ਾਰਿਆ ਹੈ। ਡਾ. ਮਹਿੰਦਰ ਸਿੰਘ ਬਾਜਵਾ ਦੀ ਸੋਚ-ਧਾਰਾ ਦੇ ਅਨੁਯਾਈ ਅਤੇ ਸਹਿਯੋਗੀ ਹੋਣ ਕਾਰਨ ਉਨ੍ਹਾਂ ਦੀ ਸਾਂਝੀ ਕਿਤਾਬ ਆਪਣੇ ਆਪ ਵਿੱਚ ਹੀ ਮਿਸਾਲੀ ਕਾਰਜ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਤੋਂ ਸੇਵਾ-ਮੁਕਤੀ ਉਪਰੰਤ ਨਿਰੰਤਰ ਕਰਮਸ਼ੀਲ ਰਹਿ ਕੇ ਇਨ੍ਹਾਂ ਦੋਹਾਂ ਵਿਗਿਆਨੀਆਂ ਨੇ ਸਾਬਤ ਕਰ ਦਿੱਤਾ ਹੈ ਕਿ ਆਪਣੀ ਮਿੱਟੀ ਦਾ ਕਰਜ਼ ਕਿਵੇਂ ਮੋੜੀਦਾ ਹੈ। ਮੈਨੂੰ ਮਾਣ ਹੈ ਕਿ ਮੈਂ ਇਸ ਸਿਰਜਕ ਵਿਗਿਆਨੀ ਜੋੜੀ ਦਾ ਵਿਸ਼ਵਾਸ ਪਾਤਰ ਹਾਂ। ਇਹ ਕਿਤਾਬ ਸਿਰਫ਼ ਕਿਤਾਬ ਨਹੀਂ, ਸਗੋਂ ਵਿਗਿਆਨਕ ਨਜ਼ਰੀਏ ਦੀ ਲਾਲਟੈਣ ਹੈ। ਰਾਹ-ਦਿਸੇਰਾ ਬਣਨ ਦੇ ਸਮਰੱਥ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਹਰੇ ਇਨਕਲਾਬ ਦੌਰਾਨ ਪੰਜਾਬ ਦੇ ਖੇਤੀਬਾੜੀ ਖੇਤਰ ਵਿੱਚ ਪ੍ਰਸ਼ੰਸਾ ਯੋਗ ਆਰਥਿਕ ਪ੍ਰਾਪਤੀਆਂ ਹੋਈਆਂ ਜਿਸ ਕਾਰਨ ਕਿਸਾਨ ਭਾਈਚਾਰੇ ਦਾ ਜੀਵਨ ਪੱਧਰ ਵੀ ਉੱਚਾ ਹੋਇਆ। ਪਰ ਪਿਛਲੇ ਤਿੰਨ/ਚਾਰ ਦਹਾਕਿਆਂ ਦੌਰਾਨ ਰਵਾਇਤੀ ਖੇਤੀ ਪ੍ਰਣਾਲੀ ਦੀ ਉੱਚ ਉਤਪਾਦਕਤਾ ਅਤੇ ਮੁਨਾਫ਼ਾ ਕਾਇਮ ਰੱਖਣ ਵਿੱਚ ਬਹੁਤ ਸਾਰੀਆਂ ਤਕਨੀਕੀ, ਆਰਥਿਕ ਅਤੇ ਵਾਤਾਵਰਣਿਕ ਮੁਸ਼ਕਿਲਾਂ ਤੇ ਚੁਣੌਤੀਆਂ ਸਾਹਮਣੇ ਆਈਆਂ ਹਨ ਜਿਨ੍ਹਾਂ ਕਰਕੇ ਖੇਤੀਬਾੜੀ ਆਧਾਰਿਤ ਆਰਥਿਕ ਵਿਕਾਸ ਨੂੰ ਵਾਧੇ ਵਲ ਕਾਇਮ ਰੱਖਣਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ।

ਦਰਅਸਲ ਪੰਜਾਬ ਵਿੱਚ ਪ੍ਰਮੁੱਖ ਫ਼ਸਲ ਪ੍ਰਣਾਲੀ (ਝੋਨਾ-ਕਣਕ) ਆਧਾਰਿਤ ਮੁਨਾਫ਼ੇ ਅਤੇ ਸਮੁੱਚੇ ਖੇਤੀ-ਆਰਥਿਕ ਵਾਧੇ ਦੀ ਦਰ ਸਾਲ-ਦਰ-ਸਾਲ ਘਟਦੀ ਗਈ ਹੈ। ਇਸ ਤੋਂ

ਇਲਾਵਾ, ਪਾਣੀ ਦਾ ਸੰਕਟ, ਵਾਤਾਵਰਣ ਪ੍ਰਦੂਸ਼ਣ, ਜ਼ਮੀਨ ਦੀ ਉਪਜਾਊ ਸ਼ਕਤੀ 'ਚ ਆ ਰਹੀ ਗਿਰਾਵਟ, ਮੰਡੀਕਰਨ ਦੀਆਂ ਮੁਸ਼ਕਿਲਾਂ ਤੇ ਫ਼ਸਲਾਂ ਦੇ ਉਤਪਾਦਾਂ ਦੀਆਂ ਕੀਮਤਾਂ ਵਿੱਚ ਉਤਰਾਅ-ਚੜ੍ਹਾਅ ਅਤੇ ਤੇਜ਼ੀ ਨਾਲ ਬਦਲਦੀਆਂ ਸਰਕਾਰ ਦੀਆਂ ਨੀਤੀਆਂ ਕਾਰਨ ਖੇਤੀਬਾੜੀ ਨੂੰ ਖ਼ਤਰੇ ਪੈਦਾ ਹੋ ਰਹੇ ਹਨ। ਭਵਿੱਖ ਦੌਰਾਨ ਮੌਸਮ ਵਿੱਚ ਤਬਦੀਲੀ ਦੇ ਸੰਭਵ ਪ੍ਰਭਾਵ ਕਰਕੇ ਆਰਥਿਕ ਵਿਕਾਸ ਨੂੰ ਵਧਾਉਣ ਲਈ ਮੁਸ਼ਕਿਲਾਂ ਹੋਰ ਗੰਭੀਰ ਬਣ ਸਕਦੀਆਂ ਹਨ। ਅਸਲ ਵਿੱਚ, ਹਰੀ ਕ੍ਰਾਂਤੀ ਦੇ ਯੁੱਗ ਦੌਰਾਨ ਅਪਣਾਈਆਂ ਗਈਆਂ ਤਕਨੀਕਾਂ ਰਵਾਇਤੀ ਖੇਤੀਬਾੜੀ ਪ੍ਰਣਾਲੀਆਂ ਦੇ ਉੱਚ ਉਤਪਾਦਕਤਾ, ਮੁਨਾਫ਼ੇ ਅਤੇ ਖੇਤੀ ਆਧਾਰਿਤ ਆਰਥਿਕ ਵਿਕਾਸ ਨੂੰ ਕਾਇਮ ਰੱਖਣ ਲਈ ਕਾਫ਼ੀ ਨਹੀਂ ਜਾਪਦੀਆਂ। ਸਿੱਟੇ ਵਜੋਂ ਕਿਸਾਨ ਭਾਈਚਾਰਾ (ਖ਼ਾਸ ਕਰ ਛੋਟੇ ਅਤੇ ਸੀਮਾਂਤ ਕਿਸਾਨ) ਖੇਤੀ ਤੋਂ ਘਟਦੇ ਜਾ ਰਹੇ ਲਾਭ ਅਤੇ ਲੋੜ ਤੋਂ ਘਟ ਆਮਦਨੀ ਨਾਲ ਜੁੜੇ ਆਰਥਿਕ ਸੰਕਟ ਨਾਲ ਜੂਝ ਰਿਹਾ ਹੈ।

ਇਸ ਕਿਤਾਬ ਵਿੱਚ ਡਾ. ਮਹਿੰਦਰ ਸਿੰਘ ਬਾਜਵਾ ਤੇ ਡਾ. ਇੰਦਰ ਮੋਹਣ ਛਿੱਬਾ ਜੀ ਵਲੋਂ ਜ਼ੋਰ ਦਿੱਤਾ ਗਿਆ ਹੈ ਕਿ ਖੇਤੀਬਾੜੀ ਆਧੁਨਿਕੀਕਰਨ ਲਿਆਉਣ ਵਾਸਤੇ ਸਰਕਾਰ, ਨੀਤੀ ਨਿਰਮਾਤਾ ਅਤੇ ਵਿਕਾਸ-ਮਾਹਿਰ ਖੇਤੀਬਾੜੀ ਆਧਾਰਿਤ ਆਰਥਿਕ ਵਿਕਾਸ ਦਰ ਘਟਦੇ ਜਾਣ ਸੰਬੰਧਿਤ ਉੱਭਰ ਰਹੀਆਂ ਕਈ ਗੁੰਝਲਦਾਰ ਤਕਨੀਕੀ, ਆਰਥਿਕ ਅਤੇ ਵਾਤਾਵਰਣਿਕ ਚੁਣੌਤੀਆਂ ਦੇ ਸੰਭਾਵਿਤ ਗੰਭੀਰ ਪ੍ਰਭਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਕ ਸਹੀ ਨੀਤੀਗਤ ਵਾਤਾਵਰਣ ਬਣਾਉਣ ਜਿਸ ਦੇ ਤਹਿਤ ਮੌਜੂਦਾ ਕੁਦਰਤੀ ਸਰੋਤਾਂ (ਜ਼ਮੀਨ, ਪਾਣੀ ਤੇ ਵਾਤਾਵਰਣ) ਦੇ ਸ਼ੋਸ਼ਣ 'ਤੇ ਨਿਰਭਰ ਰਵਾਇਤੀ ਖੇਤੀਬਾੜੀ-ਆਰਥਿਕ ਪ੍ਰਣਾਲੀ ਵਿੱਚ ਬਦਲਾਅ ਲਿਆਕੇ ਟੈਕਨੋਲੋਜੀਕਲ ਅਤੇ ਵਿਗਿਆਨਿਕ ਨਵੀਨਤਾਵਾਂ ਨੂੰ ਅਪਣਾਅ ਕੇ ਅਤੀ-ਆਧੁਨਿਕ ਖੇਤੀਬਾੜੀ ਪ੍ਰਣਾਲੀ ਵਿਕਸਤ ਕੀਤੀ ਜਾਵੇ ਤਾਂ ਜੋ ਕਿਸਾਨੀ ਤੇ ਕਿਸਾਨ ਭਾਈਚਾਰਾ (ਖ਼ਾਸ ਕਰ ਛੋਟੇ ਪੱਧਰ ਦੇ ਕਿਸਾਨ) ਤਕਨੀਕੀ ਅਤੇ ਆਰਥਿਕ ਗਤੀਸ਼ੀਲਤਾ ਨੂੰ ਵਾਧੇ ਵੱਲ ਕਾਇਮ ਰੱਖ ਸਕਣ।

ਖੇਤੀਬਾੜੀ ਆਧੁਨਿਕੀਕਰਨ ਨੀਤੀ ਅਧੀਨ ਚੁਣੌਤੀਆਂ ਦੇ ਹੱਲ ਮੁਹੱਈਆ ਕਰਨ, ਖੇਤੀ-ਆਰਥਿਕ ਵਿਕਾਸ ਦਰ ਵਿੱਚ ਸਾਲ-ਦਰ-ਸਾਲ ਵਾਧੇ ਦੀ ਪ੍ਰਾਪਤੀ ਅਤੇ ਕਿਸਾਨੀ ਅਤੇ ਕਿਸਾਨ ਦੀ ਆਰਥਿਕਤਾ ਨੂੰ ਵਾਧੇ ਵੱਲ ਕਾਇਮ ਰੱਖਣ ਦੀ ਸਮਰੱਥਾ (ਵਿੱਤੀ, ਟੈਕਨੋਲੋਜੀਕਲ, ਵਿਸ਼ੇਸ਼ ਸਿਖਲਾਈ, ਮਿਹਨਤਾਨਾ, ਮਾਰਕੀਟ, ਆਦਿ) ਨੂੰ ਵਧਾਉਣ ਲਈ ਵੱਖ-ਵੱਖ ਛੋਟੀ-ਮਿਆਦ ਅਤੇ ਲੰਮੇ ਸਮੇਂ ਦੀਆਂ ਭਵਿੱਖਵਾਦੀ ਕਾਰਜ ਯੋਜਨਾਵਾਂ ਵਿਕਸਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਮੈਨੂੰ ਉਮੀਦ ਹੈ ਕਿ ਨੀਤੀ ਨਿਰਮਾਤਾ, ਵਿੱਤੀ ਪ੍ਰਬੰਧਕ ਅਤੇ ਖੇਤੀਬਾੜੀ ਵਿਕਾਸ ਮਾਹਿਰ ਇਸ ਕਿਤਾਬ ਵਿੱਚ ਦਿੱਤੇ ਸੁਝਾਵਾਂ 'ਤੇ ਵਿਚਾਰ ਕਰਨਗੇ ਅਤੇ ਕਿਸਾਨਾਂ ਨਾਲ ਮਿਲ ਕੇ ਅਜਿਹੀਆਂ ਨੀਤੀਆਂ ਬਣਾਉਣਗੇ ਜਿਨ੍ਹਾਂ ਨੂੰ ਅਪਨਾਉਣ ਨਾਲ ਸਮੁੱਚੀ ਖੇਤੀਬਾੜੀ ਪ੍ਰਣਾਲੀ ਦਾ ਆਰਥਿਕ ਵਿਕਾਸ ਹੋਵੇ; ਜੋ ਕਿਸਾਨਾਂ ਲਈ ਉੱਚ ਉਤਪਾਦਨ,

ਪੌਸ਼ਟਿਕ ਅਤੇ ਲਾਭਕਾਰੀ ਆਮਦਨੀ ਪ੍ਰਾਪਤ ਕਰਨ ਵਿੱਚ ਸਹਾਈ ਹੋਣ ਅਤੇ ਕਿਸਾਨਾਂ ਨੂੰ ਜ਼ਰੂਰਤ ਤੋਂ ਘੱਟ ਆਮਦਨੀ ਨਾਲ ਸੰਬੰਧਿਤ ਖੇਤੀ ਸੰਕਟ ਤੋਂ ਰਾਹਤ ਪ੍ਰਦਾਨ ਕਰ ਸਕਣ।

ਮੈਨੂੰ ਵਿਸ਼ਵਾਸ ਹੈ ਕਿ ਕੌਮਾਂਤਰੀ ਪੱਧਰ ਦੇ ਪ੍ਰਸਿੱਧ ਭੂਮੀ ਵਿਗਿਆਨੀਆਂ ਵੱਲੋਂ ਸਰਬੱਤ ਦੇ ਭਲੇ ਲਈ ਭੂਮੀ-ਪਾਣੀ-ਵਾਤਾਵਰਣ ਤੇ ਰੁਜ਼ਗਾਰ ਸੁਰੱਖਿਅਤਾ ਲਈ ਲਿਖੀ ਇਹ ਕਿਤਾਬ ਯਕੀਨਨ ਨਵੇਂ ਦਿਸਹੱਦੇ ਸਥਾਪਤ ਕਰੇਗੀ। ਕਿਉਂਕਿ ਇਸ ਕਿਤਾਬ ਵਿੱਚ ਸਿਰਫ਼ ਕਿਤਾਬੀ ਤਕਨੀਕੀ ਸੁਝਾਅ ਅਤੇ ਵਿਚਾਰ ਹੀ ਨੀਂ ਸਨ ਸਗੋਂ ਵਿਚਾਰਕ ਪੱਧਰ ’ਤੇ ਪੂਰੀ ਉਮਰ ਲਗਾ ਕੇ ਕੀਤੀ ਖੋਜ, ਇਸ ਦੇ ਲਾਭਪਾਤਰੀਆਂ ਦੀ ਆਰਥਿਕ, ਸਮਾਜਿਕ ਤੇ ਸਭਿਆਚਾਰਕ ਦਸ਼ਾ ਅਤੇ ਦਿਸ਼ਾ ਨੂੰ ਵੀ ਧਿਆਨ ’ਚ ਰੱਖਿਆ ਗਿਆ ਹੈ। ਸਾਡੇ ਵਿਗਿਆਨੀ ਅਕਸਰ ਟਪਲਾ ਖਾ ਜਾਂਦੇ ਹਨ ਕਿ ਜਿਹੜੇ ਕਿਸਾਨ ਵੀਰਾਂ ਨੂੰ ਅਸੀਂ ਸਿੱਖਿਅਤ ਕਰ ਰਹੇ ਹਾਂ, ਉਨ੍ਹਾਂ ਦੀ ਸਮਾਜਿਕ, ਆਰਥਿਕ ਤੇ ਸਭਿਆਚਾਰਕ ਹਾਲਤ ਕੀ ਹੈ? ਏਸੇ ਕਰਕੇ ਹੀ ਕਿਤਾਬੀ ਗਿਆਨ ਕਈ ਵਾਰ ਅਸਰਦਾਰ ਨਤੀਜੇ ਨਹੀਂ ਦਿੰਦਾ।

ਪੰਜਾਬ ਵਿੱਚ ਹੁਣ ਖੇਤੀਬਾੜੀ ਦੀ ਪੜ੍ਹਾਈ ਕਰਨ ਵਾਲੇ ਹਜ਼ਾਰਾਂ ਵਿਦਿਆਰਥੀ ਹਨ ਜੋ ਵੱਖ-ਵੱਖ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਸਿੱਖਿਆ ਗ੍ਰਹਿਣ ਕਰ ਰਹੇ ਹਨ। ਇਹ ਕਿਤਾਬ ਪਹਿਲੇ ਸਾਲ ਦੇ ਖੇਤੀਬਾੜੀ ਵਿਦਿਆਰਥੀਆਂ ਨੂੰ ਜੇਕਰ ਪਾਠਕ੍ਰਮ ਵਿੱਚ ਪੜ੍ਹਾਈ ਜਾਵੇ ਤਾਂ ਉਨ੍ਹਾਂ ਵਿਦਿਆਰਥੀਆਂ ਦੀ ਨਜ਼ਰ ਅਤੇ ਨਜ਼ਰੀਆ ਲੋਕ-ਪੱਖੀ ਵਿਗਿਆਨ ਵਾਲਾ ਬਣ ਸਕਦਾ ਹੈ, ਜਿਸ ਤੋਂ ਪੰਜਾਬ ਨੂੰ ਸਰਬਪੱਖੀ ਖੇਤੀ ਤੇ ਪੇਂਡੂ ਵਿਕਾਸ ਦੇ ਰਾਹ ਤੋਰਿਆ ਜਾ ਸਕਦਾ ਹੈ।

ਵੱਡੇ ਵੀਰਾਂ ਦੀ ਕਰਮਯੋਗਤਾ ਨੂੰ ਸਲਾਮ ਕਰਦਿਆਂ ਮੈਂ ਇਸ ਕਿਤਾਬ ਦਾ ਭਰਪੂਰ ਸੁਆਗਤ ਕਰਦਾ ਹਾਂ।

***ਗੁਰਭਜਨ ਗਿੱਲ***
*ਚੇਅਰਮੈਨ, ਪੰਜਾਬੀ ਲੋਕ ਵਿਰਾਸਤ ਅਕਾਡਮੀ*
*ਲੁਧਿਆਣਾ (ਪੰਜਾਬੀ)*

# ਭੂਮਿਕਾ

ਹਰੇ ਇਨਕਲਾਬ ਦੇ ਦੌਰ ਦੌਰਾਨ ਅਨਾਜ ਦੇ ਉਤਪਾਦਨ ਵਿੱਚ ਸ਼ਾਨਦਾਰ ਵਾਧੇ ਅਤੇ ਪ੍ਰਸ਼ੰਸਾਯੋਗ ਆਰਥਿਕ ਪ੍ਰਾਪਤੀਆਂ ਦੇ ਬਾਵਜੂਦ ਪੰਜਾਬ ਵਿੱਚ ਖੇਤੀਬਾੜੀ ਖੇਤਰ ਇਸ ਸਮੇਂ ਆਰਥਿਕ, ਤਕਨੀਕੀ ਅਤੇ ਵਾਤਾਵਰਣ ਪੱਖੋਂ ਇਕ ਚੁਰਾਹੇ 'ਤੇ ਹੈ। ਪੰਜਾਬ ਵਿੱਚ ਖੇਤੀ ਉਤਪਾਦਕਤਾ ਸਾਲ ਦਰ ਸਾਲ ਵਧਦੀ ਜਾ ਰਹੀ ਹੈ ਪਰ ਫੇਰ ਵੀ ਖੇਤੀ ਤੋਂ ਘਟਦੇ ਜਾ ਰਹੇ ਮੁਨਾਫੇ ਕਰਕੇ ਕਿਸਾਨਾਂ ਦੀ ਲੋੜਾਂ ਨਾਲੋ ਘੱਟ ਆਮਦਨੀ ਨਾਲ ਸੰਬੰਧਿਤ ਖੇਤੀ-ਸੰਕਟ ਵਧਦਾ ਜਾ ਰਿਹਾ ਹੈ। ਪਿਛਲੇ ਕਈ ਸਾਲਾਂ ਤੋਂ ਕਿਸਾਨੀ ਤੇ ਕਿਸਾਨਾਂ ਦੀ ਆਰਥਿਕਤਾ ਸੰਬੰਧੀ ਹਾਲਾਤ ਲਗਾਤਾਰ ਨਿਰਾਸ਼ਾਜਨਕ ਹੋ ਰਹੇ ਹਨ। ਖੇਤੀਬਾੜੀ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ ਜਿਵੇਂ ਕਿ ਖੇਤੀਬਾੜੀ ਖੇਤਰ ਵਿੱਚ ਘਟਦਾ ਜਾ ਰਿਹਾ ਲੋੜੀਂਦਾ ਪੂੰਜੀ ਨਿਵੇਸ਼; ਖੇਤੀ ਉਤਪਾਦਕਤਾ, ਉਤਪਾਦਨ-ਕੁਸ਼ਲਤਾ, ਮੁਨਾਫੇ ਅਤੇ ਸਮੁੱਚੇ ਆਰਥਿਕ ਵਿਕਾਸ ਦੇ ਵਾਧੇ ਦੀ ਦਰ ਦਾ ਘਟਦੇ ਜਾਣਾ; ਕੁਦਰਤੀ ਸਰੋਤਾਂ (ਜੈਵ ਵਿਭਿੰਨਤਾ, ਜ਼ਮੀਨ, ਪਾਣੀ, ਵਾਤਾਵਰਣ) ਦੇ ਵਧ ਰਹੇ ਸ਼ੋਸ਼ਣ ਜਾਰੀ ਰਹਿਣ ਨਾਲ ਇਨ੍ਹਾਂ ਵਿੱਚ ਪਤਨ ਹੁੰਦੇ ਜਾਣਾ; ਮਹਿੰਗੀਆਂ ਇਨਪੁੱਟਸ (ਬੀਜ, ਖਾਦਾਂ, ਪਾਣੀ, ਕੀਟਨਾਸ਼ਕ, ਊਰਜਾ) ਦੀ ਅੰਨ੍ਹੇਵਾਹ ਵਰਤੋਂ ਅਤੇ ਅਕੁਸ਼ਲ ਪ੍ਰਬੰਧਨ; ਉਤਪਾਦਨ ਕਰਨ ਲਈ ਵੱਧ ਰਹੀਆਂ ਲਾਗਤਾਂ; ਕਿਸਾਨਾਂ ਦੀਆਂ ਜ਼ਮੀਨਾਂ ਦੀ ਹੋ ਰਹੀ ਵੰਡ; ਭਰੋਸੇਯੋਗ ਅਤੇ ਲਾਭਦਾਇਕ ਮੰਡੀਕਰਨ ਪ੍ਰਣਾਲੀ (ਝੋਨਾ ਅਤੇ ਕਣਕ ਤੋਂ ਇਲਾਵਾ) ਦੀ ਘਾਟ; ਫ਼ਸਲਾਂ ਦੀਆਂ ਕੀਮਤਾਂ ਵਿੱਚ ਉਤਰਾਅ-ਚੜ੍ਹਾਅ; ਮੌਸਮ ਵਿੱਚ ਤਬਦੀਲੀ; ਉੱਭਰ ਰਿਹਾ ਘਰੇਲੂ ਅਤੇ ਵਿਦੇਸ਼ੀ ਮੰਡੀਕਰਨ ਮੁਕਾਬਲਾ; ਨੌਜਵਾਨਾਂ ਦੀ ਖੇਤੀਬਾੜੀ ਨੂੰ ਪੇਸ਼ੇ ਵਜੋਂ ਅਪਨਾਉਣ ਵਿੱਚ ਘਟਦੀ ਜਾ ਰਹੀ ਦਿਲਚਸਪੀ; ਹੋ ਰਿਹਾ ਵਿਸ਼ਾਲ ਸ਼ਹਿਰੀਕਰਨ; ਖੇਤੀ ਆਧਾਰਿਤ ਉਦਯੋਗਾਂ ਦਾ ਬਹੁਤ ਘੱਟ ਵਿਕਾਸ; ਵਿਸ਼ਵ ਵਪਾਰ ਸੰਗਠਨ (WTO) ਅਤੇ ਬੌਧਿਕ ਜਾਇਦਾਦ ਅਧਿਕਾਰ (IPR) ਦੇ ਪ੍ਰਭਾਵ; ਕਿਸਾਨ ਭਾਈਚਾਰੇ ਦੀ ਆਸਮਾਜਿਕ-ਆਰਥਿਕ ਜ਼ਰੂਰਤਾਂ ਬਦਲਦੇ ਜਾਣਾ, ਸਰਕਾਰ ਦੀਆਂ ਅਨੁਚਿੱਤ ਬਦਲਦੀਆਂ ਨੀਤੀਆਂ ਆਦਿ। ਨਿੱਤ ਨਵੀਆਂ ਮੁਸੀਬਤਾਂ ਆਉਣ ਕਾਰਨ ਖੇਤੀਬਾੜੀ ਨਾਲ ਸੰਬੰਧਿਤ ਮੁਸ਼ਕਿਲਾਂ ਹੋਰ ਗੁੰਝਲਦਾਰ ਹੋ ਗਈਆਂ ਹਨ।

ਅਸਲ ਵਿੱਚ ਪੰਜਾਬ ਵਿੱਚ ਖੇਤੀਬਾੜੀ ਆਧਾਰਿਤ ਆਰਥਿਕ ਸਥਿਤੀ ਇਕ ਨਾਜ਼ੁਕ ਪੜਾਅ 'ਤੇ ਪਹੁੰਚ ਗਈ ਹੈ। ਪੰਜਾਬ ਰਾਜ ਜਿੱਥੇ 2002-03 ਤੱਕ ਭਾਰਤ ਵਿੱਚ ਪ੍ਰਤੀ ਵਿਅਕਤੀ ਆਮਦਨ ਦਾ ਪੱਧਰ ਸਭ ਰਾਜਾਂ ਤੋਂ ਉਪਰ ਸੀ ਹੁਣ ਭਾਰਤ ਦੇ ਵੱਡੇ ਰਾਜਾਂ ਵਿਚੋਂ ਬਹੁਤ ਹੇਠਲੀ ਸਥਿਤੀ (ਸਤਵੀਂ) 'ਤੇ ਪਹੁੰਚ ਗਿਆ ਹੈ। ਪੰਜਾਬ ਦੀ ਕੁੱਲ-ਆਰਥਿਕਤਾ ਵਿੱਚ ਖੇਤੀਬਾੜੀ ਖੇਤਰ ਦਾ ਯੋਗਦਾਨ ਜੋ 1960-61 ਤੋਂ ਪਹਿਲਾਂ ਲਗਪਗ 50 ਪ੍ਰਤੀਸ਼ਤ ਸੀ ਪਿਛਲੇ ਸਾਲਾਂ ਦੌਰਾਨ 16 ਪ੍ਰਤੀਸ਼ਤ ਦੇ ਆਸ ਪਾਸ ਰਿਹਾ ਹੈ। ਪੰਜਾਬ ਦੀ ਆਰਥਿਕਤਾ ਦੇ ਵਾਧੇ ਦੀ ਦਰ ਭਾਰਤ ਸਰਕਾਰ ਦੁਆਰਾ ਨਿਰਧਾਰਤ 4 ਪ੍ਰਤੀਸ਼ਤ

ਟੀਚੇ ਤੋਂ ਬਹੁਤ ਥੱਲੇ ਹੈ। ਛੋਟੇ ਅਤੇ ਸੀਮਾਂਤ ਕਿਸਾਨ ਅਤੇ ਪੇਂਡੂ ਮਜ਼ਦੂਰ ਖੇਤੀ ਆਧਾਰਿਤ ਘੱਟ ਆਮਦਨੀ ਅਤੇ ਗ਼ੈਰ-ਖੇਤੀ ਕਮਾਈ ਦੇ ਮੌਕਿਆਂ ਦੀ ਘਾਟ ਕਾਰਨ ਸਭ ਤੋਂ ਵੱਧ ਦੁਖੀ ਹਨ। ਇਸ ਸਮੇਂ ਮੁੱਖ ਸਵਾਲ ਇਹ ਹੈ ਕਿ ਪੰਜਾਬ ਵਿੱਚ ਖੇਤੀਬਾੜੀ ਆਧਾਰਿਤ ਆਰਥਿਕ ਵਿਕਾਸ ਨੂੰ ਵਾਧੇ ਵੱਲ ਕਿਵੇਂ ਕਾਇਮ ਰੱਖਿਆ ਜਾਵੇ ਤਾਂ ਜੋ ਕਿਸਾਨ ਭਾਈਚਾਰੇ ਨੂੰ ਲੋੜ ਤੋਂ ਘੱਟ ਆਮਦਨੀ ਨਾਲ ਜੁੜੇ ਤਣਾਅ ਦੇ ਸੰਕਟ ਤੋਂ ਲਗਾਤਾਰ ਰਾਹਤ ਮਿਲਦੀ ਰਹੇ।

ਇਹ ਸਮਾਂ ਹੈ ਜਦੋਂ ਸਰਕਾਰਾਂ, ਨੀਤੀ ਨਿਰਮਾਤਾ ਅਤੇ ਵਿਗਿਆਨੀ ਖੇਤੀਬਾੜੀ ਖੇਤਰ, ਸਿੱਖਿਆ, ਖੋਜ ਅਤੇ ਵਿਸਥਾਰ ਪ੍ਰਣਾਲੀਆਂ ਦੀਆਂ ਪਿਛਲੀਆਂ ਚੁਣੌਤੀਆਂ, ਪ੍ਰਾਪਤੀਆਂ ਅਤੇ ਭਵਿੱਖ ਦੀਆਂ ਲੋੜਾਂ ਨੂੰ ਸਮਝ ਕੇ ਖੇਤਰ ਨਿਸ਼ਚਿਤ ਸਮੁੱਚੀ ਖੇਤੀਬਾੜੀ ਪ੍ਰਣਾਲੀ (ਉਤਪਾਦਨ, ਪ੍ਰੋਸੈਸਿੰਗ ਅਤੇ ਮੰਡੀਕਰਨ) ਦਾ ਵਿਗਿਆਨ ਅਤੇ ਤਕਨੀਕਾਂ ਆਧਾਰਿਤ ਆਧੁਨਿਕੀਕਰਨ ਕਰਨ ਵਿੱਚ ਸਹਾਇਤਾ ਕਰਨ। ਇਸ ਤੋਂ ਇਲਾਵਾ ਇਸ ਨੂੰ ਤਕਨੀਕਾਂ ਆਧਾਰਿਤ ਉੱਚ ਉਤਪਾਦਨਸ਼ੀਲ, ਆਰਥਿਕ ਤੌਰ 'ਤੇ ਟਿਕਾਊ, ਵਿਸ਼ਵ-ਪ੍ਰਤੀਯੋਗੀ, ਬਹੁਤ ਲਾਭਕਾਰੀ ਅਤੇ ਰੁਜ਼ਗਾਰ ਪੈਦਾ ਕਰਨ ਵਾਲੇ ਉਦਮ/ਉਦਯੋਗ ਦੇ ਤੌਰ 'ਤੇ ਵਿਕਸਤ ਕਰਨ ਵਿੱਚ ਯੋਗਦਾਨ ਪਾਉਣ ਤਾਂ ਜੋ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋ ਸਕੇ ਅਤੇ ਉਨ੍ਹਾਂ ਨੂੰ ਆਰਥਿਕ ਸੰਕਟ ਤੋਂ ਉੱਪਰ ਲਿਆਂਦਾ ਜਾ ਸਕੇ।

ਇਸ ਕਿਤਾਬ ਵਿੱਚ ਖੇਤੀਬਾੜੀ ਆਧੁਨਿਕੀਕਰਨ, ਕਾਰਜ ਯੋਜਨਾਵਾਂ ਅਤੇ ਪਹਿਲਕਦਮੀਆਂ ਬਾਰੇ ਸੁਝਾਅ ਦਿੱਤੇ ਗਏ ਹਨ, ਜਿਵੇਂ ਕਿ ਕੁਦਰਤੀ ਸਰੋਤਾਂ ਆਧਾਰਿਤ ਆਰਥਿਕਤਾ ਤੋਂ ਵਧ ਕੇ ਵਿਗਿਆਨ, ਤਕਨਾਲੋਜੀ ਅਤੇ ਨਵੀਨਤਾਵਾਂ ਆਧਾਰਿਤ ਅਰਥ-ਵਿਵਸਥਾ ਸਥਿਰ ਕੀਤੀ ਜਾਵੇ; ਖੇਤਰ-ਨਿਸ਼ਚਿਤ ਆਧੁਨਿਕ ਯੋਜਨਾਬੰਦੀ ਕੀਤੀ ਜਾਵੇ; ਖੇਤੀ ਆਧਾਰਿਤ ਆਰਥਿਕ ਵਿਕਾਸ ਅਤੇ ਕੁਦਰਤੀ ਸਰੋਤਾਂ (ਜ਼ਮੀਨ, ਪਾਣੀ ਅਤੇ ਵਾਤਾਵਰਣ) ਦੀ ਸੰਭਾਲ ਵਿਚਾਲੇ ਸੰਤੁਲਨ ਕਾਇਮ ਰੱਖਿਆ ਜਾਵੇ; ਮੰਡੀ ਦੀ ਸਵੀਕਾਰਤਾ ਆਧਾਰਿਤ ਫ਼ਸਲੀ ਉਤਪਾਦਨ ਪੋਸ਼ਣ ਅਤੇ ਆਮਦਨੀ ਵਾਧੇ ਵੱਲ ਕਾਇਮ ਰੱਖੇ ਜਾਣ, ਫ਼ਸਲ-ਨਿਸ਼ਚਿਤ ਸਥਾਨਕ ਜ਼ਮੀਨ ਤੇ ਪਾਣੀ ਦੀ ਅਨੁਕੂਲਤਾ ਆਧਾਰਿਤ ਫ਼ਸਲੀ ਵਿਭਿੰਨਤਾ ਯੋਜਨਾਵਾਂ ਬਣਾਈਆਂ ਜਾਣ; ਛੋਟੇ ਕਿਸਾਨਾਂ ਅਤੇ ਪੇਂਡੂ ਨੌਜਵਾਨਾਂ ਦੀ ਆਰਥਿਕਤਾ ਵਿੱਚ ਸੁਧਾਰ ਕੀਤਾ ਜਾਵੇ; ਜਲਵਾਯੂ ਤਬਦੀਲੀ ਦੇ ਪ੍ਰਭਾਵਾਂ ਨੂੰ ਘਟਾਇਆ ਜਾਵੇ; ਵਾਢੀ ਤੋਂ ਬਾਅਦ ਖੇਤੀ ਉਤਪਾਦਾਂ ਦਾ ਪ੍ਰਬੰਧਨ ਤੇ ਪ੍ਰੋਸੈਸਿੰਗ ਕਰਕੇ ਉਨ੍ਹਾਂ ਦੀ ਬਰਬਾਦੀ ਘਟਾਈ ਜਾਵੇ; ਪੇਂਡੂ ਖੇਤਰਾਂ ਵਿੱਚ ਗ਼ੈਰ-ਖੇਤੀ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ ਅਤੇ ਖੇਤੀਬਾੜੀ ਨੂੰ ਇੱਕ ਉੱਦਮ ਵਜੋਂ ਅਤੇ ਨੌਜਵਾਨਾਂ ਤੇ ਕਿਸਾਨਾਂ ਨੂੰ ਇੱਕ ਉੱਦਮੀ ਵਜੋਂ ਉਤਸ਼ਾਹਿਤ ਕੀਤਾ ਜਾਵੇ। ਸਾਨੂੰ ਆਸ ਹੈ ਕਿ ਕਿਸਾਨ, ਨੌਜਵਾਨ, ਨੀਤੀ ਨਿਰਮਾਤਾ, ਵਿਗਿਆਨੀ, ਅਕਾਦਮਿਕ ਅਤੇ ਹੋਰ ਸੰਬੰਧਿਤ ਅਦਾਰੇ ਇਸ ਕਿਤਾਬ ਵਿੱਚ ਦਿੱਤੇ ਗਏ ਸੁਝਾਵਾਂ ਨੂੰ ਪੜ੍ਹ ਕੇ ਖੇਤੀਬਾੜੀ ਨੂੰ ਤਕਨੀਕੀ, ਆਰਥਿਕ, ਵਾਤਾਵਰਣ ਅਤੇ ਸਮਾਜਿਕ ਤੌਰ 'ਤੇ ਟਿਕਾਊ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣਗੇ। ਇਹ ਵੀ ਉਮੀਦ ਕਰਦੇ ਹਾਂ ਕਿ ਸਰਕਾਰ ਵਲੋਂ ਵਿਗਿਆਨ, ਤਕਨਾਲੋਜੀ ਅਤੇ ਖੇਤੀਬਾੜੀ ਦੇ ਨਵੀਨਤਾ-ਅਗਵਾਈ ਵਾਲੇ ਖੇਤੀਬਾੜੀ ਆਧੁਨਿਕੀਕਰਨ ਲਈ ਲੋੜੀਂਦੀ ਵਿੱਤੀ, ਸੰਸਥਾਗਤ ਅਤੇ ਰਾਜਨੀਤਿਕ ਸਹਾਇਤਾ ਮਿਲੇਗੀ।

***- ਲੇਖਕ***

# 1
# ਖੇਤੀਬਾੜੀ ਨੂੰ ਦਰਪੇਸ਼ ਚੁਣੌਤੀਆਂ

ਹਰੇ ਇਨਕਲਾਬ ਦੇ ਦੌਰ ਦੌਰਾਨ ਜੈਨੇਟਿਕ ਅਤੇ ਟੈਕਨੋਲੋਜੀਕਲ ਇਨਕਲਾਬਾਂ ਨੇ ਪੰਜਾਬ ਦੀ ਵਿਸ਼ੇਸ਼ ਤੌਰ ’ਤੇ ਅਤੇ ਭਾਰਤ ਦੀ ਆਮ ਤੌਰ ’ਤੇ ਖੇਤੀ ਉਤਪਾਦਕਤਾ, ਮੁਨਾਫੇ ਅਤੇ ਸਮੁੱਚੇ ਆਰਥਿਕ ਵਿਕਾਸ ਵਿੱਚ ਬੇਮਿਸਾਲ ਵਾਧਾ ਪ੍ਰਾਪਤ ਕਰਨ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਪੰਜਾਬ ਵਿੱਚ 1970-71 ਤੋਂ 2017-18 ਦੇ ਸਮੇਂ ਦੌਰਾਨ ਅਨਾਜ ਦਾ ਉਤਪਾਦਨ 7 ਮਿਲੀਅਨ ਟਨ ਤੋਂ ਵੱਧ ਕੇ ਤਕਰੀਬਨ 31 ਮਿਲੀਅਨ ਟਨ ਹੋ ਗਿਆ। ਕਣਕ ਦਾ ਉਤਪਾਦਨ 5 ਮਿਲੀਅਨ ਟਨ ਤੋਂ ਤਕਰੀਬਨ 17 ਮਿਲੀਅਨ ਟਨ ਅਤੇ ਝੋਨੇ ਦਾ 1.0 ਮਿਲੀਅਨ ਟਨ ਤੋਂ ਵੱਧ ਕੇ ਲਗਪਗ 13 ਮਿਲੀਅਨ ਟਨ ਹੋ ਗਿਆ ਹੈ। ਪੂਰੇ ਦੇਸ਼ ਵਿੱਚ ਅਨਾਜ ਦਾ ਉਤਪਾਦਨ ਜੋ 1951 ਵਿੱਚ 51 ਮਿਲੀਅਨ ਟਨ ਸੀ 2019 ਵਿੱਚ 295 ਮਿਲੀਅਨ ਟਨ ਹੋ ਗਿਆ ਹੈ ਅਤੇ ਬਾਗਵਾਨੀ ਦਾ ਉਤਪਾਦਨ 25 ਮਿਲੀਅਨ ਟਨ ਤੋਂ ਵੱਧ ਕੇ 320 ਮਿਲੀਅਨ ਟਨ ’ਤੇ ਪਹੁੰਚ ਗਿਆ ਹੈ। ਪੰਜਾਬ ਵਿੱਚ ਉੱਚ ਪੱਧਰੀ ਖੇਤੀਬਾੜੀ ਉਤਪਾਦਕਤਾ ਅਤੇ ਉਤਪਾਦਨ ਪ੍ਰਾਪਤ ਕਰਨ ਲਈ, ਕਿਸਾਨ ਇਨਪੁਟ-ਤੀਬਰ (Input intensive) ਅਤੇ ਸ਼ੋਸ਼ਣਸ਼ੀਲ ਖੇਤੀਬਾੜੀ ਦਾ ਪਾਲਣ ਕਰਦੇ ਰਹੇ ਹਨ। ਇਸ ਸਮੇਂ ਦੌਰਾਨ ਖਾਦਾਂ ਦੀ ਖਪਤ ਵਧ ਕੇ ਤਕਰੀਬਨ 245 ਕਿਲੋ ਪ੍ਰਤੀ ਹੈਕਟੇਅਰ, ਕੀਟਨਾਸ਼ਕਾਂ ਦੀ ਤਕਰੀਬਨ 5700 ਟਨ (ਤਕਨੀਕੀ ਗਰੇਡ) ਅਤੇ ਸਿੰਚਾਈ ਅਧੀਨ ਰਕਬਾ ਤਕਰੀਬਨ 97 ਪ੍ਰਤੀਸ਼ਤ ਹੈ। ਫ਼ਸਲੀ ਤੀਬਰਤਾ (Cropping intensity) ਜੋ 1960-61 ਵਿੱਚ 135 ਪ੍ਰਤੀਸ਼ਤ ਸੀ ਹੁਣ ਵਧ ਕੇ 190 ਪ੍ਰਤੀਸ਼ਤ ਹੋ ਗਈ ਹੈ। ਪੰਜਾਬ ਵਿੱਚ ਰਵਾਇਤੀ ਤੌਰ ’ਤੇ ਕਣਕ-ਮੱਕੀ/ਕਣਕ-ਨਰਮਾ ਦੇ ਫ਼ਸਲੀ ਚੱਕਰ ਤੋਂ ਬਦਲ ਕੇ ਜ਼ਿਆਦਾ ਪਾਣੀ ਦੀ ਲੋੜ ਵਾਲਾ ਝੋਨਾ ਆਧਾਰਿਤ ਫ਼ਸਲੀ ਚੱਕਰ ਅਪਣਾਇਆ ਗਿਆ ਹੈ। ਝੋਨਾ-ਕਣਕ ਪ੍ਰਣਾਲੀ ਹੇਠ ਰਕਬਾ ਨਿਰੰਤਰ ਵਧਿਆ ਜਦ ਕਿ ਮੱਕੀ, ਦਾਲਾਂ, ਕਪਾਹ, ਤੇਲ ਬੀਜ ਅਤੇ ਹੋਰ ਫ਼ਸਲਾਂ ਹੇਠ ਰਕਬਾ ਲਗਾਤਾਰ ਘਟਿਆ ਹੈ। ਖੇਤੀਬਾੜੀ ਦੇ ਵਿਕਾਸ ਨੇ ਦੇਸ਼ ਨੂੰ ਨਾਂ ਸਿਰਫ ਅਨਾਜ ਵਿੱਚ ਸਵੈ-ਨਿਰਭਰ ਬਣਨ ਵਿੱਚ ਸਹਾਇਤਾ ਕੀਤੀ ਹੈ ਸਗੋਂ ਗਰੀਬੀ ਅਤੇ ਭੁੱਖ ਨੂੰ ਘਟਾਉਣ ਦੇ ਨਾਲ-ਨਾਲ ਖੇਤੀਬਾੜੀ ਉਤਪਾਦਾਂ ਦਾ ਵੱਡਾ ਨਿਰਯਾਤ ਕਰਨ ਵਾਲਾ ਦੇਸ਼ ਵੀ ਬਣਾਇਆ ਹੈ।

ਚਿੰਤਾ ਵਾਲੀ ਗੱਲ ਇਹ ਹੈ ਕਿ ਹਰੇ ਇਨਕਲਾਬ ਦੇ ਦੌਰ ਦੌਰਾਨ ਖੇਤੀਬਾੜੀ ਖੇਤਰ ਦੇ ਉਤਪਾਦਨ ਵਿੱਚ ਸ਼ਾਨਦਾਰ ਵਾਧੇ ਅਤੇ ਪ੍ਰਸ਼ੰਸਾਯੋਗ ਆਰਥਿਕ ਪ੍ਰਾਪਤੀਆਂ ਦੇ ਬਾਵਜੂਦ ਪੰਜਾਬ ਵਿੱਚ ਖੇਤੀਬਾੜੀ ਸੈਕਟਰ ਹੁਣ ਆਰਥਿਕ, ਤਕਨੀਕੀ ਅਤੇ ਵਾਤਾਵਰਣ ਪੱਖੋਂ ਚੁਰਾਹੇ ’ਤੇ ਪਹੁੰਚ ਚੁੱਕਾ ਹੈ। ਪੰਜਾਬ ਵਿੱਚ ਖੇਤੀ ਉਤਪਾਦਕਤਾ ਹਰ ਸਾਲ ਵਧਦੀ

ਤਾਂ ਜਾ ਰਹੀ ਹੈ ਪਰ ਫੇਰ ਵੀ ਖੇਤੀ ਤੋਂ ਘਟਦੇ ਜਾ ਰਹੇ ਲਾਭ ਕਰਕੇ ਕਿਸਾਨਾਂ ਦੀ ਲੋੜਾਂ ਨਾਲੋ ਘੱਟ ਆਮਦਨੀ ਨਾਲ ਸੰਬੰਧਿਤ ਖੇਤੀ ਸੰਕਟ ਵਧ ਰਿਹਾ ਹੈ। ਅਸਲ ਵਿੱਚ 1980 ਦੇ ਦਹਾਕੇ ਦੇ ਅੱਧ ਤਕ ਤਾਂ ਹਰੇ ਇਨਕਲਾਬ ਦੇ ਯੁੱਗ ਦੀਆਂ ਖੇਤੀ-ਪ੍ਰਬੰਧਨ ਤਕਨਾਲੋਜੀਆਂ ਨੇ ਉਤਪਾਦਨ ਨੂੰ ਵਧਾਉਣ ਲਈ ਵਧੀਆ ਯੋਗਦਾਨ ਪਾਇਆ ਸੀ ਪਰ ਬਾਅਦ ਵਿੱਚ ਰਵਾਇਤੀ ਖੇਤੀ ਪ੍ਰਣਾਲੀ ਦੀ ਉੱਚ ਉਤਪਾਦਕਤਾ ਅਤੇ ਮੁਨਾਫਾ ਵਾਧੇ ਵੱਲ ਕਾਇਮ ਰੱਖਣ ਲਈ ਬਹੁਤ ਸਾਰੀਆਂ ਮੁਸ਼ਕਿਲਾਂ ਤੇ ਚੁਣੌਤੀਆਂ ਸਾਹਮਣੇ ਆਈਆਂ।

ਅਸਲ ਵਿੱਚ ਪੰਜਾਬ ਵਿੱਚ ਹਰੀ ਕ੍ਰਾਂਤੀ ਦੇ ਯੁੱਗ ਦੌਰਾਨ ਅਤੇ ਬਾਅਦ ਵਿੱਚ ਵੀ ਖੇਤੀਬਾੜੀ ਆਧਾਰਿਤ ਆਰਥਿਕ ਵਿਕਾਸ ਮੁੱਖ ਤੌਰ 'ਤੇ ਕੁਦਰਤੀ ਸਰੋਤਾਂ (ਜ਼ਮੀਨ, ਪਾਣੀ ਅਤੇ ਵਾਤਾਵਰਣ) ਦੇ ਨਿਰੰਤਰ ਸ਼ੋਸ਼ਣ 'ਤੇ ਨਿਰਭਰ ਰਿਹਾ ਹੈ ਜਦ ਕਿ ਖੇਤੀਬਾੜੀ-ਆਰਥਿਕਤਾ ਨੂੰ ਆਧੁਨਿਕ ਵਿਗਿਆਨ, ਨਵੀਨਤਾ ਅਤੇ ਤਕਨਾਲੋਜੀ ਅਪਣਾਅ ਕੇ ਅਤੇ ਬਦਲਦੀਆਂ ਸਮਾਜਿਕ-ਆਰਥਿਕ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਕਸਤ ਕੀਤਾ ਜਾਣਾ ਚਾਹੀਦਾ ਸੀ। ਕੁਦਰਤੀ ਸਰੋਤਾਂ ਦੀ ਖੇਤੀਬਾੜੀ ਉਤਪਾਦਨ ਸਮਰੱਥਾ ਦੀ ਪਰਵਾਹ ਕੀਤੇ ਬਿਨਾਂ ਉਨ੍ਹਾਂ ਦੀ ਨਿਰੰਤਰ ਅਕੁਸ਼ਲ ਅਤੇ ਅਯੋਗ ਵਰਤੋਂ (ਇੱਥੋਂ ਤਕ ਕਿ ਸ਼ੋਸ਼ਣ ਵੀ) ਕੀਤੇ ਜਾਣ ਕਾਰਨ ਉਨ੍ਹਾਂ ਦਾ ਨਿਘਾਰ ਪਿਛਲੇ ਕੁਝ ਦਹਾਕਿਆਂ ਦੌਰਾਨ ਵੱਡੀ ਚਿੰਤਾ ਦਾ ਵਿਸ਼ਾ ਬਣਦਾ ਗਿਆ ਹੈ। ਜ਼ਮੀਨ ਦੀ ਉਪਜਾਊ ਸ਼ਕਤੀ ਘਟਦੀ ਜਾ ਰਹੀ ਹੈ (ਕਈ ਲੋੜੀਂਦੇ ਖੁਰਾਕੀ ਤੱਤਾਂ ਦੀ ਘਾਟ, ਜੈਵਿਕ-ਮਾਦੇ ਦੀ ਘਾਟ, ਕੁਝ ਡੂੰਘਾਈ 'ਤੇ ਸਖਤ ਤਹਿ, ਕੱਲਰ ਅਤੇ ਸੇਮ ਦੀਆਂ ਸਮੱਸਿਆਵਾਂ ਆਦਿ), ਪਾਣੀ ਦੇ ਸਰੋਤ ਘਟਦੇ ਜਾ ਰਹੇ ਹਨ ਅਤੇ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਜਾ ਰਿਹਾ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ ਹਰ ਸਾਲ 30 ਤੋਂ 70 ਸੈਂਟੀਮੀਟਰ ਦੀ ਦਰ ਨਾਲ ਹੇਠਾਂ ਜਾ ਰਿਹਾ ਹੈ। ਕੇਂਦਰੀ ਧਰਤੀ ਹੇਠਲੇ ਪਾਣੀ-ਬੋਰਡ ਦੇ 2016 ਦੇ ਅੰਕੜਿਆਂ ਅਨੁਸਾਰ ਪੰਜਾਬ ਦੇ 138 ਬਲਾਕਾਂ ਵਿਚੋਂ 80 ਪ੍ਰਤੀਸ਼ਤ ਬਲਾਕਾਂ ਵਿੱਚ ਧਰਤੀ ਹੇਠਲੇ ਪਾਣੀ ਦਾ ਸ਼ੋਸ਼ਣ ਜਾਰੀ ਹੈ। ਖੇਤੀਬਾੜੀ ਦੇ ਉਤਪਾਦਨ ਸਮਰੱਥਾ ਉੱਪਰ ਕੁਦਰਤੀ ਸਰੋਤਾਂ ਨੂੰ ਵਿਗਾੜਨ ਵਾਲੀਆਂ ਪ੍ਰਕਿਰਿਆਵਾਂ ਦਾ ਵਧ ਰਿਹਾ ਦਬਦਬਾ, ਖੇਤੀਬਾੜੀ ਆਧਾਰਿਤ ਆਰਥਿਕ ਵਿਕਾਸ ਨੂੰ ਵਾਧੇ ਵਲ ਕਾਇਮ ਰੱਖਣ ਵਿੱਚ ਇਕ ਵੱਡੀ ਚੁਣੌਤੀ ਹੈ।

ਪੰਜਾਬ ਵਿੱਚ ਝੋਨਾ-ਕਣਕ ਆਧਾਰਿਤ ਖੇਤੀਬਾੜੀ (ਵਿਸ਼ੇਸ਼ ਤੌਰ 'ਤੇ ਛੋਟੇ ਪੱਧਰ ਦੀ ਖੇਤੀ) ਨਾਂ ਸਿਰਫ ਵਾਤਾਵਰਣ ਪੱਖੋਂ ਅਸੁਰੱਖਿਅਤ ਹੈ ਸਗੋਂ ਧਰਤੀ ਹੇਠਲੇ ਪਾਣੀ ਦੀ ਘਾਟ ਕਾਰਨ ਆਰਥਿਕ ਤੌਰ 'ਤੇ ਗ਼ੈਰ-ਲਾਭਕਾਰੀ ਤੇ ਅਸਮਰਥ ਹੁੰਦੀ ਜਾ ਰਹੀ ਹੈ। ਉਤਪਾਦਨ ਦੇ ਖਰਚੇ ਵਧਦੇ ਜਾਣ ਕਰਕੇ ਅਤੇ ਖੇਤੀ ਆਧਾਰਿਤ ਆਰਥਿਕਤਾ ਦੇ ਵਾਧੇ ਦੀ ਦਰ ਵਿੱਚ ਹੋ ਰਹੀ ਚਿੰਤਾਜਨਕ ਗਿਰਾਵਟ ਦੇ ਨਤੀਜੇ ਵਜੋਂ ਕਿਸਾਨਾਂ ਦੀ ਲੋੜਾਂ ਨਾਲੋਂ ਘੱਟ ਆਮਦਨੀ ਸੰਬੰਧਿਤ ਖੇਤੀ-ਸੰਕਟ ਵਧਦਾ ਜਾ ਰਿਹਾ ਹੈ। ਪਿਛਲੇ ਸਾਲਾਂ ਦੌਰਾਨ ਪੰਜਾਬ ਦੀ ਖੇਤੀਬਾੜੀ ਦਾ ਕੁਲ-ਆਰਥਿਕਤਾ ਵਿੱਚ ਯੋਗਦਾਨ ਘਟਦਾ ਗਿਆ ਹੈ ਅਤੇ ਇਸ ਵੇਲੇ ਇਹ 14-15 ਪ੍ਰਤੀਸ਼ਤ ਦੇ ਆਸ ਪਾਸ ਹੈ ਜੋ 1960-61 ਤੋਂ ਪਹਿਲਾਂ ਲਗਪਗ 50 ਪ੍ਰਤੀਸ਼ਤ ਸੀ।

ਪੰਜਾਬ ਦੀ ਆਰਥਿਕਤਾ (ਜੀ.ਡੀ.ਪੀ.) ਦੇ ਵਾਧੇ ਦੀ ਦਰ ਜੋ ਸਾਲ 1972-2007 ਦੇ ਦਰਮਿਆਨ 5.7 ਪ੍ਰਤੀਸ਼ਤ ਸੀ 2006 ਅਤੇ 2017 ਦਰਮਿਆਨ 2 ਪ੍ਰਤੀਸ਼ਤ ਤੋਂ ਵੀ ਘਟ ਗਈ ਹੈ ਅਤੇ ਇਹ ਉਮੀਦ ਕੀਤੀ ਜਾ ਰਹੀ ਹੈ ਕਿ 2030 ਤੋਂ 2050 ਦੇ ਵਿੱਚਕਾਰ ਇਹ ਘਟ ਕੇ 0.9 ਪ੍ਰਤੀਸ਼ਤ ਹੋ ਸਕਦੀ ਹੈ, ਜਦੋਂ ਕਿ ਭਾਰਤ ਸਰਕਾਰ ਦੁਆਰਾ ਨਿਰਧਾਰਿਤ ਟੀਚੇ ਅਨੁਸਾਰ ਇਹ 4 ਪ੍ਰਤੀਸ਼ਤ ਤੋਂ ਵੱਧ ਚਾਹੀਦੀ ਹੈ। ਸਾਲ 1991 ਵਿੱਚ ਆਰਥਿਕ ਉਦਾਰੀਕਰਨ ਨਾਲ ਖੇਤੀਬਾੜੀ ਸੈਕਟਰ ਨੂੰ ਬਹੁਤ ਲਾਭ ਨਹੀਂ ਹੋਇਆ ਪਰ ਉਦਯੋਗ ਅਤੇ ਸੇਵਾਵਾਂ ਦੇ ਖੇਤਰਾਂ ਨੂੰ ਬਹੁਤ ਉਤਸ਼ਾਹਿਤ ਕੀਤਾ ਗਿਆ ਜਿਸ ਕਾਰਨ ਪਿਛਲੇ ਸਾਲਾਂ ਦੌਰਾਨ ਖੇਤੀ ਕਾਮਿਆਂ ਅਤੇ ਗ਼ੈਰ-ਖੇਤੀ ਕਾਮਿਆਂ ਦੀ ਆਮਦਨੀ ਵਿੱਚ ਪਾੜਾ ਲਗਾਤਾਰ ਵੱਧਦਾ ਗਿਆ ਹੈ।

ਮੌਜੂਦਾ ਮੰਡੀਕਰਨ ਪ੍ਰਣਾਲੀ ਦੇ ਬੁਨਿਆਦੀ ਢਾਂਚੇ ਦਾ ਵਿਕਾਸ ਗ਼ੈਰ-ਨਾਸ਼ਵਾਨ ਅਤੇ ਨਾਸ਼ ਹੋਣ ਵਾਲੀਆਂ ਵਸਤੂਆਂ ਲਈ ਆਧੁਨਿਕ ਹੋਣਾ ਚਾਹੀਦਾ ਹੈ। ਉਤਪਾਦਾਂ ਦਾ ਮੁੱਲ ਨਿਰਧਾਰਿਤ ਕਰਨ ਦੀ ਵਿਧੀ ਅਤੇ ਕਿਸਾਨਾਂ ਵਲੋਂ ਕਮਾਈ ਹੋਈ ਰਾਸ਼ੀ ਨੂੰ ਪ੍ਰਾਪਤ ਕਰਨ ਲਈ ਸਥਾਪਤ ਸਿਸਟਮ ਵੀ ਬਹੁਤ ਹੱਦ ਤੱਕ ਕਿਸਾਨਾਂ ਦੇ ਹੱਕ ਵਿੱਚ ਨਹੀਂ। ਪੰਜਾਬੀ ਯੂਨੀਵਰਸਿਟੀ ਦੇ ਤਾਜ਼ਾ ਅਧਿਐਨ ਤੋਂ ਪਤਾ ਚੱਲਿਆ ਹੈ ਕਿ ਲਗਪਗ 86 ਪ੍ਰਤੀਸ਼ਤ ਖੇਤੀਬਾੜੀ ’ਤੇ ਨਿਰਭਰ ਪਰਿਵਾਰ (ਖ਼ਾਸ ਕਰ ਛੋਟੇ ਕਿਸਾਨ) ਕਰਜ਼ੇ ਹੇਠ ਜੀ ਰਹੇ ਹਨ। ਪੰਜਾਬ ਦੇ ਪੇਂਡੂ ਇਲਾਕਿਆਂ ਦੇ ਇੱਕ ਸਰਵੇਖਣ ਤੋਂ ਇਹ ਸੰਕੇਤ ਮਿਲਿਆ ਹੈ ਕਿ ਮੌਕਾ ਮਿਲਣ ’ਤੇ 35-40 ਪ੍ਰਤੀਸ਼ਤ ਕਿਸਾਨ (ਖਾਸ ਕਰ ਛੋਟੇ ਕਿਸਾਨ) ਖੇਤੀਬਾੜੀ ਛੱਡ ਕੇ ਹੋਰ ਕਿੱਤਾ ਅਪਨਾਉਣ ਲਈ ਤਿਆਰ ਹਨ। ਥੋੜ੍ਹੀ ਜ਼ਮੀਨ ਵਾਲਾ ਛੋਟਾ ਤੇ ਸੀਮਾਂਤਮਕ ਕਿਸਾਨ ਭਾਈਚਾਰਾ ਬਹੁਤ ਜ਼ਿਆਦਾ ਆਰਥਿਕ ਸੰਕਟ ਵਿੱਚ ਹੈ। ਪੇਂਡੂ ਖੇਤਰਾਂ ਵਿੱਚ ਖੇਤੀਬਾੜੀ ’ਤੇ ਆਧਾਰਿਤ ਮੁਨਾਫਾ ਅਨਿਸ਼ਚਿਤ ਹੈ ਅਤੇ ਘਟਦਾ ਜਾ ਰਿਹਾ ਹੈ। ਲੋੜੀਂਦੀ ਤਕਨਾਲੋਜੀ, ਇਨਪੁਟਸ, ਲਾਭਕਾਰੀ ਮੰਡੀਆਂ, ਰੁਜ਼ਗਾਰ ਦੇ ਮੌਕੇ ਅਤੇ ਉੱਦਮਤਾ (Enterpreneurship) ਲਗਪਗ ਨਾਂਹ ਦੇ ਬਰਾਬਰ ਹੋਣ ਕਰਕੇ ਪੇਂਡੂ ਨੌਜਵਾਨਾਂ ਦੀ ਖੇਤੀਬਾੜੀ ਪ੍ਰਤੀ ਰੁਚੀ ਘਟਦੀ ਜਾ ਰਹੀ ਹੈ। ਇਸ ਤੋਂ ਇਲਾਵਾ ਖੇਤੀਬਾੜੀ ਖੇਤਰ ਆਮ ਤੌਰ ’ਤੇ ਆਪਣੇ ਆਪ ਨੂੰ ਇੱਕ ਉੱਦਯੋਗ ਵਜੋਂ ਪ੍ਰੋਜੈਕਟ ਕਰਨ ਵਿੱਚ ਅਤੇ ਪੇਂਡੂ ਨੌਜਵਾਨਾਂ, ਖੇਤੀਬਾੜੀ-ਗ੍ਰੈਜੂਏਟਾਂ ਅਤੇ ਕਿਸਾਨਾਂ ਨੂੰ ਉਦਮੀ ਵਜੋਂ ਉਤਸ਼ਾਹਿਤ ਕਰਨ ਵਿੱਚ ਪਿਛੜ ਰਿਹਾ ਹੈ ਜਿਸ ਕਾਰਨ ਦਿਹਾਤੀ ਖੇਤਰ ਵਿੱਚ ਬੇਰੁਜ਼ਗਾਰੀ ਦੀਆਂ ਮੁਸ਼ਕਲਾਂ ਵਧ ਰਹੀਆਂ ਹਨ। ਕਿਸਾਨੀ ਭਾਈਚਾਰੇ ਵਿੱਚ ਆਮ ਤੌਰ ’ਤੇ ਅਤੇ ਪੇਂਡੂ ਨੌਜਵਾਨਾਂ, ਛੋਟੇ ਕਿਸਾਨਾਂ ਤੇ ਗ਼ੈਰ-ਖੇਤੀ ਮਜ਼ਦੂਰਾਂ ਵਿੱਚ ਖਾਸ ਤੌਰ ’ਤੇ ਨਿਰਾਸ਼ਾ ਵੱਧ ਰਹੀ ਹੈ। ਹੁਣ ਚਿੰਤਾ ਦਾ ਵਿਸ਼ਾ ਇਹ ਹੈ ਕਿ ਜੇ ਮੌਜੂਦਾ ਵਿਕਾਸ ਦਾ ਨਿਰਾਸ਼ਾਜਨਕ ਰੁਝਾਅ ਜਾਰੀ ਰਿਹਾ ਤਾਂ ਪੰਜਾਬ ਵਿੱਚ ਪ੍ਰਤੀ ਵਿਅਕਤੀ ਆਮਦਨ ਦਾ ਹੋਰ ਹੇਠਾਂ ਜਾਣਾ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ।

ਹੁਣ ਸਮਾਂ ਹੈ ਕਿ ਸਰਕਾਰ, ਨੀਤੀ ਨਿਰਮਾਤਾ ਅਤੇ ਵਿਕਾਸ-ਮਾਹਿਰ ਉੱਭਰ ਰਹੀਆਂ

ਕਈ ਗੁੰਝਲਦਾਰ ਚੁਣੌਤੀਆਂ ਦੇ ਸੰਭਾਵਿਤ ਖੇਤੀਬਾੜੀ ਆਧਾਰਿਤ ਆਰਥਿਕ ਵਿਕਾਸ ਦਰ ਘੱਟਦੇ ਜਾਣ ਸੰਬੰਧਿਤ ਗੰਭੀਰ ਪ੍ਰਭਾਵਾਂ ਨੂੰ ਸਮਝਣ ਅਤੇ ਇਕ ਨੀਤੀਗਤ ਵਾਤਾਵਰਣ ਬਣਾਉਣ ਜਿਸਦੇ ਤਹਿਤ ਕੁਦਰਤੀ ਸਰੋਤਾਂ ਦੇ ਸ਼ੋਸ਼ਣ ਦੇ ਮੱਦੇਨਜ਼ਰ ਰਵਾਇਤੀ ਖੇਤੀ-ਆਰਥਿਕਤਾ ਪ੍ਰਣਾਲੀ ਵਿੱਚ ਬਦਲਾਅ ਲਿਆ ਕੇ ਸਮੁਚੀ ਖੇਤੀਬਾੜੀ ਪ੍ਰਣਾਲੀ (ਉਤਪਾਦਕ, ਉਤਪਾਦਨ, ਵਾਢੀ ਤੋਂ ਬਾਅਦ ਪ੍ਰਬੰਧਨ ਅਤੇ ਮਾਰਕੀਟਿੰਗ) ਦਾ ਵਿਗਿਆਨ, ਨਵੀਨਤਾ ਅਤੇ ਤਕਨਾਲੋਜੀ ਆਧਾਰਿਤ ਆਰਥਿਕ ਵਿਕਾਸ ਕੀਤਾ ਜਾਵੇ ਤਾਂ ਜੋ ਕਿਸਾਨ ਭਾਈਚਾਰਾ (ਖ਼ਾਸ ਕਰ ਛੋਟੇ ਕਿਸਾਨ) ਵਧੀਆ ਆਮਦਨੀ ਪ੍ਰਾਪਤ ਕਰਨ ਯੋਗ ਬਣੇ, ਖੁਰਾਕ, ਪੋਸ਼ਣ ਅਤੇ ਆਮਦਨੀ ਸਥਿਰਤਾ ਕਾਇਮ ਰੱਖ ਸਕੇ, ਲੋੜਾਂ ਨਾਲੋਂ ਘੱਟ ਆਮਦਨੀ ਨਾਲ ਜੁੜੇ ਤਣਾਅ ਤੋਂ ਰਾਹਤ ਪਾ ਸਕੇ ਅਤੇ ਨਾਲ ਹੀ ਨਾਲ ਜ਼ਮੀਨ, ਪਾਣੀ ਅਤੇ ਵਾਤਾਵਰਣ ਦੀ ਸੰਭਾਲ ਨੂੰ ਯਕੀਨੀ ਬਣਾ ਸਕੇ।

❖❖❖

# 2

# ਖੇਤੀਬਾੜੀ ਖੇਤਰ: ਚੌਰਾਹੇ ’ਤੇ

ਭਾਰਤ ਵਿੱਚ ਅਤੇ ਖਾਸ ਤੌਰ ’ਤੇ ਪੰਜਾਬ ਰਾਜ ਵਿੱਚ 1960-70 ਦੇ ਦਹਾਕੇ ਦੌਰਾਨ ਸ਼ੁਰੂ ਹੋਏ ਹਰੇ ਇਨਕਲਾਬ ਕਰਕੇ ਖੇਤੀਬਾੜੀ ਦਾ ਉਤਪਾਦਨ ਅਤੇ ਇਸ ਆਧਾਰਿਤ ਆਰਥਿਕਤਾ ਵਿੱਚ ਵੱਡੇ ਪੱਧਰ ’ਤੇ ਵਾਧਾ ਹੋਇਆ। ਪੰਜਾਬ ਵਿੱਚ 1970-71 ਵਿੱਚ ਅਨਾਜ ਦਾ ਉਤਪਾਦਨ ਲਗਭੱਗ 70 ਲੱਖ ਟਨ ਸੀ ਜੋ 2018-19 ਵਿੱਚ ਵਧ ਕੇ 29 ਮਿਲੀਅਨ ਟਨ ਹੋ ਗਿਆ। ਭਾਰਤ ਵਿੱਚ ਸਾਲ 2018-19 ਵਿੱਚ ਲਗਭੱਗ 295 ਮਿਲੀਅਨ ਟਨ ਕੁੱਲ ਖੁਰਾਕੀ ਅਨਾਜ ਅਤੇ 320 ਮਿਲੀਅਨ ਟਨ ਫਲ ਤੇ ਸਬਜ਼ੀਆਂ ਅਤੇ 30 ਮਿਲੀਅਨ ਟਨ ਕਪਾਹ ਪੈਦਾ ਕਰਨ ਦਾ ਮਾਹਰਕਾ ਮਾਰਿਆ ਗਿਆ। ਪਰ ਪਿਛਲੇ ਕੁੱਝ ਸਮੇਂ ਤੋਂ ਖੇਤੀ ਉਤਪਾਦਨ ਅਤੇ ਇਸ ਤੋਂ ਹੋਣ ਵਾਲੇ ਲਾਭ ਦੀ ਦਰ ਬਹੁਤ ਘਟਣ ਲੱਗ ਪਈ ਹੈ, ਜਿਸ ਕਰਕੇ ਕਿਸਾਨ ਭਾਈਚਾਰਾ ਗੰਭੀਰ ਆਰਥਿਕ ਤਣਾਉ ਹੇਠ ਆਉਂਦਾ ਜਾ ਰਿਹਾ ਹੈ। ਏਥੋਂ ਤੱਕ ਕਿ 1990-91 ਵਿੱਚ ਦੇਸ਼ ਦੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਵਿੱਚ ਖੇਤੀਬਾੜੀ ਦਾ ਹਿੱਸਾ 31.4 ਪ੍ਰਤੀਸ਼ਤ ਸੀ ਜੋ 2014-15 ਵਿੱਚ ਘਟ ਕੇ 14 ਪ੍ਰਤੀਸ਼ਤ ਹੀ ਰਹਿ ਗਿਆ। ਦੇਸ਼ ਵਿੱਚ ਖੇਤੀ ਦੀ ਵਿਕਾਸ ਦਰ 4 ਪ੍ਰਤੀਸ਼ਤ ਤੋ ਹੇਠਾਂ ਹੀ ਰਹੀ ਹੈ ਜੋ ਕਿ ਬਾਰ੍ਹਵੀਂ ਯੋਜਨਾ ਦਾ ਟੀਚਾ ਮਿਥਿਆ ਹੋਇਆ ਹੈ। ਇਸ ਦੇ ਨਾਲ ਹੀ ਕਿਸਾਨਾਂ ਅਤੇ ਗ਼ੈਰ-ਕਿਸਾਨਾਂ ਦੀ ਆਮਦਨ ਵਿਚਕਾਰ ਦੇ ਪਾੜੇ ਦਾ ਅਨੁਪਾਤ 1:4 ਹੋ ਗਿਆ ਹੈ। ਹੁਣ ਕਿਸਾਨ ਭਾਈਚਾਰੇ ਨੇ ਵੀ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਖੇਤਬਾੜੀ ਘਾਟੇ ਵਾਲਾ ਧੰਦਾ ਬਣਦਾ ਜਾ ਰਿਹਾ ਹੈ। ਪੇਂਡੂ ਇਲਾਕਿਆਂ ਦੇ ਇੱਕ ਸਰਵੇਖਣ ਅਨੁਸਾਰ ਖੇਤੀ ਆਧਾਰਿਤ ਆਮਦਨ ਬਹੁਤ ਘੱਟ ਜਾਂ ਨਾ-ਯਕੀਨੀ ਹੋਣ ਕਰਕੇ 35-40 ਪ੍ਰਤੀਸ਼ਤ ਕਿਸਾਨ ਖੇਤੀਬਾੜੀ ਛੱਡ ਕੇ ਕਿਸੇ ਹੋਰ ਲਾਹੇਵੰਦ ਪੇਸ਼ੇ ਨੂੰ ਅਪਨਾਉਣਾ ਚਾਹੁੰਦੇ ਹਨ।

ਇਸ ਵੇਲੇ ਖੇਤੀਬਾੜੀ ਆਰਥਿਕਤਾ, ਤਕਨਾਲੋਜੀ ਤੇ ਵਾਤਾਵਰਣ ਪੱਖੋਂ ਇਕ ਵਾਰ ਫੇਰ ਚੌਰਾਹੇ ਤੇ ਆ ਖੜ੍ਹੀ ਹੈ। ਅਸਲ ਵਿੱਚ ਰਾਜ ਤੇ ਕੇਂਦਰੀ ਸਰਕਾਰਾਂ ਮੁੱਖ ਤੌਰ ’ਤੇ ਸਮੁੱਚੇ ਖੇਤੀਬਾੜੀ ਖੇਤਰ (ਉਤਪਾਦਨ, ਪ੍ਰੋਸੈਸਿੰਗ, ਮੰਡੀਕਰਨ ਆਦਿ) ਦੇ ਵਿਕਾਸ ਅਤੇ ਕਿਸਾਨਾਂ (ਖਾਸ ਤੌਰ ’ਤੇ ਛੋਟੇ ਕਿਸਾਨ) ਦੀ ਆਰਥਿਕ ਹਾਲਤ ਸੁਧਾਰਨ ਵਾਲੀ ਸਰਵਪੱਖੀ ਠੋਸ ਨੀਤੀ ਨੂੰ ਪੂਰੀ ਤਰ੍ਹਾਂ ਬਣਾਉਣ ਅਤੇ ਲਾਗੂ ਕਰਨ ਨੂੰ ਅਣਦੇਖਾ ਕਰਦੀਆਂ ਰਹੀਆਂ ਹਨ। ਭਾਰਤ ਸਰਕਾਰ ਵੱਲੋਂ ਸਾਲ 2000 ਵਿੱਚ ਐਲਾਨ ਕੀਤੀ ਗਈ ਕੌਮੀ ਖੇਤੀਬਾੜੀ ਨੀਤੀ ਲਗਪਗ ਨਾ-ਲਾਗੂ ਹੀ ਰਹੀ ਹੈ। ਸਰਕਾਰ ਵਲੋਂ ਖੇਤੀ ਖੇਤਰ ’ਤੇ ਪੂੰਜੀ ਨਿਵੇਸ਼ ਕਰਨ ਵਿੱਚ ਬਹੁਤ ਘਾਟ ਆਈ ਹੈ। ਸਾਲ 1980 ਦੇ ਦਹਾਕੇ ਵਿੱਚ ਦੇਸ਼ ਦੇ ਜੀ.ਡੀ.ਪੀ. ਦਾ ਲਗਭੱਗ 4 ਪ੍ਰਤੀਸ਼ਤ ਖੇਤੀ ਖੇਤਰ ’ਤੇ ਲਗਾਇਆ ਗਿਆ ਜੋ ਮੌਜੂਦਾ ਦਹਾਕੇ ਵਿੱਚ 2 ਪ੍ਰਤੀਸ਼ਤ ਤੋਂ ਵੀ ਘੱਟ ਗਿਆ

ਹੈ। ਨਤੀਜੇ ਵਜੋਂ ਖੇਤੀ ਖੇਤਰ ਸਾਹਮਣੇ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਤੇ ਚੁਣੌਤੀਆਂ ਹਨ ਜਿਵੇਂ ਕਿ ਜ਼ਮੀਨ ਦੀ ਵੰਡ ਹੋਣਾ, ਇਨਪੁਟਸ (ਬੀਜ, ਖਾਦਾਂ, ਪਾਣੀ, ਕਟਿਨਾਸ਼ਕ, ਊਰਜਾ, ਆਦਿ) ਦੀ ਕਿਸਾਨਾਂ ਤੱਕ ਨਾ-ਯਕੀਨੀ ਪਹੁੰਚ ਅਤੇ ਅਕੁਸ਼ਲ ਪ੍ਰਬੰਧ, ਉਤਪਾਦਾਂ ਦੀ ਪ੍ਰੋਸੈਸਿੰਗ ਤੇ ਮੁੱਲ ਵਧਾਊ ਤਕਨੀਕਾਂ ਦਾ ਨਾ ਅਪਣਾਏ ਜਾਣਾ, ਬੁਨਿਆਦੀ ਸਹੂਲਤਾਂ ਦੀ ਘਾਟ, ਜਲਵਾਯੂ ਵਿੱਚ ਹੋ ਰਹੀ ਤਬਦੀਲੀ ਤੇ ਖਤਰੇ ਆਦਿ। ਇਸ ਦੇ ਨਾਲ-ਨਾਲ ਖੇਤੀ ਬਹੁਤ ਘਾਟੇ ਵੱਲ ਜਾ ਰਹੀ ਹੈ ਕਿਉਂਕਿ ਖੇਤੀ ਉਤਪਾਦਨ ਕਰਨ ਤੇ ਲਾਗਤਾਂ ਲਗਾਤਾਰ ਵਧ ਰਹੀਆਂ ਹਨ ਪਰ ਉਤਪਾਦਾਂ ਦੇ ਭਾਅ ਬਹੁਤੇ ਨਹੀਂ ਵੱਧ ਰਹੇ।

ਅਸਲ ਵਿੱਚ ਕਿਸਾਨਾਂ ਦੀ ਖੇਤੀ ਆਧਾਰਿਤ ਆਰਥਿਕਤਾ ਇਕ ਇਹੋ ਜਿਹੀ ਅਵੱਸਥਾ ਤੇ ਪਹੁੰਚ ਗਈ ਹੈ ਜਿੱਥੇ ਇਸ ਨੂੰ ਭਵਿੱਖਤ ਲੋੜਾਂ ਅਨੁਸਾਰ ਪੁਨਰ ਜੀਵਿਤ ਕਰਨ ਲਈ ਇਸ ਵਿੱਚ ਤਕਨਾਲੋਜੀ ਆਧਾਰਿਤ ਵਾਧੇ ਵੱਲ ਕਾਇਮ ਰੱਖੇ ਜਾਣ ਲਈ ਚੱਲ ਰਹੇ ਜੈਨੇਟਿਕ, ਟੈਕਨੀਕਲ ਅਤੇ ਸੂਚਨਾ ਤਕਨਾਲੋਜੀ ਦੇ ਇਨਕਲਾਬਾਂ ਤੋਂ ਸੇਧ ਲੈ ਕੇ ਫ਼ਸਲ, ਜ਼ਮੀਨ, ਪਾਣੀ, ਖਾਦਾਂ, ਆਦਿ ਦੇ ਵਿਗਿਆਨਕ ਪ੍ਰਬੰਧ ਅਪਣਾ ਕੇ ਸੁਧਾਰ ਕਰਨੇ ਜ਼ਰੂਰੀ ਹਨ। ਹੁਣ ਲੋੜ ਹੈ ਕਿ ਸਰਕਾਰ ਅਤੇ ਇਸ ਦੇ ਵਿੱਤੀ ਪ੍ਰਬੰਧਕ ਸਮੁੱਚੇ ਖੇਤੀ ਖੇਤਰ ਦੇ ਵਿਕਾਸ ਕਰਨ ਅਤੇ ਖੋਜ ਤੇ ਪ੍ਰਸਾਰ ਵਾਸਤੇ ਲੋੜੀਂਦੀ ਪੂੰਜੀ ਨਿਵੇਸ਼ ਕਰਨ ਨੂੰ ਯਕੀਨੀ ਬਣਾਉਣ। ਕਿਸਾਨਾਂ ਦੀ ਆਮਦਨ ਵਧਾਉਣ ਵਾਸਤੇ ਵਿਭਿੰਨ ਤਰ੍ਹਾਂ ਦੀ ਖੇਤੀ ਦੀ ਉਤਪਾਦਕਤਾ, ਉਤਪਾਦਨ-ਕੁਸ਼ਲਤਾ ਅਤੇ ਮੁਨਾਫੇ ਯਕੀਨੀ ਕਾਇਮ ਰੱਖਣਾ, ਜ਼ਮੀਨ, ਪਾਣੀ ਅਤੇ ਹੋਰ ਇਨਪੁਟਸ ਤੇ ਸਰੋਤਾਂ ਦੀ ਸੁਚੱਜੀ ਵਰਤੋਂ ਕਰਨਾ, ਵਾਢੀ ਪਿੱਛੋਂ ਨਾਸ਼ਵਾਨ ਤੇ ਗ਼ੈਰ-ਨਾਸ਼ਵਾਨ ਉਤਪਾਦਾਂ ਦੀ ਸਹੀ ਸੰਭਾਲ, ਪ੍ਰੋਸੈਸਿੰਗ ਅਤੇ ਮੰਡੀਕਰਨ ਦੀਆਂ ਆਧੁਨਿਕ ਤਕਨੀਕਾਂ ਦੇ ਵਿਕਾਸ ਕਰਨੇ ਜ਼ਰੂਰੀ ਹਨ। ਇਸ ਦੇ ਨਾਲ-ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਸੁਧਾਰ ਕਰਨਾ, ਵਾਤਾਵਰਣ ਦੇ ਪ੍ਰਦੂਸ਼ਣ ਤੇ ਕਾਬੂ ਪਾਉਣਾ ਅਤੇ ਖੋਜ-ਉਦਯੋਗ-ਕਿਸਾਨ ਦੇ ਮੇਲ ਨੂੰ ਮਜ਼ਬੂਤ ਕਰਨ ਦੀ ਖਾਸ ਮਹੱਤਤਾ ਹੈ। ਐਗਰੀਕਲਚਰਲ ਯੂਨੀਵਰਸਿਟੀਆਂ, ਸੂਬੇ ਦੇ ਖੇਤੀਬਾੜੀ ਵਿਭਾਗਾਂ ਅਤੇ ਖੇਤਰੀ ਖੋਜ ਸੰਸਥਾਵਾਂ (ਜਿਨ੍ਹਾਂ ਨੂੰ ਆਮ ਤੌਰ ’ਤੇ ਮਾਲੀ ਸਹਾਇਤਾ ਨਹੀਂ ਮਿਲਦੀ) ਨੂੰ ਉੱਚਿਤ ਵਿੱਤੀ ਸਹਾਇਤਾ, ਲੋੜੀਂਦੀ ਮਾਨਵ ਸ਼ਕਤੀ ਅਤੇ ਹੋਰ ਸਹੂਲਤਾਂ ਨਾਲ ਮਜ਼ਬੂਤ ਕੀਤੇ ਜਾਣ ਦੀ ਲੋੜ ਹੈ।

ਇਕ ਹੋਰ ਮਹੱਤਤਾ ਵਾਲਾ ਵਿਸ਼ਾ ਫ਼ਸਲੀ ਵਿਭਿੰਨਤਾ ਹੈ ਜਿਸ ਨੂੰ ਅਪਨਾਉਣ ਲਈ ਕਿਸਾਨ ਬੜੀ ਦੁਵਿਧਾ ਵਿੱਚ ਹਨ ਕਿਉਂਕਿ ਹਾਲ ਦੇ ਸਮੇਂ ਵਿੱਚ ਕਿਸਾਨਾਂ ਨੂੰ ਸਿਫਾਰਿਸ਼ ਕੀਤੀਆਂ ਜਾ ਰਹੀਆਂ ਬਦਲਵੀਆਂ ਫ਼ਸਲਾਂ (ਫਲ, ਸਬਜ਼ੀਆਂ, ਮੱਕੀ, ਦਾਲਾਂ, ਤੇਜ ਬੀਜਾਂ ਆਦਿ) ਲਈ ਨਿਸ਼ਚਿਤ ਸਹੀ ਮੰਡੀਆਂ ਦੀ ਸਹੂਲਤ ਉਪਲੱਬਧ ਨਹੀਂ ਹੈ ਅਤੇ ਨਾ ਹੀ ਇਨ੍ਹਾਂ ਫ਼ਸਲਾਂ ਦੇ ਯਕੀਨੀ ਫਾਇਦੇ ਵਾਲੇ ਭਾਅ (ਕੇਂਦਰ ਸਰਕਾਰ ਵਲੋਂ ਐਮ ਐਸ ਪੀ ਨਿਯੁਕਤ ਕਰਨ ਦੇ ਬਾਵਜੂਦ) ਹੀ ਮਿਲਦੇ ਰਹੇ ਹਨ। ਇਸ ਸੰਬੰਧ ਵਿੱਚ ਸਰਕਾਰ ਤੇ ਇਸ ਦੇ ਵਿੱਤੀ ਪ੍ਰਬੰਧਕਾਂ ਵੱਲੋਂ ਲੋੜੀਂਦੇ ਸਹਿਯੋਗ ਦੀ ਵੀ ਕਮੀ ਰਹੀ ਹੈ। ਏਸੇ ਕਰਕੇ ਫ਼ਸਲੀ-ਵਿਭਿੰਨਤਾ ਯੋਜਨਾਵਾਂ ਕਿਸਾਨਾਂ ਵੱਲੋਂ ਵੱਡੇ ਪੱਧਰ ’ਤੇ ਨਹੀਂ ਅਪਣਾਈਆਂ ਜਾ ਰਹੀਆਂ। ਅਸਲ ਵਿੱਚ

ਫ਼ਸਲੀ ਵਿਭਿੰਨਤਾ ਦੀਆਂ ਯੋਜਨਾਵਾਂ ਤਾਂ ਹੀ ਲਗਾਤਾਰ ਸਫਲ ਹੋ ਸਕਣਗੀਆਂ ਜੇ ਇਨ੍ਹਾਂ ਨੂੰ ਮੰਡੀਕਰਨ ਦੇ ਮੌਕੇ ਤੇ ਸਹੂਲਤਾਂ ਮਿਲਣ, ਕਿਸਾਨਾਂ ਦਾ ਮੁਨਾਫਾ ਤੇ ਆਮਦਨ ਵਧਣ ਅਤੇ ਕੁਦਰਤੀ ਸਰੋਤਾਂ ਦੀ ਸੰਭਾਲ ਕਰਨ ਦੇ ਨਾਲ ਜੋੜ ਕੇ ਰੱਖਿਆ ਜਾਵੇ। ਇਹ ਯੋਜਨਾਵਾਂ ਵੱਖ-ਵੱਖ ਖੇਤਰਾਂ ਦੇ ਪੱਧਰ ਅਤੇ ਸਥਾਨਕ ਖੇਤ ਪੱਧਰ ’ਤੇ ਹੀ ਬਣਾਈਆਂ ਜਾਣੀਆਂ ਚਾਹੀਦੀਆਂ ਹਨ ਤੇ ਫ਼ਸਲਾਂ ਦੀ ਚੋਣ ਵੀ ਫ਼ਸਲ ਨਿਸ਼ਚਿਤ ਸਥਾਨਕ ਜ਼ਮੀਨ ਤੇ ਪਾਣੀ ਦੀ ਅਨੁਕੂਲਤਾ ਦੇ ਆਧਾਰ ’ਤੇ ਹੋਣੀ ਚਾਹੀਦੀ ਹੈ। ਸਮੁੱਚੇ ਤੌਰ ’ਤੇ ਫ਼ਸਲੀ ਵਿਭਿੰਨਤਾ ਪ੍ਰਣਾਲੀ ਨੂੰ ਘੱਟ ਲਾਗਤਾਂ ਨਾਲ ਉਤਪਾਦਨ ਕਰਨ, ਵਾਢੀ ਪਿੱਛੋਂ ਉਤਪਾਦਾਂ ਦੀ ਸਹੀ ਸੰਭਾਲ ਕਰਨ ਅਤੇ ਘਰੇਲੂ ਤੇ ਵਿਸ਼ਵ ਮੰਡੀਆਂ ਨਾਲ ਜੋੜਨ ਦੀ ਵੀ ਬਹੁਤ ਮਹੱਤਤਾ ਹੈ।

ਪਿਛਲੇ ਕਈ ਦਹਾਕਿਆਂ ਤੋਂ ਯੋਜਨਾਵਾਂ ਬਣਾਏ ਜਾਣ ਅਤੇ ਖੇਤੀ ਖੇਤਰ ਵਿੱਚ ਸ਼ਲਾਘਾਯੋਗ ਵਿਕਾਸ ਹੋਣ ਦੇ ਬਾਵਜੂਦ ਕਿਸਾਨਾਂ ਨੂੰ ਅਜੇ ਵੀ ਸਮਝ ਨਹੀਂ ਆ ਰਹੀ ਕਿ ਉਹ ਘੱਟ ਲਾਭ ਦੇਣ ਵਾਲੀ ਅਤੇ ਅਸੁਰੱਖਿਅਤ ਖੇਤੀ ਆਧਾਰਿਤ ਆਮਦਨ ਤੇ ਕਰਜ਼ੇ ਹੇਠ ਵਰਗੇ ਹਾਲਾਤ ਤੋਂ ਛੁਟਕਾਰਾ ਕਿਵੇਂ ਪਾਉਣ। ਅਸਲ ’ਚ ਦੇਸ਼ ਵਿੱਚ ਹਰੇ ਇਨਕਲਾਬ ਦੀ ਸਫਲਤਾ ਦੇ ਬਾਵਜੂਦ ਕਿਸਾਨਾਂ ਦੀ ਬਹੁਗਿਣਤੀ ਵਾਸਤੇ ਅਜੇ ਵੀ ਭਰੋਸੇਯੋਗ ਖੁਰਾਕ ਸੁਰੱਖਿਆ, ਆਮਦਨ ਅਤੇ ਆਰਥਿਕ ਸਥਿਰਤਾ ਯਕੀਨੀ ਨਹੀਂ ਬਣਾਈ ਜਾ ਸਕੀ। ਕਿਸਾਨਾਂ ਦੇ ਆਰਥਿਕ ਮਸਲੇ ਗੰਭੀਰ ਹੀ ਰਹੇ ਹਨ ਕਿਉਂਕਿ ਰਾਜ ਅਤੇ ਕੇਂਦਰ ਦੀਆਂ ਸਰਕਾਰਾਂ ਦੇ ਨੀਤੀ ਨਿਰਮਾਤਾ ਅਤੇ ਵਿੱਤੀ ਪ੍ਰਬੰਧਕਾਂ ਦੁਆਰਾ ਯੋਜਨਾਵਾਂ ਬਣਾਉਣ ਅਤੇ ਲਾਗੂ ਕਰਨ ਸਮੇਂ ਕਿਸਾਨਾਂ (ਖਾਸ ਤੌਰ ’ਤੇ ਛੋਟੇ ਕਿਸਾਨ) ਦੀ ਸ਼ਮੂਲੀਅਤ ਨਾ ਦੇ ਬਰਾਬਰ ਹੀ ਹੁੰਦੀ ਹੈ। ਕਿਸਾਨਾਂ ਨੂੰ ਸਿਰਫ ਖੇਤੀ ਆਧਾਰਿਤ ਘੱਟ ਆਮਦਨ ਅਤੇ ਮਾੜੇ ਆਰਥਿਕ ਹਾਲਾਤਾਂ ਵਿੱਚੋਂ ਬਾਹਰ ਕੱਢਣਾ ਤਾਂ ਹੀ ਸੰਭਵ ਹੋਏਗਾ ਜੇ ਕਿਸਾਨ ਪੱਖੀ ਭਵਿੱਖਤ ਸੋਚ ਤੇ ਲੋੜਾਂ ਆਧਾਰਿਤ ਸਰਵਪੱਖੀ ਠੋਸ ਨੀਤੀਆਂ ਬਣਾਈਆਂ ਜਾਣ ਜੋ ਕਿਸਾਨਾਂ ਲਈ ਤਕਨੀਕੀ, ਵਿੱਤੀ, ਬੁਨਿਆਦੀ ਸਹੂਲਤਾਂ ਤੇ ਹੋਰ ਸੇਵਾਵਾਂ ਦੀ ਸਹਾਇਤਾ ਯਕੀਨੀ ਬਣਾਉਣ ਤਾਂ ਜੋ ਉਹ ਉੱਚ ਖੇਤੀ ਉਤਪਾਦਨ ਅਤੇ ਮੁਨਾਫੇ ਲਗਾਤਾਰ ਪ੍ਰਾਪਤ ਕਰਦੇ ਰਹਿਣ। ਇਸ ਲਈ ਕਿਸਾਨਾਂ ਦੀ ਘੱਟ ਜੋਖਮ ਨਾਲ ਉਤਪਾਦਨ, ਪ੍ਰੋਸੈਸਿੰਗ, ਮੰਡੀਕਰਨ ਦੀ ਤਕਨਾਲੋਜੀ, ਮਾਲੀ ਸਹਾਇਤਾ ਅਤੇ ਬਹੁਤ ਹੀ ਘੱਟ ਵਿਆਜ ਤੇ ਕਰਜ਼ੇ, ਲੋੜੀਂਦੀ ਗੁਣਵੱਤਾ ਵਾਲੇ ਬੀਜ, ਖਾਦਾਂ ਤੇ ਦੂਸਰੀਆਂ ਇਨਪੁਟਸ, ਲਾਹੇਵੰਦ ਮੰਡੀਆਂ, ਬੁਨਿਆਦੀ ਸਹੂਲਤਾਂ ਅਤੇ ਹੋਰ ਸੇਵਾਵਾਂ ਤੱਕ ਬਰਾਬਰਤਾ ਨਾਲ ਪਹੁੰਚ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਖੇਤੀ ਤੋਂ ਬਾਹਰ ਦੀ ਆਮਦਨ ਵਾਸਤੇ ਕਿਸਾਨਾਂ ਲਈ ਵੱਖ-ਵੱਖ ਤਰ੍ਹਾਂ ਦੇ ਰੁਜ਼ਗਾਰ ਅਤੇ ਲੋੜੀਂਦੇ ਹੁਨਰ ਦੇਣ ਦੇ ਮੌਕੇ ਦਿਹਾਤੀ ਖੇਤਰ ਵਿੱਚ ਹੀ ਪੈਦਾ ਕਰਨੇ ਚਾਹੀਦੇ ਹਨ ਤਾਂ ਜੋ ਕਿਸਾਨ ਆਰਥਿਕ ਤਣਾਅ ਨੂੰ ਕਾਫੀ ਹੱਦ ਤੱਕ ਘਟਾ ਸਕਣ। ਸਰਕਾਰ ਵੱਲੋਂ ਫ਼ਸਲ ਬੀਮਾ ਬਾਰੇ ਪ੍ਰਸਤਾਵਤ ਸਕੀਮਾਂ ਅਤੇ ਕਿਸਾਨਾਂ ਵਾਸਤੇ ਘੱਟੋ-ਘੱਟ ਆਮਦਨ ਯਕੀਨੀ ਮੁਹੱਈਆ ਕੀਤੇ ਜਾਣਾ ਕਿਸਾਨੀ ਲਈ ਖਾਸ ਤੌਰ ’ਤੇ ਢੁੱਕਵੇਂ ਹਨ।

ਇਸ ਦੇ ਨਾਲ-ਨਾਲ ਇਹ ਵੀ ਜ਼ਰੂਰੀ ਹੈ ਕਿ ਸਰਕਾਰ ਵੱਲੋਂ ਕਿਸਾਨਾਂ ਨੂੰ ਮੰਡੀਆਂ

ਅਤੇ ਹੋਰ ਖਰੀਦ ਕਰਨ ਵਾਲੇ ਅਦਾਰਿਆਂ ਨਾਲ ਜੋੜਨਾ ਅਤੇ ਵੱਖ-ਵੱਖ ਫ਼ਸਲਾਂ ਦੇ ਉਤਪਾਦਾਂ ਦੀ ਭਰੋਸੇਯੋਗ ਖਰੀਦ ਅਤੇ ਲਾਹੇਵੰਦ ਭਾਅ (ਝੋਨਾ ਤੇ ਕਣਕ ਦੇ ਭਾਅ ਦੇ ਮੁਕਾਬਲੇ) ਯਕੀਨੀ ਮੁਹੱਈਆ ਕਰਨ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਮਦਦ ਦਿੱਤੀ ਜਾਵੇ। ਅਸਲ ਵਿੱਚ ਫ਼ਸਲਾਂ ਦੀ ਉਤਪਾਦਕਤਾ ਵਾਸਤੇ ਲਗਾਤਾਰ ਵਧਦੇ ਜਾ ਰਹੇ ਖਰਚਿਆਂ ਦਾ ਮੌਜੂਦਾ ਝੁਕਾਅ ਅਤੇ ਇਨ੍ਹਾਂ ਦੇ ਮੁਕਾਬਲੇ ਵਿੱਚ ਸਰਕਾਰ ਵੱਲੋਂ ਫ਼ਸਲਾਂ ਦੇ ਮਿੱਥੇ ਜਾਂਦੇ ਭਾਅ (ਐਮ ਐਸ ਪੀ) ਵਿੱਚ ਬਹੁਤ ਘੱਟ ਵਾਧਾ ਹੁੰਦਾ ਹੈ ਜੋ ਕਿਸਾਨੀ ਲਈ ਲਾਹੇਵੰਦ ਨਹੀਂ ਹੁੰਦਾ। ਇਸ ਲਈ ਸਵਾਮੀਨਾਥਨ ਕਮੇਟੀ ਦੇ ਪ੍ਰਸਤਾਵਿਤ ਸੁਝਾਅ ਜਿਵੇਂ ਕਿ (ਐਮ ਐਸ ਪੀ = ਫ਼ਸਲ ਉਤਪਾਦਨ ਕਰਨ ਤੇ ਕੁੱਲ ਲਾਗਤ + ਇਸ ਤੇ ਘੱਟੋ-ਘੱਟ 50 ਪ੍ਰਤੀਸ਼ਤ ਵਾਧਾ) ਅਤੇ (ਅਸਲੀ ਖ੍ਰੀਦ ਮੁੱਲ ਐਮ ਐਸ ਪੀ + ਮਹਿੰਗਾਈ ਵਿੱਚ ਵਾਧਾ) ਨੂੰ ਸਰਕਾਰ ਵੱਲੋਂ ਸਵੀਕਾਰ ਕਰਕੇ ਸਾਰੀਆਂ ਫ਼ਸਲਾਂ ਵਾਸਤੇ ਲਾਗੂ ਕਰਨੇ ਚਾਹੀਦੇ ਹਨ।

ਖੇਤੀਬਾੜੀ ਖੇਤਰ ਦੀਆਂ ਦੁਵਿਧਾਵਾਂ ਅਤੇ ਚਿੰਤਾਵਾਂ ਹੋਰ ਵੀ ਵੱਧਦੀਆਂ ਜਾ ਰਹੀਆਂ ਹਨ ਕਿਉਂਕਿ ਉੱਚ ਖੇਤੀ ਉਤਪਾਦਨ ਤੇ ਮੁਨਾਫੇ ਲਗਾਤਾਰ ਕਾਇਮ ਰੱਖਣ ਵਿੱਚ ਕੁਦਰਤੀ ਸਰੋਤਾਂ ਸੰਬੰਧੀ ਸਮੱਸਿਆਵਾਂ, ਜਿਵੇਂ ਕਿ ਧਰਤੀ ਹੇਠਲੇ ਪਾਣੀ ਦੀ ਘਾਟ ਅਤੇ ਜ਼ਮੀਨ ਦੀ ਗੁਣਵੱਤਾ ਵਿੱਚ ਗਿਰਾਵਟ ਵਰਗੇ ਹਾਲਾਤ, ਵੱਡੀਆਂ ਚੁਣੌਤੀਆਂ ਬਣਦੇ ਜਾ ਰਹੇ ਹਨ। ਅਸਲ ਵਿੱਚ ਪਿਛਲੇ ਕਈ ਦਹਾਕਿਆਂ ਤੋਂ (ਇਕ ਕੌਮੀ ਜਲ ਨੀਤੀ ਬਣਾਏ ਜਾਣ ਦੇ ਬਾਵਜੂਦ) ਪਾਣੀ ਦੀ ਅੰਨਾਧੁੰਦ ਵਰਤੋਂ ਕਾਰਨ ਪਾਣੀ ਦੇ ਸਰੋਤ ਲਗਾਤਾਰ ਘਟਦੇ ਜਾ ਰਹੇ ਹਨ (ਹਰ ਸਾਲ ਦੇਸ਼ ਵਿੱਚ ਧਰਤੀ ਹੇਠਲੇ ਪਾਣੀ ਦੀ ਸਤਹਿ ਲਗਭੱਗ ਇੱਕ ਫੁੱਟ ਨੀਚੇ ਜਾ ਰਹੀ ਹੈ) ਅਤੇ ਜ਼ਮੀਨ ਵਿੱਚ ਲਗਾਤਾਰ ਘਣੀ ਖੇਤੀ ਹੋਣ ਨਾਲ ਉਸਦੀ ਉਪਜਾਊ ਸ਼ਕਤੀ ਘਟਦੀ ਜਾ ਰਹੀ ਹੈ। ਨਤੀਜੇ ਵਜੋਂ ਖੇਤੀ ਉਤਪਾਦਨ ਅਤੇ ਉਸ ਤੋਂ ਹੋਣ ਵਾਲੇ ਲਾਭ ਵਧਾਉਣ ਵਿੱਚ ਕਈ ਤਰ੍ਹਾਂ ਦੀਆਂ ਚੁਣੌਤੀਆਂ ਪੈਦਾ ਹੁੰਦੀਆਂ ਜਾ ਰਹੀਆਂ ਹਨ। ਕਿਸਾਨਾਂ ਦੀ ਨਿਰਾਸ਼ਾ ਵੀ ਵਧ ਰਹੀ ਹੈ ਕਿਉਂਕਿ ਫ਼ਸਲਾਂ ਦੇ ਉਤਪਾਦਨ ਉੱਚੇ ਪੱਧਰ ’ਤੇ ਕਾਇਮ ਰੱਖਣ ਵਾਸਤੇ ਖਾਦਾਂ, ਪਾਣੀ, ਕੀਟ ਤੇ ਨਦੀਨ-ਨਾਸ਼ਕ ਜ਼ਹਿਰਾਂ ਆਦਿ ਦੀ ਕਾਫੀ ਜ਼ਿਆਦਾ ਮਾਤਰਾ ਵਰਤਣੀ ਪੈਂਦੀ ਹੈ, ਜਿਸ ਨਾਲ ਖੇਤੀ ਉਤਪਾਦਨ ਦੇ ਖਰਚੇ ਵਧਦੇ ਜਾਣ ਨਾਲ ਮੁਨਾਫਾ ਘਟਦਾ ਜਾ ਰਿਹਾ ਹੈ। ਇਸ ਵਾਸਤੇ ਲੋੜ ਹੈ ਕਿ ਟਿਕਾਊ ਖੇਤੀ ਉਤਪਾਦਨ ਦੇ ਵਿਕਾਸ ਲਈ ਦੇਸ਼ ਵਿੱਚ ਇਕ ਅਸਰਦਾਰ ਪ੍ਰਣਾਲੀ ਬਣਾਈ ਜਾਵੇ ਜਿਸ ਦੇ ਅਧੀਨ ਕਿਸਾਨਾਂ ਨੂੰ ਜ਼ਮੀਨ ਅਤੇ ਪਾਣੀ ਦੀ ਯੋਜਨਾਬੱਧ, ਨਿਯੰਤ੍ਰਿਤ ਅਤੇ ਸੁਚੱਜੀ ਵਰਤੋਂ ਕਰਨ ਵਾਸਤੇ ਉਤਸ਼ਾਹਿਤ ਕੀਤਾ ਜਾਵੇ, ਖੇਤ ਪੱਧਰ ’ਤੇ ਪਾਣੀ ਦੀ ਫਜ਼ੂਲ ਵਰਤੋਂ ਨੂੰ ਘਟਾਉਣ ਵਾਸਤੇ ਜ਼ੋਰ ਦਿੱਤਾ ਜਾਵੇ ਅਤੇ ਜ਼ਮੀਨ ਤੇ ਪਾਣੀ ਨੂੰ ਪ੍ਰਦੂਸ਼ਤ ਕਰਨ ਤੇ ਰੋਕ ਲਗਾਈ ਜਾਵੇ। ਜ਼ਮੀਨ ਹੇਠਲੇ ਪਾਣੀ ਨੂੰ ਉੱਪਰ ਖਿੱਚਣਾ ਖੇਤਰ ਪੱਧਰ ’ਤੇ ਇਸ ਸਰੋਤ ਦੀ ਗਿਣਤਾਮਕ ਨਿਰਧਾਰਨ ਦੇ ਆਧਾਰ ’ਤੇ ਨਿਯੰਤਰਿਤ ਕੀਤਾ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਜ਼ਮੀਨ ਵਿੱਚ ਹੋ ਰਹੇ ਕਈ ਤਰ੍ਹਾਂ ਦੇ ਅਣਚਾਹੇ ਬਦਲਾਅ (ਉਪਜਾਊ ਸ਼ਕਤੀ ਦਾ ਘਟਣਾ, ਸੇਮ, ਕੱਲਰ, ਪਾਣੀ ਦੀ ਖਾਰ, ਜ਼ਹਿਰੀਲੇ ਤੱਤਾਂ ਨਾਲ ਪ੍ਰਦੂਸ਼ਣ ਆਦਿ) ਅਤੇ

ਪਾਣੀ ਦੀ ਫਜ਼ੂਲ ਵਰਤੋਂ ਤੇ ਰੋਕ ਲੱਗ ਸਕੇਗੀ। ਸਿੱਟੇ ਵਜੋਂ ਕਿਸਾਨ ਵੱਧ ਖੇਤੀ ਉਤਪਾਦਨ ਅਤੇ ਉਸ ਤੋਂ ਹੋਣ ਵਾਲੇ ਲਾਭ ਨੂੰ ਲਗਾਤਾਰ ਕਾਇਮ ਰੱਖ ਸਕਣਗੇ।

ਖੇਤੀ ਖੇਤਰ ਹੁਣ ਇਕ ਅਜਿਹੇ ਮੌੜ 'ਤੇ ਆ ਪਹੁੰਚਿਆ ਹੈ ਜਿੱਥੇ ਫ਼ਸਲਾਂ ਪੈਦਾ ਕਰਨ 'ਤੇ ਖਰਚੇ ਲਗਾਤਾਰ ਵਧਦੇ ਜਾਣ ਦੇ ਕਾਰਨ ਮੁਨਾਫਾ ਘਟਦੇ ਜਾਣ ਤੇ ਰੁਝਾਨ ਨੂੰ ਉਲਟਾਏ ਜਾਣਾ ਬਹੁਤ ਜ਼ਰੂਰੀ ਹੋ ਗਿਆ ਹੈ। ਇਸ ਚੁਣੌਤੀ ਦਾ ਸਾਹਮਣਾ ਕਰਨ ਵਸਤੇ ਹੁਣ ਸਮਾਂ ਹੈ ਕਿ ਖੇਤੀਬਾੜੀ ਦੇ ਮੌਜੂਦਾ ਸਿਸਟਮ ਨੂੰ ਬਦਲ ਕੇ ਇਸ ਨੂੰ ਤਕਨਾਲੋਜੀ ਆਧਾਰਿਤ ਖੇਤੀ ਉਤਪਾਦਕਤਾ, ਉਤਪਾਦਨ ਕੁਸ਼ਲਤਾ ਅਤੇ ਲਾਭਪ੍ਰਧਿਤਾ ਵਧਾਉਣ ਵੱਲ ਉਤਸ਼ਾਹਿਤ ਕੀਤਾ ਜਾਵੇ। ਜ਼ਰੂਰਤ ਹੈ ਕਿ ਇਨਪੁਟਸ (ਪਾਣੀ, ਖਾਦਾਂ, ਕੀਟਨਾਸ਼ਕ, ਊਰਜਾ) ਅਤੇ ਹੋਰ ਸਰੋਤਾਂ ਦਾ ਤਕਨੀਕਾਂ ਆਧਾਰਿਤ ਲੋੜ ਅਨੁਸਾਰ, ਸਹੀ ਅਤੇ ਸਮਝਦਾਰੀ ਨਾਲ ਪ੍ਰਬੰਧ ਕਰਕੇ ਇਨ੍ਹਾਂ ਦੇ ਵਰਤਣ ਦੀ ਮਾਤਰਾ ਘਟਾਉਣ ਅਤੇ ਖੇਤ ਪੱਧਰ 'ਤੇ ਇਨ੍ਹਾਂ ਦੀ ਦੁਰਵਰਤੋਂ ਜਾਂ ਫਜ਼ੂਲ ਖਰਚੀ ਤੇ ਠੱਲ੍ਹ ਪਾਉਣ ਵਾਸਤੇ ਕਿਸਾਨਾਂ ਨੂੰ ਮਾਲੀ ਤੇ ਤਕਨੀਕੀ ਸਹਾਇਤਾ ਦੇ ਕੇ ਉਤਸ਼ਾਹਿਤ ਕੀਤਾ ਜਾਵੇ ਤਾਂ ਜੋ ਖਰਚੇ ਘਟਾ ਕੇ ਅਤੇ ਖੇਤੀ ਉਤਪਾਦਨ ਵਿੱਚ ਵਾਧਾ ਕਾਇਮ ਰੱਖਦੇ ਹੋਏ ਉਤਪਾਦਨ-ਕੁਸ਼ਲਤਾ ਤੇ ਲਾਭ ਵਿੱਚ ਵੀ ਵਾਧਾ ਬਰਕਰਾਰ ਰੱਖਿਆ ਜਾ ਸਕੇ। ਕਿਸਾਨਾਂ ਨੂੰ ਜ਼ਮੀਨ, ਪਾਣੀ, ਖਾਦਾਂ ਤੇ ਹੋਰ ਇਨਪੁਟਸ ਦੀ ਸਹੀ ਵਰਤੋਂ ਕਰਨ ਲਈ ਪ੍ਰੇਰਿਤ ਕਰਨ ਵਾਸਤੇ ਇੱਕ ਰਾਜ ਤੇ ਦੇਸ਼ ਪੱਧਰੀ ਮੁਹਿੰਮ ਸ਼ੁਰੂ ਕਰਨ ਦੀ ਲੋੜ ਹੈ। ਇਸ ਵਾਸਤੇ ਦੇਸ਼ ਵਿੱਚ ਇੱਕ ਵੱਡੀ ਗਿਣਤੀ ਵਿੱਚ ਮਿੱਟੀ ਅਤੇ ਪਾਣੀ ਪਰਖ ਕਰਨ ਵਾਲੀਆਂ ਪ੍ਰਯੋਗਸ਼ਾਲਾਵਾਂ ਨੂੰ ਕਿਸਾਨਾਂ ਦੇ ਭਰੋਸੇਯੋਗ ਸਲਾਹਕਾਰ ਵਾਂਗ ਨਿਭਣਾ ਚਾਹੀਦਾ ਹੈ ਤਾਂ ਜੋ ਕਿਸਾਨਾਂ ਦੀ ਫ਼ਸਲ ਨਿਸਚਿਤ ਜ਼ਮੀਨ ਤੇ ਪਾਣੀ ਦੀ ਅਨੁਕੂਲਤਾ, ਇਨਪੁਟਸ ਦੀ ਸਹੀ ਵਰਤੋਂ, ਜ਼ਮੀਨ ਸੁਧਾਰ, ਅਤੇ ਹੋਰ ਪ੍ਰਬੰਧਾਂ ਬਾਰੇ ਅਗਵਾਈ ਕੀਤੀ ਜਾਵੇ ਅਤੇ ਬਦਲੇ ਵਿੱਚ ਖੇਤੀ ਆਧਾਰਿਤ ਮੁਨਾਫੇ ਅਤੇ ਆਰਥਿਕਤਾ ਵਾਧੇ ਵੱਲ ਕਾਇਮ ਰੱਖੇ ਜਾਣ। ਇਸ ਦੇ ਨਾਲ-ਨਾਲ ਕਿਸਾਨ ਭਾਈਚਾਰੇ ਨੂੰ ਇੱਕ ਜੁੱਟ ਕਰਕੇ ਸਹਿਕਾਰੀ ਖੇਤੀ, ਵੱਖ-ਵੱਖ ਜ਼ਮੀਨਾਂ ਨੂੰ ਇਕੱਠਾ ਕਰਕੇ (ਮਲਕੀਅਤਾਂ ਕਾਇਮ ਰੱਖਦੇ ਹੋਏ), ਮਸ਼ੀਨਾਂ ਦੀ ਸਾਂਝੇ ਤੌਰ 'ਤੇ ਵਰਤੋਂ, ਇਨਪੁਟ ਸਪਲਾਈ ਅਤੇ ਮੰਡੀਕਰਨ ਦੇ ਸਮੂਹਿਕ ਪ੍ਰਬੰਧ ਆਦਿ ਕੀਤੇ ਜਾਣ ਨਾਲ ਖੇਤੀਬਾੜੀ ਦੇ ਖਰਚੇ ਘਟਾਉਣ ਅਤੇ ਆਮਦਨ ਵਧਾਉਣ ਵਿੱਚ ਮਦਦ ਹੋ ਸਕਦੀ ਹੈ।

ਹੁਣ ਸਮਾਂ ਹੈ ਕਿ ਖੇਤੀਬਾੜੀ ਖੇਤਰ ਦੀ ਚੌਰਾਹੇ ਤੋਂ ਅੱਗੇ ਦੀ ਅਗਵਾਈ ਤਕਨਾਲੋਜੀ ਦੇ ਮਾਰਗ ਤੇ ਕੀਤੀ ਜਾਵੇ। ਇਸ ਵਾਸਤੇ ਲੋੜ ਹੈ ਕਿ ਰਾਜ ਤੇ ਕੇਂਦਰ ਦੀਆਂ ਸਰਕਾਰਾਂ ਦੇ ਨੀਤੀ ਨਿਰਮਾਤਾ ਤੇ ਖੇਤੀ ਮਾਹਿਰਾਂ ਵੱਲੋਂ ਵੱਖ-ਵੱਖ ਖੇਤਰਾਂ ਦੇ ਪੱਧਰ 'ਤੇ ਉੱਭਰ ਰਹੀਆਂ ਖੇਤੀ ਉਤਪਾਦਨ, ਪ੍ਰੋਸੈਸਿੰਗ ਤੇ ਮੰਡੀਕਰਨ ਸੰਬੰਧੀ ਕਈ ਤਰ੍ਹਾਂ ਦੀਆਂ ਗੁੰਝਲਦਾਰ ਚੁਣੌਤੀਆਂ ਨੂੰ ਘੋਖਿਆ ਜਾਵੇ ਅਤੇ ਖੇਤੀਬਾੜੀ ਆਧਾਰਿਤ ਆਰਥਿਕਤਾ ਦੀ ਦਰ ਵਾਧੇ ਵਾਲ ਕਾਇਮ ਰੱਖਣ ਵਾਸਤੇ ਅਤੇ ਨਾਲ ਹੀ ਨਾਲ ਕੁਦਰਤੀ ਸਰੋਤਾਂ (ਜ਼ਮੀਨ, ਪਾਣੀ, ਵਾਤਾਵਰਣ) ਦੀ ਸੰਭਾਲ ਕਰਨ ਵਾਸਤੇ ਭਵਿੱਖਤ ਸਰਵਪੱਖੀ ਨੀਤੀਆਂ ਬਣਾ ਕੇ ਲਾਗੂ

ਕੀਤਾ ਜਾਵੇ। ਇਨ੍ਹਾਂ ਨੀਤੀਆਂ ਅਧੀਨ ਖੇਤੀਬਾੜੀ ਖੇਤਰ ਅਤੇ ਖੋਜ ਵਾਸਤੇ ਪੂੰਜੀ ਨਿਵੇਸ਼ ਵਧਾਉਣ, ਤਕਨੀਕਾਂ ਦੇ ਵਿਕਾਸ ਕਰਨ, ਜਲਵਾਯੂ ਵਿੱਚ ਹੋ ਰਹੀ ਤਬਦੀਲੀ ਦੇ ਮਾੜੇ ਅਸਰਾਂ ਤੇ ਠੱਲ੍ਹ ਪਾਉਣ, ਕੁਦਰਤੀ ਸਰੋਤਾਂ ਦੇ ਵਿਗਿਆਨਕ ਪ੍ਰਬੰਧ ਕਰਨ, ਜ਼ਮੀਨ ਹੇਠਲੇ ਪਾਣੀ ਦੇ ਨੀਚੇ ਜਾਣ ਤੇ ਰੋਕ ਲਗਾਉਣ, ਫ਼ਸਲਾਂ ਦੇ ਬੀਜਾਂ ਤੇ ਹੋਰ ਇਨਪੁਟਸ ਨੂੰ ਕਿਸਾਨਾਂ ਤੱਕ ਪਹੁੰਚਾਉਣ, ਵਾਢੀ ਪਿੱਛੋਂ ਉਤਪਾਦਾਂ ਦੀ ਸੰਭਾਲ ਕਰਨ ਅਤੇ ਕਿਸਾਨਾਂ ਦੀ ਆਧੁਨਿਕ ਖੇਤੀ ਤਕਨੀਕਾਂ ਨੂੰ ਅਪਨਾਉਣ ਵਾਸਤੇ ਸਮਰੱਥਾ ਵਧਾਉਣ ਦੀ ਲੋੜ ਹੈ। ਉਸਦੇ ਨਾਲ-ਨਾਲ ਇਹ ਵੀ ਜ਼ਰੂਰੀ ਹੈ ਕਿਸਾਨ ਭਾਈਚਾਰੇ ਵਾਸਤੇ ਦਿਹਾਤੀ ਇਲਾਕਿਆਂ ਵਿੱਚ ਹੀ ਖੇਤੀ ਤੋਂ ਬਾਹਰ ਦੇ ਰੁਜ਼ਗਾਰ ਵੀ ਪੈਦਾ ਕੀਤੇ ਜਾਣ। ਕਿਸਾਨਾਂ ਨੂੰ ਖੇਤੀ ਉਤਪਾਦਾਂ ਦੇ ਲਾਹੇਵੰਦ ਭਾਅ ਯਕੀਨੀ ਬਣਾਉਣ ਦੀ ਵੀ ਬਹੁਤ ਮਹੱਤਤਾ ਹੈ। ਇਸ ਵਾਸਤੇ ਸਰਕਾਰ ਵਲੋਂ ਲਾਹੇਵੰਦ ਐਮ ਐਸ ਪੀ ਨੀਯਤ ਕਰਨਾ ਅਤੇ ਕਿਸਾਨ ਭਾਈਚਾਰੇ ਨੂੰ ਮੰਡੀਆਂ ਅਤੇ ਹੋਰ ਖਰੀਦ ਕਰਨ ਵਾਲੇ ਅਦਾਰਿਆਂ ਨਾਲ ਜੋੜਨਾ ਜ਼ਰੂਰੀ ਹੈ। ਅਸਲ ਵਿੱਚ ਖੇਤਰ ਉੱਚਿਤ ਖੇਤੀ ਸੰਬੰਧਿਤ ਕਈ ਤਰ੍ਹਾਂ ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਕਈ ਢੁੱਕਵੀਆਂ ਤਕਨੀਕਾਂ ਇੱਕੋ ਹੀ ਵੇਲੇ ਅਪਨਾਉਣ ਤੇ ਜ਼ੋਰ ਦੇਣ ਦੀ ਲੋੜ ਹੈ।

❖❖❖

# 3
# ਭਾਰਤ ਦੀ ਵਧ ਰਹੀ ਆਬਾਦੀ ਲਈ ਸਾਲ 2050 ਤੱਕ ਅਨਾਜ ਸੁਰੱਖਿਆ ਯਕੀਨੀ ਬਣਾਉਣ ਲਈ ਚੁਣੌਤੀਆਂ

ਇੱਕ ਅਨੁਮਾਨ ਅਨੁਸਾਰ ਜੇ ਆਬਾਦੀ ਇਸੇ ਤਰ੍ਹਾਂ ਵਧਦੀ ਰਹੀ ਤਾਂ ਸਾਲ 2030 ਤੱਕ ਭਾਰਤ ਦੁਨੀਆ ਦਾ ਸਭ ਤੋਂ ਵੱਧ ਆਬਾਦੀ (ਲਗਪਗ 152 ਕਰੋੜ) ਵਾਲਾ ਦੇਸ਼ ਬਣ ਜਾਵੇਗਾ ਅਤੇ ਸਾਲ 2050 ਤੱਕ ਇਹ ਆਬਾਦੀ 170 ਕਰੋੜ ਹੋ ਜਾਵੇਗੀ। ਇਹ ਵੀ ਉਮੀਦ ਕੀਤੀ ਜਾ ਰਹੀ ਹੈ ਕਿ ਸਾਲ 2050 ਤੱਕ ਭਾਰਤ ਦੇ ਲਗਭੱਗ 50 ਪ੍ਰਤੀਸ਼ਤ ਲੋਕ ਸ਼ਹਿਰੀ ਇਲਾਕਿਆਂ ਵਿੱਚ ਰਹਿ ਰਹੇ ਹੋਣਗੇ। ਇਸ ਨਾਲ ਖੁਰਾਕ ਦੀ ਵਧਦੀ ਮੰਗ ਦੀ ਪੂਰਤੀ ਕਰਨ ਵਾਸਤੇ ਦੇਸ਼ ਦੇ ਕੁਦਰਤੀ ਸਰੋਤਾਂ (ਜ਼ਮੀਨ ਤੇ ਪਾਣੀ) ਉਪਰ ਦਬਾਅ ਵੀ ਵਧਦਾ ਜਾਵੇਗਾ। ਚਿੰਤਾ ਇਸ ਗੱਲ ਦੀ ਹੈ ਕਿ ਕੀ ਵਧਦੀ ਜਾ ਰਹੀ ਖੁਰਾਕੀ ਮੰਗ ਅਤੇ ਸੁੰਗੜਦੇ ਜਾ ਰਹੇ ਕੁਦਰਤੀ ਸਰੋਤਾਂ ਦੇ ਝੁਕਾਵਾਂ ਤਹਿਤ ਸਾਲ 2050 ਤੱਕ ਖੇਤੀ ਅਤੇ ਖੁਰਾਕ ਦਾ ਉਤਪਾਦਨ ਤੇ ਇਸ ਦੀ ਉਪਲੱਬਧਤਾ 170 ਕਰੋੜ ਲੋਕਾਂ ਵਾਸਤੇ ਖੁਰਾਕ ਸੁਰੱਖਿਆ ਯਕੀਨੀ ਕਾਇਮ ਰੱਖਣ ਵਾਸਤੇ ਕਾਫੀ ਹੋਏਗੀ ?

ਇਸ ਚਿੰਤਾ ਦੀ ਖਾਸ ਮਹੱਤਤਾ ਹੈ। ਦੇਸ਼ ਵਿੱਚ ਹਰੇ ਇਨਕਲਾਬ ਦੇ ਆਉਣ ਨਾਲ ਖੇਤੀ ਤੇ ਖੁਰਾਕ ਦੇ ਉਤਪਾਦਨ ਵਿੱਚ ਬੇਮਿਸਾਲ ਵਾਧਾ ਹੋਇਆ ਹੈ; ਜਿਵੇਂ ਕਿ ਸਾਲ 2019-20 ਦੌਰਾਨ 2950 ਲੱਖ ਟਨ ਅਨਾਜ, 3200 ਲੱਖ ਟਨ ਫਲ ਤੇ ਸਬਜ਼ੀਆਂ ਪੈਦਾ ਕੀਤੀਆਂ ਗਈਆਂ ਜੋ ਭਾਰਤ ਦੀ ਮੌਜੂਦਾ ਆਬਾਦੀ ਦੀ ਖੁਰਾਕ ਦੀ ਲੋੜ ਪੂਰੀ ਕਰਨ ਵਾਸਤੇ ਕਾਫੀ ਸਨ। ਪਰ ਇਸ ਪ੍ਰਾਪਤੀ ਨੂੰ ਬਹੁਤੀ ਤਸੱਲੀ ਦੇ ਤੌਰ ’ਤੇ ਮੰਨਿਆ ਨਹੀਂ ਜਾ ਸਕਦਾ ਕਿਉਂਕਿ ਦੇਸ਼ ਦੀ ਆਬਾਦੀ ਦਾ ਬਹੁਤ ਵੱਡਾ ਹਿੱਸਾ (19-20 ਕਰੋੜ) ਕੁਪੋਸ਼ਣ ਤੇ ਭੁੱਖਮਰੀ ਦੀਆਂ ਹਾਲਾਤਾਂ ਵਿੱਚ ਰਹਿਣ ਲਈ ਮਜ਼ਬੂਰ ਹੈ। ਸਾਲ 2020 ਦੀ ਰੀਪੋਰਟ ਨੇ ਭਾਰਤ ਨੂੰ 94ਵਾਂ ਸਥਾਨ ਦਿੱਤਾ ਹੈ ਜੋ ਬੰਗਲਾਦੇਸ਼, ਪਾਕਿਸਤਾਨ ਅਤੇ ਨੇਪਾਲ ਤੋਂ ਕਾਫੀ ਪਿੱਛੇ ਹੈ। ਇਕ ਅਨੁਮਾਨ ਅਨੁਸਾਰ ਭਾਰਤ ਦੇ 26 ਰਾਜਾਂ ਵਿੱਚ 33 ਪ੍ਰਤੀਸ਼ਤ ਬਾਲਗ ਆਬਾਦੀ ਵਿੱਚ ਊਰਜਾ ਦੀ ਘਾਟ ਹੈ। ਦੇਸ਼ ਵਿੱਚ 82 ਪ੍ਰਤੀਸ਼ਤ ਗਰਭਵਤੀ ਔਰਤਾਂ ਲਹੂ ਦੀ ਕਮੀ ਨਾਲ ਪੀੜਤ ਹਨ। ਭਾਰਤ ਦੇ ਕੁੱਲ ਬੱਚਿਆਂ ਵਿੱਚੋਂ 47 ਪ੍ਰਤੀਸ਼ਤ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਆਮ ਤੌਰ ’ਤੇ ਬਹੁਤ ਘੱਟ ਆਮਦਨ ਵਾਲੇ ਲੋਕ ਅਤੇ ਬਹੁਤ ਛੋਟੇ ਕਿਸਾਨ ਆਰਥਿਕ ਪਹੁੰਚ ਦੀ ਘਾਟ ਕਰਕੇ ਭੁੱਖਮਰੀ ਤੇ ਕੁਪੋਸ਼ਣ ਦੇ ਸ਼ਿਕਾਰ ਹਨ। ਇਸ ਤਰ੍ਹਾਂ ਦੇ ਖੁਰਾਕ ਤੇ ਕੁਪੋਸ਼ਣ ਵਾਲੇ ਹਾਲਾਤਾਂ ਨੂੰ “ਕੌਮੀ ਨਮੋਸ਼ੀ” ਕਿਹਾ ਜਾ ਸਕਦਾ ਹੈ।

ਇਸ ਵਾਸਤੇ ਸਰਕਾਰ, ਨੀਤੀਆਂ ਬਣਾਉਣ ਵਾਲੇ ਅਤੇ ਵਿਕਾਸ ਦੇ ਮਾਹਿਰ ਚਿੰਤਤ ਹਨ ਕਿ ਜੇ ਖੁਰਾਕ ਤੇ ਪੋਸ਼ਣ ਦੀ ਉਪਲੱਬਧਤਾ ਬਾਰੇ ਮੌਜੂਦਾ ਸਥਿਤੀ ਏਨੀ ਮਾੜੀ ਹੈ ਤਾਂ

ਸਾਲ 2050 ਵਿੱਚ ਸਥਿਤੀ ਕੀ ਹੋਵੇਗੀ ਜਦੋਂ ਭਾਰਤ ਵਿੱਚ 170 ਕਰੋੜ ਆਬਾਦੀ ਹੋਣ ਦੀ ਸੰਭਾਵਨਾ ਹੈ ਅਤੇ ਦੇਸ਼ ਵਿੱਚ ਪ੍ਰਤੀ ਵਿਅਕਤੀ ਉਪਲੱਬਧ ਪਾਣੀ ਤੇ ਖੇਤੀ ਯੋਗ ਜ਼ਮੀਨ ਵੀ ਬਹੁਤ ਘੱਟ ਜਾਣਗੇ। ਭਾਵੇਂ ਕਾਮਯਾਬੀ ਨਾਲ ਚੱਲ ਰਹੇ ਵਿਗਿਆਨਕ ਤਕਨੀਕੀ ਅਤੇ ਸੂਚਨਾ ਤੇ ਸੰਚਾਰ ਦੇ ਇਨਕਲਾਬਾਂ ਕਰਕੇ ਅਤੇ ਸੰਭਾਵੀ ਸਹਾਇਕ ਸਰਕਾਰੀ ਨੀਤੀਆਂ ਤੇ ਲੋੜੀਂਦੇ ਪੂੰਜੀ ਨਿਵੇਸ਼ ਦੇ ਵਿਕਾਸ ਕਰਕੇ ਖੇਤੀ ਅਤੇ ਖੁਰਾਕ ਉਤਪਾਦਨ ਵਿੱਚ ਵਾਧਾ ਕਾਇਮ ਰੱਖ ਕੇ ਸਾਲ 2050 ਤੱਕ ਟਿਕਾਊ ਖੁਰਾਕ ਤੇ ਪੋਸ਼ਣ ਸੁਰੱਖਿਆ ਨੂੰ ਪ੍ਰਾਪਤ ਕਰਨ ਦੀ ਉਮੀਦ ਕੀਤੀ ਜਾ ਸਕਦੀ ਹੈ, ਪਰ ਖੁਰਾਕ ਦੀ ਲੋੜਵੰਦਾਂ ਵਾਸਤੇ ਉਪਲੱਬਧਤਾ ਅਤੇ ਉਨ੍ਹਾਂ ਵਾਸਤੇ ਆਰਥਿਕ ਪਹੁੰਚ ਕਾਇਮ ਰੱਖਣ ਲਈ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਏਗਾ।

ਭਾਰਤ ਦੇ ਗਰੀਬ ਲੋਕਾਂ ਲਈ ਖੁਰਾਕ ਤੇ ਪੋਸ਼ਣ ਸੁਰੱਖਿਆ ਯਕੀਨੀ ਬਣਾਉਣ ਦੀ ਮਹੱਤਤਾ ਨੂੰ ਸਮਝਦੇ ਹੋਏ ਦੇਸ਼ ਵਿੱਚ ਕੌਮੀ ਖੁਰਾਕ ਸੁਰੱਖਿਆ ਐਕਟ 2013 ਤੋਂ ਲਾਗੂ ਹੈ ਜਿਸ ਦੇ ਅਧੀਨ ਖੁਰਾਕੀ-ਅਨਾਜ (ਕਣਕ, ਚਾਵਲ, ਆਦਿ) ਸਬਸੀਡਾਈਜ਼ਡ (ਰਿਆਈਤੀ/ਘੱਟ) ਕੀਮਤਾਂ ਤੇ ਜਨਤਕ ਫੰਡ ਪ੍ਰਣਾਲੀ ਰਾਹੀਂ ਸ਼ਹਿਰੀ ਤੇ ਪੇਂਡੂ ਗਰੀਬ ਲੋਕਾਂ ਨੂੰ ਉਪਲੱਬਧ ਕਰਵਾਉਣਾ ਹੈ। ਇਸ ਐਕਟ ਨਾਲ ਗਰੀਬ ਲੋਕਾਂ ਨੂੰ ਕੁਝ ਹੱਦ ਤੱਕ ਖੁਰਾਕ ਅਸੁਰੱਖਿਆ ਤੋਂ ਰਾਹਤ ਮਿਲਣ ਦੀ ਉਮੀਦ ਕੀਤੀ ਜਾ ਸਕਦੀ ਹੈ।

ਇਕ ਵੱਡੀ ਸਮੱਸਿਆ ਇਹ ਹੈ ਕਿ ਜਦੋਂ ਵਿਗਿਆਨੀਆਂ, ਵਿਕਾਸ ਦੇ ਮਾਹਿਰਾਂ ਅਤੇ ਕਿਸਾਨਾਂ ਵੱਲੋਂ ਭਵਿੱਖ ਸੋਚ ਤੇ ਲੋੜਾਂ ਅਨੁਸਾਰ “ਦੂਜਾ ਹਰਾ ਇਨਕਲਾਬ” ਲਿਆਉਣ ਵਾਸਤੇ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਸਾਡੇ ਦੇਸ਼ ਤੇ ਰਾਜ ਸਰਕਾਰਾਂ ਅਤੇ ਨੀਤੀਆਂ ਬਣਾਉਣ ਵਾਲਿਆਂ ਵੱਲੋਂ ਸਰਬ-ਪੱਖੀ ਸੋਚ ਤੇ ਲੋੜੀਂਦੀ ਖੇਤੀਬਾੜੀ ਅਤੇ ਖੁਰਾਕ ਪ੍ਰਣਾਲੀ ਸੰਬੰਧਿਤ ਠੋਸ ਨੀਤੀ ਬਣਾਉਣ ਨੂੰ ਲਗਾਤਾਰ ਅਣਡਿੱਠ ਕੀਤਾ ਗਿਆ ਹੈ। ਏਸੇ ਕਰਕੇ ਸਾਡਾ ਦੇਸ਼ ਖੇਤੀ ਆਧਾਰਿਤ ਵਿਕਾਸ ਨੂੰ ਸੁਰਜੀਤ ਕਰਨ, ਵਧਦੀ ਜਾ ਰਹੀ ਆਬਾਦੀ ਲਈ ਟਿਕਾਊ ਖੁਰਾਕ ਤੇ ਪੋਸ਼ਣ ਸੁਰੱਖਿਆ ਯਕੀਨੀ ਬਣਾਉਣ, ਕਿਸਾਨਾਂ (ਖਾਸ ਤੌਰ ’ਤੇ ਘੱਟ ਆਮਦਨ ਵਾਲੇ ਛੋਟੇ ਕਿਸਾਨ) ਦੀ ਆਰਥਿਕ ਹਾਲਤ ਸੁਧਾਰਨ, ਕੁਦਰਤੀ ਸਰੋਤਾਂ (ਜ਼ਮੀਨ, ਪਾਣੀ, ਵਾਤਾਵਰਣ) ਦੀ ਸਹੀ ਸੰਭਾਲ ਕਰਨ ਅਤੇ ਕੁੱਲ ਆਬਾਦੀ ਦੇ ਵੱਡੇ ਹਿੱਸੇ ਵਿੱਚ ਭੁੱਖਮਰੀ ਅਤੇ ਕੁਪੋਸ਼ਣ ਤੇ ਕਾਬੂ ਪਾਉਣ ਵਿੱਚ ਪਿੱਛੜ ਗਿਆ ਹੈ।

ਇਸ ਵਾਸਤੇ ਦੇਸ਼ ਅਤੇ ਰਾਜ ਸਰਕਾਰਾਂ ਲਈ ਵੱਡੀ ਚਣੌਤੀ ਇਹ ਹੈ ਕਿ ਉਹ ਦੇਸ਼ ਅਤੇ ਰਾਜ ਪੱਧਰ ’ਤੇ ਖੇਤੀਬਾੜੀ ਅਤੇ ਖੁਰਾਕ ਪ੍ਰਣਾਲੀ (ਉਤਪਾਦਕ, ਉਤਪਾਦਨ ਤੋਂ ਖਪਤਕਾਰ ਤੱਕ) ਸੰਬੰਧਿਤ ਭਵਿੱਖਤ ਸੋਚ ਅਨੁਸਾਰ ਖੇਤਰ ਪੱਧਰ ’ਤੇ ਗਤੀਸ਼ੀਲ ਛੋਟੀ ਤੇ ਲੰਮੀ ਮਿਆਦ ਦੀਆਂ ਸਰਬ-ਪੱਖੀ ਤੇ ਠੋਸ ਨੀਤੀਆਂ ਬਣਾਉਣ ਜਿਨ੍ਹਾਂ ਅਧੀਨ ਖੇਤੀ ਤੇ ਖੁਰਾਕ ਦੇ ਉਤਪਾਦਨ ਅਤੇ ਉਤਪਾਦਨ-ਕੁਸ਼ਲਤਾ ਵਧਾਈ ਜਾਵੇ, ਪੂੰਜੀ ਨਿਵੇਸ਼ ਕਰਨ ਵਿੱਚ ਵਾਧੇ ਵਾਲੇ ਹਾਲਾਤ ਪੈਦਾ ਕੀਤੇ ਜਾਣ, ਲੋੜੀਂਦੀਆਂ ਬੁਨਿਆਦੀ ਸਹੂਲਤਾਂ ਦਾ ਵਿਕਾਸ ਕੀਤਾ ਜਾਵੇ, ਜਲਵਾਯੂ-ਤਬਦੀਲੀ ਦਾ ਖੇਤੀ ਅਤੇ ਖੁਰਾਕ ਉਤਪਾਦਨ ਤੇ

ਉਪਲੱਬਧਤਾ ਉਪਰ ਮਾੜਾ ਅਸਰ ਘਟਾਇਆ ਜਾਵੇ, ਖ਼ੁਰਾਕੀ ਉਤਪਾਦਾਂ ਦੀ ਪ੍ਰੋਸੈਸਿੰਗ ਤੇ ਸਹੀ ਸੰਭਾਲ ਕਰਕੇ ਉਨ੍ਹਾਂ ਦੇ ਖਰਾਬ ਹੋ ਕੇ ਫਜ਼ੂਲ ਹੋਣ ’ਤੇ ਕਾਬੂ ਪਾਇਆ ਜਾਵੇ, ਖੇਤੀ ਤੇ ਖ਼ੁਰਾਕ ਉਤਪਾਦਨ ਨੂੰ ਲਾਹੇਵੰਦ ਬਣਾਇਆ ਜਾਵੇ, ਆਧੁਨਿਕ ਮੰਡੀਕਰਨ ਪ੍ਰਣਾਲੀ ਸਥਾਪਤ ਕੀਤੀ ਜਾਵੇ ਅਤੇ ਨਾਲ ਹੀ ਨਾਲ ਕੁਦਰਤੀ ਸਰੋਤਾਂ (ਜ਼ਮੀਨ, ਪਾਣੀ ਤੇ ਵਾਤਾਵਰਣ) ਦੀ ਸੰਭਾਲ ਕੀਤੀ ਜਾਵੇ। ਇਸ ਦੇ ਨਾਲ-ਨਾਲ ਵੱਡੇ ਪੱਧਰ ’ਤੇ ਆਧੁਨਿਕ ਤਕਨਾਲੋਜੀ ਵਿਕਸਤ ਕਰਕੇ ਉਸ ਦਾ ਪਸਾਰ ਕੀਤਾ ਜਾਵੇ। ਉਸ ਤੋਂ ਇਲਾਵਾ ਲੋੜੀਂਦੀਆਂ ਸਵੈ-ਨਿਰਭਰ ਬੁਨਿਆਦੀ ਸਹੂਲਤਾਂ ਦਾ ਵਿਕਾਸ ਕਰਨਾ; ਪੇਸ਼ਗੀ ਤੌਰ ’ਤੇ ਖੇਤਰ ਨਿਸ਼ਚਿਤ ਕਿਸਾਨਾਂ ਨੂੰ ਅਚਨਚੇਤ ਆਫਤਾਂ ਤੋਂ ਬਚਾ ਕੇ ਰੱਖਣਾ; ਉਤਪਾਦਾਂ ਤੇ ਉਤਪਾਦਕਾਂ (ਖਾਸ ਤੌਰ ’ਤੇ ਛੋਟੇ ਕਿਸਾਨਾਂ) ਦੀ ਆਧੁਨਿਕ ਤਕਨੀਕਾਂ ਤੱਕ ਪਹੁੰਚ ਵਧਾਉਣ ਅਤੇ ਉਨ੍ਹਾਂ ਦੀ ਲਾਹੇਵੰਦ ਮੰਡੀਆਂ ਤੇ ਸੁਪਰ-ਮਾਰਕਿਟਾਂ ਤੇ ਉਦਯੋਗਾਂ (ਖਾਸ ਤੌਰ ’ਤੇ ਪ੍ਰੋਸੈਸਿੰਗ ਉਦਯੋਗ) ਨਾਲ ਤਾਲ-ਮੇਲ ਕਰਨ ਵਿੱਚ ਵਾਧਾ ਕਰਨਾ, ਸ਼ਹਿਰਾਂ ਵਿੱਚ ਅਤੇ ਸ਼ਹਿਰਾਂ ਦੇ ਨਾਲ ਲਗਦੇ ਇਲਾਕਿਆਂ ਵਿੱਚ ਖ਼ੁਰਾਕ ਉਤਪਾਦਨ ਕਰਨ ਨੂੰ ਉਤਸ਼ਾਹਿਤ ਕਰਨਾ ਆਦਿ ਇਨ੍ਹਾਂ ਭਵਿੱਖਤ ਨੀਤੀਆਂ ਦੇ ਮਹੱਤਵਪੂਰਨ ਹਿੱਸੇ ਹੋਣੇ ਚਾਹੀਦੇ ਹਨ।

ਵਧਦੀ ਜਾ ਰਹੀ ਆਬਾਦੀ ਲਈ ਖ਼ੁਰਾਕ ਸੁਰੱਖਿਆ ਕਾਇਮ ਰੱਖਣ ਵਾਸਤੇ ਖ਼ੁਰਾਕ ਉਤਪਾਦਨ ਵਿੱਚ ਵਾਧਾ ਕਾਇਮ ਰੱਖਣਾ ਮੁੱਢਲੀ ਲੋੜ ਹੈ। ਇਕ ਰਿਪੋਰਟ ਅਨੁਸਾਰ ਖ਼ੁਰਾਕ ਦੀ ਵਧ ਰਹੀ ਮੰਗ ਨੂੰ ਪੂਰਾ ਕਰਨ ਲਈ ਭਾਰਤ ਨੂੰ ਸਾਲ 2050 ਤੱਕ ਸਾਲਾਨਾ ਅਨਾਜ (ਕਣਕ, ਚਾਵਲ ਆਦਿ) ਉਤਪਾਦਨ ਵਧਾ ਕੇ 3587 ਲੱਖ ਟਨ ਕਰਨ ਦੀ ਲੋੜ ਹੈ ਜਦ ਕਿ ਮੌਜੂਦਾ (2018-19) ਉਤਪਾਦਨ ਲਗਪਗ 2570 ਲੱਖ ਟਨ ਹੈ। ਇਹ ਖਾਸ ਤੌਰ ’ਤੇ ਜ਼ਰੂਰੀ ਹੈ ਕਿਉਂਕਿ ਅਨਾਜ ਦੀ ਮੰਗ ਸਾਲਾਨਾ 1-2 ਪ੍ਰਤੀਸ਼ਤ ਦੀ ਦਰ ਨਾਲ ਵਧ ਰਹੀ ਹੈ ਅਤੇ ਦੂਜੀਆਂ ਖ਼ੁਰਾਕਾਂ (ਫਲ, ਸਬਜ਼ੀਆਂ ਆਦਿ) ਦੀ ਮੰਗ 5-6 ਪ੍ਰਤੀਸ਼ਤ ਵਧ ਰਹੀ ਹੈ। ਇਸ ਤੋਂ ਇਲਾਵਾ ਕਣਕ, ਚਾਵਲ ਤੇ ਦਾਲਾਂ ਦੇ ਉਤਪਾਦਨ ਅਤੇ ਉਪਲੱਬਧਤਾ ਵਾਧੇ ਵੱਲ ਕਾਇਮ ਰੱਖਣ ਦੇ ਉਦੇਸ਼ ਨਾਲ ਭਾਵੇਂ ਭਾਰਤ ਸਰਕਾਰ ਵੱਲੋਂ “ਕੌਮੀ ਖ਼ੁਰਾਕ ਸੁਰੱਖਿਆ ਮਿਸ਼ਨ” ਸ਼ੁਰੂ ਕੀਤਾ ਹੋਇਆ ਹੈ ਪਰ ਦੇਸ਼ ਅਜੇ ਵੀ ਪੂਰੀ ਤਰ੍ਹਾਂ ਅਨਾਜ ਵਿੱਚ ਤੇ ਖਾਸ ਤੌਰ ’ਤੇ ਦਾਲਾਂ ਵਿੱਚ ਆਤਮ-ਨਿਰਭਰ ਨਹੀਂ ਹੋ ਸਕਿਆ। ਏਸੇ ਤਰ੍ਹਾਂ ਦੇਸ਼ ਤੇਲ ਬੀਜ ਤੇ ਫਲਾਂ ਵਿੱਚ ਵੀ ਆਤਮ-ਨਿਰਭਰ ਨਹੀਂ। ਭਾਵੇਂ ਭਾਰਤ ਦੁਨੀਆਂ ਦੇ ਸਭ ਦੇਸ਼ਾਂ ਨਾਲੋਂ ਵੱਧ ਦਾਲਾਂ ਪੈਦਾ ਕਰਦਾ ਹੈ ਪਰ ਸਾਲ 2018-19 ਵਿੱਚ ਦਾਲਾਂ ਦਾ ਘਰੇਲੂ ਉਤਪਾਦਨ 240 ਲੱਖ ਟਨ ਹੋਇਆ ਜਦ ਕਿ 2050 ਵਿੱਚ ਮੰਗ ਲਗਪਗ 483 ਲੱਖ ਟਨ ਹੋਵੇਗੀ। ਇਸ ਕਰਕੇ ਘਰੇਲੂ ਮੰਗਾਂ ਪੂਰੀਆਂ ਕਰਨ ਅਤੇ ਕੀਮਤਾਂ ਕਾਬੂ ਵਿੱਚ ਰੱਖਣ ਵਾਸਤੇ ਦਾਲਾਂ, ਤੇਲ ਬੀਜ ਆਦਿ ਬਾਹਰਲੇ ਦੇਸ਼ਾਂ ਤੋਂ ਲਿਆਉਣੇ ਪੈਂਦੇ ਹਨ। ਇਸ ਵਾਸਤੇ ਲੋੜ ਹੈ ਕਿ ਸਿਰਫ਼ ਰਵਾਇਤੀ ਅਨਾਜ ਦੇ ਉਤਪਾਦਨ ਵਧਾਉਣ ਤੇ ਜ਼ੋਰ ਦੇਣ ਦੇ ਨਾਲ-ਨਾਲ ਦਾਲਾਂ, ਫਲਾਂ, ਸਬਜ਼ੀਆਂ, ਤੇਲ ਬੀਜ ਅਤੇ ਹੋਰ ਪੌਸ਼ਟਿਕ ਖ਼ੁਰਾਕਾਂ ਦੇ ਉਤਪਾਦਨ ਤੇ ਉਪਲੱਬਧਤਾ ਵਿੱਚ ਵਾਧੇ ਵਲ ਵੀ ਧਿਆਨ ਦਿੱਤਾ ਜਾਵੇ। ਭਵਿੱਖ ਵਿੱਚ ਉਦੇਸ਼ “ਦੂਜਾ

ਹਰਾ ਇਨਕਲਾਬ” ਇਕ ਉਭਰਦਾ ਅਸਰਦਾਰ ਹਿੱਸਾ ਹੋਣਾ ਚਾਹੀਦਾ ਹੈ ਤਾਂ ਜੋ ਦੇਸ਼ ਦੀ ਵੱਡੀ ਆਬਾਦੀ ਵਿੱਚ ਕੁਪੋਸ਼ਣ ਅਤੇ ਭੁੱਖਮਰੀ ਲਗਾਤਾਰ ਘਟਾਈ ਜਾ ਸਕੇ।

ਆਉਂਦੇ ਸਮੇਂ ਵਿੱਚ ਪਾਣੀ ਦੀ ਘਾਟ ਅਤੇ ਜ਼ਮੀਨ ਦੀ ਸਿਹਤ ’ਚ ਗਿਰਾਵਟ ਵਰਗੇ ਹਾਲਾਤ ਖ਼ੁਰਾਕ ਸੁਰੱਖਿਆ ਕਾਇਮ ਰੱਖਣ ਵਿੱਚ ਵੱਡੀ ਚੁਣੌਤੀ ਬਣਦੇ ਜਾ ਰਹੇ ਹਨ। ਇਸ ਵਾਸਤੇ ਲੋੜ ਹੈ ਕਿ ਟਿਕਾਊ ਅਤੇ ਸਥਿਰ ਖ਼ੁਰਾਕ ਉਤਪਾਦਨ ਦੇ ਵਿਕਾਸ ਲਈ ਦੇਸ਼ ਵਿੱਚ ਜ਼ਮੀਨ ਤੇ ਪਾਣੀ ਦੀ ਯੋਜਨਾਬੱਧ, ਨਿਯੰਤ੍ਰਿਤ ਅਤੇ ਸਹੀ ਵਰਤੋਂ ਕਰਨ ਵਾਸਤੇ ਇੱਕ ਪ੍ਰਭਾਵਸ਼ਾਲੀ ਸਿਸਟਮ ਬਣਾਇਆ ਜਾਵੇ, ਇਨਪੁਟਸ (ਖਾਦਾਂ, ਪਾਣੀ, ਕੀਟਨਾਸ਼ਕ ਤੇ ਊਰਜਾ) ਦੀ ਅਕੁਸ਼ਲ ਤੇ ਅੰਨਾਧੁੰਦ ਵਰਤੋਂ ਕਰਨ ਤੇ ਰੋਕ ਲਗਾਈ ਜਾਵੇ ਅਤੇ ਜ਼ਮੀਨ ਤੇ ਪਾਣੀ ਨੂੰ ਪ੍ਰਦੂਸ਼ਿਤ ਕਰਨ ਵਾਲੀਆਂ ਅਤੇ ਹੋਰ ਕਈ ਤਰ੍ਹਾਂ ਦੀਆਂ ਅਣਚਾਹੀਆਂ ਕਾਰਵਾਈਆਂ ’ਤੇ ਕਾਬੂ ਪਾਇਆ ਜਾਵੇ। ਇਸ ਤਰ੍ਹਾਂ ਜ਼ਮੀਨ ਵਿੱਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ (ਉਪਜਾਊ ਸ਼ਕਤੀ ਦਾ ਘਟਣਾ, ਸੇਮ, ਕੱਲਰ, ਹਵਾ ਤੇ ਪਾਣੀ ਨਾਲ ਮਿੱਟੀ ਦਾ ਰੁੜ੍ਹਨਾ, ਜ਼ਹਿਰੀਲੇ ਤੱਤਾਂ ਦਾ ਜਮ੍ਹਾ ਹੋਣਾ, ਆਦਿ) ’ਤੇ ਰੋਕ ਲੱਗ ਸਕੇਗੀ ਅਤੇ ਅਨਾਜ ਦਾ ਉਤਪਾਦਨ ਵਾਧੇ ਵੱਲ ਕਾਇਮ ਰੱਖਿਆ ਜਾ ਸਕੇਗਾ।

ਪਾਣੀ ਇੱਕ ਦੁਰਲੱਭ ਕੁਦਰਤੀ ਸਰੋਤ ਹੈ ਅਤੇ ਦੇਸ਼ ਵਿੱਚ ਇਸ ਬਾਰੇ ਕੌਮੀ ਪਾਣੀ ਨੀਤੀ ਬਣੀ ਹੋਣ ਦੇ ਬਾਵਜੂਦ ਵੀ ਇਸ ਦਾ ਦੁਰਉਪਯੋਗ ਹੋ ਰਿਹਾ ਹੈ। ਇਸ ਦੀ ਅੰਨ੍ਹਾਧੁੰਦ ਵਰਤੋਂ ਹੋਣ ਕਰਕੇ ਭਾਰਤ ਵਿੱਚ ਹਰ ਸਾਲ ਧਰਤੀ ਹੇਠਲੇ ਪਾਣੀ ਦੀ ਸਤਹਿ ਔਸਤਨ 30 ਸੈਂਟੀਮੀਟਰ ਹੇਠਾਂ ਜਾ ਰਹੀ ਹੈ ਜਿਸ ਕਰਕੇ ਖੇਤੀ ਕਰਨ ਵਾਸਤੇ ਪਾਣੀ ਦੀ ਉਪਲੱਬਧਤਾ ਘਟਦੀ ਜਾ ਰਹੀ ਹੈ। ਅਸਲ ਵਿੱਚ ਧਰਤੀ ਹੇਠਲੇ ਪਾਣੀ ਦਾ ਪੰਪਾਂ ਰਾਹੀਂ ਬਾਹਰ ਕੱਢਣਾ ਖੇਤਰ ਪੱਧਰ ’ਤੇ ਇਸ ਸਰੋਤ ਦੀ ਗਿਣਾਤਮਿਕ ਉਪਲੱਬਧਤਾ ਦੇ ਆਧਾਰ ’ਤੇ ਨਿਯੰਤ੍ਰਿਤ ਕੀਤਾ ਜਾਣਾ ਚਾਹੀਦਾ ਹੈ। ਉਪਲੱਬਧ ਪਾਣੀ ਨੂੰ ਫ਼ਸਲ ਨਿਸ਼ਚਿਤ ਸਿਫਾਰਿਸ਼ ਕੀਤੇ ਸਿੰਚਾਈ ਪ੍ਰਬੰਧਾਂ ਤੇ ਸੁਧਰੇ ਢੰਗਾਂ (ਖੇਲਾਂ ਵਿੱਚ ਸਿੰਚਾਈ, ਫੁਹਾਰਾ ਤੇ ਤੁਪਕਾ ਸਿੰਚਾਈ ਆਦਿ) ਨਾਲ ਵਰਤਿਆ ਜਾਣਾ ਚਾਹੀਦਾ ਹੈ ਤਾਂ ਜੋ ਪਾਣੀ ਦੀ ਬੱਚਤ ਕਰਕੇ ਖ਼ੁਰਾਕ ਉਤਪਾਦਨ ਤੇ ਖ਼ੁਰਾਕ ਸੁਰੱਖਿਆ ਵਿੱਚ ਵਾਧੇ ਨੂੰ ਲਗਾਤਾਰ ਕਾਇਮ ਰੱਖਿਆ ਜਾਵੇ।

ਇਕ ਦੇਸ਼ ਪੱਧਰ ’ਤੇ ਮੁਹਿੰਮ ਸ਼ੁਰੂ ਕਰਨ ਦੀ ਲੋੜ ਹੈ ਤਾਂ ਜੋ ਕਿਸਾਨਾਂ ਨੂੰ ਜ਼ਮੀਨ ਤੇ ਪਾਣੀ ਦੀ ਖੇਤੀ ਉਤਪਾਦਨ ਕਰਨ ਦੀ ਸਮਰੱਥਾ ਦੇ ਆਧਾਰ ’ਤੇ ਸੁਚੱਜੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਜਾ ਸਕੇ। ਅਸਲ ਵਿੱਚ ਖੇਤੀ ਤੇ ਖ਼ੁਰਾਕ ਉਤਪਾਦਨ ਅਤੇ ਜ਼ਮੀਨ ਤੇ ਪਾਣੀ ਦੀ ਸੰਭਾਲ ਕਰਨ ਦੇ ਵਿਚਕਾਰ ਸੰਤੁਲਨ ਨੂੰ ਕਾਇਮ ਰੱਖਣਾ ਇੱਕ ਬੁਨਿਆਦੀ ਲੋੜ ਹੈ। ਇਸ ਵਾਸਤੇ ਦੇਸ਼ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਮਿੱਟੀ ਪਰਖ ਪ੍ਰਯੋਗਸ਼ਾਲਾਵਾਂ ਨੂੰ ਕਿਸਾਨਾਂ ਦੇ ਭਰੋਸੇਯੋਗ ਸਲਾਹਕਾਰ ਬਣਨਾ ਚਾਹੀਦਾ ਹੈ ਤਾਂ ਜੋ ਜ਼ਮੀਨ ਅਤੇ ਪਾਣੀ ਦੀ ਕੁਸ਼ਲ ਵਰਤੋਂ ਕੀਤੇ ਜਾਵੇ, ਇਨਪੁਟਸ (ਖਾਦਾਂ, ਪਾਣੀ, ਆਦਿ) ਦੀ ਲੋੜ ਅਨੁਸਾਰ ਵਰਤੋਂ ਕੀਤੀ ਜਾਵੇ, ਜ਼ਮੀਨ ਅਤੇ ਪਾਣੀ ਦੀ ਖਰਾਬ ਹੋ ਰਹੀ ਸਿਹਤ ਨੂੰ ਠੱਲ੍ਹ ਪਾਈ ਜਾ ਸਕੇ ਅਤੇ ਬਦਲੇ ਵਿੱਚ ਲੋੜੀਂਦੀ ਖ਼ੁਰਾਕ ਸੁਰੱਖਿਆ ਲਗਾਤਾਰ ਕਾਇਮ ਰੱਖੀ ਜਾ ਸਕੇ।

ਭਾਰਤ ਵਿੱਚ ਜਲਵਾਯੂ ਵਿੱਚ ਹੋ ਰਹੀ ਤਬਦੀਲੀ ਕਾਰਨ ਸਾਲ 2050 ਤੱਕ ਖੁਰਾਕ ਸੁਰੱਖਿਆ ਕਾਇਮ ਰੱਖਣਾ ਇੱਕ ਬੜੀ ਮਹੱਤਵਪੂਰਨ ਚੁਣੌਤੀ ਸਮਝੀ ਜਾ ਰਹੀ ਹੈ। ਸਾਰੇ ਮੌਜੂਦਾ ਗਿਣਾਤਮਿਕ ਨਿਰਧਾਰਨਾਂ ਤੋਂ ਜ਼ਾਹਿਰ ਹੋ ਰਿਹਾ ਹੈ ਕਿ ਜਲਵਾਯੂ ਦੀ ਤਬਦੀਲੀ ਦਾ ਖੁਰਾਕ ਉਤਪਾਦਨ ਤੇ ਇਸ ਦੀ ਉਪਲੱਬਧਤਾ ਤੇ ਗੁਣਵੱਤਾ ਕਾਇਮ ਰੱਖਣ ਅਤੇ ਖੁਰਾਕ ਦੀਆਂ ਕੀਮਤਾਂ ਤੇ ਵੰਡ ਵੰਡਾਈ ਉੱਪਰ ਸਿੱਧੇ ਅਤੇ ਅਸਿੱਧੇ ਤੌਰ ’ਤੇ ਪ੍ਰਭਾਵ ਪਏਗਾ। ਭਾਰਤ ਵਿੱਚ ਜਲਵਾਯੂ ਤਬਦੀਲੀ ਤੇ ਇੰਟਰਾ ਸਰਕਾਰੀ ਪੈਨਲ ਵਲੋਂ ਇੱਕ ਅਨੁਮਾਨ ਅਨੁਸਾਰ ਸਾਲ 2050 ਤੱਕ ਭਾਰਤ ਵਿੱਚ ਤਾਪਮਾਨ ’ਚ 0.88 ਤੋਂ 3.16 ਸੈਂਟੀਗ੍ਰੇਡ ਦਾ ਵਾਧਾ ਹੋ ਸਕਦਾ ਹੈ ਅਤੇ ਬਾਰਿਸ਼ ਵਿੱਚ 15-40 ਪ੍ਰਤੀਸ਼ਤ ਵਾਧਾ ਹੋ ਸਕਦਾ ਹੈ। ਜਲਵਾਯੂ ਵਿੱਚ ਇਸ ਤਰ੍ਹਾਂ ਦੀ ਤਬਦੀਲੀ ਕਾਰਨ ਖੇਤੀਬਾੜੀ ਦੀ ਸਮਰੱਥਾ 40 ਪ੍ਰਤੀਸ਼ਤ ਤੱਕ ਘਟਣ ਦੀ ਸੰਭਾਵਨਾ ਹੈ। ਨੀਤੀ ਨਿਰਮਾਤਾ ਅਤੇ ਵਿਕਾਸ ਦੇ ਮਾਹਿਰਾਂ ਵੱਲੋਂ ਪਹਿਲਾਂ ਤੋਂ ਹੀ ਖੇਤਰ ਨਿਸ਼ਚਿਤ ਜਲਵਾਯੂ ਤਬਦੀਲੀ ਦੇ ਹਾਨੀਕਾਰਕ ਪ੍ਰਭਾਵਾਂ (ਤਾਪਮਾਨ ਵਿੱਚ ਵਾਧਾ, ਅਚਨਚੇਤ ਬਾਰਿਸ਼, ਸੋਕਾ, ਕੀੜੇ ਤੇ ਬੀਮਾਰੀਆਂ ਦੇ ਹਮਲੇ, ਠੰਢੀ ਲਹਿਰ, ਆਦਿ) ਦਾ ਸਾਹਮਣਾ ਕਰਨ ਵਾਸਤੇ ਛੋਟੀ ਤੇ ਲੰਮੀ ਮਿਆਦ ਦੀਆਂ ਯੋਜਨਾਵਾਂ ਤਿਆਰ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਖੁਰਾਕ ਦੇ ਉਤਪਾਦਨ ਵਿੱਚ ਟਿਕਾਊ ਵਾਧਾ ਯਕੀਨੀ ਬਣਾਇਆ ਜਾ ਸਕੇ। ਇਸ ਮੁਹਿੰਮ ਵਿੱਚ ਪਿੰਡਾਂ ਦੀਆਂ ਪੰਚਾਇਤਾਂ, ਸਮਾਜਿਕ ਸੰਗਠਨਾਂ ਤੇ ਕਿਸਾਨਾਂ ਨੂੰ ਸ਼ਾਮਲ ਕਰਨ ਨਾਲ ਖੁਰਾਕ ਸੁਰੱਖਿਆ ਮਜ਼ਬੂਤ ਕਰਨ ਵਿੱਚ ਮਦਦ ਹੋ ਸਕਦੀ ਹੈ। ਇਸ ਖਾਸ ਤਰ੍ਹਾਂ ਦੀ ਚੁਣੌਤੀ ਦਾ ਮੁਕਾਬਲਾ ਕਰਨ ਵਾਸਤੇ ਕਿਸਾਨਾਂ ਨੂੰ ਨਵੀਂ ਤਰ੍ਹਾਂ ਦੀਆਂ ਤਕਨੀਕਾਂ ਸੰਬੰਧੀ ਟ੍ਰੇਨਿੰਗ ਅਤੇ ਮਦਦ ਦੀ ਲੋੜ ਹੋਵੇਗੀ।

ਕੇਂਦਰ ਤੇ ਰਾਜ ਸਰਕਾਰਾਂ ਵਾਸਤੇ ਇਕ ਬਹੁਤ ਵੱਡੀ ਚੁਣੌਤੀ ਇਹ ਹੈ ਕਿ ਇਸ ਸਮੇਂ ਖੁਰਾਕੀ ਵਸਤਾਂ ਦੀ ਵੱਡੇ ਪੱਧਰ ’ਤੇ ਹੋ ਰਹੀ ਬਰਬਾਦੀ ਤੇ ਕਾਬੂ ਪਾਇਆ ਜਾਵੇ ਅਤੇ ਇਨ੍ਹਾਂ ਵਸਤਾਂ ਦੀ ਉਪਲੱਬਧਤਾ ਵਾਧੇ ਵੱਲ ਕਾਇਮ ਰੱਖੀ ਜਾਵੇ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਦੇ ਇਕ ਅੰਦਾਜ਼ੇ ਅਨੁਸਾਰ ਭਾਰਤ ਵਿੱਚ ਪੈਦਾ ਹੋ ਰਹੀ ਕੁੱਲ ਖੁਰਾਕ ਵਿੱਚੋਂ 40 ਪ੍ਰਤੀਸ਼ਤ ਬਰਬਾਦ ਹੋ ਜਾਂਦੀ ਹੈ ਅਤੇ ਕਦੇ ਵੀ ਲੋੜਵੰਦਾਂ ਤੱਕ ਨਹੀਂ ਪਹੁੰਚਦੀ। ਇਕ ਅਨੁਮਾਨ ਅਨੁਸਾਰ ਸਰਕਾਰ ਦੇ ਅਨੁਚਿਤ ਭੰਡਾਰਨ ਅਤੇ ਅਕੁਸ਼ਲ ਪ੍ਰਬੰਧਾਂ ਕਰਕੇ ਹਰ ਸਾਲ ਭਾਰਤ ਵਿੱਚ ਲਗਭੱਗ 210 ਲੱਖ ਟਨ ਕਣਕ ਗਲ ਸੜ ਜਾਂਦੀ ਹੈ ਜਾਂ ਉਸ ਨੂੰ ਕੀੜੇ, ਚੂਹੇ, ਪੰਛੀ ਆਦਿ ਖਾ ਜਾਂਦੇ ਹਨ। ਪੰਜਾਬ ਵਿੱਚ ਸਹੀ ਤਰ੍ਹਾਂ ਸਟੋਰ ਨਾ ਕੀਤੇ ਜਾਣ ਕਰਕੇ ਹਰ ਸਾਲ 500 ਤੋਂ 800 ਕਰੋੜ ਰੁਪਏ ਦੀ ਕੀਮਤ ਦੀ ਕਣਕ ਬਰਬਾਦ ਹੋ ਜਾਂਦੀ ਹੈ। ਇਸ ਕਰਕੇ ਨਾਂ ਕੇਵਲ ਕਣਕ ਦੇ ਭਾਅ ਵਿੱਚ ਵਾਧਾ ਹੁੰਦਾ ਹੈ ਸਗੋਂ ਖੁਰਾਕ ਦੀ ਉਪਲੱਬਧਤਾ ਵਿੱਚ ਵੀ ਕਮੀ ਆ ਜਾਂਦੀ ਹੈ ਜੋ ਖਾਸ ਤੌਰ ’ਤੇ ਗਰੀਬ ਲੋਕਾਂ ਵਾਸਤੇ ਵੱਡੇ ਮੁੱਦੇ ਹਨ ਕਿਉਂਕਿ ਉਨ੍ਹਾਂ ਦੀ ਆਪਣੀ ਬਹੁਤ ਘੱਟ ਆਮਦਨ ਦਾ 30 ਪ੍ਰਤੀਸ਼ਤ ਹਿੱਸਾ ਖੁਰਾਕੀ ਪਦਾਰਥ ਖਰੀਦਣ ਤੇ ਹੀ ਖਰਚ ਹੋ ਜਾਂਦਾ ਹੈ।

ਖੁਰਾਕ ਦੇ ਉੱਚ ਉਤਪਾਦਨ ਨੂੰ ਯਕੀਨੀ ਕਾਇਮ ਰੱਖਣ ਵਾਸਤੇ ਅਤੇ ਖੁਰਾਕ ਦੀ ਬਰਬਾਦੀ (ਉਤਪਾਦਨ ਤੋਂ ਖਪਤਕਾਰ ਤੱਕ) ਨੂੰ ਵੱਡੇ ਪੱਧਰ 'ਤੇ ਰੋਕਣ ਵਾਸਤੇ ਸਰਕਾਰੀ ਤੇ ਗ਼ੈਰ-ਸਰਕਾਰੀ ਖੇਤਰਾਂ ਦੀ ਸ਼ਮੂਲੀਅਤ ਅਤੇ ਸਹਿਯੋਗ (ਵਿੱਤੀ, ਤਕਨੀਕੀ, ਆਦਿ) ਅਤੇ ਕਿਸਾਨ ਭਾਈਚਾਰੇ ਨੂੰ ਨਾਲ ਲਗਾ ਕੇ ਇੱਕ ਵਿਆਪਕ ਕਾਰਜ ਨੀਤੀ ਅਪਨਾਉਣੀ ਪਏਗੀ। ਇਸ ਤਰ੍ਹਾਂ ਖੁਰਾਕੀ ਪਦਾਰਥਾਂ ਦੇ ਕੌਮੀ ਭੰਡਾਰ ਵਿੱਚ ਵਾਧਾ ਹੋਏਗਾ, ਖੁਰਾਕ ਦੀ ਉਪਲੱਬਧਤਾ ਵਧੇਗੀ, ਕੀਮਤਾਂ ਤੇ ਕਾਬੂ ਪਾਇਆ ਜਾ ਸਕੇਗਾ ਅਤੇ ਗਰੀਬ ਲੋਕਾਂ ਵਾਸਤੇ ਖੁਰਾਕ ਤੱਕ ਆਰਥਿਕ ਪਹੁੰਚ ਸੰਭਵ ਹੋ ਸਕੇਗੀ।

ਦੇਸ਼ ਵਿੱਚ ਖੁਰਾਕ ਦੀ ਪ੍ਰੋਸੈਸਿੰਗ ਦੇ ਵਿਸਥਾਰ ਵਾਸਤੇ ਵੱਡੇ ਪੱਧਰ 'ਤੇ ਪੂੰਜੀ ਨਿਵੇਸ਼ ਕਰਨ ਦੀ ਲੋੜ ਹੈ ਤਾਂ ਜੋ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਪੈਦਾ ਕੀਤੀਆਂ ਜਾ ਸਕਣ। ਨਾਸ਼ਵਾਨ ਖੁਰਾਕੀ ਵਸਤਾਂ ਵਾਸਤੇ ਆਧੁਨਿਕ ਠੰਢੇ ਸਟੋਰ, ਉਤਪਾਦਨ ਤੋਂ ਖਪਤਕਾਰ ਤੱਕ ਠੰਢੀ ਕੜੀ ਹੇਠ ਢੋਆ ਢੁਆਈ ਅਤੇ ਮੰਡੀਕਰਨ ਆਦਿ ਦੀਆਂ ਸਹੂਲਤਾਂ ਪੈਦਾ ਕਰਨ ਦੀ ਲੋੜ ਹੈ ਅਤੇ ਗ਼ੈਰ-ਨਾਸ਼ਵਾਨ ਪਦਾਰਥਾਂ ਵਾਸਤੇ ਸਟੋਰ, ਵੇਅਰ ਹਾਊਸਜ਼ (ਗੁਦਾਮ), ਸਾਈਲੇਜ ਆਦਿ ਦਾ ਵਿਸਥਾਰ ਵੀ ਕੀਤਾ ਜਾਣਾ ਚਾਹੀਦਾ ਹੈ। ਇਨ੍ਹਾਂ ਬੁਨਿਆਦੀ ਸਹੂਲਤਾਂ ਦਾ ਫਾਰਮ, ਪਿੰਡ, ਬਲਾਕ, ਮੰਡੀ ਅਤੇ ਰਾਜ ਪੱਧਰ 'ਤੇ ਵਿਸਥਾਰ ਕਰਨਾ ਜ਼ਰੂਰੀ ਹੈ ਤਾਂ ਜੋ ਖੁਰਾਕੀ ਪਦਾਰਥਾਂ ਦੀ ਬਰਬਾਦੀ ਘਟਾਈ ਜਾਵੇ ਅਤੇ ਇਨ੍ਹਾਂ ਦੀ ਉਪਲੱਬਧਤਾ ਵਧਾਈ ਜਾਵੇ। ਜਦ ਦੇਸ਼ ਵਿੱਚ ਪੈਦਾ ਕੀਤੀ ਖੁਰਾਕ ਦਾ 35-40 ਪ੍ਰਤੀਸ਼ਤ ਹਿੱਸਾ ਖਰਾਬ ਹੋਣ ਕਰਕੇ ਲੋਕਾਂ ਦੇ ਖਾਣ ਵਾਸਤੇ ਉਪਲੱਬਧ ਨਾਂ ਹੋਵੇ ਤਾਂ ਖੁਰਾਕ ਦੀ ਬਰਬਾਦੀ ਰੋਕਣ ਵੱਲ ਕੌਮੀ ਤੇ ਰਾਜ ਸਰਕਾਰਾਂ ਵੱਲੋਂ ਇੱਕ ਵੱਡੀ ਪਹਿਲ ਹੋਣੀ ਚਾਹੀਦੀ ਹੈ।

ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਭਵਿੱਖ ਵਿੱਚ ਦੇਸ਼ ਦੇ ਖੇਤੀ ਤੇ ਖੁਰਾਕ ਉਤਪਾਦਕਾਂ ਨੂੰ ਖੁਰਾਕ ਦੇ ਉਤਪਾਦਨ, ਪ੍ਰੋਸੈਸਿੰਗ ਤੇ ਵੰਡ ਵੰਡਾਈ ਕਰਨ ਵਾਸਤੇ ਅਤੇ ਖੁਰਾਕ ਉਤਪਾਦਨ-ਕੁਸ਼ਲਤਾ ਵਾਧੇ ਵੱਲ ਕਾਇਮ ਰੱਖਣ ਲਈ ਨਵੀਆਂ ਅਤੇ ਆਧੁਨਿਕ ਤਕਨੀਕਾਂ ਦੀ ਲੋੜ ਹੋਵੇਗੀ। ਉੱਚ ਉਪਜ, ਉੱਚ-ਗੁਣਵੱਤਾ ਅਤੇ ਜਲਵਾਯੂ ਵੱਲ ਲਚਕੀਲੀਆਂ ਵਿਭਿੰਨ ਤਰ੍ਹਾਂ ਦੀਆਂ ਖੁਰਾਕੀ ਫ਼ਸਲਾਂ (ਅਨਾਜ, ਫਲ, ਸਬਜ਼ੀਆਂ, ਦਾਲਾਂ, ਤੇਲ ਬੀਜ, ਆਦਿ) ਦੀਆਂ ਕਿਸਮਾਂ, ਸਰੋਤਾਂ ਤੇ ਸਾਧਨਾਂ ਦੀ ਸੰਭਾਲ ਅਤੇ ਸੁਚੱਜੀ ਵਰਤੋਂ ਕਰਨ ਵਾਸਤੇ ਤਕਨੀਕਾਂ ਵਿਕਸਿਤ ਕਰਨੀਆਂ ਪੈਣਗੀਆਂ ਤਾਂ ਜੋ ਘੱਟ ਜ਼ਮੀਨ ਅਤੇ ਘੱਟ ਇਨਪੁਟਸ (ਪਾਣੀ, ਖਾਦਾਂ, ਆਦਿ) ਦੀ ਵਰਤੋਂ ਨਾਲ ਵੀ ਉੱਚ ਪੈਦਾਵਾਰ ਲਈ ਜਾ ਸਕੇ। ਇਸ ਵਾਸਤੇ ਖੋਜ, ਵਿਕਾਸ ਅਤੇ ਪ੍ਰਸਾਰ ਸੇਵਾਵਾਂ ਵਿੱਚ ਸਰਕਾਰੀ ਤੇ ਗ਼ੈਰ-ਸਰਕਾਰੀ ਪੂੰਜੀ ਨਿਵੇਸ਼ ਵਧਾਉਣ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ ਤਾਂ ਜੋ ਆਧੁਨਿਕ ਤਕਨੀਕਾਂ ਕੱਢੀਆਂ ਜਾਣ ਜਿਨ੍ਹਾਂ ਨੂੰ ਅਪਣਾ ਕੇ ਖੁਰਾਕ ਸੁਰੱਖਿਆ ਭਰੋਸੇਯੋਗ ਹੋ ਸਕੇ।

ਇਹ ਸਮਝਣ ਦੀ ਲੋੜ ਹੈ ਕਿ ਵਧਦੀ ਜਾ ਰਹੀ ਆਬਾਦੀ ਵਾਸਤੇ ਭਰੋਸੇਯੋਗ ਖੁਰਾਕ ਤੇ ਪੋਸ਼ਣ ਸੁਰੱਖਿਆ ਤਾਂ ਹੀ ਲਗਾਤਾਰ ਕਾਇਮ ਰੱਖੀ ਜਾ ਸਕੇਗੀ ਜੇਕਰ ਖੇਤ ਤੇ ਖੁਰਾਕ ਸਿਸਟਮ ਵਿੱਚ ਵਿਗਿਆਨਕ ਬਦਲਾਅ ਅਤੇ ਆਧੁਨਿਕਤਾ ਲਿਆਂਦੀ ਜਾਵੇ ਤਾਂ ਜੋ ਉੱਪਰ

ਖੇਤੀ ਸੁਰਜੀਤ ਕਰਨ ਵਾਸਤੇ ਪੁਰਾਣੇ ਜੱਦੀ ਖੇਤੀ-ਢੰਗਾਂ ਅਤੇ ਪ੍ਰਬੰਧਾਂ ਵੱਲੋਂ ਮੁੜ ਕੇ ਆਧੁਨਿਕ ਤਕਨੀਕਾਂ ਦੇ ਆਧਾਰ ’ਤੇ ਸੁਨਿਸ਼ਚਿਤ-ਖੇਤੀ ਦੇ ਢੰਗ ਅਪਨਾਉਣ ਦੀ ਜ਼ਰੂਰਤ ਹੈ। ਸੁਨਿਸ਼ਚਿਤ-ਖੇਤੀ ਦੀ ਧਾਰਨਾ ਹੈ ਕਿ ਖੇਤੀ ਦੇ ਸਾਰੇ ਪ੍ਰਬੰਧ ਅਤੇ ਕਾਰਜ ਖੇਤਰ ਪੱਧਰ ਅਤੇ ਫ਼ਸਲ-ਨਿਸ਼ਚਿਤ ਸਥਾਨਕ ਖੇਤਰ ਦੀ ਅਨੁਕੂਲਤਾ ਦੇ ਆਧਾਰ ’ਤੇ ਅਤੇ ਸਹੀ ਢੰਗਾਂ ਨਾਲ ਕੀਤੇ ਜਾਣ ਤਾਂ ਜੋ ਖਰਚੇ ਘਟਾ ਕੇ ਆਮਦਨ ਵਧਾਈ ਜਾ ਸਕੇ।

ਪੰਜਾਬ ਵਿੱਚ ਪੌਣ-ਪਾਣੀ, ਕੁਦਰਤੀ ਬਨਸਪਤੀ, ਭੂਗੋਲਿਕ ਵੇਰਵੇ, ਜ਼ਮੀਨ ਦੀ ਕਿਸਮ, ਆਦਿ ਦੇ ਆਧਾਰ ’ਤੇ ਮੋਟੇ ਤੌਰ ’ਤੇ ਪੰਜ ਖੇਤਰ ਮਿਥੇ ਗਏ ਹਨ। ਇਨ੍ਹਾਂ ਖੇਤਰਾਂ ਵਿੱਚ ਖੇਤੀ-ਵਿਕਾਸ ਵਾਸਤੇ ਮੌਜੂਦਾ ਸਾਧਨ, ਜ਼ਮੀਨ ਦੀ ਉਪਜਾਊ ਸ਼ਕਤੀ, ਪਾਣੀ ਦੇ ਵਸੀਲੇ, ਹਾਨੀਕਾਰਕ ਕੀੜਿਆਂ ਤੇ ਬੀਮਾਰੀਆਂ ਦਾ ਹਮਲਾ, ਸਮਾਜਿਕ ਲੋੜਾਂ ਤੇ ਆਰਥਿਕ ਹਾਲਾਤ ਅਤੇ ਖੇਤੀ ਉਤਪਾਦਨ ਵਧਾਉਣ ਸੰਬੰਧੀ ਸਮੱਸਿਆਵਾਂ ਵੱਖ-ਵੱਖ ਹਨ। ਇਸ ਵਾਸਤੇ ਸਹੀ ਖੇਤੀ-ਵਿਕਾਸ ਅਤੇ ਪੂੰਜੀ-ਨਿਵੇਸ਼ ਦੀਆਂ ਯੋਜਨਾਵਾਂ ਅਤੇ ਪ੍ਰਬੰਧ ਖੇਤਰ ਪੱਧਰ ਦੇ ਕਿਸਾਨਾਂ ਦੀ ਸ਼ਮੂਲੀਅਤ ਨਾਲ ਬਣਾ ਕੇ ਦਿਹਾਤੀ ਅਤੇ ਕਿਸਾਨੀ ਦੇ ਹੇਠਲੇ ਪੱਧਰ ਤੱਕ ਲਾਗੂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਹਰ ਖੇਤਰ ਵਿੱਚ ਖੇਤੀ-ਵਿਕਾਸ ਅਤੇ ਸਮਾਜਿਕ ਆਰਥਿਕਤਾ ਸਮਾਨਤਾ ਦੇ ਆਧਾਰ ’ਤੇ ਲਿਆਂਦੇ ਜਾ ਸਕਣ।

ਸਹੀ ਬੀਜ (ਖਾਸ ਤੌਰ ’ਤੇ ਦੋਗਲੀਆਂ ਕਿਸਮਾਂ ਦੇ ਜਿਵੇਂ ਕਿ ਬੀ ਟੀ ਨਰਮਾ, ਮੱਕੀ ਆਦਿ), ਜ਼ਮੀਨ ਦੀ ਉਪਜਾਊ ਸ਼ਕਤੀ ਦੇ ਆਧਾਰ ’ਤੇ ਖਾਦਾਂ ਦੀ ਸਹੀ ਵਰਤੋਂ, ਲੋੜ ਅਨੁਸਾਰ ਸਿੰਚਾਈ (ਫ਼ਸਲ-ਨਿਸ਼ਚਿਤ ਸਕੀਮਾਂ ਅਨੁਸਾਰ), ਕੀੜੇਮਾਰ ਦਵਾਈਆਂ ਤੇ ਮਸ਼ੀਨਰੀ ਦੀ ਜ਼ਰੂਰਤ ਮੁਤਾਬਿਕ ਵਰਤੋਂ, ਰਸਾਇਣਿਕ ਖਾਦਾਂ ਤੇ ਜੈਵਿਕ ਖਾਦਾਂ (ਰੂੜੀ, ਹਰੀ ਖਾਦ, ਆਦਿ) ਦਾ ਸੁਮੇਲ, ਰਸਾਇਣਕ ਕੀੜੇਮਾਰ ਦਵਾਈਆਂ ਤੇ ਜੈਵਿਕ ਕੀੜੇਮਾਰ ਤਰੀਕਿਆਂ ਦਾ ਸੁਮੇਲ, ਫ਼ਸਲ ਉਗਾਉਣ ਤੋਂ ਲੈ ਕੇ ਖਪਤਕਾਰ ਤੱਕ ਦੀ ਆਧੁਨਿਕ ਢੰਗਾਂ ਨਾਲ ਸੰਭਾਲ, ਮੰਡੀਕਰਨ ਆਦਿ ਸੁਨਿਸ਼ਚਿਤ-ਖੇਤੀ ਦੇ ਜ਼ਰੂਰੀ ਹਿੱਸੇ ਹਨ।

ਇਹ ਸਿਫਾਰਿਸ਼ਾਂ ਅਪਨਾਉਣ ਨਾਲ ਖਰਚੇ ਘਟਣਗੇ, ਫ਼ਸਲਾਂ ਦੀ ਉਪਜ ਅਤੇ ਉਨ੍ਹਾਂ ਤੋਂ ਆਮਦਨ ਵਿੱਚ ਨਿਰੰਤਰ ਵਾਧਾ ਹੋਵੇਗਾ ਅਤੇ ਨਾਲ ਹੀ ਜ਼ਮੀਨ ਦੀ ਸਿਹਤ, ਪਾਣੀ ਅਤੇ ਵਾਤਾਵਰਣ ਦੀ ਸੰਭਾਲ ਵੀ ਕੀਤੀ ਜਾ ਸਕੇਗੀ।

ਸੁਨਿਸ਼ਚਿਤ ਢੰਗਾਂ ਨਾਲ ਖੇਤੀ ਸੁਰਜੀਤ ਕਰਨ ਵਾਸਤੇ ਸਰਕਾਰੀ ਤੇ ਗ਼ੈਰ-ਸਰਕਾਰੀ ਅਦਾਰਿਆਂ ਨੂੰ ਅਤੇ ਯੋਜਨਾ ਬਣਾਉਣ ਵਾਲਿਆਂ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਖੇਤੀਬਾੜੀ ਵਿੱਚ ਪੂੰਜੀ ਨਿਵੇਸ਼ ਵਧਾਉਣ ਤਾਂ ਜੋ ਕਿਸਾਨਾਂ ਨੂੰ ਖੇਤੀ-ਉਤਪਾਦਨ ਵਧਾਉਣ ਵਾਸਤੇ ਤਕਨੀਕਾਂ, ਉਪਜ ਦੀ ਸੰਭਾਲ ਲਈ ਸਟੋਰ, ਆਧੁਨਿਕ ਮੰਡੀਆਂ ਤੇ ਮੰਡੀਕਰਨ, ਲਾਹੇਵੰਦ ਭਾਅ, ਖੇਤੀ ਆਧਾਰ ’ਤੇ ਉਦਯੋਗ ਅਤੇ ਹੋਰ ਸਹੂਲਤਾਂ ਤੇ ਸਾਧਨ ਪੱਕੇ ਤੌਰ ’ਤੇ ਮੁਹੱਈਆ ਕੀਤੇ ਜਾ ਸਕਣ।

ਪੰਜਾਬ ਵਿੱਚ ਫ਼ਸਲੀ ਵਿਭਿੰਨਤਾ ਲਿਆਉਣ ਵਾਸਤੇ ਝੋਨੇ ਦੇ ਬਦਲਾਅ ਬਾਰੇ ਸਿਫਾਰਿਸ਼ਾਂ ਕੀਤੀਆਂ ਜਾਂਦੀਆਂ ਹਨ ਤਾਂ ਜੋ ਪਾਣੀ ਦੀ ਵਧ ਰਹੀ ਘਾਟ ਨੂੰ ਠੱਲ੍ਹ ਪਾਈ

ਜਾ ਸਕੇ। ਇਸ ਵਾਸਤੇ ਮੱਕੀ, ਦਾਲਾਂ, ਤੇਲ ਬੀਜ, ਸਬਜ਼ੀਆਂ, ਫਲ ਤੇ ਹੋਰ ਵੱਧ ਆਮਦਨ ਦੇਣ ਵਾਲੀਆਂ ਫ਼ਸਲਾਂ ਅਪਨਾਉਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਪਰ ਇਹ ਆਮ ਸਿਫਾਰਿਸ਼ਾਂ ਫ਼ਸਲ-ਨਿਸ਼ਚਿਤ ਜ਼ਮੀਨ ਅਤੇ ਪਾਣੀ ਦੀ ਅਨੁਕੂਲਤਾ ਦੇ ਆਧਾਰ ’ਤੇ ਨਾਂ ਹੋਣ ਕਰਕੇ ਕਿਸਾਨਾਂ ਨੂੰ ਕਈ ਹਾਲਤਾਂ ਵਿੱਚ ਸਫਲਤਾ ਨਹੀਂ ਮਿਲੀ ਤੇ ਘਾਟੇ ਵੀ ਖਾਣੇ ਪਏ ਹਨ। ਉਦਾਹਰਣ ਦੇ ਤੌਰ ’ਤੇ ਦਾਲਾਂ, ਮੱਕੀ, ਸਬਜ਼ੀਆਂ ਤੇ ਫਲ ਕਲਰਾਠੀ ਤੇ ਸੇਮ ਵਾਲੀ ਜ਼ਮੀਨ ਅਤੇ ਖਾਰੇ ਪਾਣੀ ਵਾਲੇ ਇਲਾਕੇ ਵਿੱਚ ਸਫਲ ਨਹੀਂ ਹੁੰਦੇ। ਕਪਾਹ ਸੇਮ ਵਾਲੀ ਜ਼ਮੀਨ ਵਿੱਚ ਨਹੀਂ ਚੱਲਦੀ ਤੇ ਫੇਲ੍ਹ ਹੋ ਜਾਂਦੀ ਹੈ। ਜਿਥੇ ਜ਼ਮੀਨ ਰੇਤਲੀ ਹੋਵੇ ਅਤੇ ਸਿੰਚਾਈ ਵਾਲਾ ਪਾਣੀ ਲੂਣਾਂ ਜਾਂ ਖਾਰਾ ਹੋਵੇ ਉਥੇ ਝੋਨਾ-ਕਣਕ ਫ਼ਸਲੀ ਚੱਕਰ ਕਾਮਯਾਬ ਨਹੀਂ ਹੁੰਦਾ। ਸੋਇਆਬੀਨ ਦੀ ਫ਼ਸਲ ਰੇਤਲੀ, ਕਲਰਾਠੀ, ਕੰਕਰਾਂ ਵਾਲੀ ਤੇ ਸੇਮ ਵਾਲੀ ਜ਼ਮੀਨ ਵਿੱਚ ਸਫਲ ਨਹੀਂ ਹੋ ਸਕਦੀ। ਇਸੇ ਤਰ੍ਹਾਂ ਹੋਰ ਕਈ ਉਦਾਹਰਣਾਂ ਹੋ ਸਕਦੀਆਂ ਹਨ। ਪੰਜਾਬ ਵਿੱਚ 75 ਤੋਂ ਵੱਧ ਮਿੱਟੀ ਪਰਖ ਪ੍ਰਯੋਗਸ਼ਾਲਾਵਾਂ ਹਨ ਅਤੇ ਕਈ ਹੋਰ ਖੇਤੀ-ਵਿਕਾਸ ਨਾਲ ਲੱਗਦੇ ਸਰਕਾਰੀ ਤੇ ਗ਼ੈਰ-ਸਰਕਾਰੀ ਅਦਾਰੇ ਹਨ ਜੋ ਵੱਖ-ਵੱਖ ਫ਼ਸਲਾਂ ਵਾਸਤੇ ਖੇਤਰ ਅਤੇ ਸਥਾਨਕ ਖੇਤ-ਪੱਧਰ ਦੀ ਜ਼ਮੀਨ ਤੇ ਪਾਣੀ ਦੀ ਅਨੁਕੂਲਤਾ ਬਾਰੇ ਕਿਸਾਨਾਂ ਨੂੰ ਸੁਨਿਸ਼ਚਿਤ-ਖੇਤੀ ਤੇ ਫ਼ਸਲੀ ਚੋਣ ਬਾਰੇ ਅਗਵਾਈ ਦੇ ਸਕਦੇ ਹਨ।

ਜਿਵੇਂ ਪਹਿਲਾ ਹਰਾ ਇਨਕਲਾਬ ਮੁੱਖ ਤੌਰ ’ਤੇ ਝੋਨੇ ਤੇ ਕਣਕ ਨਾਲ ਆਇਆ ਸੀ, ਹੁਣ ਲੋੜ ਹੈ ਸਬਜ਼ੀਆਂ ਤੇ ਫਲਾਂ ਦੀ ਕਾਸ਼ਤ ਨਾਲ ਇਨਕਲਾਬ ਲਿਆਉਣ ਦੀ ਤਾਂ ਜੋ ਵੱਧ ਉਪਜ, ਵੱਧ ਮੁਨਾਫਾ ਤੇ ਪੌਸ਼ਟਿਕ ਆਹਾਰ ਵਾਲੀ ਖੁਰਾਕ ਆਮ ਲੋਕਾਂ ਨੂੰ ਮਿਲ ਸਕੇ। ਅੱਜ ਇਹ ਖਾਸ ਤੌਰ ’ਤੇ ਮਹੱਤਵਪੂਰਣ ਹੋ ਗਿਆ ਹੈ ਕਿਉਂਕਿ ਹੁਣ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਦੀ ਤਰਜੀਹ ਲਗਾਤਾਰ ਪੌਸ਼ਟਿਕ ਖੁਰਾਕ ਵੱਲ ਵਧਦੀ ਜਾ ਰਹੀ ਹੈ। ਇਨ੍ਹਾਂ ਫ਼ਸਲਾਂ ਦੀਆਂ ਜਿਣਸਾਂ ਉਦਯੋਗਿਕ ਇਕਾਈਆਂ ਵਾਸਤੇ ਕੱਚੇ ਮਾਲ ਦੀ ਤਰ੍ਹਾਂ ਵੀ ਮੁਹੱਈਆ ਹੋਣਗੀਆਂ ਜਿਸ ਨਾਲ ਕਿਸਾਨ ਦੀ ਆਮਦਨ ਵਿੱਚ ਵੀ ਵਾਧਾ ਹੋਵੇਗਾ।

ਕਿਸਾਨਾਂ (ਖਾਸ ਤੌਰ ’ਤੇ ਛੋਟੇ ਕਿਸਾਨ) ਨੂੰ ਹੁਣ ਉੱਚ-ਤਕਨੀਕ ਵਾਲੀ ਸੁਰੱਖਿਅਕ ਪਲਾਸਟਿਕ ਸ਼ੀਟ ਹੇਠਾਂ ਜਾਂ ਪਲਾਸਟਿਕ ਦੇ ਬਰੀਕ ਨੈੱਟ ਨਾਲ ਢੱਕੇ ਖੇਤਾਂ ਵਿੱਚ ਸਬਜ਼ੀਆਂ ਉਗਾਉਣ ਵਾਸਤੇ ਵੀ ਪ੍ਰੇਰਿਤ ਕਰਨ ਦੀ ਲੋੜ ਹੈ। ਇਸ ਵਾਸਤੇ ਸਰਕਾਰ ਕਾਫੀ ਸਬਸਿਡੀ ਵੀ ਦੇਂਦੀ ਹੈ। ਇਸ ਤਰ੍ਹਾਂ ਬੇਮੌਸਮੀ ਸਬਜ਼ੀਆਂ ਦਾ ਉਤਪਾਦਨ ਕਰਕੇ ਵੀ ਆਮਦਨ ਵਿੱਚ ਕਾਫੀ ਵਾਧਾ ਕੀਤਾ ਜਾ ਸਕਦਾ ਹੈ।

ਇਸ ਤਰ੍ਹਾਂ ਦਾ ਇਨਕਲਾਬ ਲਿਆਉਣ ਵਾਸਤੇ ਯੋਜਨਾ ਬਣਾਉਣ ਵਾਲਿਆਂ ਨੂੰ ਅਤੇ ਵਿਕਾਸ ਦੇ ਮਾਹਿਰਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਨ੍ਹਾਂ ਛੇਤੀ ਗਲਣ-ਸੜਨ ਵਾਲੀਆਂ ਫ਼ਸਲਾਂ ਦੇ ਉਤਪਾਦਨ ਤੇ ਨਫ਼ੇ ਵਧਾਉਣ ਵਾਸਤੇ ਝੋਨਾ/ਕਣਕ ਨਾਲੋਂ ਵੱਖਰੇ ਕਿਸਮ ਦੇ ਪੂੰਜੀ-ਨਿਵੇਸ਼, ਉਤਪਾਦਨ-ਤਕਨੀਕਾਂ, ਉਪਜ-ਸੰਭਾਲ ਉਦਯੋਗਾਂ ਦਾ ਫੈਲਾਅ, ਉਤਪਾਦਨ ਤੋਂ ਲੈ ਕੇ ਖਪਤਕਾਰ ਤੱਕ ਠੰਢੀ ਕੜੀ, ਮੰਡੀਆਂ ਤੇ ਮੰਡੀਕਰਨ ਅਤੇ ਹੋਰ ਕਈ ਸਾਧਨ ਤੇ ਲੋੜਾਂ ਪੂਰੀਆਂ ਕਰਨੀਆਂ ਪੈਣਗੀਆਂ। ਉਤਪਾਦਨ ਕਰਨ

ਵਾਲਿਆਂ ਨੂੰ ਤੇ ਜਿਣਸ ਦੀ ਸੰਭਾਲ ਤੇ ਹੋਰ ਪ੍ਰਬੰਧ ਕਰਨ ਵਾਲਿਆਂ ਨੂੰ ਖਾਸ ਤਰ੍ਹਾਂ ਦੀ ਸਿਖਲਾਈ ਦੇਣੀ ਵੀ ਜ਼ਰੂਰੀ ਹੋਵੇਗੀ।

ਪੰਜਾਬ ਦੇ ਕਿਸਾਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਹੁਣ ਸਾਰੀ ਦੁਨੀਆਂ ਦੀਆਂ ਮੰਡੀਆਂ ਖੁੱਲ੍ਹ ਗਈਆਂ ਹਨ ਅਤੇ ਖੇਤੀ ਦੀ ਉਪਜ ਨੂੰ ਨਿਰਯਾਤ ਕਰਕੇ ਨਫ਼ਾ ਅਤੇ ਆਮਦਨ ਵਧਾਈ ਜਾ ਸਕਦੀ ਹੈ ਪਰ ਇਸ ਵਾਸਤੇ ਖੇਤੀ ਉਤਪਾਦਨ ਵੀ ਵਿਸ਼ਵ-ਵਿਆਪੀ ਲੋੜ ਅਨੁਸਾਰ ਹੋਣਾ ਚਾਹੀਦਾ ਹੈ। ਉਨ੍ਹਾਂ ਫ਼ਸਲਾਂ ਹੇਠ ਰਕਬਾ ਵਧਾਉਣਾ ਚਾਹੀਦਾ ਹੈ ਜਿਨ੍ਹਾਂ ਦੀ ਮੰਗ ਦੁਨੀਆਂ ਦੀਆਂ ਮੰਡੀਆਂ ਵਿੱਚ ਹੋਵੇ ਅਤੇ ਕੁਆਲਿਟੀ ਵੀ ਖਪਤਕਾਰਾਂ ਦੀ ਲੋੜ ਅਨੁਸਾਰ ਤਸੱਲੀਬਖ਼ਸ਼ ਹੋਵੇ। ਭਾਰਤ ਵਿੱਚੋਂ ਚਾਵਲ (ਝੋਨਾ ਤੇ ਬਾਸਮਤੀ), ਕਣਕ, ਕਪਾਹ, ਦਾਲਾਂ, ਖੰਡ, ਸਬਜ਼ੀਆਂ (ਆਲੂ, ਭਿੰਡੀ, ਮਿਰਚਾਂ, ਖੀਰੇ, ਪਿਆਜ਼, ਆਦਿ), ਫਲ (ਅੰਬ, ਲੀਚੀ, ਕਿੱਨੋ, ਕੇਲੇ, ਆਦਿ), ਫੁੱਲ ਅਤੇ ਇਨ੍ਹਾਂ ਤੋਂ ਤਿਆਰ ਕੀਤੇ ਪਦਾਰਥ ਨਿਰਯਾਤ ਹੁੰਦੇ ਹਨ ਅਤੇ ਉਸ ਵਾਸਤੇ ਲੋੜੀਂਦੇ ਕੁਆਲਿਟੀ ਮਾਪ-ਦੰਡ ਅਪਨਾਉਣੇ ਜ਼ਰੂਰੀ ਹਨ।

ਪੰਜਾਬ ਵਿੱਚ ਖੇਤੀ ਨੂੰ ਸੁਰਜੀਤ ਕਰਨ ਵਾਸਤੇ ਇਹ ਸਮਝਣਾ ਜ਼ਰੂਰੀ ਹੈ ਕਿ ਫ਼ਸਲਾਂ ਦਾ ਸਹੀ ਤਕਨੀਕਾਂ ਨਾਲ ਉਤਪਾਦਨ ਕਰਨ ਦੇ ਨਾਲ-ਨਾਲ ਜਿਣਸ ਦੀ ਸਹੀ ਢੰਗ ਨਾਲ ਸਾਂਭ-ਸੰਭਾਲ ਕਰਨੀ ਵੀ ਜ਼ਰੂਰੀ ਹੈ ਤਾਂ ਜੋ ਉਜਾੜੇ ਨੂੰ ਰੋਕ ਲਾਈ ਜਾ ਸਕੇ। ਇਕ ਅਨੁਮਾਨ ਅਨੁਸਾਰ ਭਾਰਤ ਵਿੱਚ ਲਗਪਗ 78000 ਕਰੋੜ ਰੁਪਈਆਂ ਦੇ ਬਰਾਬਰ ਖੇਤੀ-ਉਪਜ ਦੀ ਹਰ ਸਾਲ ਬਰਬਾਦੀ ਹੋ ਜਾਂਦੀ ਹੈ। ਪਿੰਡਾਂ ਵਿੱਚ ਵਧੀਆ ਤੇ ਆਧੁਨਿਕ ਤਰ੍ਹਾਂ ਦੇ ਸਟੋਰ ਬਣਾ ਕੇ ਅਤੇ ਜਿਣਸ ਉਦਯੋਗ ਰਾਹੀਂ ਵੱਧ ਲਾਭ ਦੇਣ ਵਾਲੇ ਪਦਾਰਥ ਬਣਾ ਕੇ ਇਸ ਬਰਬਾਦੀ ਨੂੰ ਰੋਕਿਆ ਜਾ ਸਕਦਾ ਹੈ। ਇਸ ਵੇਲੇ ਪੰਜਾਬ ਵਿੱਚ ਸਟੋਰਾਂ ਦੀ ਕਮੀ ਹੈ। ਸਰਕਾਰੀ ਤੇ ਗ਼ੈਰ-ਸਰਕਾਰੀ ਅਦਾਰਿਆਂ ਨੂੰ ਮਿਲ ਕੇ ਪੂੰਜੀ ਨਿਵੇਸ਼ ਕਰਨੀ ਚਾਹੀਦੀ ਹੈ ਤਾਂ ਜੋ ਛੋਟੇ ਤੇ ਵੱਡੇ ਸਟੋਰਾਂ (ਦੋਹਾਂ ਗਲਣ-ਸੜਨ ਵਾਲੀਆਂ ਜਿਣਸਾਂ ਅਤੇ ਨਾ-ਗਲਣ ਵਾਲੇ ਅਨਾਜ ਵਾਸਤੇ) ਦਾ ਵੱਡੇ ਪੱਧਰ 'ਤੇ ਪਿੰਡਾਂ ਵਿੱਚ ਫੈਲਾਅ ਕੀਤਾ ਜਾ ਸਕੇ। ਖੇਤ ਤੇ ਪਿੰਡ ਪੱਧਰ 'ਤੇ ਘੱਟ ਖਰਚੇ ਵਾਲੇ ਸਟੋਰ ਅਤੇ ਕਸਬਿਆਂ ਤੇ ਸ਼ਹਿਰਾਂ ਦੇ ਕੋਲ ਵੱਡੇ ਗੁਦਾਮ ਬਣਨੇ ਚਾਹੀਦੇ ਹਨ। ਪੰਜਾਬ ਵਿੱਚ ਵੱਡੇ ਪੱਧਰ 'ਤੇ ਸਾਈਲੇਜ ਵੀ ਬਣਨੇ ਚਾਹੀਦੇ ਹਨ ਜਿਨ੍ਹਾਂ ਵਿੱਚ ਜਿਣਸ ਦੀ ਲੰਮੇ ਸਮੇਂ ਤੱਕ ਸੰਭਾਲ ਕੀਤੀ ਜਾ ਸਕਦੀ ਹੈ। ਇੱਥੇ ਜਿਣਸ ਦੀ ਕੁਆਲਿਟੀ ਸਹੀ ਰਹਿਣ ਕਰਕੇ ਨਿਰਯਾਤ ਵੀ ਕੀਤੀ ਜਾ ਸਕਦੀ ਹੈ। ਜਿਣਸਾਂ ਦੇ ਸਟੋਰ ਬਣਾਉਣੇ ਪੰਜਾਬ ਇਨਫਰਾਸਟਰਕਚਰ ਡਿਵੈਲਪਮੈਂਟ ਦਾ ਇਕ ਜ਼ਰੂਰੀ ਅੰਗ ਹੋਣਾ ਚਾਹੀਦਾ ਹੈ।

ਖੇਤੀ-ਨਿਰਭਰ ਆਮਦਨ ਦੀ ਦਰ ਵਿੱਚ ਵਾਧਾ ਕਰਨ ਵਾਸਤੇ ਅਤੇ ਜਿਣਸ ਦੀ ਸਹੀ ਸੰਭਾਲ ਵਾਸਤੇ ਛੋਟੇ ਤੇ ਵੱਡੇ ਉਦਯੋਗਾਂ ਦਾ ਦਿਹਾਤ ਵਿੱਚ ਵੱਡੇ ਪੱਧਰ 'ਤੇ ਫੈਲਾਅ ਹੋਣਾ ਬਹੁਤ ਜ਼ਰੂਰੀ ਹੈ। ਇਹ ਉਦਯੋਗ ਖੇਤਰ ਪੱਧਰ ਦੀ ਫ਼ਸਲ, ਕੱਚੇ ਮਾਲ ਦੀ ਮੌਜੂਦਗੀ, ਸਮਾਜਿਕ ਲੋੜਾਂ, ਉਦਯੋਗਿਕ-ਸੰਭਾਵਨਾਵਾਂ, ਦਿਹਾਤ ਵਿੱਚ ਹੋਰ ਸਹੂਲਤਾਂ ਆਦਿ ਦੇ ਆਧਾਰ 'ਤੇ ਲੱਗਣੇ ਚਾਹੀਦੇ ਹਨ। ਇਨ੍ਹਾਂ ਉਦਯੋਗਾਂ ਦੇ ਫੈਲਾਅ ਨਾਲ ਨਾਂ-ਸਿਰਫ ਜਿਣਸ

ਦੀ ਬਰਬਾਦੀ ਰੁਕੇਗੀ ਸਗੋਂ ਕਈ ਤਰ੍ਹਾਂ ਦੇ ਵੱਧ ਆਮਦਨ ਦੇਣ ਵਾਲੇ ਪਦਾਰਥ ਵੀ ਘਰੇਲੂ ਮੰਡੀਆਂ ਲਈ ਅਤੇ ਨਿਰਯਾਤ ਵਾਸਤੇ ਬਣਾਏ ਜਾਣਗੇ। ਜਿਣਸ ਦਾ ਭਾਅ ਵੱਧ ਮਿਲਣ ਕਰਕੇ ਖੇਤੀ ਲਾਹੇਵੰਦ ਹੋ ਸਕੇਗੀ, ਪੇਂਡੂ ਪੜ੍ਹੇ ਲਿਖੇ ਨੌਜਵਾਨਾਂ, ਕਾਮਿਆਂ ਤੇ ਛੋਟੇ ਕਿਸਾਨਾਂ ਨੂੰ ਖੇਤੀ ਤੋਂ ਬਾਹਰ ਲਾਹੇਵੰਦ ਰੁਜ਼ਗਾਰ ਮਿਲੇਗਾ ਅਤੇ ਦਿਹਾਤਾਂ ਵਿੱਚ ਸਮਾਜ ਦੀ ਆਰਥਿਕ ਹਾਲਤ ਨਿਰੰਤਰ ਤੌਰ ’ਤੇ ਸੁਧਰੇਗੀ।

ਪੰਜਾਬ ਦੀ ਖੇਤੀ ਨੂੰ ਨਿਰੰਤਰ ਤੌਰ ’ਤੇ ਸੁਰਜੀਤ ਰੱਖਣ ਵਾਸਤੇ ਸਰਕਾਰ ਨੂੰ ਚੱਲ ਰਹੀਆਂ ਸਕੀਮਾਂ ਵਿੱਚ ਬੜੀ ਸਮਝ ਨਾਲ ਗਤੀਸ਼ੀਲਤਾ ਲਿਆਉਣੀ ਪਏਗੀ ਅਤੇ ਨਾਲ ਹੀ ਨਾਲ ਖੇਤਰ ਪੱਧਰ ’ਤੇ ਨਵੀਆਂ ਕਰਮਸ਼ੀਲ ਪਾਲਿਸੀਆਂ ਬਣਾਉਣੀਆਂ ਪੈਣਗੀਆਂ ਤਾਂ ਜੋ ਕਿਸਾਨ ਤਕਨੀਕਾਂ ਦੇ ਆਧਾਰ ’ਤੇ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਕੇ ਖੇਤੀ-ਪ੍ਰਬੰਧਾਂ ਨੂੰ ਗਿਆਨ ਦੇ ਆਧਾਰ ’ਤੇ ਅਪਣਾ ਸਕਣ। ਕਿਸਾਨਾਂ ਤੇ ਪੇਂਡੂ ਕਾਮਿਆਂ ਦੀ ਆਮਦਨ ਵਿੱਚ ਵਾਧਾ ਕਰਨ ਵਾਸਤੇ ਖੇਤੀ ਤੋਂ ਬਾਹਰਲੇ ਰੁਜ਼ਗਾਰ ਖਾਸ ਤੌਰ ’ਤੇ ਪੈਦਾ ਕਰਨੇ ਜ਼ਰੂਰੀ ਹਨ। ਹੁਣ ਲੋੜ ਹੈ ਕਿ ਕਿਸਾਨ, ਨਵੀਆਂ ਤਕਨੀਕਾਂ ਕੱਢਣ ਵਾਲੇ ਵਿਗਿਆਨੀ, ਖੇਤੀ ਵਿਕਾਸ ਕਰਨ ਵਾਲੇ ਅਦਾਰੇ, ਮੰਡੀਆਂ ਤੇ ਖਪਤਕਾਰ, ਮਾਲੀ ਸਹਾਇਤਾ ਦੇਣ ਵਾਲੇ ਅਦਾਰੇ, ਉਦਯੋਗੀਕਰਨ, ਯੋਜਨਾ ਬਣਾਉਣ ਤੇ ਲਾਗੂ ਕਰਨ ਵਾਲੇ ਅਤੇ ਹੋਰ ਸੰਬੰਧਿਤ ਵਿਭਾਗ ਮਿਲ ਕੇ ਖੇਤੀ ਉਤਪਾਦਨ, ਖੇਤੀ-ਨਿਰਭਰ ਆਮਦਨ ਅਤੇ ਖੇਤੀ ਤੋਂ ਬਾਹਰਲੀ ਲਾਹੇਵੰਦ ਰੋਜ਼ਗਾਰ ਵਧਾਉਣ ਦੀਆਂ ਕੋਸ਼ਿਸ਼ਾਂ ਕਰਨ ਅਤੇ ਖੇਤੀ ਨੂੰ ਮੁੜ ਸੁਰਜੀਤ ਕਰਕੇ ਇੱਕ ਸਦਾਬਹਾਰ ਹਰਾ ਇਨਕਲਾਬ ਲਿਆਉਣ।

❖❖❖

# 5

# ਪਾਏਦਾਰ ਖੇਤੀਬਾੜੀ ਲਈ ਜ਼ਮੀਨ ਦੀ ਸਿਹਤ ਸੰਭਾਲ ਜ਼ਰੂਰੀ

ਸਾਰੇ ਵਿਸ਼ਵ ਵਿੱਚ ਜ਼ਮੀਨ ਦੀ ਉਪਜਾਊ ਗੁਣਵੱਤਾ ਨੂੰ ਸੁਰੱਖਿਅਤ ਰੱਖ ਕੇ ਇਸ ਦੀ ਉਤਪਾਦਨ ਸਮਰੱਥਾ ਲਗਾਤਾਰ ਵਾਧੇ ਵੱਲ ਕਾਇਮ ਰੱਖਣ ਵਾਸਤੇ ਕੋਸ਼ਿਸ਼ਾਂ ਕਰਨ ਸੰਬੰਧੀ ਸੰਯੁਕਤ ਰਾਸ਼ਟਰ ਸੰਗਠਨ ਵੱਲੋਂ ਸੰਨ 2015-2024 ਨੂੰ ਭੂਮੀ ਦਾ ਅੰਤਰ-ਰਾਸ਼ਟਰੀ ਦਹਾਕਾ ਐਲਾਨ ਕੀਤਾ ਗਿਆ ਸੀ। ਪਰ ਸਾਡਾ ਦੇਸ਼ ਅਜੇ ਤੱਕ ਖੇਤੀਬਾੜੀ ਸੰਬੰਧਿਤ ਜ਼ਮੀਨ ਦੀ ਅੰਨ੍ਹਾਧੁੰਦ ਅਕੁਸ਼ਲ ਵਰਤੋਂ ਰੋਕਣ ਅਤੇ ਇਸ ਦੀ ਖੇਤੀ ਉਤਪਾਦਨ ਸਮਰੱਥਾ ਸੁਰੱਖਿਅਤ ਤੇ ਉਪਜਾਊ ਗੁਣਵੱਤਾ ਵਾਧੇ ਵੱਲ ਕਾਇਮ ਰੱਖਣ ਵਾਸਤੇ ਆਧੁਨਿਕ ਤਕਨੀਕਾਂ ਅਪਨਾਉਣ ਲਈ ਕਿਸਾਨਾਂ ਤੇ ਹੋਰ ਖੇਤੀਬਾੜੀ ਸੰਬੰਧਿਤ ਵਿਭਾਗਾਂ ਨੂੰ ਉਤਸ਼ਾਹਿਤ ਕਰਨ ਸੰਬੰਧੀ ਭਵਿੱਖਤ ਸੋਚ ਨਾਲ ਤਰਕਸ਼ੀਲ ਯੋਜਨਾਵਾਂ ਬਣਾਉਣ ਅਤੇ ਲਾਗੂ ਕਰਨ ਵਿੱਚ ਪਿਛੜਿਆ ਹੋਇਆ ਜਾਪਦਾ ਹੈ। ਨਤੀਜੇ ਵਜੋਂ ਜ਼ਮੀਨ ਦੀ ਉਪਜਾਊ ਗੁਣਵੱਤਾ, ਉਤਪਾਦਨ-ਕੁਸ਼ਲਤਾ ਅਤੇ ਇਸ ਤੋਂ ਹੋਣ ਵਾਲੇ ਲਾਭ ਦਾ ਘਟਣਾ ਦੇਸ਼ ਦੀ ਖੇਤੀ ਆਧਾਰਿਤ ਅਰਥ ਵਿਵੱਸਥਾ ਢਹਿੰਦੀਆਂ ਕਲਾਂ ਵੱਲ ਜਾਣ ਦਾ ਇੱਕ ਵੱਡਾ ਕਾਰਨ ਬਣਦੇ ਜਾ ਰਹੇ ਹਨ। ਅਸਲ ਵਿੱਚ ਹੁਣ ਸਮਾਂ ਹੈ ਕਿ ਖੇਤੀਬਾੜੀ ਦੀ ਉਤਪਾਦਕਤਾ ਵਾਧੇ ਵੱਲ ਕਾਇਮ ਰੱਖਣ ਵਾਸਤੇ ਜ਼ਮੀਨ ਦੇ ਹੋ ਰਹੇ ਗਲਤ ਪ੍ਰਬੰਧਾਂ ਕਰਕੇ ਇਸ ਦੀ ਗੁਣਵੱਤਾ ਵਿੱਚ ਤੇਜ਼ੀ ਨਾਲ ਆ ਰਹੀ ਗਿਰਾਵਟ ਦੇ ਮਾੜੇ ਪ੍ਰਭਾਵਾਂ ਦੀ ਗੰਭੀਰਤਾ ਨੂੰ ਸਰਵ-ਪੱਖੀ ਤੌਰ ’ਤੇ ਸਮਝਿਆ ਜਾਵੇ ਨਹੀਂ ਤਾਂ ਜ਼ਮੀਨ ਦੀ ਉਪਜਾਊ ਸਮਰੱਥਾ ਨੂੰ ਸਥਿਰ ਰੱਖਣ ਦੀ ਸੰਭਾਵਨਾ ਘਟਦੀ ਜਾਵੇਗੀ। ਇਸ ਸਮੇਂ ਇਕ ਪਾਸੇ ਉਪਲੱਬਧ ਜ਼ਮੀਨ ਤੋਂ ਅਨਾਜ ਅਤੇ ਹੋਰ ਖੇਤੀ ਉਪਜਾਂ ਦੀ ਪੈਦਾਵਾਰ ਵਧਾਉਣ ਦੀ ਮੰਗ ਵੱਧਦੀ ਜਾ ਰਹੀ ਹੈ ਅਤੇ ਦੂਜੇ ਪਾਸੇ ਜ਼ਮੀਨ ਦੀ ਖੇਤੀ ਉਪਜਾਊ ਗੁਣਵੱਤਾ ਵਿੱਚ ਆ ਰਹੀਆਂ ਗੁੰਝਲਦਾਰ ਚੁਣੌਤੀਆਂ ਅਤੇ ਘਟਦੀ ਜਾ ਰਹੀ ਖੇਤੀ ਉਤਪਾਦਨ ਕੁਸ਼ਲਤਾ ਦੇ ਮੁੱਦੇ ਹੋਰ ਵੀ ਗੰਭੀਰ ਹੁੰਦੇ ਜਾ ਰਹੇ ਹਨ। ਕਿਸਾਨ ਪਿਛਲੇ ਕਈ ਸਾਲਾਂ ਤੋਂ ਇਹ ਅਨੁਭਵ ਕਰ ਰਹੇ ਹਨ ਕਿ ਹਰੇ ਇਨਕਲਾਬ ਸਮੇਂ ਅਪਣਾਈਆਂ ਗਈਆਂ ਖੇਤੀ ਪ੍ਰਬੰਧਨ ਕਾਰਜ ਨੀਤੀਆਂ ਵੱਖ-ਵੱਖ ਤਰ੍ਹਾਂ ਦੀਆਂ ਜ਼ਮੀਨਾਂ ਵਿੱਚ ਵਿਭਿੰਨ ਫ਼ਸਲਾਂ ਦੇ ਉਤਪਾਦਨ ਅਤੇ ਉਨ੍ਹਾਂ ਤੋਂ ਲਾਭ ਵਾਧੇ ਵੱਲ ਕਾਇਮ ਰੱਖਣ ਵਾਸਤੇ ਅਸਮਰਥ ਹੋ ਰਹੀਆਂ ਹਨ। ਹੁਣ ਚਿੰਤਾ ਇਸ ਗੱਲ ਦੀ ਹੋ ਰਹੀ ਹੈ ਕਿ ਕੀ ਬਿਨਾਂ ਯੋਜਨਾਬੱਧ ਜ਼ਮੀਨ ਦੀ ਵਰਤੋਂ ਕਰਕੇ ਇਸ ਦੀ ਉਪਜਾਊ ਗੁਣਵੱਤਾ ਵਿੱਚ ਆ ਰਹੀ ਗਿਰਾਵਟ ਦੇ ਰੁਝਾਨ ਤਹਿਤ ਖੇਤੀਬਾੜੀ ਦੇ ਉਤਪਾਦਨ ਵਿੱਚ ਵਾਧੇ ਦੀ ਮੌਜੂਦਾ ਦਰ ਸਾਡੇ ਦੇਸ਼ ਵਿੱਚ ਖੁਰਾਕ ਦੀ ਮੰਗ ਪੂਰੀ ਕਰਨ ਵਾਸਤੇ ਕਾਫੀ ਹੈ?

ਅਸਲ ਵਿੱਚ ਖੇਤੀ ਉਤਪਾਦਕਤਾ ਅਤੇ ਉਤਪਾਦਨ-ਕੁਸ਼ਲਤਾ ਨੂੰ ਸਥਿਰਤਾ ਨਾਲ

ਵਾਧੇ ਵੱਲ ਕਾਇਮ ਰੱਖਣਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ ਕਿਉਂਕਿ ਦੇਸ਼ ਵਿੱਚ ਗ਼ੈਰ-ਯੋਜਨਾਬੱਧ ਅਤੇ ਅਕੁਸ਼ਲ ਪ੍ਰਬੰਧਾਂ ਨਾਲ ਕੁਦਰਤੀ ਸਰੋਤਾਂ (ਜ਼ਮੀਨ, ਪਾਣੀ) ਅਤੇ ਹੋਰ ਸਾਧਨਾਂ ਦੀ ਅੰਨ੍ਹਾਧੁੰਦ ਤੇ ਅਕੁਸ਼ਲ ਵਰਤੋਂ ਕੀਤੇ ਜਾਣ ਦੀਆਂ ਗਤੀਵਿਧੀਆਂ ਉੱਪਰ ਕਾਬੂ ਪਾਉਣ ਵਾਸਤੇ ਕੋਈ ਨਿਯੰਤ੍ਰਿਤ ਪ੍ਰਣਾਲੀ (Controlling System) ਨਹੀਂ ਹੈ। ਇਸ ਕਰਕੇ ਪਿਛਲੇ ਕਈ ਦਹਾਕਿਆਂ ਤੋਂ ਜ਼ਮੀਨ ਦੀ ਲਗਾਤਾਰ ਅਕੁਸ਼ਲ ਵਰਤੋਂ ਕੀਤੇ ਜਾਣ ਨਾਲ ਖੇਤੀ ਉਪਜਾਊ ਗੁਣਵੱਤਾ ਵਿੱਚ ਵੱਧ ਰਹੀ ਗਿਰਾਵਟ ਕਾਰਨ ਖੇਤੀਬਾੜੀ ਅਸਥਿਰ ਹੋ ਰਹੀ ਹੈ। ਇਸ ਤਰ੍ਹਾਂ ਜ਼ਮੀਨ ਦੀ ਸੰਭਾਲ ਕਰਨ ਅਤੇ ਉੱਚ ਖੇਤੀ ਉਤਪਾਦਨ-ਕੁਸ਼ਲਤਾ ਵਾਧੇ ਵੱਲ ਕਾਇਮ ਰੱਖਣ ਵਿੱਚ ਬਹੁਤ ਚੁਣੌਤੀਆਂ ਪੈਦਾ ਹੁੰਦੀਆਂ ਜਾ ਰਹੀਆਂ ਹਨ ਅਤੇ ਦੇਸ਼ ਵਿੱਚ ਸਮੁੱਚੇ ਤੌਰ ’ਤੇ ਖੇਤੀਬਾੜੀ ਆਧਾਰਿਤ ਆਰਥਿਕਤਾ ਦਾ ਘਾਟੇ ਵੱਲ ਜਾਣ ਵਾਲਾ ਸੰਕਟ ਵੱਧਦਾ ਜਾ ਰਿਹਾ ਹੈ। ਬਹੁਤ ਸਾਰੇ ਕਿਸਾਨ ਜ਼ਮੀਨ ਦੀ ਮੁੱਢਲੀ ਉਪਜਾਊ ਸ਼ਕਤੀ ਦਾ ਪੱਧਰ ਜਾਣੇ ਬਿਨਾਂ ਹੀ ਫ਼ਸਲਾਂ ਵਿੱਚ ਇਨਪੁਟਸ (ਖਾਦਾਂ, ਪਾਣੀ ਆਦਿ) ਦੀ ਅੰਨ੍ਹਾਧੁੰਦ ਵਰਤੋਂ ਕਰਦੇ ਜਾ ਰਹੇ ਹਨ ਜਿਸ ਕਰਕੇ ਕਈ ਜਰਖੇਜ਼ ਜ਼ਮੀਨਾਂ ਦੀ ਉਪਜਾਊ ਸਮਰੱਥਾ ਵਿੱਚ ਵਿਗਾੜ ਪੈਂਦਾ ਜਾ ਰਿਹਾ ਹੈ ਅਤੇ ਖੇਤੀਬਾੜੀ ਦੀ ਸਥਿਰਤਾ ਡਾਵਾਂਡੋਲ ਹੋ ਰਹੀ ਹੈ। ਕਈ ਜ਼ਮੀਨਾਂ ਵਿੱਚ ਲੋੜ ਨਾਲੋਂ ਵੱਧ ਖਾਦਾਂ ਪਾਉਣ ਕਰਕੇ ਜ਼ਮੀਨ ਵਿੱਚ ਖੁਰਾਕੀ ਤੱਤਾਂ ਦਾ ਆਪਸੀ ਸੰਤੁਲਨ ਖਰਾਬ ਹੋ ਜਾਂਦਾ ਹੈ ਅਤੇ ਖਾਦਾਂ ਦੀ ਵੱਧ ਮਾਤਰਾ ਦੀ ਵਰਤੋਂ ਦੇ ਬਾਵਜੂਦ ਫ਼ਸਲਾਂ ਦੇ ਉਤਪਾਦਨ ਤੇ ਮਾੜਾ ਅਸਰ ਹੁੰਦਾ ਹੈ। ਕੀੜੇ ਤੇ ਬੀਮਾਰੀਆਂ ਨਾਸ਼ਕ ਜ਼ਹਿਰਾਂ ਦੀ ਅੰਨ੍ਹਾਧੁੰਦ ਵਰਤੋਂ ਨਾਲ ਜ਼ਮੀਨ ਵਿੱਚ ਇਨ੍ਹਾਂ ਜ਼ਹਿਰਾਂ ਦੀ ਮਾਤਰਾ ਵਧਣ ਕਰਕੇ ਕਈ ਸਮੱਸਿਆਵਾਂ ਵੱਧ ਰਹੀਆਂ ਹਨ। ਜ਼ਮੀਨ ਦੀ ਵਰਤੋਂ ਸੰਬੰਧੀ ਕਾਰਜ ਨੀਤੀਆਂ ਬਣਾਉਣ ਵੇਲੇ ਅਤੇ ਸਿੰਚਾਈ ਵਾਸਤੇ ਪਾਣੀ ਦੀ ਲਗਾਤਾਰ ਉਪਲੱਬਧਤਾ ਵਧਾਏ ਜਾਣ ਵੇਲੇ ਪਾਣੀ ਦੇ ਨਿਕਾਸ ਵਾਸਤੇ ਨਾਲੀਆਂ ਨੂੰ ਵਧਾਉਣਾ ਅਣਦਿੱਖ ਕਰਕੇ ਕਈ ਖੇਤਰਾਂ ਵਿੱਚ ਸੇਮ ਆ ਗਈ ਹੈ ਅਤੇ ਕਈ ਜ਼ਮੀਨਾਂ ਵਿੱਚ ਕੱਲਰ ਪੈ ਗਿਆ ਹੈ। ਕਈ ਇਲਾਕਿਆਂ ਵਿੱਚ ਕਾਰਖਾਨਿਆਂ ਅਤੇ ਗੰਦੇ ਨਾਲਿਆਂ ਵਾਲੇ ਪਾਣੀਆਂ ਦੀ ਵਰਤੋਂ ਨਾਲ ਜ਼ਮੀਨ ਵਿੱਚ ਜ਼ਹਿਰੀਲੇ ਤੱਤ ਜਮ੍ਹਾ ਹੁੰਦੇ ਜਾ ਰਹੇ ਹਨ। ਇਸ ਤਰ੍ਹਾਂ ਦੇ ਹੋਰ ਕਈ ਕਾਰਨਾਂ ਕਰਕੇ ਜ਼ਮੀਨ ਦੀ ਉਪਜਾਊ ਸ਼ਕਤੀ ਅਤੇ ਫ਼ਸਲਾਂ ਦੀ ਉਤਪਾਦਨ-ਕੁਸ਼ਲਤਾ ਘਟਣ ਨਾਲ ਅਤੇ ਇਸ ਨਾਲ ਸੰਬੰਧਿਤ ਵਾਤਾਵਰਣ ਵਿੱਚ ਵਿਗਾੜ ਪੈਣ ਨਾਲ ਖੇਤੀਬਾੜੀ ਅਸਥਿਰ ਹੋ ਰਹੀ ਹੈ। ਅਸਲ ਵਿੱਚ ਬਿਨਾਂ ਯੋਜਨਾਬੱਧ, ਜ਼ਮੀਨ ਦੇ ਅਕੁਸ਼ਲ ਪ੍ਰਬੰਧਨਾਂ ਕਰਕੇ ਖੇਤੀਬਾੜੀ ਦੀ ਉਤਪਾਦਕਤਾ ਅਤੇ ਜ਼ਮੀਨ ਦੀ ਸੰਭਾਲ ਵਿਚਕਾਰ ਸੰਤੁਲਨ ਵਿਗੜਦਾ ਜਾ ਰਿਹਾ ਹੈ। ਸਭ ਤੋਂ ਵੱਧ ਪ੍ਰਭਾਵਿਤ ਘੱਟ ਸਾਧਨਾਂ ਵਾਲੇ ਛੋਟੇ ਕਿਸਾਨ ਹਨ ਜਿਨ੍ਹਾਂ ਦੀ ਰੋਜ਼ੀ ਰੋਟੀ ਮੁੱਖ ਤੌਰ ’ਤੇ ਆਪਣੀ ਥੋੜ੍ਹੀ ਜ਼ਮੀਨ’ਤੇ ਹੀ ਨਿਰਭਰ ਹੈ। ਜ਼ਮੀਨ ਦੀ ਸਿਹਤ ਵਿੱਚ ਖੇਤੀ ਉਪਜਾਊ ਵਿਗਾੜਾਂ ਨਾਲ ਭਵਿੱਖ ਵਿੱਚ ਟਿਕਾਊ ਉੱਚ ਖੇਤੀ ਉਤਪਾਦਨ ਅਤੇ ਲਾਭਾਂ ਨੂੰ ਯਕੀਨੀ ਸਥਿਰਤਾ ਨਾਲ ਕਾਇਮ ਨਾ ਰੱਖੇ ਜਾਣ ਕਰਕੇ ਦੇਸ਼ ਵਿੱਚ ਖੁਰਾਕ ਸੁਰੱਖਿਅਤਾ ਲਗਾਤਾਰ ਕਾਇਮ ਰੱਖਣ ਵਿੱਚ ਵੱਧ

ਰਹੀਆਂ ਔਕੜਾਂ ਅਤੇ ਅਰਥ ਵਿਵਸਥਾ ਵਿੱਚ ਘਾਟੇ ਦੇ ਰੁਝਾਨ ਚਿੰਤਾ ਦੇ ਵਿਸ਼ੇ ਬਣਦੇ ਜਾ ਰਹੇ ਹਨ।

ਦੇਸ਼ ਵਿੱਚ ਭੂਮੀ ਸਰਵੇਖਣ ਤੇ ਇਸ ਦੇ ਵਰਗੀਕਰਣ ਕਰਨ ਵਾਸਤੇ ਅਤੇ ਖੇਤੀਬਾੜੀ ਸੰਬੰਧਿਤ ਜ਼ਮੀਨ ਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਪੈਦਾ ਕਰਨ ਲਈ ਭਾਰਤ ਸਰਕਾਰ ਵੱਲੋਂ "ਨੈਸ਼ਨਲ ਬਿਊਰੋ ਆਫ ਸੋਇਲ ਸਰਵੇ ਤੇ ਲੈਂਡ ਯੂਜ਼ ਪਲਾਨਿੰਗ", ਪੰਜਾਬ ਸਰਕਾਰ ਵਲੋਂ "ਭੂਮੀ-ਸੁਰੱਖਿਆ ਵਿਭਾਗ" ਅਤੇ ਹੋਰ ਕਈ ਸੰਸਥਾਵਾਂ ਸਥਾਪਿਤ ਕੀਤੀਆਂ ਗਈਆਂ ਹਨ। ਇਸ ਤਰ੍ਹਾਂ ਜ਼ਮੀਨ ਸ੍ਰੋਤ ਸੂਬੇ ਦੇ ਅਧੀਨ ਹੋਣ ਕਰਕੇ, ਪੰਜਾਬ ਸਰਕਾਰ ਵੱਲੋਂ ਵੀ ਵੱਖ-ਵੱਖ ਜ਼ਮੀਨ ਕਾਰਜਾਂ ਵਿੱਚ ਵੱਖ-ਵੱਖ ਵਿਭਾਗਾਂ ਵਿੱਚ ਤਾਲ-ਮੇਲ ਵਧਾਉਣ ਤੇ ਇਸ ਨਾਲ ਸੰਬੰਧਿਤ ਲੋੜੀਂਦੀਆਂ ਸਲਾਹਾਂ ਦੇਣ ਵਾਸਤੇ "ਲੈਂਡ ਯੂਜ਼ ਅਤੇ ਸਟੇਟ ਲੈਂਡ ਡਿਵੈਲਪਮੈਂਟ ਬੋਰਡ" ਅਤੇ "ਪੰਜਾਬ ਰਿਮੋਟ ਸੈਨਸਿੰਗ ਸੈਂਟਰ" ਸਥਾਪਿਤ ਕੀਤੇ ਗਏ ਹਨ। ਇਹ ਸੰਸਥਾਵਾਂ ਭਾਵੇਂ ਕਾਫੀ ਯੋਗਦਾਨ ਪਾ ਰਹੀਆਂ ਹਨ ਪਰ ਇਨ੍ਹਾਂ ਵੱਲੋਂ ਵੱਖ-ਵੱਖ ਖੇਤਰਾਂ ਤੇ ਵਰਗਾਂ ਦੀਆਂ ਜ਼ਮੀਨਾਂ ਵਿੱਚ ਆਈਆਂ ਅਣਚਾਹੀਆਂ ਤਬਦੀਲੀਆਂ ਕਾਰਨ ਵੱਖ-ਵੱਖ ਫ਼ਸਲਾਂ ਵਿੱਚ ਵੱਖ-ਵੱਖ ਇਨਪੁਟਸ (ਖਾਦਾਂ, ਪਾਣੀ, ਕੀਟਨਾਸ਼ਕ ਜ਼ਹਿਰਾਂ) ਦਾ ਉਤਪਾਦਕਤਾ 'ਤੇ ਅਸਰ ਅਤੇ ਵੱਖ-ਵੱਖ ਤਰ੍ਹਾਂ ਦੇ ਵਿਗਾੜਾਂ ਦੇ ਸੁਧਾਰ ਕਰਨ ਬਾਰੇ ਜ਼ਿਆਦਾ ਜਾਣਕਾਰੀਆਂ ਪੈਦਾ ਕਰਨ ਵਾਸਤੇ ਕਾਫੀ ਹੋਰ ਕੋਸ਼ਿਸ਼ਾਂ ਕਰਨ ਦੀ ਲੋੜ ਹੈ। ਵੱਖ-ਵੱਖ ਜ਼ਮੀਨਾਂ ਬਾਰੇ ਲਈ ਜਾਂਦੀ ਜਾਣਕਾਰੀ ਆਧਾਰਿਤ ਫ਼ਸਲਾਂ ਦੀ ਚੋਣ, ਇਨਪੁਟਸ ਦੀ ਵਰਤੋਂ ਕਰਨ, ਜ਼ਮੀਨ ਦੀ ਖੇਤੀ ਉਤਪਾਦਨ ਸਮਰੱਥਾ ਦਾ ਜ਼ਾਇਜਾ ਲੈਣ ਅਤੇ ਕਿਸਾਨਾਂ ਅਤੇ ਹੋਰ ਖੇਤੀ ਨਾਲ ਸੰਬੰਧਿਤ ਵਿਭਾਗਾਂ ਤੱਕ ਤਕਨਾਲੋਜੀ ਪਹੁੰਚਾਉਣ ਵਾਸਤੇ ਰਣਨੀਤਿਕ ਕਾਰਜ ਨੀਤੀਆਂ ਨਾਲ ਜ਼ਮੀਨ ਦੀ ਉਪਜਾਊ ਗੁਣਵੱਤਾ ਦੀ ਸੰਭਾਲ ਅਤੇ ਖੇਤੀਬਾੜੀ ਦੀ ਸਥਿਰਤਾ ਕਾਇਮ ਰੱਖੀ ਜਾ ਸਕਦੀ ਹੈ। ਇਸ ਤਰ੍ਹਾਂ ਦੀ ਜਾਣਕਾਰੀ ਅਧੀਨ ਵੱਖ-ਵੱਖ ਖੇਤਰਾਂ ਤੇ ਵਰਗਾਂ ਦੀਆਂ ਜ਼ਮੀਨਾਂ ਦੀ ਖੇਤੀ ਉਤਪਾਦਨ ਸਮਰੱਥਾ ਦੇ ਅਨੁਕੂਲ ਫ਼ਸਲਾਂ ਦੀ ਉਤਪਾਦਕਤਾ ਲਗਾਤਾਰ ਵਾਧੇ ਵੱਲ ਕਾਇਮ ਰੱਖਣ ਵਾਸਤੇ ਪ੍ਰਭਾਵਸ਼ਾਲੀ ਪ੍ਰਬੰਧਨ ਪ੍ਰਣਾਲੀਆਂ ਦਾ ਵਿਕਾਸ ਕਰਨ ਦੀ ਲੋੜ ਹੈ। ਇਸ ਵਾਸਤੇ ਰਾਜ, ਖੇਤਰ, ਜ਼ੋਨ ਤੇ ਪਿੰਡ ਪੱਧਰ 'ਤੇ ਜਾਣਕਾਰੀਆਂ ਆਧਾਰਿਤ "ਜਾਣਕਾਰੀ ਸੈੱਲ" ਸਥਾਪਿਤ ਕੀਤੇ ਜਾਣੇ ਚਾਹੀਦੇ ਹਨ ਜਿਨ੍ਹਾਂ ਵਿੱਚ ਜ਼ਮੀਨ ਦੀਆਂ ਰਸਾਇਣਕ, ਭੌਤਿਕ ਤੇ ਜੈਵਿਕ ਵਿਸ਼ੇਸ਼ਤਾਵਾਂ, ਮੌਜੂਦਾ ਖੇਤੀ ਉਪਜਾਊ ਸਥਿਤੀ, ਫ਼ਸਲਾਂ ਲਈ ਜ਼ਮੀਨ ਦੀ ਅਨੁਕੂਲਤਾ, ਜ਼ਮੀਨ ਵਿੱਚ ਵਿਗਾੜ, ਡਰੇਨੇਜ਼ ਪ੍ਰਣਾਲੀ ਅਤੇ ਹੋਰ ਸੰਬੰਧਿਤ ਜਾਣਕਾਰੀ ਉਪਲੱਬਧ ਹੋਵੇ। ਇਸ ਨਾਲ ਖੇਤੀ ਮਾਹਿਰ ਤੇ ਕਿਸਾਨ ਜ਼ਮੀਨ ਦੀ ਵਰਤੋਂ ਅਤੇ ਖੇਤੀਬਾੜੀ ਨੂੰ ਸਥਿਰ ਰੱਖਣ ਵਾਸਤੇ ਲੋੜੀਂਦੇ ਪ੍ਰਬੰਧ ਕਰਨ ਵਾਸਤੇ ਫੈਸਲੇ ਲੈ ਸਕਦੇ ਹਨ।

ਸਮੇਂ ਦੀ ਲੋੜ ਹੈ ਕਿ ਨੀਤੀਆਂ ਬਣਾਉਣ ਵਾਲੇ, ਖੇਤੀ ਮਾਹਿਰ ਅਤੇ ਕਿਸਾਨ ਇਹ ਅਨੁਭਵ ਕਰਨ ਕਿ ਭਵਿੱਖ ਵਿੱਚ ਖੇਤੀਬਾੜੀ ਦੀ ਸਥਿਰਤਾ ਵਾਸਤੇ ਮੌਜੂਦਾ ਅਪਣਾਈ ਜਾ ਰਹੀ ਰਿਵਾਇਤੀ ਪ੍ਰਬੰਧਨ ਪ੍ਰਣਾਲੀ ਵਿੱਚ ਬਦਲਾਅ ਲਿਆਉਣਾ ਜ਼ਰੂਰੀ ਹੈ। ਭਵਿੱਖ

ਵਿੱਚ ਜਲਵਾਯੂ ਵਿੱਚ ਬਦਲਾਅ ਅਤੇ ਵਿਸ਼ਵ ਵਿੱਚ ਗਰਮੀ ਵਧਣ ਨਾਲ ਜ਼ਮੀਨ ਵਿੱਚ ਕਈ ਤਰ੍ਹਾਂ ਦੀਆਂ ਰਸਾਇਣਕ, ਭੌਤਿਕ ਅਤੇ ਜੈਵਿਕ ਪ੍ਰਕਿਰਿਆਵਾਂ ਤੇਜ਼ ਹੋਣ ਦੀ ਆਸ ਕੀਤੀ ਜਾ ਰਹੀ ਹੈ ਜਿਸ ਨਾਲ ਜ਼ਮੀਨ ਦੀ ਉਪਜਾਊ ਗੁਣਵੱਤਾ ਅਤੇ ਖੇਤੀਬਾੜੀ ਦੀ ਸਥਿਰਤਾ ਤੇ ਬੜਾ ਅਸਰ ਪੈ ਸਕਦਾ ਹੈ। ਇਸ ਵਾਸਤੇ ਖੇਤੀ ਉਤਪਾਦਨ ਵਿੱਚ ਵਾਧਾ ਅਤੇ ਇਸ ਆਧਾਰਿਤ ਆਰਥਿਕਤਾ ਨੂੰ ਸਿਰਫ਼ ਇਸ ਕੁਦਰਤੀ ਸਰੋਤ ਦੀ ਅੰਨ੍ਹਾਧੁੰਦ ਵਰਤੋਂ ਕਰਕੇ ਢਾਅ ਲਾਉਂਦੇ ਜਾਣ ਉੱਪਰ ਹੀ ਨਿਰਭਰ ਨਹੀਂ ਰਹਿਣਾ ਚਾਹੀਦਾ ਸਗੋਂ ਜ਼ਮੀਨ ਦੀ ਸਰਵ-ਪੱਖੀ ਤੌਰ ’ਤੇ ਕੁਸ਼ਲ ਵਰਤੋਂ ਨਾਲ ਇਸ ਦੀ ਖੇਤੀ ਉਤਪਾਦਨ ਸਮਰੱਥਾ ਵਿੱਚ ਵਾਧਾ ਕਰਨ ਦੇ ਨਾਲ-ਨਾਲ ਖੇਤੀਬਾੜੀ ਵਿੱਚ ਸਥਿਰਤਾ ਕਾਇਮ ਰੱਖਣ ਲਈ ਆਧੁਨਿਕ ਤਕਨਾਲੋਜੀ ਆਧਾਰਿਤ ਪ੍ਰਬੰਧਾਂ ’ਤੇ ਨਿਰਭਰ ਕਰਨਾ ਚਾਹੀਦਾ ਹੈ ਤਾਂ ਜੋ ਖੇਤੀ ਉਤਪਾਦਨ ਵਿੱਚ ਵਾਧਾ ਅਤੇ ਜ਼ਮੀਨ ਦੀ ਗੁਣਵੱਤਾ ਦੀ ਸੰਭਾਲ ਵਿਚਕਾਰ ਸੰਤੁਲਨ ਕਾਇਮ ਰੱਖਿਆ ਜਾ ਸਕੇ। ਖੇਤੀ ਮਾਹਿਰਾਂ ਤੇ ਮਿੱਟੀ ਪਰਖ ਕਰਨ ਵਾਲੇ ਵਿਭਾਗਾਂ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਉਪਲੱਬਧ ਜ਼ਮੀਨਾਂ ਦੀ ਮੌਜੂਦਾ ਉਪਜਾਊ ਗੁਣਵੱਤਾ ਦੀ ਸਥਿਤੀ ਅਤੇ ਭਵਿੱਖਤ ਖੇਤੀ ਉਤਪਾਦਨ-ਸਮਰੱਥਾ ਦਾ ਜਾਇਜ਼ਾ ਲੈ ਕੇ ਉਸ ਆਧਾਰਿਤ ਵੱਖ-ਵੱਖ ਫ਼ਸਲਾਂ ਦੀ ਉਤਪਾਦਨ ਕੁਸ਼ਲਤਾ ਤੇ ਲਾਭਪ੍ਰਧਿਤਾ ਵਾਧੇ ਵੱਲ ਕਾਇਮ ਰੱਖਣ ਵਾਸਤੇ ਕਿਸਾਨਾਂ ਨੂੰ ਆਧੁਨਿਕ ਤਕਨੀਕਾਂ ਅਪਨਾਉਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਪਿੰਡ ਅਤੇ ਫਾਰਮ ਪੱਧਰ ’ਤੇ ਮਿੱਟੀ-ਪਰਖ ਪ੍ਰਯੋਗਸ਼ਾਲਾਵਾਂ ਅਤੇ ਸਥਾਨਕ ਪ੍ਰਸਾਰ ਵਿਭਾਗ ਦੇ ਕਰਮਚਾਰੀਆਂ ਨੂੰ ਇਸ ਕਾਰਜ ਨੀਤੀ ਨੂੰ ਅਪਨਾਉਣ ਵਾਸਤੇ ਕਿਸਾਨਾਂ ਦੇ ਭਰੋਸੇਯੋਗ ਸਲਾਹਕਾਰ ਬਣਨਾ ਚਾਹੀਦਾ ਹੈ ਤਾਂ ਜੋ ਜ਼ਮੀਨ ਦੀ ਸੰਭਾਲ ਦੇ ਨਾਲ-ਨਾਲ ਖੇਤੀਬਾੜੀ ਵਿੱਚ ਸਥਿਰਤਾ ਵੀ ਕਾਇਮ ਕੀਤੀ ਜਾ ਸਕੇ।

ਜ਼ਮੀਨ ਦੀ ਸੰਭਾਲ ਕਰਨ ਅਤੇ ਇਸ ਆਧਾਰਿਤ ਖੇਤੀਬਾੜੀ ਵਿੱਚ ਸਥਿਰਤਾ ਲਿਆਉਣ ਵਾਸਤੇ ਸੂਬਾ, ਖੇਤਰ, ਪਿੰਡ ਅਤੇ ਫਾਰਮ ਪੱਧਰ ’ਤੇ ਕਾਰਜ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ। ਦੇਸ਼ ਅਤੇ ਪੰਜਾਬ ਵਿੱਚ ਵਿਭਿੰਨ ਤਰ੍ਹਾਂ ਦੇ ਵਾਤਾਵਰਣ ਆਧਾਰਿਤ ਖੇਤਰ ਪਛਾਣੇ ਜਾ ਚੁੱਕੇ ਹਨ ਜਿਨ੍ਹਾਂ ਵਿੱਚ ਜ਼ਮੀਨ ਦੀਆਂ ਵਿਸ਼ੇਸ਼ਤਾਵਾਂ, ਖੇਤ ਉਤਪਾਦਨ ਸਮਰੱਥਾ, ਜ਼ਮੀਨ ਵਿੱਚ ਵਿਗਾੜ, ਧਰਤੀ ਹੇਠਲੇ ਪਾਣੀ ਦੀ ਸਥਿਤੀ, ਬੁਨਿਆਦੀ ਸਹੂਲਤਾਂ ਤੇ ਸਾਧਨ, ਸਮਾਜਿਕ ਲੋੜਾਂ ਆਦਿ ਵੱਖ-ਵੱਖ ਹਨ। ਪੰਜਾਬ ਵਿੱਚ ਵਾਤਾਵਰਣ ਆਧਾਰਿਤ ਪੰਜ ਖੇਤਰ ਹਨ ਜਿਵੇਂ ਕਿ (1) ਸ਼ਿਵਾਲਿਕ ਪਹਾੜੀਆਂ (ਬਾਰਿਸ਼ 900-1300 ਮਿਲੀਮੀਟਰ), (2) ਇਨ੍ਹਾਂ ਨਾਲ ਲੱਗਦਾ ਹੇਠਲਾ ਉੱਚੀ ਨੀਵੀਂ ਜ਼ਮੀਨ ਵਾਲਾ ਕੰਢੀ ਦਾ ਇਲਾਕਾ (ਬਾਰਿਸ਼ 800-1500 ਮਿਲੀਮੀਟਰ) ਬਹੁਤ ਢਲਾਨ ਹੋਣ ਕਾਰਨ ਪਾਣੀ ਦੀ ਖੋਰ ਦਾ ਸ਼ਿਕਾਰ ਬਣਦਾ ਹੈ ਅਤੇ ਬਰਸਾਤੀ ਨਾਲੇ 'ਚੋਅ' ਉਸ ਦਾ ਕਾਫੀ ਨੁਕਸਾਨ ਕਰਦੇ ਹਨ, (3) ਪੰਜਾਬ ਦੇ ਸੈਂਟਰਲ ਇਲਾਕੇ (ਬਾਰਿਸ਼ 400-800 ਮਿਲੀਮੀਟਰ) ਵਿੱਚ ਦਰਿਆਵਾਂ ਦੀ ਭੱਲ ਨਾਲ ਬਣੀ ਜ਼ਮੀਨ ਰੇਲਤੀ ਤੋਂ ਮੈਰਾ ਹੈ। ਲਗਪਗ ਸਾਰੇ ਖੇਤਰ ਵਿੱਚ ਸਿੰਚਾਈ ਦੇ ਸਾਧਨ ਹਨ ਅਤੇ ਕਈ ਇਲਾਕਿਆਂ ਵਿੱਚ ਕਲਰਾਠੀ ਜ਼ਮੀਨ ਵੀ ਹੈ,

(4) ਪੰਜਾਬ ਦੇ ਦੱਖਣ-ਪੱਛਮੀ ਇਲਾਕੇ (ਬਾਰਿਸ਼ 400 ਮਿਲੀਮੀਟਰ ਤੋਂ ਘੱਟ) ਵਿੱਚ ਜ਼ਮੀਨ ਵਿੱਚ ਚੂਨੇ ਤੇ ਕੰਕਰ ਦੀ ਮਾਤਰਾ ਜ਼ਿਆਦਾ ਹੈ। ਪਾਣੀ ਉਪਰਲੀ ਪਰਤ ਤੱਕ ਹੋਣ ਕਰਕੇ ਕਈ ਇਲਾਕਿਆਂ ਵਿੱਚ ਸੇਮ ਤੇ ਕੱਲਰ ਵੀ ਹੈ। ਧਰਤੀ ਹੇਠਲਾ ਪਾਣੀ ਆਮ ਕਰਕੇ ਲੂਣਾ ਜਾਂ ਖਾਰਾ ਹੈ। ਜ਼ਮੀਨ ਦੀ ਉਪਜਾਊ ਸ਼ਕਤੀ ਦਰਮਿਆਨੇ ਪੱਧਰ ਦੀ ਹੈ। (5) ਇਸ ਤੋਂ ਇਲਾਵਾ ਪੰਜਾਬ ਦੀ ਜ਼ਿਆਦਾ ਜ਼ਮੀਨ ਸਿੱਧੇ ਤੌਰ 'ਤੇ ਦਰਿਆਵਾਂ ਦੀ ਮਾਰ ਹੇਠ ਹੈ (Flood Pain Region)। ਲਗਪਗ 5 ਲੱਖ ਹੈਕਟੇਅਰ ਰਕਬੇ ਵਿੱਚ ਜ਼ਮੀਨ ਕਲਰਾਠੀ ਹੈ ਜਿਸ ਦਾ ਸੁਧਾਰ ਕਰਨ ਦੀ ਲੋੜ ਹੈ। ਕਈ ਭੂਮੀ ਸਰਵੇਖਣ ਰੀਪੋਰਟਾਂ ਅਨੁਸਾਰ ਤਕਰੀਬਨ 55 ਲੱਖ ਏਕੜ ਜ਼ਮੀਨ ਕਿਸੇ ਨਾਂ ਕਿਸੇ ਸਮੱਸਿਆ ਦੇ ਅਸਰ ਹੇਠ ਹੈ। ਇਨ੍ਹਾ ਵੱਖ-ਵੱਖ ਖੇਤਰਾਂ, ਵਰਗਾਂ ਅਤੇ ਸਮੱਸਿਆਵਾਂ ਅਧੀਨ ਜ਼ਮੀਨਾਂ ਦੀਆਂ ਭੂਗੋਲਿਕ, ਰਸਾਇਣਿਕ ਤੇ ਭੌਤਿਕ ਵਿਸ਼ੇਸ਼ਤਾਵਾਂ ਵਿੱਚ ਅੰਤਰ ਹੋਣ ਕਰਕੇ ਇਨ੍ਹਾਂ ਦੀ ਉਪਜਾਊ ਸ਼ਕਤੀ ਵੀ ਵੱਖ-ਵੱਖ ਹੈ। ਇਸ ਵਾਸਤੇ ਖੇਤੀਬਾੜੀ ਦੀ ਉਤਪਾਦਕਤਾ ਵਿੱਚ ਸਥਿਰਤਾ ਕਾਇਮ ਰੱਖਣ ਲਈ ਅਤੇ ਜ਼ਮੀਨ ਦੇ ਸੁਧਾਰ ਕਰਨ ਸੰਬੰਧੀ ਜ਼ਮੀਨ ਵਰਤਣ ਦੀਆਂ ਕਾਰਜ ਨੀਤੀਆਂ ਅਤੇ ਫ਼ਸਲਾਂ ਦੀ ਚੋਣ ਦੀਆਂ ਸਕੀਮਾਂ ਵੀ ਖੇਤਰ ਵਿੱਚ ਜ਼ਮੀਨ ਦੀ ਅਨੁਕੂਲਤਾ ਅਨੁਸਾਰ ਹੀ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਸਥਾਨਕ ਮਿੱਟੀ ਪਰਖ ਆਧਾਰਿਤ ਵਿਗਿਆਨਕ ਪ੍ਰਬੰਧਨ ਤਕਨੀਕਾਂ ਅਪਣਾ ਕੇ ਜ਼ਮੀਨ ਦੀ ਠੀਕ ਸੰਭਾਲ ਦੇ ਨਾਲ-ਨਾਲ ਖੇਤੀਬਾੜੀ ਵੀ ਸਥਿਰ ਰੱਖੀ ਜਾ ਸਕੇ।

ਵੱਖ-ਵੱਖ ਵਾਤਾਵਰਣ ਅਨੁਸਾਰ ਵੱਖ-ਵੱਖ ਖੇਤਰਾਂ ਵਿਚਲੀਆਂ ਜ਼ਮੀਨਾਂ ਦੀਆਂ ਰਸਾਇਣਿਕ, ਭੌਤਿਕ ਅਤੇ ਜੈਵਿਕ ਵਿਸ਼ੇਸ਼ਤਾਵਾਂ, ਉਪਜਾਊ ਸ਼ਕਤੀ ਅਤੇ ਵੱਖ-ਵੱਖ ਤਰ੍ਹਾਂ ਦੀਆਂ ਸਮੱਸਿਆਵਾਂ ਆਦਿ ਨੂੰ ਧਿਆਨ ਵਿੱਚ ਰੱਖਦੇ ਹੋਏ ਵੱਖ-ਵੱਖ ਗੁਣਵੱਤਾ ਵਾਲੀਆਂ ਜ਼ਮੀਨਾਂ ਦੀ ਫ਼ਸਲੀ ਅਨੁਕੂਲਤਾ ਤੇ ਆਧਾਰਿਤ ਖੇਤਰ ਪਛਾਣੇ ਜਾ ਸਕਦੇ ਹਨ। ਉਨ੍ਹਾਂ ਵਿੱਚ ਜ਼ਮੀਨ ਦੀ ਸੰਭਾਲ ਅਤੇ ਫ਼ਸਲਾਂ ਪੈਦਾ ਕਰਨ ਦੇ ਲੋੜੀਂਦੇ ਤਕਨੀਕੀ ਪ੍ਰਬੰਧਨ ਕੁਸ਼ਲਤਾ ਨਾਲ ਅਪਣਾ ਕੇ ਉੱਚ ਉਤਪਾਦਕਤਾ ਤੇ ਉਤਪਾਦਨ-ਕੁਸ਼ਲਤਾ ਕਾਇਮ ਕਰਨ ਦੇ ਨਾਲ-ਨਾਲ ਜ਼ਮੀਨ ਦੀ ਸਿਹਤ ਖਰਾਬ ਹੋਣ ਤੇ ਰੋਕ ਲਗਾਉਣ ਲਈ ਲੰਮੀ ਮਿਆਦ ਵਾਲੇ ਹੱਲ ਕੀਤੇ ਜਾ ਸਕਦੇ ਹਨ।

ਇਨ੍ਹਾਂ ਖੇਤਰਾਂ ਵਿੱਚ ਜ਼ਮੀਨ ਦੀ ਸਾਂਭ-ਸੰਭਾਲ ਤੇ ਖੇਤੀਬਾੜੀ ਵਿਚਕਾਰ ਸੰਤੁਲਨ ਰੱਖਣ ਵਾਸਤੇ 'ਸੁਰੱਖਿਅਤ ਖੇਤੀ' ਅਪਣਾਏ ਜਾਣ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਸ ਖੇਤੀ ਸਿਸਟਮ ਵਿੱਚ ਮਿੱਟੀ ਪਰਖ 'ਤੇ ਆਧਾਰਿਤ ਉਪਜਾਊ ਗੁਣਵੱਤਾ ਦੀ ਸਮਰੱਥਾ ਨੂੰ ਸੁਰੱਖਿਅਤ ਰੱਖਣਾ, ਤਕਨਾਲੋਜੀ ਤੇ ਇਨਪੁਟਸ ਦੀ ਵਰਤੋਂ, ਫ਼ਸਲਾਂ ਦੀ ਚੋਣ ਅਤੇ ਇਨ੍ਹਾਂ ਵਿੱਚ ਵਿਭਿੰਨਤਾ ਅਪਨਾਉਣਾ, ਜ਼ਮੀਨ ਵਿੱਚ ਜੈਵਿਕ ਮਾਦਾ ਵਧਾਉਣਾ, ਜ਼ਮੀਨ ਨੂੰ ਉੱਪਰੋਂ ਫ਼ਸਲ ਦੀ ਰਹਿੰਦ-ਖੂੰਹਦ ਨਾਲ ਢੱਕ ਕੇ ਉਸ ਵਿੱਚ ਗਿੱਲ ਕਾਇਮ ਰੱਖਣਾ, ਜ਼ਮੀਨ ਦੀਆਂ ਸਮੱਸਿਆਵਾਂ ਦਾ ਸੁਧਾਰ ਕਰਨਾ ਆਦਿ ਜ਼ਰੂਰੀ ਕਾਰਵਾਈਆਂ ਉਤਸ਼ਾਹਿਤ ਕੀਤੀਆਂ ਜਾਂਦੀਆਂ ਹਨ। ਜੈਵਿਕ ਮਾਦਾ ਵਧਾਉਣ ਵਾਸਤੇ ਜੈਵਿਕ ਖਾਦਾਂ, ਫ਼ਸਲਾਂ

ਦੀ ਰਹਿੰਦ-ਖੂੰਹਦ, ਹਰੀ ਖਾਦ ਆਦਿ ’ਤੇ ਜ਼ੋਰ ਦੇਣਾ, ਖੇਤਾਂ ਦੀ ਘੱਟ ਤੋਂ ਘੱਟ ਵਹਾਈ ਕਰਨਾ, ਇਨਪੁਟਸ (ਖਾਦਾਂ, ਪਾਣੀ, ਨਦੀਨ ਤੇ ਕੀਟ ਨਾਸ਼ਕ ਜ਼ਹਿਰਾਂ, ਊਰਜਾ) ਦੀ ਲੋੜ ਅਨੁਸਾਰ ਅਤੇ ਸੁਚੱਜੀ ਵਰਤੋਂ ਕਰਨਾ ਆਦਿ ਸਿਫ਼ਾਰਿਸ਼ਾਂ ਕੀਤੀਆਂ ਜਾਂਦੀਆਂ ਹਨ। ਇਸ ਤਰ੍ਹਾਂ “ਜ਼ਮੀਨ ਸੰਭਾਲ ਖੇਤੀ” ਨਾ ਸਿਰਫ਼ ਜ਼ਮੀਨ ਦੀ ਸੰਭਾਲ ਕਰਦੇ ਹੋਏ ਖੇਤੀਬਾੜੀ ਵਿੱਚ ਸਥਿਰਤਾ ਕਾਇਮ ਰੱਖੇਗੀ ਸਗੋਂ ਨਾਲ ਹੀ ਨਾਲ ਪਾਣੀ ਤੇ ਵਾਤਾਵਰਣ ਦੀ ਸੰਭਾਲ ਕਰਨ ਵਿੱਚ ਵੀ ਯੋਗਦਾਨ ਪਾਏਗੀ।

ਹੁਣ ਸਮਾਂ ਹੈ ਕਿ ਯੋਜਨਾ ਬਣਾਉਣ ਵਾਲੇ, ਖੇਤੀ ਮਾਹਿਰ ਅਤੇ ਕਿਸਾਨ ਭਵਿੱਖਤ ਸੋਚ ਨਾਲ ਇਹ ਅਨੁਭਵ ਕਰਨ ਕਿ ਮੌਜੂਦਾ ਜ਼ਮੀਨ ਦੀ ਕੁਸ਼ਲ ਵਰਤੋਂ ਕਰਕੇ ਇਸ ਦੀ ਖੇਤੀ ਉਤਪਾਦਨ ਸਮਰੱਥਾ ਕਾਇਮ ਰੱਖਣਾ, ਜ਼ਮੀਨ ਦੀ ਭਵਿੱਖਤ ਉਤਪਾਦਨ ਸਮਰੱਥਾ ਦੇ ਜਾਇਜ਼ੇ ਅਨੁਸਾਰ ਇਸ ਦੀ ਯੋਜਨਾਬੱਧ ਵਰਤੋਂ ਵਾਸਤੇ ਤਕਨਾਲੋਜੀ ਆਧਾਰਿਤ ਪ੍ਰਬੰਧਨ ਕਰਨਾ ਅਤੇ ਜ਼ਮੀਨ ਖਰਾਬ ਹੋਣ ਵਾਲੀਆਂ ਕਿਰਿਆਵਾਂ ਨੂੰ ਹਾਵੀ ਨਾ ਹੋਣ ਦੇਣਾ ਵੱਡੀਆਂ ਚੁਣੌਤੀਆਂ ਹਨ। ਇਸ ਵਾਸਤੇ ਲੋੜ ਹੈ ਕਿ ਆਧੁਨਿਕ ਤਕਨਾਲੋਜੀ ਆਧਾਰਿਤ ਜ਼ਮੀਨ ਦੀ ਸੰਭਾਲ ਅਤੇ ਖੇਤੀਬਾੜੀ ਦੀ ਉਤਪਾਦਕਤਾ ਅਤੇ ਉਤਪਾਦਨ ਸਮਰੱਥਾ ਕਾਇਮ ਰੱਖੇ ਜਾਣ। ਰਾਜ, ਖੇਤਰ, ਪਿੰਡ ਅਤੇ ਫਾਰਮ ਪੱਧਰ ’ਤੇ 'ਜ਼ਮੀਨ ਸੰਭਾਲ ਖੇਤੀ' ਅਪਨਾਉਣ ਅਤੇ ਮਿੱਟੀ ਪਰਖ ਆਧਾਰਿਤ ਖੇਤੀਬਾੜੀ ਵਿੱਚ ਪ੍ਰਬੰਧਨ ਕਰਨ ਵਾਸਤੇ ਵੱਡੇ ਪੱਧਰ ’ਤੇ ਕਿਸਾਨਾਂ ਨੂੰ ਉਤਸ਼ਾਹਿਤ ਕਰਕੇ ਜ਼ਮੀਨ ਦੀ “ਮਾਤਾ ਧਰਤਿ ਮਹਤੁ” ਦੇ ਮਹਾਂਵਾਕ ’ਤੇ ਅਮਲ ਕਰਕੇ ਸੰਭਾਲ ਕਰਨੀ ਚਾਹੀਦੀ ਹੈ।

❖❖❖

# 6
# ਪਾਣੀ ਦੀ ਸਾਂਭ-ਸੰਭਾਲ ਤੇ ਸੁਚੱਜੀ ਵਰਤੋਂ

ਇੱਕੀਵੀਂ ਸਦੀ ਵਿੱਚ ਸੱਭ ਤੋਂ ਵੱਧ ਚਿੰਤਾਜਨਕ ਗੱਲ ਹੈ ਪਾਣੀ ਦੀ ਘਾਟ ਦਾ ਮੰਡਰਾਉਂਦਾ ਸੰਕਟ। ਭਵਿੱਖ ਵਿੱਚ ਖੁਰਾਕ ਦੀ ਸੁਰੱਖਿਆ ਵਾਸਤੇ, ਖੇਤੀਬਾੜੀ ਤੇ ਖੇਤੀ ਉਤਪਾਦਨ ਵਧਾਉਣ ਵਾਸਤੇ ਅਤੇ ਸਮਾਜਿਕ ਆਰਥਿਕ ਸਥਿਰਤਾ ਤੇ ਸੰਤੁਲਨ ਬਣਾ ਕੇ ਰੱਖਣ ਵਾਸਤੇ ਸਿੰਚਾਈ ਵਾਲੇ ਪਾਣੀ ਦੀ ਵੱਧ ਰਹੀ ਘਾਟ ਇਕ ਬਹੁਤ ਬੜੀ ਚੁਣੌਤੀ ਨਜ਼ਰ ਆ ਰਹੀ ਹੈ। ਸੰਯੁਕਤ ਰਾਸ਼ਟਰ ਪ੍ਰੋਜੈਕਟ ਦੀ ਸੰਨ 2006 ਦੀ ਰਿਪੋਰਟ ਅਨੁਸਾਰ ਦੁਨੀਆਂ ਵਿੱਚ 2025 ਤੱਕ 300 ਕਰੋੜ ਲੋਕ ਪਾਣੀ ਦੀ ਘਾਟ ਦੇ ਅਸਰ ਹੇਠ ਹੋਣਗੇ। ਭਾਵੇਂ ਦੁਨੀਆਂ ਦੇ ਕੁੱਲ ਚੰਗੇ ਪਾਣੀ ਦਾ 4 ਪ੍ਰਤੀਸ਼ਤ ਪਾਣੀ ਭਾਰਤ ਵਿੱਚ ਉਪਲੱਬਧ ਹੈ ਪਰ ਦੇਸ਼ ਵਿੱਚ ਪ੍ਰਤੀ ਆਦਮੀ ਪਾਣੀ ਦੀ ਉਪਲੱਬਧਤਾ ਜੋ 1950 ਵਿੱਚ 5000 ਕਿਊਬਿਕ ਮੀਟਰ ਸੀ ਸੰਨ 2026 ਵਿੱਚ ਘਟ ਕੇ 1340 ਕਿਊਬਿਕ ਮੀਟਰ ਅਤੇ 2050 ਵਿੱਚ 1140 ਕਿਊਬਿਕ ਮੀਟਰ ਰਹਿ ਜਾਣ ਦੀ ਸੰਭਾਵਨਾ ਹੈ। ਮਾਹਿਰਾਂ ਅਨੁਸਾਰ ਇਹ ਲੋੜੀਂਦੇ 1700 ਕਿਊਬਿਕ ਮੀਟਰ, ਜਿਸ ਨਾਲ ਦੇਸ਼ ਦੀ ਲੋੜੀਂਦੀ ਖੁਰਾਕ ਪੈਦਾ ਕੀਤੀ ਜਾ ਸਕੇ, ਵੱਧ ਰਹੇ ਉਦਯੋਗ ਤੇ ਸ਼ਹਿਰੀ ਲੋੜ ਪੂਰੀ ਕੀਤੀ ਜਾ ਸਕੇ ਅਤੇ ਨਾਲ ਹੀ ਨਾਲ ਵਾਤਾਵਰਣ ਨੂੰ ਸੰਭਾਲ ਕੇ ਰੱਖਿਆ ਜਾ ਸਕੇ, ਨਾਲੋਂ ਬਹੁਤ ਘੱਟ ਹੈ।

ਪੰਜਾਬ ਸਰਕਾਰ ਦੀ ਇੱਕ ਰੀਪੋਰਟ (ਜੂਨ 4, 2020) ਅਨੁਸਾਰ ਧਰਤੀ ਹੇਠਲੇ ਪਾਣੀ ਦਾ ਨਿਕਾਸ ਜੋ ਸਨ 2013 ਵਿੱਚ 149 ਪ੍ਰਤੀਸ਼ਤ ਸੀ 2018 ਦੌਰਾਨ ਵਧ ਕੇ 165 ਪ੍ਰਤੀਸ਼ਤ ਹੋ ਗਿਆ ਹੈ। ਪੰਜਾਬ ਵਿੱਚ ਘਟ ਰਹੀ ਪਾਣੀ ਦੀ ਉਪਲੱਬਧਤਾ ਦਾ ਸੰਕਟ ਹੋਰ ਵੀ ਤੇਜ਼ੀ ਨਾਲ ਵਧਦਾ ਜਾ ਰਿਹਾ ਹੈ ਤੇ ਇਕ ਅਨੁਮਾਨ ਅਨੁਸਾਰ ਫ਼ਸਲਾਂ ਦੀ ਸਿੰਚਾਈ ਵਾਸਤੇ ਕੁੱਲ ਲੋੜ ਤੋਂ 12.5 ਹੈਕਟੇਅਰ ਮੀਟਰ ਪਾਣੀ ਦੀ ਘਾਟ ਹੈ। ਇੱਥੇ ਹਰ ਸਾਲ 15-16 ਲੱਖ ਹੈਕਟੇਅਰ ਮੀਟਰ ਪਾਣੀ ਬਾਰਿਸ਼ ਰਾਹੀਂ ਧਰਤੀ ਉੱਪਰ ਪੈਂਦਾ ਹੈ ਜੋ ਮੁਸ਼ਕਿਲ ਨਾਲ 20 ਪ੍ਰਤੀਸ਼ਤ ਸਿੰਚਾਈ ਦੀ ਲੋੜ ਪੂਰੀ ਕਰਦਾ ਹੈ। ਲਗਪਗ 70 ਪ੍ਰਤੀਸ਼ਤ ਸਿੰਚਾਈ ਦੀ ਲੋੜ ਧਰਤੀ ਹੇਠਲੇ ਪਾਣੀ ਨਾਲ ਹੀ ਪੂਰੀ ਕੀਤੀ ਜਾਂਦੀ ਹੈ।

ਅਸਲ ਵਿੱਚ ਸਿੰਚਾਈ ਵਾਸਤੇ ਧਰਤੀ ਹੇਠਲੇ ਪਾਣੀ ਦੀ ਘਾਟ ਲਗਾਤਾਰ ਵਧਦੀ ਜਾ ਰਹੀ ਹੈ। ਧਰਤੀ ਹੇਠਲੇ ਪਾਣੀ ਦੇ ਸੋਮੇ ਵਿੱਚੋਂ 14 ਲੱਖ ਤੋਂ ਵੀ ਵੱਧ ਟਿਊਬਵੈੱਲਾਂ ਨਾਲ ਬਹੁਤ ਜ਼ਿਆਦਾ ਪਾਣੀ ਲਗਾਤਾਰ ਸਿੰਚਾਈ ਵਾਸਤੇ ਕੱਢਿਆ ਜਾ ਰਿਹਾ ਹੈ ਪਰ ਇਸ ਸੋਮੇਂ ਦੇ ਫਿਰ ਤੋਂ ਪੂਰੇ ਤੌਰ ’ਤੇ ਰਿਚਾਰਜ ਨਾ ਹੋਣ ਕਰਕੇ ਇਸ ਉੱਤੇ ਦਬਾਅ ਵਧਦਾ ਜਾ ਰਿਹਾ ਹੈ। ਇਕ ਅੰਦਾਜ਼ੇ ਮੁਤਾਬਿਕ ਪੰਜਾਬ ਦੇ ਕੁੱਲ 138 ਬਲਾਕਾਂ ਵਿੱਚੋਂ 103 ਬਲਾਕਾਂ ਵਿੱਚ 100 ਪ੍ਰਤੀਸ਼ਤ ਧਰਤੀ ਹੇਠਲਾ ਪਾਣੀ ਬਹੁਤ ਦਬਾਅ ਹੇਠ ਹੈ। ਬਹੁਤ ਵੱਡੇ ਰਕਬੇ (ਲਗਪਗ 70 ਲੱਖ ਏਕੜ) ਵਿੱਚ ਝੋਨੇ ਦੀ ਫ਼ਸਲ ਵਿੱਚ ਪਾਣੀ ਖੜ੍ਹਾ ਰੱਖਣ ਵਾਸਤੇ ਮਈ-ਜੂਨ ਦੇ

ਮਹੀਨਿਆਂ ਦੌਰਾਨ ਬਹੁਤ ਜ਼ਿਆਦਾ ਧਰਤੀ ਹੇਠਲੇ ਪਾਣੀ ਦਾ ਕੱਢਿਆ ਜਾਣਾ, ਵੱਡੇ ਪੱਧਰ ’ਤੇ ਹਰ ਸਾਲ ਕਈ ਫ਼ਸਲਾਂ ਦੇ ਉਗਾਏ ਜਾਣ ਕਰਕੇ ਪਾਣੀ ਦੀ ਲੋੜ ਦਾ ਵਧਣਾ ਅਤੇ ਖੇਤ ਪੱਧਰ ’ਤੇ ਨਾ-ਸਮਝੀ ਤੇ ਗਲਤ ਢੰਗਾਂ ਨਾਲ ਸਿੰਚਾਈ ਕਰਨਾ ਆਦਿ ਇਸ ਸਮੱਸਿਆ ਦੇ ਖਾਸ ਕਾਰਨ ਹਨ। ਸਿੱਟੇ ਵਜੋਂ ਨਾ-ਸਿਰਫ ਧਰਤੀ ਹੇਠਲੇ ਪਾਣੀ ਦੀ ਸਤਹਿ ਹੇਠਾਂ ਜਾ ਰਹੀ ਹੈ ਸਗੋਂ ਇਸ ਦੀ ਮਾਤਰਾ ਵੀ ਘਟਦੀ ਜਾ ਰਹੀ ਹੈ। ਇਕ ਅਨੁਮਾਨ ਅਨੁਸਾਰ ਪੰਜਾਬ ਦੇ 30 ਪ੍ਰਤੀਸ਼ਤ ਤੋਂ ਜ਼ਿਆਦਾ ਇਲਾਕੇ ਵਿੱਚ ਧਰਤੀ ਹੇਠਲੇ ਪਾਣੀ ਦੀ ਸਤਹਿ ਨਾਜ਼ੁਕ-ਡੂੰਘਾਈ (10 ਮੀਟਰ) ਤੋਂ ਹੇਠਾਂ ਜਾਂ ਸਕਦੀ ਹੈ। ਕਿਉਂਕਿ ਘੱਟ ਡੂੰਘੇ ਟਿਊਬਵੈੱਲਾਂ ਨਾਲ ਪਾਣੀ ਖਿੱਚਣਾ ਬਹੁਤ ਮੁਸ਼ਕਿਲ ਹੁੰਦਾ ਜਾ ਰਿਹਾ ਹੈ, ਕਿਸਾਨ ਬਹੁਤ ਡੂੰਘੇ ਟਿਊਬਵੈੱਲ ਲਗਾਉਣ ਵਾਸਤੇ ਮਜ਼ਬੂਰ ਹੁੰਦੇ ਜਾ ਰਹੇ ਹਨ, ਜਿਸ ਕਰਕੇ ਊਰਜਾ (ਬਿਜਲੀ, ਡੀਜ਼ਲ) ਦੀ ਖਪਤ ਅਤੇ ਫ਼ਸਲ ਉਤਪਾਦਨ ਦੇ ਖ਼ਰਚੇ ਵੀ ਵਧ ਰਹੇ ਹਨ। ਖਾਸ ਤੌਰ ’ਤੇ ਛੋਟੇ ਕਿਸਾਨਾਂ ਨੂੰ ਬਹੁਤ ਹੀ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਨ੍ਹਾਂ ਹਾਲਾਤਾਂ ਕਰਕੇ ਲੋੜ ਹੈ ਕਿ ਧਰਤੀ ਉਪਰਲੇ ਅਤੇ ਹੇਠਲੇ ਉਪਲੱਬਧ ਪਾਣੀ ਦੇ ਵਸੀਲਿਆਂ ਦੇ ਬਚਾਅ ਅਤੇ ਸੰਭਾਲ ਵਾਸਤੇ ਸਹੀ ਪ੍ਰਬੰਧ ਕੀਤੇ ਜਾਣ, ਖੇਤ ਪੱਧਰ ’ਤੇ ਦੁਰਵਰਤੋਂ ਘਟਾਈ ਜਾਵੇ ਅਤੇ ਇਨ੍ਹਾਂ ਦੀ ਸਹੀ ਸਿੰਚਾਈ ਸਕੀਮਾਂ ਤੇ ਢੰਗਾਂ ਨਾਲ ਵਰਤੋਂ ਕਰਕੇ ਖੇਤੀ-ਉਪਜ ਵਧਾਈ ਜਾਵੇ। ਇਸ ਦੇ ਨਾਲ-ਨਾਲ ਧਰਤੀ ਹੇਠਲੇ ਪਾਣੀ ਦੀ ਡਿਗਦੀ ਜਾ ਰਹੀ ਸਤਹਿ ਤੇ ਨਾ ਸਿਰਫ ਰੋਕ ਲਗਾਈ ਜਾਵੇ ਸਗੋਂ ਉਸ ਨੂੰ ਫਿਰ ਤੋਂ ਰੀਚਾਰਜ ਕਰਕੇ ਉੱਪਰ ਵੱਲ ਲਿਆਂਦਾ ਜਾਵੇ।

ਪਰ ਹੈਰਾਨੀ ਇਹ ਹੈ ਕਿ ਇੱਕ ਪਾਸੇ ਤਾਂ ਪਾਣੀ ਦੇ ਨਵੇਂ ਤੇ ਹੋਰ ਵਸੀਲੇ ਪੈਦਾ ਕਰਨ ਵਾਸਤੇ ਬਹੁਤ ਵੱਡੇ ਪੱਧਰ ’ਤੇ ਸਰਕਾਰੀ ਤੇ ਗ਼ੈਰ-ਸਰਕਾਰੀ ਪੂੰਜੀ ਨਿਵੇਸ਼ ਅਤੇ ਕੋਸ਼ਿਸ਼ਾਂ ਲਗਾਤਾਰ ਕੀਤੀਆਂ ਜਾ ਰਹੀਆਂ ਹਨ ਪਰ ਦੂਜੇ ਪਾਸੇ ਪਹਿਲੇ ਹੀ ਉਪਲੱਬਧ ਧਰਤੀ ਉਪਰਲੇ (ਬਾਰਿਸ਼, ਦਰਿਆ, ਨਹਿਰਾਂ) ਅਤੇ ਹੇਠਲੇ ਪਾਣੀ ਦੀ ਦੁਰਵਰਤੋਂ ਰੋਕਣ ਵਲ ਬਹੁਤ ਘੱਟ ਧਿਆਨ ਦਿੱਤਾ ਜਾ ਰਿਹਾ ਹੈ। ਅਸਲ ਵਿੱਚ ਖੇਤ ਪੱਧਰ ’ਤੇ ਫ਼ਸਲ-ਨਿਸ਼ਚਿਤ ਸਹੀ ਤੇ ਕੁਸ਼ਲ ਢੰਗਾਂ ਤੇ ਪ੍ਰਬੰਧਾਂ ਬਾਰੇ ਕਿਸਾਨਾਂ ਨੂੰ ਨਵੀਆਂ ਤਕਨੀਕਾਂ ਨਾਲ ਸਿੰਚਾਈ ਕਰਨ ਵਾਸਤੇ ਸਿਖਲਾਈ ਦੇਣਾ ਤੇ ਪ੍ਰੇਰਿਤ ਕਰਨਾ ਬਹੁਤ ਹੀ ਜ਼ਰੂਰੀ ਹੈ। ਇਸ ਤਰ੍ਹਾਂ ਉਪਲੱਬਧ ਪਾਣੀ ਦੀ ਸੰਭਾਲ ਨਾਲ ਨਾਂ ਸਿਰਫ ਖੇਤੀ-ਉਪਜ ਨਿਰੰਤਰ ਤੌਰ ’ਤੇ ਵੱਧ ਮਿਲੇਗੀ ਸਗੋਂ ਪਾਣੀ ਦੀ ਬੱਚਤ ਨਾਲ ਖੇਤੀ ਹੇਠ ਰਕਬਾ ਵੀ ਵਧ ਸਕੇਗਾ।

ਹੁਣ ਲੋੜ ਹੈ ਇੱਕ ਸਮੁੱਚੇ ਤੌਰ ’ਤੇ ਪਾਣੀ ਬਚਾਉ ਕਾਰਜ ਨੀਤੀ ਲਾਗੂ ਕਰਨ ਦੀ, ਜਿਸ ਨਾਲ ਸਥਾਨਕ ਖੇਤ ਪੱਧਰ ’ਤੇ ਸਿੰਚਾਈ ਦੇ ਸਹੀ ਪ੍ਰਬੰਧ ਅਪਨਾਉਣ ਨੂੰ ਖਾਸ ਤਰਜੀਹ ਦਿੱਤੀ ਜਾਵੇ ਅਤੇ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਨੂੰ ਰੋਕਿਆ ਜਾਵੇ। ਇਹ ਬਹੁਤ ਜ਼ਰੂਰੀ ਹੈ ਕਿ ਸਥਾਨਕ ਜ਼ਮੀਨ ਵਿੱਚ ਹੀ ਬਾਰਿਸ਼ ਵਾਲਾ ਪਾਣੀ ਇਕੱਠਾ ਕੀਤਾ ਜਾਵੇ ਅਤੇ ਇੱਕ ਲੋਕ-ਲਹਿਰ ਜਾਂ ਮੁਹਿੰਮ ਚਲਾ ਕੇ ਕਿਸਾਨਾਂ ਨੂੰ ਪਾਣੀ ਦੇ ਵਸੀਲਿਆਂ ਨੂੰ ਸਮਝ ਨਾਲ ਵਰਤ ਕੇ ਇਸ ਦੀ ਦੁਰਵਰਤੋਂ ਨੂੰ ਰੋਕਣ ਲਈ ਪ੍ਰੇਰਿਤ ਅਤੇ ਉਤਸ਼ਾਹਿਤ ਕੀਤਾ ਜਾਵੇ।

ਅਗਲੇ ਦਹਾਕੇ ਵਿੱਚ ਇੱਕ ਅਸਲਵਾਦੀ ਟੀਚਾ “ਪਾਣੀ-ਸੰਭਾਲੋ ਪਾਣੀ-ਬਚਾਉ”

ਅੰਦੋਲਨ ਲਿਆਉਣ ਦਾ ਹੋਣਾ ਚਾਹੀਦਾ ਹੈ। ਬਾਰਿਸ਼ ਦੇ ਪਾਣੀ ਦੀ ਸਥਾਨਕ ਖੇਤਾਂ ਵਿੱਚ ਹੀ ਸੰਭਾਲ ਕਰਨੀ ਚਾਹੀਦੀ ਹੈ ਤਾਂ ਜੋ ਬਰਾਨੀ ਖੇਤੀ ਦੀ ਉਪਜ ਵਧਾਈ ਜਾ ਸਕੇ, ਸਿੰਚਾਈ ਵਾਲੇ ਪਾਣੀ ਦੀ ਬੱਚਤ ਕੀਤੀ ਜਾਵੇ, ਪਾਣੀ ਤੇ ਜ਼ਮੀਨ ਦੇ ਰੋੜ੍ਹ ਨੂੰ ਘਟਾਇਆ ਜਾਵੇ ਤਾਂ ਜੋ ਧਰਤੀ ਹੇਠ ਪਾਣੀ ਦਾ ਰਿਚਾਰਜ ਹੋ ਸਕੇ।

ਮੌਜੂਦਾ ਘੱਟ ਕੁਸ਼ਲਤਾ ਵਾਲੇ ਸਿੰਚਾਈ-ਢੰਗਾਂ, ਜਿਵੇਂ ਕਿ ਵੱਡੇ-ਵੱਡੇ ਖੇਤਾਂ ਵਿੱਚ ਪਾਣੀ ਖੁਲ੍ਹਾ ਛੱਡ ਕੇ ਲਾਉਣਾ (35-40 ਪ੍ਰਤੀਸ਼ਤ ਕੁਸ਼ਲਤਾ), ਵੱਲੋਂ ਮੁੜ ਕੇ ਸੁਧਰੇ ਹੋਏ ਫ਼ਸਲ-ਨਿਸ਼ਚਿਤ ਸਿੰਚਾਈ ਢੰਗ ਅਪਨਾਉਣ ਵਾਸਤੇ ਕਿਸਾਨਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਹ ਢੰਗ ਹਨ: ਛੋਟੇ-ਛੋਟੇ ਕਿਆਰੇ ਬਣਾ ਕੇ ਸਿੰਚਾਈ, ਖੇਲਾਂ ਵਿੱਚ ਸਿੰਚਾਈ (ਕਪਾਹ, ਮੱਕੀ, ਕਮਾਦ, ਆਦਿ; ਕੁਸ਼ਲਤਾ 60 ਪ੍ਰਤੀਸ਼ਤ), ਫੁਹਾਰਾ ਸਿੰਚਾਈ (ਕੁਸ਼ਲਤਾ 70-75 ਪ੍ਰਤੀਸ਼ਤ) ਤੇ ਤੁਪਕਾ ਸਿੰਚਾਈ (ਕੁਸ਼ਲਤਾ 90-95 ਪ੍ਰਤੀਸ਼ਤ)। ਲਾਈਨਾਂ ਵਿੱਚ ਬੀਜੀਆਂ ਫ਼ਸਲਾਂ, ਸਬਜ਼ੀਆਂ, ਬਾਗ, ਆਦਿ ਵਾਸਤੇ ਫੁਆਰਾ ਤੇ ਤੁਪਕਾ ਸਿੰਚਾਈ ਵਾਲੇ ਜੰਤਰਾਂ ਦੀ ਕੀਮਤ ਘੱਟ ਹੋਣੀ ਚਾਹੀਦੀ ਹੈ ਤਾਂ ਜੋ ਛੋਟੇ ਕਿਸਾਨ ਵੀ ਇਸ ਨੂੰ ਵਰਤ ਸਕਣ। ਸਰਕਾਰੀ ਤੇ ਗ਼ੈਰ-ਸਰਕਾਰੀ ਅਦਾਰਿਆਂ ਨੂੰ ਰਲ ਕੇ ਘੱਟ ਕੀਮਤ ਵਾਲੇ ਜੰਤਰ ਛੋਟੇ ਕਿਸਾਨਾਂ ਨੂੰ ਉਪਲੱਬਧ ਕਰਵਾਉਣੇ ਚਾਹੀਦੇ ਹਨ।

ਪਾਣੀ ਬਚਾਉਣ ਵਾਸਤੇ ਉਨ੍ਹਾਂ ਫ਼ਸਲਾਂ ਦੀ ਕਾਸ਼ਤ ਕਰਨੀ ਚਾਹੀਦੀ ਹੈ ਜੋ ਘੱਟ ਸਮੇਂ ਵਿੱਚ ਅਤੇ ਘੱਟ ਸਿੰਚਾਈ ਨਾਲ ਹੀ ਵੱਧ ਉਪਜ ਦੇਣ। ਲੰਮੇ ਸਮੇਂ ਵਾਲੇ ਝੋਨੇ ਦੀਆਂ ਕਿਸਮਾਂ ਨੂੰ ਛੱਡ ਕੇ ਘੱਟ ਸਮਾਂ ਲੈਣ ਵਾਲਾ ਦੋਗਲਾ ਝੋਨਾ ਜਾਂ ਮੱਕੀ ਜਾਂ ਬਾਸਮਤੀ ਉਗਾ ਕੇ ਕਾਫੀ ਪਾਣੀ ਬਚਾਇਆ ਜਾ ਸਕਦਾ ਹੈ। ਪੰਜਾਬ ਐਗਰੀਕਲਚਰਲ ਯੂਨਵਿਰਸਿਟੀ, ਲੁਧਿਆਣਾ ਵਲੋਂ ਝੋਨੇ ਦੀ ਬਿਜਾਈ ਦਾ ਸਮਾਂ ਜੂਨ ਮਹੀਨੇ ਦੇ ਅੱਧ ਪਿੱਛੋਂ ਕਰਨ ਦੀ ਸਿਫਾਰਿਸ਼ ਦੇ ਲਾਗੂ ਹੋਣ ਨਾਲ 30-40 ਪ੍ਰਤੀਸ਼ਤ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਇੱਕ ਹੋਰ ਸਿਫਾਰਿਸ਼ ਜੋ ਕਿਸਾਨਾਂ ਨੂੰ ਵੱਡੇ ਪੱਧਰ ’ਤੇ ਅਪਨਾਉਣੀ ਚਾਹੀਦੀ ਹੈ, ਉਹ ਹੈ ਕਿ ਝੋਨੇ ਵਾਲੇ ਖੇਤ ਵਿੱਚ ਪਾਣੀ ਲਗਾਤਾਰ ਖੜ੍ਹਾ ਰੱਖਣ ਦੀ ਬਜਾਏ ਹਰ ਸਿੰਚਾਈ ਕਰਨ ਤੋਂ ਬਾਅਦ ਪਾਣੀ ਜਜ਼ਬ ਹੋਣ ਦੇ ਦੋ-ਤਿੰਨ ਪਿਛੋਂ ਅਗਲਾ ਪਾਣੀ ਦਿੱਤਾ ਜਾਵੇ। ਇਸ ਨਾਲ ਪਾਣੀ ਦੀ ਕਾਫੀ ਬੱਚਤ ਹੋ ਸਕਦੀ ਹੈ।

ਹੁਣ ਲੋੜ ਹੈ ਉਪਲੱਬਧ ਪਾਣੀ ਨਾਲ ਫ਼ਸਲ ਤੋਂ ਵੱਧ ਤੋਂ ਵੱਧ ਉਪਜ ਲੈਣ ਦੀ। ਇਸ ਵਾਸਤੇ ਵੱਖ-ਵੱਖ ਵਿਭਾਗਾਂ ਦੇ ਵਿਗਿਆਨੀਆਂ ਨੂੰ ਮਿਲ ਕੇ ਸਹੀ ਤੇ ਕੁਸ਼ਲ ਸਿੰਚਾਈ ਵਾਸਤੇ ਤਕਨੀਕਾਂ ਕੱਢਣੀਆਂ ਪੈਣਗੀਆਂ ਜਿਨ੍ਹਾਂ ਨੂੰ ਕਿਸਾਨ ਆਸਾਨੀ ਨਾਲ ਅਪਣਾ ਸਕਣ।ਜੇ ਧਰਤੀ ਹੇਠਲੇ ਪਾਣੀ ਦੀ ਪੰਪਾਂ ਨਾਲ ਅੰਨ੍ਹਾਧੁੰਦ ਖਿਚਾਈ ਨਾ ਰੋਕੀ ਗਈ ਤਾਂ ਇਸ ਪਾਣੀ ਦਾ ਸੰਤੁਲਨ ਵਿਗੜ ਜਾਵੇਗਾ ਅਤੇ ਇਹ ਪਾਣੀ ਦੇ ਸੋਮੇ ਖਾਲੀ ਹੋਣ ਵਿੱਚ ਹੋਰ ਤੇਜ਼ੀ ਆ ਜਾਵੇਗੀ।

ਇਹ ਸਮਝ ਲੈਣਾ ਜ਼ਰੂਰੀ ਹੈ ਕਿ ਉਹ ਕਿਸਾਨ ਹੀ ਖੇਤੀ-ਉਪਜ ਅਤੇ ਇਸ ਦੇ ਆਧਾਰ ’ਤੇ ਆਮਦਨ ਵਧਾਉਣ ਦੀ ਦਰ ਵਿੱਚ ਨਿਰੰਤਰ ਤੌਰ ’ਤੇ ਵਾਧਾ ਕਾਇਮ ਰੱਖ ਸਕਣਗੇ ਜਿਹੜੇ ਸੁਨਿਸ਼ਚਿਤ ਸਕੀਮਾਂ ਨਾਲ ਸਿੰਚਾਈ ਪ੍ਰਬੰਧ ਕਰਕੇ ਆਪਣੇ ਪਾਣੀ ਦੇ ਵਸੀਲਿਆਂ ਦੀ ਸਾਂਭ-ਸੰਭਾਲ ਤੇ ਬੱਚਤ ਕਰਨਗੇ।

# 7
# ਜ਼ਮੀਨ ਤੇ ਪਾਣੀ ਦੀ ਸਹੀ ਵਰਤੋਂ

ਪਿਛਲੇ ਚਾਰ ਤੋਂ ਵੱਧ ਦਹਾਕਿਆਂ ਦੌਰਾਨ ਭਾਵੇਂ ਜੈਨੇਟਿਕ ਅਤੇ ਤਕਨੀਕੀ ਇਨਕਲਾਬਾਂ ਕਰਕੇ ਪੰਜਾਬ ਵਿੱਚ ਖੇਤੀ ਉਤਪਾਦਨ ਅਤੇ ਇਸ ’ਤੇ ਆਧਾਰਿਤ ਆਰਥਿਕ ਵਿਕਾਸ ਵਿੱਚ ਸ਼ਾਨਦਾਰ ਪ੍ਰਾਪਤੀਆਂ ਹੋਈਆਂ ਹਨ, ਪਰ ਇਸ ਦੇ ਬਾਵਜੂਦ ਸੂਬੇ ਵਿੱਚ ਪਿਛਲੇ ਦੋ ਦਹਾਕਿਆਂ ਦੌਰਾਨ ਖੇਤੀ ਉਤਪਾਦਨ ਵਿੱਚ ਵਾਧੇ ਦੀ ਦਰ ਦੀ ਘਾਟ ਤੇ ਅਸਥਿਰਤਾ ਦੇ ਕਾਰਨ ਖੇਤੀਬਾੜੀ ਖੇਤਰ ਦੀ ਗਤੀਸ਼ੀਲਤਾ ਘਟਦੀ ਜਾ ਰਹੀ ਹੈ। ਪੰਜਾਬ ਵਿੱਚ ਅਨਾਜ ਦੀ ਕੁੱਲ ਪੈਦਾਵਾਰ 1980-81 ਵਿੱਚ ਲਗਭੱਗ 120 ਲੱਖ ਟਨ ਸੀ ਜੋ 2000-01 ਵਿੱਚ ਵਧ ਕੇ ਲਗਭੱਗ 253 ਲੱਖ ਟਨ ਹੋ ਗਈ ਪਰ 2019-20 ਵਿੱਚ ਇਹ ਵਧ ਕੇ 2950 ਲੱਖ ਟਨ ਤੇ ਪਹੁੰਚ ਗਈ। ਸਾਲ 1971-72 ਤੋਂ 1985-86 ਤੱਕ ਪੰਜਾਬ ਦੀ ਸਾਲਾਨਾ ਵਿਕਾਸ ਦਰ 5.7 ਪ੍ਰਤੀਸ਼ਤ ਸੀ ਪਰ ਸਾਲ 1985-86 ਤੋਂ ਬਾਅਦ ਔਸਤਨ ਖੇਤੀ ਵਿਕਾਸ ਦਰ ਘਟ ਕੇ 1.6 ਪ੍ਰਤੀਸ਼ਤ ਰਹਿ ਗਈ ਜੋ ਦੇਸ਼ ਦੇ ਬਾਰ੍ਹਵੇਂ ਪਲਾਨ ਦੇ 4 ਪ੍ਰਤੀਸ਼ਤ ਦੇ ਟੀਚੇ ਤੋਂ ਕਾਫੀ ਘੱਟ ਹੈ। ਪੰਜਾਬ ਵਿੱਚ ਖੇਤੀਬਾੜੀ ਖੇਤਰ ਹੁਣ ਇਕ ਇਹੋ ਜਿਹੀ ਸਥਿਤੀ ਵਿੱਚ ਹੈ ਜਿੱਥੇ ਸਵਾਲ ਕੀਤੇ ਜਾ ਰਹੇ ਹਨ ਕਿ ਕੀ ਆਉਂਦੇ ਸਮੇਂ ਵਿੱਚ ਖੇਤੀ ਉਤਪਾਦਨ ਦੇ ਵਾਧੇ ਦੀ ਦਰ ਵਿੱਚ ਘਾਟ ਤੇ ਅਸਥਿਰਤਾ ਵਾਲੇ ਹਾਲਾਤਾਂ ਵਿੱਚ ਵਧਦੀ ਜਾ ਰਹੀ ਆਬਾਦੀ ਦੀਆਂ ਖੁਰਾਕ ਅਤੇ ਹੋਰ ਮੰਗਾਂ ਪੂਰੀਆਂ ਕੀਤੀਆਂ ਜਾ ਸਕਣਗੀਆਂ, ਖਾਸ ਤੌਰ ’ਤੇ ਜਦ ਜ਼ਮੀਨ ਅਤੇ ਪਾਣੀ ਦੇ ਕੁਦਰਤੀ ਸਰੋਤਾਂ ਦੀ ਉਪਲੱਬਧਤਾ ਪਹਿਲਾਂ ਹੀ ਬਹੁਤ ਦਬਾਅ ਹੇਠ ਹੈ।

ਅਸਲ ਵਿੱਚ ਹਰੇ ਇਨਕਲਾਬ ਦੇ ਦੌਰਾਨ ਤੇ ਉਸ ਤੋਂ ਬਾਅਦ ਵੀ ਤਕਰੀਬਨ ਸਾਰੀਆਂ ਜਨਤਕ ਨੀਤੀਆਂ ਦੇਸ਼ ਵਿੱਚ ਖੁਰਾਕ ਸੁਰੱਖਿਆ ਵਾਸਤੇ ਖੇਤੀ ਉਤਪਾਦਨ ਵਧਾਉਣ ’ਤੇ ਹੀ ਕੇਂਦ੍ਰਿਤ ਰਹੀਆਂ ਪਰ ਕੁਦਰਤੀ ਸਰੋਤਾਂ, ਭਾਵ ਜ਼ਮੀਨ ਤੇ ਪਾਣੀ ਦੇ ਕੁਸ਼ਲ ਪ੍ਰਬੰਧਨ ਅਤੇ ਇਨਪੁਟਸ (ਖਾਦਾਂ, ਪਾਣੀ, ਨਦੀਨ ਤੇ ਕੀਟ ਨਾਸ਼ਕ ਦਵਾਈਆਂ ਅਤੇ ਊਰਜਾ) ਦੀ ਸਮਝਦਾਰੀ ਨਾਲ ਵਰਤੋਂ ਵੱਲ ਬਹੁਤ ਧਿਆਨ ਨਹੀਂ ਦਿੱਤਾ ਗਿਆ। ਉਪਲੱਬਧ ਜ਼ਮੀਨ ਤੇ ਪਾਣੀ ਦੀ ਮੁੱਢਲੀ ਖੇਤੀ ਉਤਪਾਦਨ ਸਮਰੱਥਾ ਨੂੰ ਧਿਆਨ ਵਿੱਚ ਰੱਖਣ ਤੋਂ ਬਿਨਾਂ ਹੀ ਇਨ੍ਹਾਂ ਕੁਦਰਤੀ ਸਰੋਤਾਂ ਦੀ ਘਣੀ ਖੇਤੀ ਪ੍ਰਣਾਲੀ (ਮੁੱਖ ਤੌਰ ’ਤੇ ਕਣਕ ਤੇ ਚਾਵਲ) ਹੇਠ ਲਗਾਤਾਰ ਅਯੋਗ ਤੇ ਅਕੁਸ਼ਲ ਵਰਤੋਂ ਕੀਤੀ ਜਾਂਦੀ ਰਹੀ ਹੈ। ਕਿਉਂਕਿ ਸਾਡੀ ਖੇਤੀ ਉਤਪਾਦਕਤਾ ਅਤੇ ਇਸ ਤੇ ਆਧਾਰਿਤ ਅਰਥ ਵਿਵਸਥਾ ਮੁੱਖ ਤੌਰ ’ਤੇ ਜ਼ਮੀਨ ਅਤੇ ਪਾਣੀ ਦੇ ਕੁਦਰਤੀ ਸਰੋਤਾਂ ਦੇ ਨਿਰੰਤਰ ਸ਼ੋਸ਼ਣ ਦੇ ਆਧਾਰ ’ਤੇ ਨਿਰਭਰ ਕਰਦੀ ਹੈ, ਇਸ ਕਰਕੇ ਇਨ੍ਹਾਂ ਸਰੋਤਾਂ ਦੀ ਸਿਹਤ ਖਰਾਬ ਕਰਨ ਵਾਲੀਆਂ ਪ੍ਰਕਿਰਿਆਵਾਂ ਦੇ ਪ੍ਰਭਾਵ

ਖੇਤੀ ਉਤਪਾਦਨ ਪ੍ਰਣਾਲੀ ਦੇ ਉੱਪਰ ਹਾਵੀ ਹੋਣ ਵਿੱਚ ਵਾਧਾ ਹੋਇਆ ਹੈ। ਇਸ ਦੇ ਬਾਵਜੂਦ ਅਜੇ ਤੱਕ ਸਾਡੇ ਦੇਸ਼ ਵਿੱਚ ਜ਼ਮੀਨ ਤੇ ਪਾਣੀ ਦੇ ਸਰੋਤਾਂ ਦੇ ਪ੍ਰਬੰਧਨ ਅਤੇ ਸ਼ੋਸ਼ਣ ਕਰਨ ਦੀਆਂ ਗਤੀਵਿਧੀਆਂ ਨੂੰ ਕੰਟਰੋਲ ਕਰਨ ਲਈ ਇਕ ਯੋਜਨਾਬੱਧ ਨਿਯੰਤ੍ਰਿਤ ਪ੍ਰਣਾਲੀ ਸਥਾਪਤ ਨਹੀਂ ਹੋ ਸਕੀ ਜਿਸ ਕਾਰਨ ਜ਼ਮੀਨ ਦੀ ਸਿਹਤ 'ਚ ਗਿਰਾਵਟ ਆ ਰਹੀ ਹੈ ਅਤੇ ਪਾਣੀ ਦੀ ਦੁਰਵਰਤੋਂ ਹੋਣ ਕਾਰਨ ਇਹ ਸਰੋਤ ਬੜੀ ਤੇਜ਼ੀ ਨਾਲ ਘਟਦਾ ਜਾ ਰਿਹਾ ਹੈ। ਸਿੱਟੇ ਵਜੋਂ ਉੱਚ ਪੱਧਰੀ ਖੇਤੀ ਉਤਪਾਦਕਤਾ ਅਤੇ ਮੁਨਾਫ਼ੇ ਪ੍ਰਾਪਤ ਕਰਨ ਨਾਲ ਜ਼ਮੀਨ ਤੇ ਪਾਣੀ ਨਾਲ ਸੰਬੰਧਿਤ ਕਈ ਤਰ੍ਹਾਂ ਦੀਆਂ ਗੁੰਝਲਦਾਰ ਸਮੱਸਿਆਵਾਂ ਪੈਦਾ ਹੋਈਆਂ ਹਨ ਜਿਵੇਂ ਕਿ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਗਿਰਾਵਟ, ਜ਼ਮੀਨ ਅਤੇ ਫ਼ਸਲਾਂ ਵਿੱਚ ਖੁਰਾਕੀ ਤੱਤਾਂ ਦੀ ਘਾਟ, ਧਰਤੀ ਹੇਠਲੇ ਪਾਣੀ ਦੇ ਸਤਿਹ 'ਚ ਗਿਰਾਵਟ, ਜ਼ਮੀਨ ਵਿੱਚ ਸੇਮ ਤੇ ਕੱਲਰ ਦੀਆਂ ਸਮੱਸਿਆਵਾਂ, ਜ਼ਮੀਨ ਤੇ ਪਾਣੀ ਵਿੱਚ ਪ੍ਰਦੂਸ਼ਣ ਅਤੇ ਇਨ੍ਹਾਂ ਕੁਦਰਤੀ ਸਰੋਤਾਂ ਵਿੱਚ ਹੋਰ ਕਈ ਤਰ੍ਹਾਂ ਦੇ ਵਿਗਾੜ ਜੋ ਖੇਤੀ ਉਤਪਾਦਕਤਾ ਦੇ ਵਾਧੇ ਦੀ ਦਰ ਨੂੰ ਘਟਾ ਰਹੇ ਹਨ। ਇਸ ਤੋਂ ਇਲਾਵਾ ਬਾਰਿਸ਼ ਤੇ ਨਿਰਭਰ ਇਲਾਕਿਆਂ (ਜਿਵੇਂ ਪੰਜਾਬ ਵਿੱਚ ਕੰਢੀ ਦਾ ਇਲਾਕਾ) ਅਤੇ ਨੀਮ ਪਹਾੜੀ ਖੇਤਰਾਂ ਵਿੱਚ ਮਿੱਟੀ ਦੀ ਖੋਰ ਨਾਲ ਫ਼ਸਲਾਂ ਦੀ ਪੈਦਾਵਾਰ ਘੱਟ ਸਕਦੀ ਹੈ। ਆਉਂਦੇ ਸਮੇਂ ਵਿੱਚ ਜਲਵਾਯੂ ਵਿੱਚ ਤਬਦੀਲੀ ਤੇ ਵਿਸ਼ਵ ਗ੍ਰਮਾਇਸ਼ ਦੇ ਅਨੁਮਾਨਿਤ ਪ੍ਰਭਾਵਾਂ (ਜਿਵੇਂ ਵੱਧ ਜਾਂ ਘੱਟ ਬਾਰਿਸ਼, ਔੜ ਜਾਂ ਹੜ੍ਹ ਆਦਿ) ਨਾਲ ਖੇਤੀ ਉਤਪਾਦਕਤਾ ਵਿੱਚ ਅਸਥਿਰਤਾ ਪੈਦਾ ਕਰਨ ਵਾਲੀਆਂ ਸਮੱਸਿਆਵਾਂ ਹੋਰ ਵੀ ਵੱਧ ਸਕਦੀਆਂ ਹਨ।

ਪੰਜਾਬ ਵਿੱਚ 'ਪਾਣੀ ਦਾ ਸੰਕਟ' ਮੰਡਰਾਉਂਦਾ ਜਾ ਰਿਹਾ ਹੈ ਕਿਉਂਕਿ ਸੂਬੇ ਵਿੱਚ ਧਰਤੀ ਉਪਰਲੇ ਪਾਣੀ ਦੇ ਸਰੋਤਾਂ ਦੀ ਉਪਲੱਬਧਤਾ ਸੀਮਤ ਹੈ। ਧਰਤੀ ਹੇਠਲਾ ਪਾਣੀ, ਜੋ ਸੂਬੇ ਦੀ ਸਿੰਚਾਈ ਦੀਆਂ ਲਗਭੱਗ 70 ਪ੍ਰਤੀਸ਼ਤ ਲੋੜਾਂ ਨੂੰ ਪੂਰਾ ਕਰਦਾ ਹੈ, ਨੂੰ 14 ਲੱਖ ਤੋਂ ਵੱਧ ਟਿਊਬਵੈੱਲਾਂ ਰਾਹੀਂ ਉਸਦੀ ਸਮਰੱਥਾ ਤੋਂ ਕਿਤੇ ਵੱਧ ਧਰਤੀ ਚੋਂ ਕੱਢਿਆ ਜਾ ਰਿਹਾ ਹੈ। ਇਸ ਕਰਕੇ ਧਰਤੀ ਹੇਠਲੇ ਪਾਣੀ ਦੀ ਉਪਲੱਬਧਤਾ ਘਟਦੀ ਜਾ ਰਹੀ ਹੈ ਅਤੇ ਖੇਤੀ ਉਤਪਾਦਕਤਾ ਅਤੇ ਲਾਭਪ੍ਰਧਤਾ ਵਾਧੇ ਵੱਲ ਕਾਇਮ ਰੱਖਣ ਲਈ ਖਤਰਾ ਪੈਦਾ ਹੁੰਦਾ ਜਾ ਰਿਹਾ ਹੈ। ਇਸ ਵਾਸਤੇ ਇਹ ਸਮਝਣਾ ਜ਼ਰੂਰੀ ਹੈ ਕਿ ਜੇਕਰ ਖੇਤਰ ਪੱਧਰ 'ਤੇ ਕੀਤੀਆਂ ਗਈਆਂ ਤਕਨੀਕੀ ਸਿਫਾਰਿਸ਼ਾਂ ਫੌਰੀ ਤੌਰ 'ਤੇ ਅਪਣਾਈਆਂ ਨਹੀਂ ਜਾਂਦੀਆਂ ਤਾਂ ਕਿਸਾਨਾਂ ਨੂੰ ਖੇਤੀ ਉਤਪਾਦਕਤਾ ਅਤੇ ਮੁਨਾਫ਼ੇ ਵਿੱਚ ਸਥਿਰਤਾ ਸੰਬੰਧੀ ਗੰਭੀਰ ਨਤੀਜੇ ਭੁਗਤਣੇ ਪੈਣਗੇ।

ਹੁਣ ਜ਼ਮੀਨ ਤੇ ਪਾਣੀ ਦੀ ਤਕਨਾਲੋਜੀ ਆਧਾਰਿਤ ਸਥਾਈ ਸੰਭਾਲ ਨੂੰ ਉਤਸ਼ਾਹਿਤ ਕਰਨ ਦੁਆਰਾ ਖੇਤੀਬਾੜੀ ਸਥਿਰਤਾ ਪ੍ਰਾਪਤ ਕਰਨ ਵਾਸਤੇ ਅਨੁਭਵ ਕੀਤਾ ਜਾਣਾ ਚਾਹੀਦਾ ਹੈ। ਜਿਵੇਂ ਜੈਨੇਟਿਕ ਅੰਦੋਲਨ ਨੇ ਦੇਸ਼ ਦੀ ਲਗਾਤਾਰ ਵਧਦੀ ਅਨਾਜ ਦੀ ਲੋੜ ਨੂੰ ਪੂਰਾ ਕਰਨ ਵਿੱਚ ਮਦਦ ਕੀਤੀ ਹੈ ਉਸੇ ਤਰ੍ਹਾਂ ਖੇਤੀ ਉਤਪਾਦਕਤਾ ਦੇ ਵਾਧੇ ਨੂੰ ਲਗਾਤਾਰ ਕਾਇਮ ਰੱਖਣ ਦੇ ਨਾਲ-ਨਾਲ ਜ਼ਮੀਨ ਤੇ ਪਾਣੀ ਦੇ ਸਰੋਤਾਂ ਦੇ ਸਰਵਪੱਖੀ

ਪ੍ਰਬੰਧਨ ਕੁਸ਼ਲਤਾ ਨਾਲ ਇਨ੍ਹਾਂ ਦੀ ਸੰਭਾਲ ਕਰਨਾ ਖੇਤੀਬਾੜੀ ਦੇ ਭਵਿੱਖਤ ਮੁੱਖ ਟੀਚੇ ਹੋਣੇ ਚਾਹੀਦੇ ਹਨ। ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਇੱਕ ਪਾਸੇ ਤਾਂ ਜ਼ਮੀਨ ਤੇ ਪਾਣੀ ਦੇ ਸਰੋਤਾਂ ਵਿੱਚ ਵਾਧਾ ਕਰਨ ਲਈ ਵੱਡੇ ਪੱਧਰ ’ਤੇ ਭੂਮੀ ਨਿਵੇਸ਼ ਅਤੇ ਹੋਰ ਯਤਨ ਕੀਤੇ ਜਾ ਰਹੇ ਹਨ ਪਰ ਦੂਜੇ ਪਾਸੇ ਉਪਲੱਬਧ ਜ਼ਮੀਨ ਅਤੇ ਪਾਣੀ ਦੇ ਸਰੋਤਾਂ ਦੀ ਅੰਨ੍ਹਾਧੁੰਦ ਦੁਰਵਰਤੋਂ ਕਰਨ ਤੇ ਰੋਕ ਲਗਾਉਣ, ਜ਼ਮੀਨ ਤੇ ਪਾਣੀ ਦੀ ਖੇਤੀ ਉਪਜਾਊ ਸਮਰੱਥਾ ਵਧਾਉਣ, ਜ਼ਮੀਨ ਦੀ ਖਰਾਬ ਹੋ ਰਹੀ ਸਿਹਤ ਅਤੇ ਪਾਣੀ ਦੀ ਫਜ਼ੂਲ ਵਰਤੋਂ ਤੇ ਕਾਬੂ ਪਾਉਣ, ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਅਤੇ ਬਾਰਿਸ਼ ਦੇ ਪਾਣੀ ਦੀ ਸਾਂਭ-ਸੰਭਾਲ ਕਰਨ ਵਾਸਤੇ ਸਰਕਾਰਾਂ, ਖੇਤੀ ਮਾਹਿਰਾਂ ਅਤੇ ਕਿਸਾਨਾਂ ਵੱਲੋਂ ਲੋੜੀਂਦੇ ਪੱਧਰ ’ਤੇ ਯਤਨ ਨਹੀਂ ਕੀਤੇ ਜਾ ਰਹੇ।

ਲੋੜ ਹੈ ਕਿ ਰਣਨੀਤਿਕ ਯੋਜਨਾਬੱਧ ਤਰੀਕੇ ਅਧੀਨ ਸੂਬਾ, ਖੇਤਰ ’ਤੇ ਫਾਰਮ ਪੱਧਰ ’ਤੇ ਉਪਲੱਬਧ ਜ਼ਮੀਨ ਤੇ ਪਾਣੀ (ਖਾਸ ਤੌਰ ’ਤੇ ਧਰਤੀ ਹੇਠਲਾ ਪਾਣੀ) ਦੇ 'ਭਵਿੱਖਤ ਖੇਤੀ ਉਤਪਾਦਨ ਸਮਰੱਥਾ' ਦੇ ਮੁਲਾਂਕਣ ਦੇ ਆਧਾਰ ’ਤੇ ਹੀ ਖੇਤੀਬਾੜੀ ਸੰਬੰਧਿਤ ਪ੍ਰਬੰਧਨ ਅਤੇ ਜ਼ਮੀਨ ਤੇ ਪਾਣੀ ਦੀ ਸਹੀ ਵਰਤੋਂ ਕਰਨ ਦੀਆਂ ਕਾਰਜ ਨੀਤੀਆਂ ਬਣਾਈਆਂ ਜਾਣ। ਇਸ ਵਾਸਤੇ ਜ਼ਮੀਨ ਦੀ ਉਪਜਾਊ ਗੁਣਵੱਤਾ, ਪਾਣੀ ਦਾ ਜ਼ਮੀਨ ਵਿੱਚ ਪੱਤਨ ਤੇ ਇਸ ਨੂੰ ਸੁਧਾਰੇ ਜਾਣ ਦੀ ਸੰਭਾਵਨਾ, ਸਿੰਚਾਈ ਲਈ ਪਾਣੀ ਦੀ ਉਪਲੱਬਧਤਾ ਤੇ ਗੁਣਵੱਤਾ, ਪਾਣੀ ਸਾਰਨੀ (ਉਤੁਡਿਇਰ), ਕੁਦਰਤੀ ਡਰੇਨੇਜ ਅਤੇ ਹੋਰ ਸੰਬੰਧਿਤ ਵਿਸ਼ੇਸ਼ਤਾਈਆਂ ਬਾਰੇ ਜਾਣਕਾਰੀ ਅਤੇ ਵਿਸ਼ਲੇਸ਼ਣ ਦੇ ਆਧਾਰਿਤ ਟੀਚਾ ਉਤਪਾਦਕਤਾ ਅਤੇ ਜ਼ਮੀਨ ਤੇ ਪਾਣੀ ਦੀ ਸੰਭਾਲ ਵਿਚਕਾਰ ਸੰਤੁਲਨ ਬਣਾਈ ਰੱਖਣਾ ਹੋਣਾ ਚਾਹੀਦਾ ਹੈ।

ਆਉਂਦੇ ਸਮੇਂ ਵਿੱਚ ਖੇਤੀਬਾੜੀ ਬਾਰੇ ਸਰਕਾਰ ਵੱਲੋਂ ਤਰਕਸ਼ੀਲ ਨੀਤੀਆਂ ਲਾਗੂ ਕਰਨ ਦੀ ਜ਼ਰੂਰਤ ਹੈ ਜਿਨ੍ਹਾਂ ਅਧੀਨ ਜ਼ਮੀਨ ਦੀ ਸਿਹਤ ਅਤੇ ਪਾਣੀ ਦੀ ਉਪਲੱਬਧਤਾ ਦੀ ਸੰਭਾਲ ਕਰਨ ਨੂੰ ਉਤਸ਼ਾਹਿਤ ਕਰਕੇ ਖੇਤੀ ਉਤਪਾਦਕਤਾ ਵਿੱਚ ਲਗਾਤਾਰ ਵਾਧਾ ਪ੍ਰਾਪਤ ਕੀਤਾ ਜਾ ਸਕੇ। ਭਾਰਤ ਸਰਕਾਰ ਵੱਲੋਂ 'ਕੌਮੀ ਖੇਤੀਬਾੜੀ ਨੀਤੀ' ਅਤੇ 'ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ' ਚਲਾਈਆਂ ਗਈਆਂ ਹਨ ਜਿਨ੍ਹਾਂ ਅਧੀਨ ਪਾਣੀ ਦੇ ਉਪਲੱਬਧ ਵਸੀਲਿਆਂ ਦੀ ਆਧੁਨਿਕ ਤਕਨੀਕ ਅਪਣਾ ਕੇ ਸਮਝਦਾਰੀ ਨਾਲ ਪਾਣੀ ਦੀ ਵਰਤੋਂ ਕਰਦੇ ਹੋਏ ਪ੍ਰਤੀ ਬੂੰਦ ਵੱਧ ਤੋਂ ਵੱਧ ਖੇਤੀ ਉਤਪਾਦਨ ਅਤੇ ਮੁਨਾਫ਼ੇ ਪ੍ਰਾਪਤ ਕਰਨ ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਏਸੇ ਤਰ੍ਹਾਂ ਸਰਕਾਰ ਦੇ 'ਕੌਮੀ ਮਿਸ਼ਨ ਆਨ ਸਸਟੇਨਏਬਲ ਐਗਰੀਕਲਚਰ' ਅਤੇ 'ਕੌਮੀ ਮਿਸ਼ਨ ਆਨ ਸੋਇਲ ਹੈਲਥ ਕਾਰਡ' ਦੀਆਂ ਸਕੀਮਾਂ ਮਿੱਟੀ ਪਰਖ ਆਧਾਰਿਤ ਖੁਰਾਕੀ ਤੱਤਾਂ ਅਤੇ ਹੋਰ ਪ੍ਰਬੰਧਨ ਕਰਨ ਨੂੰ ਉਤਸ਼ਾਹਿਤ ਕਰ ਰਹੀਆਂ ਹਨ। ਲੋੜ ਹੈ ਕਿ ਵਿਗਿਆਨਕ ਤਕਨੀਕਾਂ ਆਧਾਰਿਤ ਪ੍ਰਬੰਧਨ ਅਭਿਆਸਾਂ ਦਾ ਪੁਨਰ ਗਠਨ ਕਰਕੇ ਇਨ੍ਹਾਂ ਸਰੋਤਾਂ ਦੀ ਸਹੀ ਢੰਗ ਨਾਲ ਵਰਤੋਂ ਕਰਨ ਵਾਸਤੇ ਕਿਸਾਨਾਂ (ਖਾਸ ਤੌਰ ’ਤੇ ਛੋਟੇ ਕਿਸਾਨਾਂ) ਨੂੰ ਪ੍ਰੇਰਿਤ ਕੀਤਾ ਜਾਵੇ। ਇਸ ਦੇ ਨਾਲ-ਨਾਲ ਘੱਟ ਖੁਰਾਕੀ ਤੱਤ ਅਤੇ ਘੱਟ ਪਾਣੀ ਲੋੜੀਂਦੀ ਫ਼ਸਲ ਪ੍ਰਣਾਲੀ ਨੂੰ ਅਪਨਾਉਣ ਦੇ ਸਿਸਟਮ ਨੂੰ ਉਤਸ਼ਾਹਿਤ

ਕੀਤਾ ਜਾਵੇ, ਪਹਾੜੀ ਖੇਤਰਾਂ ਵਿੱਚ ਮਿੱਟੀ ਦੀ ਖ਼ੋਰ ’ਤੇ ਰੋਕ ਲਗਾਈ ਜਾਵੇ, ਬਾਰਿਸ਼ ਤੇ ਨਿਰਭਰ ਖੇਤਰਾਂ ਵਿੱਚ ਜ਼ਮੀਨ ਵਿੱਚ ਹੀ ਉਪਲੱਬਧ ਨਮੀ ਦੀ ਸੰਭਾਲ ਕੀਤੀ ਜਾਵੇ, ਧਰਤੀ ਹੇਠਲੇ ਪਾਣੀ ਦਾ ਰੀਚਾਰਜ ਵਧਾਇਆ ਜਾਵੇ, ਮਿਊਂਸੀਪਲ-ਵੇਸਟ ਪਾਣੀ ਦਾ ਸੁਧਾਰ ਕਰਕੇ ਉਸ ਦੀ ਮੁੜ ਵਰਤੋਂ ਕੀਤੀ ਜਾਵੇ ਅਤੇ ਵੱਖ-ਵੱਖ ਵਸੀਲਿਆਂ ਤੋਂ ਉਪਲੱਬਧ ਪਾਣੀ ਨੂੰ ਸੰਯੋਜਕ ਯੋਜਨਾ ਨਾਲ ਵਰਤਿਆ ਜਾਵੇ। ਧਰਤੀ ਹੇਠਲੇ ਪਾਣੀ ਨੂੰ ਪੰਪਾਂ ਰਾਹੀਂ ਜ਼ਮੀਨ ਉੱਪਰ ਖਿੱਚਣਾ ਖੇਤਰ-ਮੁਤਾਬਿਕ ਪਾਣੀ ਦੇ ਮਾਤਰਾਤਮਕ ਮੁਲਾਂਕਣ ਦੇ ਆਧਾਰ ’ਤੇ ਨਿਯੰਤ੍ਰਿਤ ਕੀਤਾ ਜਾਣਾ ਚਾਹੀਦਾ ਹੈ। ਅਸਲ ਵਿੱਚ ਜ਼ਮੀਨ ਅਤੇ ਪਾਣੀ-ਕੁਸ਼ਲ ਖੇਤੀ ਉਤਪਾਦਨ ਇੱਕ ਵਪਾਰਕ ਪ੍ਰਸਤਾਵ ਦੇ ਰੂਪ ਵਿੱਚ ਵੇਖਿਆ ਜਾਣਾ ਚਾਹੀਦਾ ਹੈ ਅਤੇ ਕਿਸਾਨਾਂ, ਜ਼ਮੀਨ ਤੇ ਪਾਣੀ ਨਾਲ ਸੰਬੰਧਿਤ ਨੀਤੀਆਂ ਵਿਚਕਾਰ ਪਾੜੇ ਵੀ ਘਟਾਉਣੇ ਚਾਹੀਦੇ ਹਨ।

ਖੇਤੀਬਾੜੀ ਵਿੱਚ ਵਾਧੇ ਦੀ ਸਥਿਰਤਾ ਪ੍ਰਾਪਤ ਕਰਨ ਲਈ ਖੇਤੀ ਮਾਹਿਰਾਂ ਵਾਸਤੇ ਇੱਕ ਵੱਡੀ ਚੁਣੌਤੀ ਇਹ ਹੈ ਕਿ ਸੂਬਾ, ਖੇਤਰ ਅਤੇ ਫਾਰਮ ’ਤੇ ਖੇਤੀ ਉਤਪਾਦਨ ਦੇ ਵਾਧੇ ਦੀ ਦਰ ਅਤੇ ਜ਼ਮੀਨ ਤੇ ਪਾਣੀ ਦੇ ਸਰੋਤਾਂ ਦੀ ਸੰਭਾਲ ਦੇ ਵਿਚਕਾਰ ਸੰਤੁਲਨ ਨੂੰ ਯਕੀਨੀ ਬਣਾਉਣਾ ਹੋਵੇਗਾ। ਇਸ ਸੰਤੁਲਨ ਨੂੰ ਪ੍ਰਾਪਤ ਕਰਨ ਵਾਸਤੇ 'ਸੁਰੱਖਿਅਤ ਖੇਤੀਬਾੜੀ' (Conservation Agriculture) ਦੀ ਵਿਧੀ ਅਪਨਾਉਣੀ ਚਾਹੀਦੀ ਹੈ। ਇਸ ਵਿਧੀ ਦਾ ਉਦੇਸ਼ ਉਪਲੱਬਧ ਜ਼ਮੀਨ ਤੇ ਪਾਣੀ ਨੂੰ ਲੋੜ ਮੁਤਾਬਿਕ ਅਤੇ ਸਮਝਦਾਰੀ ਨਾਲ ਵਰਤੋਂ ਕਰਕੇ ਇਨ੍ਹਾਂ ਸਰੋਤਾਂ ਦੀ ਉੱਚ ਖੇਤੀ ਉਤਪਾਦਨ ਸਮਰੱਥਾ ਨੂੰ ਨਿਰੰਤਰ ਜਾਰੀ ਰੱਖਣਾ, ਜ਼ਮੀਨ ਵਿੱਚ ਜੈਵਿਕ ਪਦਾਰਥ ਦਾ ਨਿਰਮਾਣ ਕਰਨਾ, ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਦੀ ਬਜਾਏ ਜ਼ਮੀਨ ਵਿੱਚ ਹੀ ਰੱਖਣਾ, ਪਾਣੀ ਦੀ ਫੁਹਾਰਾ ਤੇ ਤੁਪਕਾ ਸਿੰਚਾਈ ਨੂੰ ਉਤਸ਼ਾਹਿਤ ਕਰਨਾ, ਧਰਤੀ ਹੇਠਲੇ ਪਾਣੀ ਦੇ ਘਟਦੇ ਜਾਣ ਤੇ ਰੋਕ ਲਗਾਉਣਾ, ਮਾੜੀਆਂ ਜ਼ਮੀਨਾਂ ਦਾ ਸੁਧਾਰ ਕਰਨਾ, ਫ਼ਸਲਾਂ ਦੀ ਚੋਣ ਜ਼ਮੀਨ ਤੇ ਪਾਣੀ ਦੀ ਉਪਲੱਬਧੀ ਤੇ ਅਨੁਕੂਲਤਾ ਦੇ ਹਿਸਾਬ ਨਾਲ ਕਰਨਾ, ਜਲਵਾਯੂ ਦੀ ਤਬਦੀਲੀ ਦੇ ਪ੍ਰਭਾਵ ਨੂੰ ਘਟਾਉਣਾ ਆਦਿ ਕਾਰਵਾਈਆਂ ਕਰਨ ਦੀਆਂ ਸਿਫਰਿਸ਼ਾਂ ਕਰਨਾ ਹੈ। ਇਸ ਵਾਸਤੇ ਦੇਸ਼ ਵਿੱਚ ਇੱਕ ਵੱਡੀ ਗਿਣਤੀ ਵਿੱਚ ਮਿੱਟੀ ਤੇ ਪਾਣੀ ਪਰਖ ਪ੍ਰਯੋਗਸ਼ਾਲਾਵਾਂ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਲਈ ਭਰੋਸੇਯੋਗ ਸਲਾਹਕਾਰ ਬਣ ਸਕਣ।

ਇਹ ਸਮਾਂ ਹੈ ਕਿ ਰਾਜ ਅਤੇ ਕੇਂਦਰ ਸਰਕਾਰ ਦੇ ਨੀਤੀ ਨਿਰਮਾਤਾ ਬਹੁਪੱਖੀ ਗੁੰਝਲਦਾਰ ਸਮੱਸਿਆਵਾਂ ਤੋਂ ਜਾਣੂ ਹੋਣ ਅਤੇ ਖੇਤਰ ਵਿਸ਼ੇਸ਼ ਥੋੜ੍ਹੇ ਤੇ ਲੰਮੇ ਸਮੇਂ ਦੀਆਂ ਭਵਿੱਖਵਾਦੀ ਨੀਤੀਆਂ ਬਣਾਉਣ ਤੇ ਲਾਗੂ ਕਰਨ ਜੋ ਵਿਭਿੰਨਤਾ ਵਾਲੀ ਖੇਤੀਬਾੜੀ ਦੇ ਉਤਪਾਦਾਂ ਦੀ ਉਤਪਾਦਕਤਾ, ਉਤਪਾਦਨ-ਕੁਸ਼ਲਤਾ ਅਤੇ ਮੁਨਾਫ਼ੇ ਵਿੱਚ ਨਿਰੰਤਰ ਉੱਚ ਵਿਕਾਸ ਦਰ ਪ੍ਰਾਪਤ ਕਰਨ ਦੇ ਨਾਲ-ਨਾਲ ਜ਼ਮੀਨ ਅਤੇ ਪਾਣੀ ਦੇ ਸਰੋਤਾਂ ਦੀ ਸਮਝਦਾਰੀ ਨਾਲ ਵਰਤੋਂ ਤੇ ਸਹੀ ਪ੍ਰਬੰਧਨ ਕਰਕੇ ਇਨ੍ਹਾਂ ਸਰੋਤਾਂ ਦੀ ਖੇਤੀ ਉਤਪਾਦਨ ਸਮਰੱਥਾ ਹਮੇਸ਼ਾ ਸੰਭਾਲ ਕੇ ਰੱਖਣ ਵਿੱਚ ਮਦਦ ਕਰਨ। ਇਨ੍ਹਾਂ ਨੀਤੀਆਂ ਲਈ ਪੂੰਜੀ ਨਿਵੇਸ਼ ਕਰਨ,

ਆਧੁਨਿਕ ਤਕਨੀਕਾਂ ਦਾ ਨਿਵੇਸ਼ ਕਰਨ, ਸਸਤੇ ਭਾਅ ਤੇ ਸਮੇਂ ਸਿਰ ਇਨਪੁਟਸ (ਖਾਦਾਂ, ਨਦੀਨ ਤੇ ਕੀਟ ਨਾਸ਼ਕ ਜ਼ਹਿਰਾਂ ਆਦਿ) ਉਪਲੱਬਧ ਕਰਨ ਅਤੇ ਬਹੁ-ਵਿਭਾਗੀ ਖੋਜ ਤੇ ਪ੍ਰਸਾਰ ਵਾਸਤੇ ਸਹੂਲਤਾਂ ਪੈਦਾ ਕਰਨ ਆਦਿ ਨੂੰ ਉਤਸ਼ਾਹਿਤ ਕਰਨਾ ਜ਼ਰੂਰੀ ਹੈ।

ਜ਼ਰੂਰਤ ਹੈ ਇਕ ਵਿਆਪਕ ਮੁਹਿੰਮ ਚਲਾਉਣ ਦੀ ਜਿਸ ਅਧੀਨ ਜ਼ਮੀਨ ਤੇ ਪਾਣੀ ਦੇ ਸੀਮਤ ਸਰੋਤਾਂ ਦਾ ਸ਼ੋਸ਼ਣ ਰੋਕਿਆ ਜਾ ਸਕੇ ਅਤੇ ਕਿਸਾਨਾਂ ਨੂੰ ਇਨ੍ਹਾਂ ਸਰੋਤਾਂ ਦੀ ਖੇਤੀ ਉਤਪਾਦਨ ਸਮਰੱਥਾ ਆਧਾਰਿਤ ਸਹੀ ਤੇ ਕੁਸ਼ਲ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ। ਖੇਤੀ ਉਤਪਾਦਨ ਵਾਧੇ ਵੱਲ ਕਾਇਮ ਰੱਖਣ ਦੇ ਨਾਲ-ਨਾਲ ਸੀਮਤ ਜ਼ਮੀਨ ਅਤੇ ਪਾਣੀ ਦੇ ਸਰੋਤਾਂ ਦੀ ਸੰਭਾਲ ਵੀ ਬਹੁਤ ਜ਼ਰੂਰੀ ਹੈ ਨਹੀਂ ਤਾਂ ਸਾਨੂੰ ਵੀ ਆਖੀਰ ਵਿੱਚ ਕਈ ਸਭਿਆਤਾਵਾਂ (ਜਿਵੇਂ ਕਿ ਮੀਜ਼ੋਪਟਾਮੀਆ, ਸਿੰਧ ਘਾਟੀ, ਉੱਤਰੀ ਇਥੋਪੀਆ, ਆਦਿ), ਜੋ ਜ਼ਮੀਨ ਅਤੇ ਪਾਣੀ ਦੇ ਸਰੋਤਾਂ ਨਾਲ ਦੁਰਵਿਹਾਰ ਕੀਤੇ ਜਾਣ ਕਰਕੇ ਖਤਮ ਹੋ ਗਈਆਂ ਹਨ, ਉਨ੍ਹਾਂ ਵਰਗੀਆਂ ਸਥਿਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

❖❖❖

# 8

# ਵਿਸ਼ਵ-ਵਿਆਪੀ ਮੌਸਮੀ ਤਬਦੀਲੀਆਂ ਅਤੇ ਖੇਤੀ

ਦੁਨੀਆਂ ਭਰ ਵਿੱਚ ਆਮ ਸਹਿਮਤੀ ਹੋ ਗਈ ਹੈ ਕਿ ਵਿਸ਼ਵ-ਵਿਆਪੀ ਮੌਸਮੀ ਤਬਦੀਲੀਆਂ ਸਾਡੇ ਕੁਦਰਤੀ ਸੋਮਿਆਂ (ਜ਼ਮੀਨ, ਪਾਣੀ, ਵਾਤਾਵਰਣ, ਜੀਵ-ਭਿੰਨਤਾ ਆਦਿ) ਦੀ ਸਹੀ ਸੰਭਾਲ ਅਤੇ ਖੇਤੀ ਆਧਾਰਿਤ ਆਰਥਿਕਤਾ ਦੇ ਵਾਧੇ ਦੀ ਦਰ ਨੂੰ ਸਦੀਵੀ ਕਾਇਮ ਰੱਖਣ ਵਿੱਚ ਇੱਕ ਬੜਾ ਖਤਰਾ ਬਣ ਰਹੀਆਂ ਹਨ। ਵਿਸ਼ਵ ਵਿੱਚ ਧਰਤੀ ਅਤੇ ਇਸ ਦੇ ਵਾਤਾਵਰਣ ਦੀ ਤਪਸ਼ ਹੌਲੀ-ਹੌਲੀ ਵਧ ਰਹੀ ਹੈ। ਇਕ ਅੰਦਾਜ਼ੇ ਅਨੁਸਾਰ, ਜਲਵਾਯੂ ਦੇ ਬਦਲਾਅ ਕਾਰਨ ਵਿਸ਼ਵ ਵਿੱਚ ਹਰ ਆਉਂਦੇ ਦਹਾਕੇ ਦੌਰਾਨ ਤਾਪਮਾਨ ਵਿੱਚ ਔਸਤਨ 0.2 ਡਿਗਰੀ ਸੈਂਟੀਗਰੇਡ ਵਾਧਾ ਹੋਵੇਗਾ। ਸੰਸਾਰ ਦੀ ਮੌਸਮ ਵਿਗਿਆਨ ਦੀ ਸੰਸਥਾ (World Meteorological Organization) ਦੇ ਅਨੁਮਾਨ ਅਨੁਸਾਰ ਇੱਕੀਵੀਂ ਸਦੀ ਦੇ ਅੰਤ ਤੱਕ ਵਿਸ਼ਵ ਦਾ ਤਾਪਮਾਨ 3 ਡਿਗਰੀ ਸੈਂਟੀਗਰੇਡ ਤੋਂ 5 ਡਿਗਰੀ ਸੈਂਟੀਗਰੇਡ ਵਧ ਸਕਦਾ ਹੈ।

ਇੰਟਰ-ਗਵਰਨਮੈਂਟਲ ਪੈਨਲ ਫਾਰ ਕਲਾਈਮੇਟ ਚੇਂਜ (IPCC) ਅਨੁਸਾਰ ਇੱਕੀਵੀਂ ਸਦੀ ਦੇ ਅੰਤ ਤੱਕ ਭਾਰਤ ਦੇ ਤਾਪਮਾਨ ਵਿੱਚ ਔਸਤਨ 1.4 ਡਿਗਰੀ ਸੈਂਟੀਗਰੇਡ ਤੋਂ 5.8 ਡਿਗਰੀ ਸੈਂਟੀਗਰੇਡ ਵਾਧਾ ਹੋ ਸਕਦਾ ਹੈ। ਨਾਲ ਹੀ ਨਾਲ ਬਾਰਿਸ਼ਾਂ ਵਿੱਚ ਵੀ 15 ਤੋਂ 40 ਪ੍ਰਤੀਸ਼ਤ ਤੱਕ ਵਾਧਾ ਹੋ ਸਕਦਾ ਹੈ। ਕਈ ਖੇਤਰਾਂ ਵਿੱਚ ਬਾਰਿਸ਼ਾਂ ਦੀ ਬਾਰੰਬਾਰਤਾ, ਮਿਕਦਾਰ ਤੇ ਇਨ੍ਹਾਂ ਦੀ ਮਿਆਦ ਵੀ ਵੱਧ ਹੋ ਸਕਦੀਆਂ ਹਨ ਅਤੇ ਕਈ ਇਲਾਕਿਆਂ ਵਿੱਚ ਸੋਕਿਆਂ ਦੀ ਮਿਆਦ ਵਧ ਸਕਦੀ ਹੈ।

ਜਲਵਾਯੂ ਵਿੱਚ ਇਨ੍ਹਾਂ ਤਬਦੀਲੀਆਂ ਦੇ ਮੁੱਢਲੇ ਮੁੱਖ ਕਾਰਨ ਕਈ ਤਰ੍ਹਾਂ ਦੇ ਹਾਨੀਕਾਰਕ ਮਨੁੱਖੀ ਕਾਰਜ ਹਨ ਜਿਵੇਂ ਕਿ ਕੁਦਰਤੀ ਬਨਸਪਤੀ ਅਤੇ ਜੰਗਲਾਂ ਨੂੰ ਕੱਟਦੇ ਜਾਣਾ, ਝੋਨਾ (ਪਾਣੀ ਖੜ੍ਹਾ ਰੱਖ ਕੇ) ਆਧਾਰਿਤ ਖੇਤੀ ਦਾ ਫੈਲਾਅ, ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਖੁੱਲ੍ਹੇ ਤੌਰ 'ਤੇ ਸਾੜਨਾ, ਫਾਰਮ-ਵੇਸਟ (ਗੋਬਰ, ਰੂੜੀ ਆਦਿ) ਨੂੰ ਸਹੀ ਤਰ੍ਹਾਂ ਨਾ ਸੰਭਾਲਣਾ, ਉਦਯੋਗਿਕ ਇਕਾਈਆਂ ਦਾ ਸਹੀ ਢੰਗ ਨਾਲ ਨਾ ਵਧਣਾ, ਪੈਟਰੋਲ ਤੇ ਡੀਜ਼ਲ ਦੀ ਬਹੁਤ ਜ਼ਿਆਦਾ ਵਰਤੋਂ ਅਤੇ ਕੋਲਾ-ਆਧਾਰਿਤ ਊਰਜਾ ਪੈਦਾ ਕਰਨਾ ਆਦਿ। ਇਹ ਕਾਰਵਾਈਆਂ ਕਈ ਗੈਸਾਂ (ਕਾਰਬਨ ਡਾਈਆਕਸਾਈਡ, ਮੀਥੇਨ, ਸਲਫਰ ਹੈਕਸਾਫਲੋਰਾਈਡ, ਨਾਈਟ੍ਰਸ ਆਕਸਾਈਡ, ਹਾਈਡਰੋਫਲੋਰੋ ਕਾਰਬਨਜ਼, ਪਰਫਲੋਰੋ ਕਾਰਬਨ ਆਦਿ) ਦਾ ਸੋਮਾ ਬਣ ਜਾਂਦੀਆਂ ਹਨ। ਇਹ ਗੈਸਾਂ ਧਰਤੀ ਉਪਰਲੇ ਵਾਯੂਮੰਡਲ ਵਿੱਚ ਇੱਕ ਪਰਤ ਬਣਾ ਲੈਂਦੀਆਂ ਹਨ ਜਿਸ ਕਰਕੇ ਸੂਰਜ ਦੀ ਗਰਮੀ ਧਰਤੀ ਦੇ ਵਾਯੂਮੰਡਲ ਤੋਂ ਉੱਪਰ ਜਾਣ 'ਤੇ ਰੋਕ ਲੱਗ ਜਾਂਦੀ ਹੈ। ਇਸ ਤਰ੍ਹਾਂ ਧਰਤੀ ਤੇ ਲਗਾਤਾਰ ਤਪਸ਼ ਵਧ

ਰਹੀ ਹੈ ਜਿਸ ਕਰਕੇ ਸਾਰੇ ਜਲਵਾਯੂ ਵਿੱਚ ਤਬਦੀਲੀਆਂ ਆ ਰਹੀਆਂ ਹਨ।

ਆਉਂਦੇ ਸਮੇਂ ਵਿੱਚ ਤਾਪਮਾਨ ਦੇ ਵਾਧੇ ਅਤੇ ਬਾਰਿਸ਼ਾਂ ਦੀ ਬਾਰੰਬਾਰਤਾ, ਮਿਕਦਾਰ ਤੇ ਮਿਆਦ ਵਿੱਚ ਤਬਦੀਲੀਆਂ ਹੋਣ ਨਾਲ ਖੇਤੀ ਉਤਪਾਦਨ ਅਤੇ ਖੇਤੀ ਆਧਾਰਿਤ ਆਰਥਿਕਤਾ ਨੂੰ ਕਾਇਮ ਰੱਖਣ ਵਾਸਤੇ ਕਈ ਸਿੱਧੇ ਅਤੇ ਅਸਿੱਧੇ ਤੌਰ 'ਤੇ ਗੰਭੀਰ ਉਲਝਣਾਂ ਪੈਦਾ ਹੋਣ ਕਾਰਨ ਜ਼ਮੀਨ ਦੀ ਵਰਤੋਂ ਵਿੱਚ ਬਦਲਾਅ ਆ ਸਕਦਾ ਹੈ। ਜੈਵਿਕ ਮਾਦਾ ਘਟਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘਟ ਸਕਦੀ ਹੈ। ਬਾਰਿਸ਼ਾਂ ਦੀ ਬਹੁਤਾਤ ਨਾਲ ਹੜ੍ਹ ਤੇ ਸੇਮ ਦੇ ਖ਼ਤਰੇ ਅਤੇ ਇਨ੍ਹਾਂ ਦੀ ਘਾਟ ਨਾਲ ਸੋਕਿਆਂ ਦੀ ਸਮੱਸਿਆ ਹੋ ਸਕਦੀ ਹੈ। ਫ਼ਸਲਾਂ ਵਾਸਤੇ ਸਿੰਚਾਈ ਦੇ ਪਾਣੀ ਦੀ ਘਾਟ ਹੋ ਸਕਦੀ ਹੈ। ਵਾਤਾਵਰਣ ਦੀ ਵਧਦੀ ਤਪਸ਼ ਨਾਲ ਕਈ ਫ਼ਸਲਾਂ (ਮੱਕੀ, ਜਵਾਰ, ਕਣਕ) ਦੀ ਬੀਜਣ ਤੋਂ ਪੱਕਣ ਤੱਕ ਦੀ ਮਿਆਦ ਘੱਟ ਸਕਦੀ ਹੈ ਤੇ ਫ਼ਸਲਾਂ ਦਾ ਝਾੜ ਘਟ ਸਕਦਾ ਹੈ। ਪਾਣੀ ਦੀ ਘਾਟ ਹੋਣ ਨਾਲ ਫ਼ਸਲਾਂ ਦਾ ਪੂਰਾ ਵਾਧਾ ਨਹੀਂ ਹੁੰਦਾ, ਦਾਣੇ ਪੂਰੀ ਤਰ੍ਹਾਂ ਨਹੀਂ ਬਣਦੇ ਅਤੇ ਹਾਨੀਕਾਰਕ ਕੀੜੇ, ਬੀਮਾਰੀਆਂ ਤੇ ਨਦੀਨਾਂ ਦੇ ਹਮਲੇ ਵੀ ਵਧ ਸਕਦੇ ਹਨ। ਜਲਵਾਯੂ ਦੇ ਬਦਲਾਅ ਦਾ ਜ਼ਿਆਦਾ ਮਾੜਾ ਅਸਰ ਮੱਕੀ, ਕਣਕ, ਝੋਨਾ, ਸੋਇਆਬੀਨ, ਆਲੂ, ਸਬਜ਼ੀਆਂ ਤੇ ਫਲਾਂ ਵਾਲੀਆਂ ਫ਼ਸਲਾਂ ਤੇ ਹੁੰਦਾ ਹੈ ਜਿਸ ਕਰਕੇ ਨਾਂ ਕੇਵਲ ਝਾੜ ਘਟਦਾ ਹੈ ਸਗੋਂ ਫ਼ਸਲਾਂ ਦੀ ਕੁਆਲਿਟੀ ਵੀ ਪ੍ਰਭਾਵਿਤ ਹੋ ਸਕਦੀ ਹੈ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਤਜਰਬੇ ਅਨੁਸਾਰ ਕਣਕ ਦੇ ਦਾਣੇ ਬਣਨ ਸਮੇਂ ਲੋੜੀਂਦੇ ਸਹੀ ਤਾਪਮਾਨ (ਵੱਧ ਤੋਂ ਵੱਧ 26 ਡਿਗਰੀ ਸੈਂਟੀਗਰੇਡ ਅਤੇ ਘੱਟ ਤੋਂ ਘੱਟ 12 ਡਿਗਰੀ ਸੈਂਟੀਗਰੇਡ) ਨਾਲੋਂ 1 ਡਿਗਰੀ ਸੈਂਟੀਗਰੇਡ ਦੇ ਵਾਧੇ ਨਾਲ ਵੀ ਝਾੜ ਲਗਪਗ ਦੋ ਮਣ ਪ੍ਰਤੀ ਏਕੜ ਘਟ ਜਾਂਦਾ ਹੈ।ਭਾਰਤੀ ਕ੍ਰਿਸ਼ੀ ਅਨੁਸੰਧਾਨ ਸੰਸਥਾਨ ਦੇ ਅਨੁਸਾਰ ਕਣਕ ਦੀ ਫ਼ਸਲ ਦੇ ਮੁੱਢਲੇ ਵਾਧੇ ਸਮੇਂ ਦੌਰਾਨ ਤਾਪਮਾਨ ਵਿੱਚ 1 ਡਿਗਰੀ ਸੈਂਟੀਗਰੇਡ ਦੇ ਵਾਧੇ ਨਾਲ ਦੇਸ਼ ਵਿੱਚ 40 ਤੋਂ 50 ਲੱਖ ਟਨ ਉਤਪਾਦਨ ਘਟ ਸਕਦਾ ਹੈ।

ਇਸ ਤੋਂ ਇਲਾਵਾ, ਵਾਤਾਵਰਣ ਵਿੱਚ ਤਾਪਮਾਨ ਵਧਣ ਦੇ ਦਬਾਅ ਨਾਲ ਪਸ਼ੂ ਧਨ ਤੇ ਡੇਅਰੀ ਪਸ਼ੂਆਂ ਦਾ ਨਾ ਸਿਰਫ਼ ਦੁੱਧ ਉਤਪਾਦਨ ਘੱਟ ਜਾਵੇਗਾ ਸਗੋਂ ਇਨ੍ਹਾਂ ਦੀ ਪ੍ਰਜਨਨ (Reproductive) ਸ਼ਕਤੀ ਵੀ ਘੱਟ ਜਾਵੇਗੀ। ਇਸ ਕਰਕੇ ਕਿਸਾਨਾਂ ਦੇ ਪਸ਼ੂ ਧਨ ਲਈ ਲੋੜੀਂਦਾ ਪਾਣੀ, ਛਾਂ ਵਿੱਚ ਰਹਿਣ ਲਈ ਸੁਵਿਧਾ ਤੇ ਊਰਜਾ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਖ਼ਰਚੇ ਹੋਰ ਵਧ ਜਾਣਗੇ ਤੇ ਨਫ਼ਾ ਘੱਟ ਜਾਵੇਗਾ। ਛੋਟੇ ਕਿਸਾਨਾਂ ਤੇ ਛੋਟੇ ਪੱਧਰ ਦੇ ਪਸ਼ੂ ਧਨ ਰੱਖਣ ਵਾਲੀ ਕਿਸਾਨੀ ਉੱਪਰ ਅਸਥਿਰ ਬਾਰਿਸ਼ਾਂ ਤੇ ਵਧਦੀ ਤਪਸ਼ ਦਾ ਮਾੜਾ ਅਸਰ ਹੋਣ ਦੀ ਹੋਰ ਵੀ ਜ਼ਿਆਦਾ ਸੰਭਾਵਨਾ ਹੈ ਕਿਉਂਕਿ ਥੋੜ੍ਹੀ ਜ਼ਮੀਨ ਵਾਲੀ ਖੇਤੀ ਅਤੇ ਪਸ਼ੂ ਧਨ ਤੋਂ ਆਮਦਨ ਹੀ ਇਨ੍ਹਾਂ ਦਾ ਮੁੱਖ ਰੁਜ਼ਗਾਰ, ਖੁਰਾਕ ਤੇ ਆਰਥਿਕਤਾ ਦੀ ਸੁਰੱਖਿਅਤਾ ਦਾ ਸਾਧਨ ਹੁੰਦੇ ਹਨ।

ਇਹ ਸਿੱਧ ਹੋ ਚੁੱਕਾ ਹੈ ਕਿ ਜਲਵਾਯੂ ਦੀਆਂ ਤਬਦੀਲੀਆਂ ਖੇਤੀ ਖੇਤਰਾਂ ਉੱਤੇ ਕਈ ਤਰ੍ਹਾਂ ਦੇ ਅਸਰ ਕਰ ਸਕਦੀਆਂ ਹਨ। ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਸਕਦੀ

ਹੈ। ਫ਼ਸਲਾਂ ਦੀ ਉਪਜ ਘੱਟ ਸਕਦੀ ਹੈ ਤੇ ਕੁਆਲਿਟੀ ਵੀ ਮਾੜੀ ਹੋ ਸਕਦੀ ਹੈ।ਸਿੰਚਾਈ ਵਾਸਤੇ ਪਾਣੀ ਦੀ ਘਾਟ ਹੋ ਸਕਦੀ ਹੈ, ਵਾਤਾਵਰਣ ਖਰਾਬ ਹੋ ਸਕਦਾ ਹੈ ਅਤੇ ਪਸ਼ੂ ਧਨ ਦਾ ਵਧਦੀ ਗਰਮੀ ਨਾਲ ਉਤਪਾਦਨ ਘੱਟ ਸਕਦਾ ਹੈ। ਇਸ ਵਾਸਤੇ ਹੁਣ ਸਮਾਂ ਹੈ ਕਿ ਯੋਜਨਾ ਬਣਾਉਣ ਵਾਲੇ, ਖੇਤੀ ਪ੍ਰਬੰਧ ਕਰਨ ਵਾਲੇ, ਤਕਨੀਕਾਂ ਕੱਢਣ ਤੇ ਉਨ੍ਹਾਂ ਦਾ ਪਸਾਰ ਕਰਨ ਵਾਲੇ, ਵਿਕਾਸ ਦੇ ਅਦਾਰੇ ਅਤੇ ਕਿਸਾਨ ਜਲਵਾਯੂ ਦੇ ਬਦਲਾਅ ਦੇ ਖੇਤੀ ਉਤਪਾਦਨ 'ਤੇ ਮਾੜੇ ਪ੍ਰਭਾਵਾਂ ਅਤੇ ਉਨ੍ਹਾਂ ਨੂੰ ਘਟਾਉਣ ਬਾਰੇ ਸੰਵੇਦਨਸ਼ੀਲ ਹੋਣ।

ਹੁਣ ਸਮਾਂ ਅਤੇ ਲੋੜ ਹੈ ਕਿ ਪਹਿਲ ਦੇ ਆਧਾਰ 'ਤੇ ਸਹੀ ਕਾਰਜ ਨੀਤੀਆਂ ਬਣਾਈਆਂ ਜਾਣ ਤੇ ਲੋੜੀਂਦੀਆਂ ਤਕਨੀਕਾਂ ਅਪਣਾ ਕੇ ਧਰਤੀ ਉੱਪਰਲੀ ਵਧ ਰਹੀ ਤਪਸ਼ ਅਤੇ ਅਸਥਿਰ ਬਾਰਿਸ਼ਾਂ ਦੇ ਅਸਰ ਨੂੰ ਘਟਾਇਆ ਜਾਵੇ। ਫ਼ਸਲਾਂ ਤੇ ਪਸ਼ੂ ਧਨ ਦੇ ਸੰਭਾਵੀ ਉਤਪਾਦਨ ਤੇ ਖੁਰਾਕ ਦੀ ਸੁਰੱਖਿਆ ਕਾਇਮ ਰੱਖੀ ਜਾਵੇ ਅਤੇ ਨਾਲ ਹੀ ਨਾਲ ਜ਼ਮੀਨ, ਪਾਣੀ ਅਤੇ ਵਾਤਾਵਰਣ ਦੀ ਸੰਭਾਲ ਵੀ ਕੀਤੀ ਜਾਵੇ।

ਪੰਜਾਬ ਵਿੱਚ ਵੱਖ-ਵੱਖ ਵਿਭਾਗਾਂ ਦੇ ਮੇਲ ਨਾਲ ਬਦਲਦੇ ਜਲਵਾਯੂ ਦੇ ਹਿਸਾਬ ਨਾਲ ਖੇਤੀ-ਪ੍ਰਬੰਧ, ਘੱਟ ਖ਼ਰਚਿਆਂ ਵਾਲੀਆਂ ਤੇ ਸੁਰੱਖਿਅਤ ਤਕਨੀਕਾਂ ਕੱਢਣ ਅਤੇ ਉਨ੍ਹਾਂ ਦੇ ਵਿਸਤਾਰ ਵਾਸਤੇ ਲੋੜੀਂਦੀ ਪੂੰਜੀ-ਨਿਵੇਸ਼ ਕਰਕੇ ਬੁਨਿਆਦੀ ਢਾਂਚਾ (Infrastructure) ਤੇ ਸਾਧਨ ਪਹਿਲ ਦੇ ਆਧਾਰ 'ਤੇ ਜੁਟਾਏ ਜਾਣੇ ਚਾਹੀਦੇ ਹਨ। ਕਿਸਾਨਾਂ ਦੁਆਰਾ ਅਪਣਾਏ ਗਏ ਪਹਿਲਾਂ ਵਾਲੇ ਸਥਾਨਕ ਤਰੀਕਿਆਂ ਅਤੇ ਨਵੀਆਂ ਤਕਨੀਕਾਂ ਦਾ ਸੁਮੇਲ ਹੋਣਾ ਜ਼ਰੂਰੀ ਹੈ।

ਆਉਣ ਵਾਲੇ ਸਮੇਂ ਵਾਸਤੇ ਫ਼ਸਲਾਂ ਦੀਆਂ ਕਿਸਮਾਂ ਅਤੇ ਪਸ਼ੂਆਂ ਦੀਆਂ ਨਸਲਾਂ ਇਹੋ ਜਿਹੀਆਂ ਕੱਢਣੀਆਂ ਚਾਹੀਦੀਆਂ ਹਨ ਜੋ ਜਲਵਾਯੂ ਦੇ ਬਦਲਾਅ ਦੇ ਅਨੁਕੂਲ ਹੋਣ ਤਾਂ ਜੋ ਉਹ ਵੱਧ ਤਾਪਮਾਨ ਤੇ ਦਬਾਅ ਅਤੇ ਔੜ, ਸੋਕੇ ਅਤੇ ਹਾਨੀਕਾਰਕ ਕੀੜਿਆਂ ਤੇ ਬੀਮਾਰੀਆਂ ਦੇ ਹਮਲਿਆਂ ਨੂੰ ਸਹਾਰ ਕੇ ਸੰਭਾਵੀ ਉਪਜ ਦੇ ਸਕਣ।

ਫ਼ਸਲਾਂ, ਜ਼ਮੀਨ, ਪਾਣੀ, ਖਾਦਾਂ, ਖੇਤਾਂ ਵਿੱਚ ਫ਼ਸਲਾਂ ਦੀ ਰਹਿੰਦ-ਖੂੰਹਦ, ਅਤੇ ਫਾਰਮ-ਵੇਸਟ (ਪਸ਼ੂਆਂ ਦਾ ਗੋਬਰ, ਰੂੜੀ ਆਦਿ) ਦਾ ਸਹੀ ਪ੍ਰਬੰਧ ਤੇ ਸੰਭਾਲ ਕਰਨੇ ਚਾਹੀਦੇ ਹਨ ਤਾਂ ਜੋ ਖੇਤੀ ਖੇਤਰ ਜਲਵਾਯੂ ਦੀਆਂ ਲਗਾਤਾਰ ਹੋ ਰਹੀਆਂ ਤਬਦੀਲੀਆਂ ਦੇ ਬਾਵਜੂਦ ਵੀ ਸੰਭਾਵੀ ਉੱਚ ਪੱਧਰ ਦਾ ਉਤਪਾਦਨ ਸਦੀਵੀ ਤੌਰ 'ਤੇ ਕਾਇਮ ਰੱਖਿਆ ਜਾ ਸਕੇ ਅਤੇ ਨਾਲ ਹੀ ਨਾਲ ਲੰਮੇ ਸਮੇਂ ਤੱਕ ਜਲਵਾਯੂ ਦੇ ਬਦਲਾਅ ਨੂੰ ਵੀ ਘਟਾਇਆ ਜਾ ਸਕੇ।

ਇਕ ਵੱਡੇ ਪੱਧਰ 'ਤੇ ਮੁਹਿੰਮ ਚਲਾਉਣ ਦੀ ਲੋੜ ਹੈ ਤਾਂ ਜੋ ਕਿਸਾਨਾਂ ਨੂੰ ਤੇ ਆਮ ਲੋਕਾਂ ਨੂੰ ਜਲਵਾਯੂ ਵਿੱਚ ਆ ਰਹੀਆਂ ਤਬਦੀਲੀਆਂ ਦੇ ਖੇਤੀ 'ਤੇ ਅਸਰ ਅਤੇ ਇਨ੍ਹਾਂ ਨੂੰ ਘਟਾਉਣ ਲਈ ਕਾਰਵਾਈਆਂ ਤੇ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਜਾਵੇ ਅਤੇ ਖੇਤੀ ਤੋਂ ਸੰਭਵ ਉਤਪਾਦਨ ਸਦੀਵੀ ਤੌਰ 'ਤੇ ਕਾਇਮ ਰੱਖਿਆ ਜਾ ਸਕੇ।

ਬੜੇ ਵੱਡੇ ਪੱਧਰ 'ਤੇ ਜੰਗਲਾਂ ਹੇਠ ਰਕਬਾ ਵਧਾਉਣਾ ਜ਼ਰੂਰੀ ਹੈ। ਇਸ ਕਾਰਜ ਵਿੱਚ ਪਿੰਡਾਂ ਦੀਆਂ ਪੰਚਾਇਤਾਂ, ਪੇਂਡੂ ਸਕੂਲ, ਸਮਾਜਿਕ ਸੰਸਥਾਵਾਂ, ਪੇਂਡੂ ਨੌਜਵਾਨ, ਸਰਕਾਰੀ

ਤੇ ਗ਼ੈਰ-ਸਰਕਾਰੀ ਅਦਾਰੇ ਅਤੇ ਕਿਸਾਨ ਰਲ ਕੇ ਹਿੱਸਾ ਪਾ ਸਕਦੇ ਹਨ।

ਕਿਸਾਨਾਂ ਦੀ ਅਤੇ ਪਸਾਰ ਸਿੱਖਿਆ ਅਦਾਰਿਆਂ ਦੀ ਤਕਨੀਕੀ ਤੇ ਮਾਲੀ ਸਹਾਇਤਾ ਬਹੁਤ ਜ਼ਰੂਰੀ ਹੈ ਤਾਂ ਜੋ ਨਵੀਆਂ ਤਕਨੀਕਾਂ ਸਹੀ ਢੰਗ ਨਾਲ ਅਪਣਾਈਆਂ ਜਾ ਸਕਣ। ਸਰਕਾਰੀ ਅਤੇ ਗ਼ੈਰ-ਸਰਕਾਰੀ ਅਦਾਰਿਆਂ ਨੂੰ ਚਾਹੀਦਾ ਹੈ ਕਿ ਜਲਵਾਯੂ ਦੇ ਬਦਲਾਅ ਸੰਬੰਧੀ ਸਕੀਮਾਂ ਵਾਸਤੇ ਇਕ ਆਧੁਨਿਕ ਮੌਸਮ ਫੋਰਕਾਸਟਿੰਗ ਸਿਸਟਮ ਲਗਾਉਣ ਵਾਸਤੇ ਲੋੜੀਂਦੀ ਪੂੰਜੀ ਨਿਵੇਸ਼ ਕਰਨ।

ਹਰ ਖੇਤਰ ਵਾਸਤੇ ਕਾਰਜ-ਗਾਈਡਾਂ ਅਤੇ ਅਚਨਚੇਤ ਲੋੜੀਂਦੇ ਪਲਾਨ (Contingent plans) ਤਿਆਰ ਕਰਨੇ ਚਾਹੀਦੇ ਹਨ ਤਾਂ ਜੋ ਜਲਵਾਯੂ ਦੇ ਬਦਲਾਅ ਦੇ ਅਸਰ ਘਟਾਉਣ ਵਾਸਤੇ ਸਹੀ ਖੇਤੀ ਪ੍ਰਬੰਧ ਕੀਤੇ ਜਾਣ ਅਤੇ ਵੱਧ ਤੋਂ ਵੱਧ ਉਪਜ ਤੇ ਆਮਦਨ ਲਈ ਜਾ ਸਕੇ।

ਜਲਵਾਯੂ ਦੀਆਂ ਤਬਦੀਲੀਆਂ ਦਾ ਅਸਰ ਘੱਟ ਸਾਧਨਾਂ ਵਾਲੇ ਤੇ ਗਰੀਬ ਛੋਟੇ ਕਿਸਾਨਾਂ ਅਤੇ ਛੋਟੇ ਪੱਧਰ ਦੇ ਪਸ਼ੂ-ਪਾਲਕਾਂ ਉੱਤੇ ਜ਼ਿਆਦਾ ਹੋਵੇਗਾ। ਇਨ੍ਹਾਂ ਛੋਟੇ ਖੇਤੀ-ਉਤਪਾਦਕਾਂ ਵਾਸਤੇ ਖਾਸ ਤਰ੍ਹਾਂ ਦੀਆਂ ਸਕੀਮਾਂ ਬਣਾਉਣੀਆਂ ਚਾਹੀਦੀਆਂ ਹਨ ਤਾਂ ਜੋ ਇਨ੍ਹਾਂ ਨੂੰ ਤਕਨੀਕੀ ਅਤੇ ਮਾਲੀ ਸਹਾਇਤਾ ਦੇ ਕੇ ਇਨ੍ਹਾਂ ਦਾ ਖੇਤੀ ਉਤਪਾਦਨ ਅਤੇ ਆਮਦਨ ਵਧਾਏ ਜਾ ਸਕਣ।

ਪਾਲਿਸੀਆਂ ਬਣਾਉਣ ਵਾਲਿਆਂ, ਵੱਖ-ਵੱਖ ਵਿਕਾਸ ਦੇ ਵਿਭਾਗਾਂ, ਪੂੰਜੀ ਨਿਵੇਸ਼ ਕਰਨ ਵਾਲੇ ਸਰਕਾਰੀ ਤੇ ਗ਼ੈਰ-ਸਰਕਾਰੀ ਅਦਾਰਿਆਂ, ਸਮਾਜਿਕ ਸੰਸਥਾਵਾਂ ਤੇ ਕਿਸਾਨਾਂ ਨੂੰ ਚਾਹੀਦਾ ਹੈ ਕਿ ਇਕੱਠੇ ਹੋ ਕੇ ਜਲਵਾਯੂ ਦੀਆਂ ਲਗਾਤਾਰ ਹੋ ਰਹੀਆਂ ਤਬਦੀਲੀਆਂ ਦੇ ਮੰਡਰਾਉਂਦੇ ਮਾੜੇ ਪ੍ਰਭਾਵਾਂ ਨੂੰ ਘਟਾਉਣ ਵਿੱਚ ਹਿੱਸਾ ਪਾਉਣ ਤਾਂ ਜੋ ਖੇਤੀ ਆਧਾਰਿਤ ਆਰਥਿਕਤਾ ਦੇ ਵਾਧੇ ਨੂੰ ਸਦੀਵੀ ਤੌਰ 'ਤੇ ਕਾਇਮ ਰੱਖਿਆ ਜਾ ਸਕੇ।

❖❖❖

9

# ਜੋਖ਼ਮ ਪ੍ਰਬੰਧਨ ਕਾਰਜ ਨੀਤੀਆਂ ਬਣਾਉਣਾ ਤੇ ਲਾਗੂ ਕਰਨਾ

ਖੇਤੀਬਾੜੀ, ਜਿਸ ਤੇ ਦੇਸ਼ ਦੀ 50 ਪ੍ਰਤੀਸ਼ਤ ਤੋਂ ਵੱਧ ਆਬਾਦੀ ਨਿਰਭਰ ਕਰਦੀ ਹੈ, ਇਕ ਬਹੁਤ ਖਤਰਿਆਂ ਭਰਿਆ ਖੇਤਰ ਹੈ। ਉਤਪਾਦਨ ਤੋਂ ਮੰਡੀਕਰਨ ਤੇ ਖਪਤਕਾਰ ਤੱਕ ਹਰ ਵੇਲੇ ਕਿਸਾਨਾਂ ਨੂੰ ਵੱਖ-ਵੱਖ ਕਿਸਮ ਦੇ ਅਚਾਨਕ ਜਾਂ ਲੰਮੇ ਸਮੇਂ ਤੱਕ ਮਾਰ ਕਰਨ ਵਾਲੇ ਜੋਖਮਾਂ ਦੇ ਅਸਰ ਹੇਠ ਫ਼ਸਲਾਂ ਦੇ ਉਤਪਾਦਨ, ਉਤਪਾਦਨ- ਕੁਸ਼ਲਤਾ ਤੇ ਆਮਦਨ ਵਿੱਚ ਘਾਟ, ਅਸਥਿਰਤਾ ਅਤੇ ਅਨਿਸ਼ਚਿਤਤਾ ਵਧਦੇ ਜਾਣ ਦਾ ਸਾਹਮਣਾ ਕਰਨਾ ਪੈਂਦਾ ਹੈ। ਖੇਤੀਬਾੜੀ ਵਿੱਚ ਆਉਂਦੇ ਜੋਖਮਾਂ ਦੇ ਕਈ ਕਾਰਨ ਹੋ ਸਕਦੇ ਹਨ ਜਿਵੇਂ ਕਿ ਜਲਵਾਯੂ ਵਿੱਚ ਬਦਲਾਅ, ਤਾਪਮਾਨ ਵਿੱਚ ਅਚਾਨਕ ਵਾਧਾ, ਕੋਰਾ ਪੈਣਾ, ਗੜਿਆਂ ਵਾਲੇ ਤੂਫ਼ਾਨ, ਬੇਵਕਤ ਤੇ ਅਸਥਿਰ ਬਾਰਿਸ਼, ਬਹੁਤ ਤੇਜ਼ ਹਨੇਰੀਆਂ ਤੇ ਝੱਖੜ, ਔੜ, ਹੜ੍ਹ ਅਤੇ ਅੱਗਾਂ ਆਦਿ। ਇਸ ਤੋਂ ਇਲਾਵਾ ਮਾਰਕਿਟ (ਦੇਸ਼ੀ ਤੇ ਵਿਦੇਸ਼ੀ) ਕੀਮਤਾਂ ਵਿੱਚ ਉਤਰਾਅ-ਚੜ੍ਹਾਅ, ਇਨਪੁਟਸ (ਖਾਦਾਂ, ਬੀਜ, ਨਦੀਨ ਤੇ ਕੀਟਨਾਸ਼ਕ ਦਵਾਈਆਂ ਆਦਿ) ਦੀਆਂ ਕੀਮਤਾਂ ਵਿੱਚ ਅਚਾਨਕ ਵਾਧਾ, ਸਰਕਾਰੀ ਨੀਤੀਆਂ ਵਿੱਚ ਤਬਦੀਲੀਆਂ (ਜਿਵੇਂ ਨੋਟਬੰਦੀ ਨਾਲ ਸਬਜ਼ੀਆਂ ਤੇ ਹੋਰ ਉਤਪਾਦਾਂ ਦੀਆਂ ਕੀਮਤਾਂ 'ਚ ਗਿਰਾਵਟ ਆਈ), ਮਾਲੀ ਸਹਾਇਤਾ ਮਿਲਣ ਵਿੱਚ ਅਨਿਸ਼ਚਿਤਤਾ, ਕੀੜੇ ਤੇ ਬੀਮਾਰੀਆਂ ਦੇ ਅਚਾਨਕ ਹਮਲੇ, ਨਕਲੀ ਰਸਾਇਣਾਂ (ਖਾਦਾਂ, ਨਦੀਨ ਤੇ ਕੀਟਨਾਸ਼ਕ ਜ਼ਹਿਰਾਂ ਆਦਿ) ਅਤੇ ਘਟੀਆ ਗੁਣਵੱਤਾ ਵਾਲੇ ਬੀਜ (ਖਾਸ ਤੌਰ 'ਤੇ ਹਾਈਬ੍ਰਿਡ ਫ਼ਸਲਾਂ, ਬੀ ਟੀ ਕਪਾਹ, ਆਦਿ) ਉਪਲੱਬਧ ਹੋਣੇ ਅਤੇ ਕਈ ਹੋਰ ਤਰ੍ਹਾਂ ਦੇ ਹਾਲਾਤ ਪੈਦਾ ਹੋ ਜਾਂਦੇ ਹਨ ਜੋ ਖੇਤੀ ਉਤਪਾਦਨ ਅਤੇ ਆਮਦਨ ਵਿੱਚ ਵੱਡੇ ਪੱਧਰ 'ਤੇ ਘਾਟੇ ਦੇ ਕਾਰਨ ਬਣ ਸਕਦੇ ਹਨ। ਸ਼ਹਿਰੀ ਇਲਾਕਿਆਂ ਵਿੱਚ ਜਾਂ ਹੋਰ ਖੇਤੀਬਾੜੀ ਵਾਸਤੇ ਧਰਤੀ ਹੇਠਲੇ ਪ੍ਰਦੂਸ਼ਿਤ ਪਾਣੀ ਨਾਲ ਸਿੰਚਾਈ ਕੀਤੇ ਜਾਣ ਕਾਰਨ ਫ਼ਸਲਾਂ ਦੀ ਉਪਜ ਇਨਸਾਨਾਂ ਅਤੇ ਜੀਵ-ਜੰਤੂਆਂ ਦੀ ਸਿਹਤ ਲਈ ਵੱਡਾ ਖਤਰਾ ਬਣ ਜਾਂਦਾ ਹੈ।

ਕਈ ਵਾਰ ਇਨ੍ਹਾਂ ਖ਼ਤਰਿਆਂ ਦੇ ਮਾੜੇ ਅਸਰਾਂ ਕਾਰਨ ਕਿਸਾਨ ਭਾਈਚਾਰੇ (ਖਾਸ ਤੌਰ 'ਤੇ ਛੋਟੇ ਕਿਸਾਨ) ਨੂੰ ਨਾ ਸਿਰਫ਼ ਬਹੁਤ ਜ਼ਿਆਦਾ ਅਸਹਿ ਆਰਥਿਕ ਨੁਕਸਾਨ ਹੋ ਜਾਂਦੇ ਹਨ ਸਗੋਂ ਉਨ੍ਹਾਂ ਦੀ ਖੇਤੀ ਉਤਪਾਦਕਤਾ ਵਾਧੇ ਵੱਲ ਕਾਇਮ ਰੱਖਣ ਦੀ ਸਮਰੱਥਾ ਨੂੰ ਵੀ ਵੱਡੀ ਢਾਅ ਲੱਗਦੀ ਹੈ। ਜਦ ਇਨ੍ਹਾਂ ਖ਼ਤਰਿਆਂ ਦੇ ਮਾੜੇ ਅਸਰ ਬਹੁਤ ਵੱਡੇ ਇਲਾਕੇ ਵਿੱਚ ਹੋ ਜਾਣ ਤਾਂ ਦੇਸ਼ ਜਾਂ ਰਾਜ ਪੱਧਰ ਦੀ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਵਿੱਚ ਗਿਰਾਵਟ ਆਉਣ ਨਾਲ ਸਰਕਾਰਾਂ ਵੱਲੋਂ ਪ੍ਰਭਾਵਿਤ ਲੋਕਾਂ ਨੂੰ ਰਾਹਤ ਅਤੇ ਹੋਰ ਸਹੂਲਤਾਂ ਪ੍ਰਦਾਨ ਕਰਨ ਵਾਸਤੇ ਭਾਰੀ ਰਕਮ ਖ਼ਰਚਣੀ ਪੈਂਦੀ ਹੈ। ਅਸਲ ਵਿੱਚ ਇਨ੍ਹਾਂ ਖ਼ਤਰਿਆਂ

ਦੇ ਖੇਤੀ ਉਤਪਾਦਨ ਉੱਪਰ ਮਾੜੇ ਅਸਰਾਂ ਤੇ ਕਾਬੂ ਪਾਉਣਾ ਅਤੇ ਆਰਥਿਕਤਾ ਨੂੰ ਵਾਧੇ ਵੱਲ ਕਾਇਮ ਰੱਖਣਾ ਸਰਕਾਰਾਂ, ਨੀਤੀਆਂ ਬਣਾਉਣ ਵਾਲਿਆਂ, ਖੇਤੀ ਮਾਹਿਰਾਂ ਤੇ ਕਿਸਾਨਾਂ ਵਾਸਤੇ ਵੱਡੀ ਗੰਭੀਰ ਚੁਣੌਤੀ ਬਣੀ ਹੋਈ ਹੈ। ਖੇਤੀ ਖੇਤਰ ਦਾ ਦੇਸ਼ ਦੀ ਜੀ.ਡੀ.ਪੀ. ਵਿੱਚ ਹਿੱਸਾ ਜੋ 1960 ਤੋਂ 2019 ਦੌਰਾਨ 27.82 ਪ੍ਰਤੀਸ਼ਤ ਸੀ ਅਤੇ 1967 ਵਿੱਚ ਸਭ ਤੋ ਵੱਧ ਭਾਵ 42.77 ਪ੍ਰਤਸ਼ਿਤ ਸੀ, ਸਾਲ 2019 ਦੌਰਾਨ 15.96 ਪ੍ਰਤੀਸ਼ਤ ਤੇ ਪਹੁੰਚ ਗਿਆ ਹੈ। ਇਸ ਨੂੰ ਫਿਰ ਤੋਂ ਵਾਧੇ ਵੱਲ ਲੈ ਕੇ ਜਾਣਾ, ਭਾਰਤ ਸਰਕਾਰ ਵੱਲੋਂ ਮਿਥੀ ਗਈ ਅਨਾਜ ਉਤਪਾਦਨ ਦੀ ਸਾਲਾਨਾ ਵਾਧੇ ਦੀ ਦਰ 4.1 ਪ੍ਰਤੀਸ਼ਤ ਨੂੰ ਪ੍ਰਾਪਤ ਕਰਨਾ, ਦੇਸ਼ ਵਿੱਚ ਦੂਜਾ ਹਰਾ ਇਨਕਲਾਬ ਲਿਆਉਣਾ ਅਤੇ ਵਧਦੀ ਆਬਾਦੀ ਵਾਸਤੇ ਅਨਾਜ ਦੀ ਲੋੜ ਤੇ ਸੁਰੱਖਿਅਤਾ ਯਕੀਨੀ ਬਣਾਉਣਾ ਤਾਂ ਹੀ ਸੰਭਵ ਹੋ ਸਕਣਗੇ ਜੇਕਰ ਖੇਤੀਬਾੜੀ ਉੱਪਰ ਵੱਖ-ਵੱਖ ਖ਼ਤਰਿਆਂ ਦੇ ਮਾੜੇ ਅਸਰਾਂ ਤੇ ਕਾਬੂ ਪਾਇਆ ਜਾਵੇਗਾ।

ਇਕ ਵੱਡੀ ਸਮੱਸਿਆ ਇਹ ਹੈ ਕਿ ਸਾਡੇ ਦੇਸ਼ ਤੇ ਰਾਜ ਸਰਕਾਰਾਂ, ਨੀਤੀ ਬਣਾਉਣ ਵਾਲਿਆਂ ਅਤੇ ਖੇਤੀ ਵਿਕਾਸ ਦੇ ਮਾਹਿਰਾਂ ਵਲੋਂ ਅਤੀਤ ਵਿੱਚ ਇਕ ਸਰਵਪੱਖੀ ਭਵਿੱਖ-ਮੁਖੀ ਖੇਤੀ-ਜੋਖਮਾਂ ਨਿਸ਼ਚਿਤ ਮੁਸ਼ਕਿਲਾਂ ਆਉਣ ਤੋਂ ਪਹਿਲਾਂ ਅਤੇ ਬਾਅਦ ਦੇ ਪ੍ਰਬੰਧਨ ਕਰਨ ਅਤੇ ਪ੍ਰਭਾਵਿਤ ਲੋਕਾਂ ਨੂੰ ਫੌਰੀ ਰਾਹਤ ਦੇਣ ਵਾਸਤੇ ਕਾਰਜ ਨੀਤੀਆਂ ਬਣਾਉਣ ਤੇ ਲਾਗੂ ਕਰਨ ਨੂੰ ਅਣਡਿੱਠ ਕੀਤਾ ਜਾਂਦਾ ਰਿਹਾ ਹੈ। ਆਮ ਤੌਰ 'ਤੇ ਆਫ਼ਤ ਆ ਜਾਣ ਤੇ ਸਰਕਾਰਾਂ, ਖੇਤੀ ਮਾਹਿਰਾਂ ਤੇ ਹੋਰ ਸੰਬੰਧਿਤ ਅਦਾਰਿਆਂ ਵੱਲੋਂ ਜੋਖਮ-ਪ੍ਰਬੰਧ ਕਰਨ, ਮਾਲੀ ਰਾਹਤ ਦੇਣ ਤੇ ਹੋਰ ਬਦਲਵੀਆਂ ਫ਼ਸਲਾਂ ਵਾਸਤੇ ਬੀਜ, ਖਾਦਾਂ, ਕੀਟਨਾਸ਼ਕ ਦਵਾਈਆਂ ਆਦਿ ਪ੍ਰਭਾਵਿਤ ਲੋਕਾਂ ਤੱਕ ਪਹੁੰਚਾਉਣ ਵਾਸਤੇ ਹਫੜਾ-ਦਫੜੀ ਪੈ ਜਾਂਦੀ ਹੈ। ਇਸ ਕਰਕੇ ਲੋੜ ਹੈ ਕਿ ਸਰਕਾਰ, ਖੇਤੀ ਮਾਹਿਰ ਤੇ ਹੋਰ ਸੰਬੰਧਿਤ ਅਦਾਰੇ ਖੇਤੀ-ਖ਼ਤਰੇ ਦੇ ਮਾੜੇ ਅਸਰਾਂ ਤੇ ਰੋਕ ਲਗਾਉਣ ਵਾਸਤੇ ਰਾਜ, ਖੇਤਰ, ਪਿੰਡ ਅਤੇ ਫਾਰਮ ਪੱਧਰ ਦੇ ਸਰਵਪੱਖੀ ਖੇਤੀ-ਜੋਖਮ ਪ੍ਰਬੰਧਨ, ਰਾਹਤ ਦੇਣ ਦੀਆਂ ਨੀਤੀਆਂ, ਹੰਗਾਮੀ ਪਲਾਨ ਤੇ ਕਾਰਜ ਕਾਰਵਾਈਆਂ ਕਰਨ ਦੀਆਂ ਰਣਨੀਤਿਕ ਯੋਜਨਾਵਾਂ ਬਣਾਉਣ ਅਤੇ ਉਨ੍ਹਾਂ ਨੂੰ ਆਫ਼ਤ ਆਉਣ ਤੋਂ ਪਹਿਲੋਂ ਹੀ ਜਾਂ ਆਫਤ ਆ ਜਾਣ ਤੇ ਫ਼ੌਰੀ ਤੌਰ 'ਤੇ ਲਾਗੂ ਕਰਨ ਤਾਂ ਜੋ ਖੇਤੀ ਆਧਾਰਿਤ ਆਰਥਿਕਤਾ ਦੇ ਨੁਕਸਾਨ ਘਟਾਏ ਜਾਣ।

ਪਾਣੀ ਦੇ ਸਰੋਤ ਵਿੱਚ ਹੋ ਰਹੀ ਕਮੀ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਗਿਰਾਵਟ ਨਾਲ ਖੇਤੀਬਾੜੀ ਉੱਪਰ ਖਤਰੇ ਤੇਜ਼ੀ ਨਾਲ ਵਧਦੇ ਜਾ ਰਹੇ ਹਨ। ਅਸਲ ਵਿੱਚ ਪਹਿਲਾਂ ਤੋਂ ਹੀ ਜ਼ਮੀਨ ਤੇ ਪਾਣੀ ਦੇ ਸੀਮਿਤ ਵਸੀਲਿਆਂ ਦੀ ਬੇਕਾਬੂ, ਗ਼ੈਰ-ਯੋਜਨਾਬੱਧ ਤੇ ਗ਼ਲਤ ਵਰਤੋਂ ਹੋਣ ਕਰਕੇ ਜ਼ਮੀਨ ਦੀ ਸਿਹਤ ਵਿੱਚ ਖਰਾਬੀ ਅਤੇ ਧਰਤੀ ਹੇਠਲੇ ਪਾਣੀ ਦੀ ਸਤਹਿ 'ਚ ਗਿਰਾਵਟ ਦੇ ਖ਼ਤਰਿਆਂ ਦੇ ਅਸਰਾਂ ਤੇ ਕਾਬੂ ਪਾ ਕੇ ਕਿਸਾਨੀ ਆਧਾਰਿਤ ਆਰਥਿਕਤਾ ਨੂੰ ਵਾਧੇ ਵੱਲ ਕਾਇਮ ਰੱਖ ਸਕਣਾ ਬਹੁਤ ਵੱਡੀਆਂ ਚੁਣੌਤੀਆਂ ਹਨ। ਪੰਜਾਬ ਵਿੱਚ ਲਗਾਤਾਰ ਝੋਨਾ-ਕਣਕ ਫ਼ਸਲੀ ਪ੍ਰਣਾਲੀ ਅਪਣਾਏ ਜਾਣਾ ਇਨ੍ਹਾਂ ਖ਼ਤਰਿਆਂ ਦੇ ਵਧਦੇ ਜਾਣ ਦਾ ਇਕ ਵੱਡਾ ਕਾਰਨ ਸਮਝਿਆ ਜਾਂਦਾ ਹੈ ਜਿਸ ਕਰਕੇ ਫ਼ਸਲਾਂ ਵਿੱਚ

ਵਿਭਿੰਨਤਾ ਦੀਆਂ ਸਿਫ਼ਾਰਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਖਾਦਾਂ, ਨਦੀਨਨਾਸ਼ਕ ਤੇ ਕੀਟਨਾਸ਼ਕ ਜ਼ਹਿਰਾਂ ਦੀ ਅੰਨ੍ਹਾਧੁੰਦ ਅਤੇ ਗ਼ਲਤ ਵਰਤੋਂ ਕਰਨ ਨਾਲ ਨਾਂ ਕੇਵਲ ਜ਼ਮੀਨ ਦੀ ਸਿਹਤ ਤੇ ਮਾੜਾ ਅਸਰ ਹੁੰਦਾ ਹੈ ਸਗੋਂ ਜ਼ਮੀਨ ਅਤੇ ਪਾਣੀ ਵਿੱਚ ਪ੍ਰਦੂਸ਼ਣ ਵੀ ਵਧਦਾ ਜਾਂਦਾ ਹੈ। ਇਸ ਵਾਸਤੇ ਲੋੜ ਹੈ ਕਿ ਜ਼ਮੀਨ, ਪਾਣੀ, ਖਾਦਾਂ, ਨਦੀਨਨਾਸ਼ਕ ਤੇ ਕੀਟਨਾਸ਼ਕ ਜ਼ਹਿਰਾਂ ਆਦਿ ਦੀ ਲੋੜ ਅਨੁਸਾਰ, ਸਹੀ ਤੇ ਸਮਝ ਨਾਲ ਵਰਤੋਂ ਕਰਨ ਲਈ ਇਕ ਅਸਰਦਾਰ ਸਿਸਟਮ ਬਣਾਇਆ ਜਾਵੇ।

ਇਕ ਅਨੁਮਾਨ ਅਨੁਸਾਰ ਜਲਵਾਯੂ ਵਿੱਚ ਬਦਲਾਅ ਅਤੇ ਵਿਸ਼ਵ ਗਰਮਾਇਸ਼ ਵਧਦੇ ਜਾਣ ਕਾਰਨ ਸਾਲ 2050 ਤੱਕ ਭਾਰਤ ਦੇ ਤਾਪਮਾਨ ਵਿੱਚ ਔਸਤਨ 0.88 ਡਿਗਰੀ ਸੈਂਟੀਗਰੇਡ ਤੋਂ 3.16 ਡਿਗਰੀ ਸੈਂਟੀਗਰੇਡ ਅਤੇ ਬਾਰਿਸ਼ ਵਿੱਚ 15-40 ਪ੍ਰਤੀਸ਼ਤ ਵਾਧਾ ਹੋ ਸਕਦਾ ਹੈ। ਭਵਿੱਖ ਵਿੱਚ ਬੜੀ ਤੇਜ਼ੀ ਨਾਲ ਆਉਂਦੇ ਜਾ ਰਹੇ ਗੰਭੀਰ ਖ਼ਤਰੇ ਪੈਦਾ ਹੋ ਸਕਦੇ ਹਨ ਜਿਨ੍ਹਾਂ ਕਰਕੇ ਦੇਸ਼ ਵਿੱਚ ਖੇਤੀ-ਉਤਪਾਦਨ ਕਰਨ ਦੀ ਸਮਰੱਥਾ 40 ਪ੍ਰਤੀਸ਼ਤ ਤੱਕ ਘਟਣ ਦੀ ਉਮੀਦ ਕੀਤੀ ਜਾ ਰਹੀ ਹੈ। ਬਾਰਿਸ਼-ਨਿਰਭਰ ਖੇਤਰਾਂ ਵਿੱਚ ਖੇਤੀ ਉਤਪਾਦਨ ਵਿੱਚ 50 ਪ੍ਰਤੀਸ਼ਤ ਤੱਕ ਗਿਰਾਵਟ ਆ ਸਕਦੀ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲਧਿਆਣਾ ਦੀ ਇਕ ਖੋਜ ਅਨੁਸਾਰ ਆਮ ਤਾਪਮਾਨ (26 ਡਿਗਰੀ ਸੈਂਟੀਗਰੇਡ ਵੱਧ ਅਤੇ 12 ਡਿਗਰੀ ਸੈਂਟੀਗਰੇਡ ਘੱਟ) ਤੋਂ 1 ਡਿਗਰੀ ਸੈਂਟੀਗਰੇਡ ਵੱਧਣ ਨਾਲ ਕਣਕ ਦਾ ਝਾੜ 2 ਮਣ (0.8 ਕੁਇੰਟਲ) ਪ੍ਰਤੀ ਏਕੜ ਘਟ ਸਕਦਾ ਹੈ। ਇਸ ਵਾਸਤੇ ਲੋੜ ਹੈ ਕਿ ਨੀਤੀਆਂ ਬਣਾਉਣ ਵਾਲੇ, ਤਕਨੀਕਾਂ ਵਿਕਸਤ ਕਰਨ ਵਾਲੇ, ਵਿਕਾਸ ਦੇ ਅਦਾਰੇ ਅਤੇ ਕਿਸਾਨ ਪਹਿਲ ਦੇ ਤੌਰ ’ਤੇ ਜਲਵਾਯੂ ਦੇ ਬਦਲਾਅ ਨਾਲ ਹੋਣ ਵਾਲੇ ਖ਼ਤਰਿਆਂ ਤੇ ਕਾਬੂ ਪਾਉਣ ਸੰਬੰਧੀ ਯੋਜਨਾਵਾਂ ਤੇ ਕਾਰਜ ਨੀਤੀਆਂ ਬਣਾਉਣ ਤਾਂ ਜੋ ਅਨੁਮਾਨ ਕੀਤੇ ਜਾ ਰਹੇ ਜਲਵਾਯੂ ਦੇ ਬਦਲਾਅ ਨਾਲ ਪੈਦਾ ਹੋਣ ਵਾਲੇ ਖ਼ਤਰਿਆਂ ਅਤੇ ਨੁਕਸਾਨਾਂ ਤੇ ਕਾਬੂ ਪਾਇਆ ਜਾ ਸਕੇ। ਇਨ੍ਹਾਂ ਖਾਸ ਤਰ੍ਹਾਂ ਦੇ ਖ਼ਤਰਿਆਂ ਦਾ ਮੁਕਾਬਲਾ ਕਰਨ ਵਾਸਤੇ ਕਿਸਾਨ ਭਾਈਚਾਰੇ ਨੂੰ ਨਵੀਂ ਤਰ੍ਹਾਂ ਦੀਆਂ ਜਲਵਾਯੂ ਨੂੰ ਲਚਕੀਲੀਆਂ ਫ਼ਸਲਾਂ, ਤਕਨੀਕਾਂ, ਸਿਖਲਾਈਆਂ, ਸਾਧਨਾਂ ਤੇ ਹੋਰ ਸਹਿਯੋਗ ਸੇਵਾਵਾਂ ਦੀ ਲੋੜ ਹੋਵੇਗੀ ਤਾਂ ਜੋ ਜਲਵਾਯੂ ਵਿੱਚ ਬਦਲਾਅ ਹੁੰਦੇ ਜਾਣ ਦੇ ਨਾਲ-ਨਾਲ ਖੇਤੀ ਉਤਪਾਦਨ ਅਤੇ ਆਰਥਿਕਤਾ ਵਾਧੇ ਵੱਲ ਕਾਇਮ ਰੱਖੇ ਜਾ ਸਕਣ।

ਇਕ ਬਹੁਤ ਵੱਡਾ ਖਤਰਾ, ਜੋ ਮਾਰਕਿਟ ਵਿੱਚ ਖੇਤੀ ਉਤਪਾਦਾਂ ਦੀਆਂ ਕੀਮਤਾਂ ਵਿੱਚ ਅਸਥਿਰਤਾ ਜਾਂ ਅਚਨਚੇਤ ਗਿਰਾਵਟ ਕਰਕੇ ਪੈਦਾ ਹੁੰਦਾ ਹੈ, ਕਿਸਾਨ ਭਾਈਚਾਰੇ ਦੀ ਆਰਥਿਕਤਾ ਨੂੰ ਅਸਹਿ ਢਾਅ ਲਾਉਂਦਾ ਹੈ। ਸਰਕਾਰ ਵੱਲੋਂ ਆਯਾਤ ਤੇ ਨਿਰਯਾਤ ਕਰਨ ਜਾਂ ਕਈ ਹੋਰ ਨੀਤੀਆਂ ਵਿੱਚ ਅਚਾਨਕ ਤਬਦੀਲੀਆਂ ਅਤੇ ਗ਼ੈਰ-ਯੋਜਨਾਬੱਧ ਫ਼ਸਲਾਂ ਦੇ ਰਕਬੇ ਵਧਣ ਨਾਲ ਉਤਪਾਦਾਂ ਦੀ ਬਹੁਤਾਤ ਕਰਕੇ ਮਾਰਕੀਟ ਵਿੱਚ ਕੀਮਤਾਂ ’ਚ ਅਸਥਿਰਤਾ ਜਾਂ ਘਾਟ ਹੋ ਸਕਦੀ ਹੈ। ਇਨ੍ਹਾਂ ਖ਼ਤਰਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਵਲੋਂ ਖੇਤੀ ਉਤਪਾਦਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਤੇ ਖਰੀਦ

ਕਰਨ ਦੀ ਪਾਲਿਸੀ ਨੂੰ ਅਪਣਾਇਆ ਗਿਆ ਹੈ। ਐਮ ਐਸ ਪੀ ਆਧਾਰਿਤ ਖਰੀਦ ਪ੍ਰਣਾਲੀ ਹੇਠ ਕਣਕ ਤੇ ਝੋਨੇ ਦੇ ਨਾਲ-ਨਾਲ ਬਾਕੀ ਸਾਰੀਆਂ ਫ਼ਸਲਾਂ ਵੀ ਆਉਣੀਆਂ ਚਾਹੀਦੀਆਂ ਹਨ। ਕਿਸਾਨਾਂ ਦੀ ਆਰਥਿਕਤਾ ਨੂੰ ਸਰਵਪੱਖੀ ਤੌਰ 'ਤੇ ਸਥਿਰ ਅਤੇ ਲਾਹੇਵੰਦ ਬਣਾਈ ਰੱਖਣ ਵਾਸਤੇ "ਸਵਾਮੀਨਾਥਨ ਕਮੇਟੀ" ਵਲੋਂ ਸਿਫਾਰਿਸ਼ ਕੀਤੇ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਨੂੰ ਲਾਗੂ ਕਰਨਾ ਚਾਹੀਦਾ ਹੈ।

ਖੇਤੀ ਖ਼ਤਰਿਆਂ ਤੋਂ ਪ੍ਰਭਾਵਿਤ ਕਿਸਾਨਾਂ ਨੂੰ ਰਾਹਤ ਪ੍ਰਦਾਨ ਕਰਨ ਵਾਸਤੇ ਕੌਮੀ ਪੱਧਰ 'ਤੇ ਅਚਨਚੇਤ ਬਿਪਤਾ ਫੰਡ ਅਤੇ ਰਾਜ ਪੱਧਰੀ ਰਾਹਤ ਫੰਡ ਸਥਾਪਤ ਕੀਤੇ ਗਏ ਹਨ ਤਾਂ ਜੋ ਔੜ, ਹੜ੍ਹ, ਗੜੇਮਾਰ, ਵਾਵਰੋਲਾ, ਸੁਨਾਮੀ, ਆਦਿ ਦੀਆਂ ਹਾਲਾਤਾਂ ਦੌਰਾਨ ਲੋੜੀਂਦੀ ਰਾਹਤ ਦੇ ਭੁਗਤਾਨ ਕੀਤੇ ਜਾ ਸਕਣ। ਇਹ ਵੀ ਜ਼ਰੂਰੀ ਹੈ ਕਿ ਇਨ੍ਹਾਂ ਫੰਡਾਂ ਦੀ ਸਮੇਂ ਸਿਰ ਲੋੜ ਅਨੁਸਾਰ ਕੁਸ਼ਲਤਾ ਨਾਲ ਪ੍ਰਭਾਵਿਤ ਕਿਸਾਨਾਂ ਤੱਕ ਉਪਲੱਬਧਤਾ ਯਕੀਨੀ ਬਣਾਈ ਜਾਵੇ। ਇਨ੍ਹਾਂ ਫੰਡਾਂ ਤੋਂ ਇਲਾਵਾ ਖੇਤੀ-ਬੀਮਾ ਯੋਜਨਾਵਾਂ ਵੀ ਅਚਾਨਕ ਖੇਤੀ ਅਸਫਲਤਾ ਕਰਕੇ ਮਾਲੀ ਨੁਕਸਾਨ ਦੇ ਖ਼ਤਰੇ ਨੂੰ ਘਟਾਉਣ ਲਈ ਬਹੁਤ ਵੱਡਾ ਹਿੱਸਾ ਪਾ ਸਕਦੀਆਂ ਹਨ।

ਵੱਖ-ਵੱਖ ਖ਼ਤਰਿਆਂ ਤੋਂ ਪ੍ਰਭਾਵਿਤ ਕਿਸਾਨ ਭਾਈਚਾਰੇ ਤੱਕ ਜਲਦੀ ਤੋਂ ਜਲਦੀ ਰਾਹਤ ਉਪਲੱਬਧ ਕਰਵਾਉਣਾ ਅਤੇ ਪ੍ਰਬੰਧਨ ਕਾਰਜਾਂ ਨੂੰ ਕੁਸ਼ਲਤਾ ਨਾਲ ਪਹੁੰਚਾਉਣਾ ਜ਼ਰੂਰੀ ਹੈ ਤਾਂ ਜੋ ਪ੍ਰਭਾਵਿਤ ਲੋਕਾਂ ਦਾ ਤੇਜ਼ੀ ਨਾਲ ਮੁੜ ਆਰਥਿਕ ਵਸੇਵਾ ਹੋ ਸਕੇ। ਇਸ ਵਾਸਤੇ ਵੱਖ-ਵੱਖ ਖ਼ਤਰਿਆਂ ਲਈ ਨਿਸ਼ਚਿਤ ਹੋਏ ਨੁਕਸਾਨ ਦੀ ਕਿਸਮ, ਹੱਦ ਅਤੇ ਖੇਤਰਫਲ ਬਾਰੇ ਭਰੋਸੇਯੋਗ ਤੇ ਤੇਜ਼ੀ ਨਾਲ ਜਾਣਕਾਰੀ ਹੋਣੀ ਇਕ ਮੁੱਢਲੀ ਲੋੜ ਹੈ। ਹਾਲ ਦੇ ਸਮੇਂ ਵਿੱਚ ਪਟਵਾਰੀ-ਗਿਰਦਾਵਰੀ ਪ੍ਰਣਾਲੀ ਹੀ ਇਹ ਜਾਣਕਾਰੀ ਲੈਣ ਦਾ ਇਕ ਤਰੀਕਾ ਵਰਤਿਆ ਜਾਂਦਾ ਹੈ ਜਿਸ ਵਿੱਚ ਕਈ ਤਰ੍ਹਾਂ ਦੇ ਸ਼ੱਕ ਅਤੇ ਸ਼ਿਕਾਇਤਾਂ ਹੁੰਦੀਆਂ ਹਨ ਅਤੇ ਰਾਹਤ ਮੁਹੱਈਆ ਕਰਨ ਵਿੱਚ ਕਾਫੀ ਦੇਰੀ ਵੀ ਹੋ ਜਾਂਦੀ ਹੈ। ਇਸ ਵਾਸਤੇ ਲੋੜ ਹੈ ਕਿ ਸੁਦੂਰ-ਸੰਵੇਦਨ ਤਕਨੀਕ (Remote Sensing) ਨਾਲ ਭੂਗੋਲਿਕ ਜਾਣਕਾਰੀ ਪ੍ਰਣਾਲੀ (Geographic Information System) ਆਧਾਰਿਤ ਹਰ ਖੇਤਰ, ਪਿੰਡ ਤੇ ਫਾਰਮ ਵਿੱਚ ਖੇਤੀ ਦੇ ਨੁਕਸਾਨ ਹੇਠ ਰਕਬੇ ਬਾਰੇ ਬਹੁਤ ਜਲਦੀ ਤੇ ਸਹੀ ਜਾਣਕਾਰੀ ਲਈ ਜਾਵੇ ਅਤੇ ਉਸ ਦੇ ਆਧਾਰ 'ਤੇ ਪ੍ਰਭਾਵਿਤ ਕਿਸਾਨਾਂ ਨੂੰ ਸਹੀ ਰਾਹਤ ਪਹੁੰਚਾਉਣ ਬਾਰੇ ਤੁਰੰਤ ਫੈਸਲੇ ਲਏ ਜਾਣ।

ਪਿੰਡਾਂ ਦੀਆਂ ਪੰਚਾਇਤਾਂ ਜਿਨ੍ਹਾਂ ਨੂੰ ਪੇਂਡੂ ਵਿਕਾਸ ਕਰਨ ਵਾਸਤੇ ਵਿਧਾਨਿਕ ਅਖਤਿਆਰ ਮਿਲੇ ਹੋਏ ਹਨ, ਖੇਤੀ-ਖ਼ਤਰਿਆਂ ਦੇ ਅਸਰਾਂ ਤੇ ਕਾਬੂ ਪਾਉਣ ਵਿੱਚ ਸਿੱਧੇ ਅਤੇ ਅਸਿੱਧੇ ਤੌਰ 'ਤੇ ਯੋਗਦਾਨ ਪਾ ਸਕਦੀਆਂ ਹਨ। ਪੰਚਾਇਤਾਂ ਖੇਤੀ ਖ਼ਤਰਿਆਂ ਅਤੇ ਇਨ੍ਹਾਂ ਦੇ ਪ੍ਰਬੰਧਾਂ ਸੰਬੰਧੀ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਦੇ ਸਾਧਨ ਵਧਾਉਣ, ਸਰਕਾਰੀ ਤੇ ਗ਼ੈਰ-ਸਰਕਾਰੀ ਸੇਵਾਵਾਂ ਨੂੰ ਪ੍ਰਭਾਵਿਤ ਲੋਕਾਂ ਤੱਕ ਪਹੁੰਚਾਉਣ, ਇਨਪੁਟਸ (ਬੀਜ, ਖਾਦਾਂ, ਨਦੀਨਨਾਸ਼ਕ ਤੇ ਕੀਟਨਾਸ਼ਕ ਆਦਿ) ਦੀ ਕਿਸਾਨਾਂ ਤੱਕ ਪਹੁੰਚ ਯਕੀਨੀ ਬਣਾਉਣ,

# 10

# ਉੱਚ-ਕੀਮਤ ਵਾਲੀਆਂ ਫ਼ਸਲਾਂ ਦੀ ਖੇਤੀ ਦਾ ਵਿਕਾਸ

ਦੇਸ਼ ਵਿੱਚ ਖੁਰਾਕ ਦੀ ਸੁਰੱਖਿਆ ਨੂੰ ਪ੍ਰਾਪਤ ਕਰਨ ਅਤੇ ਇਸ ਨੂੰ ਨਿਰੰਤਰ ਕਾਇਮ ਰੱਖਣ ਦੇ ਮੁੱਖ ਉਦੇਸ਼ ਨਾਲ ਪਿਛਲੇ ਚਾਰ ਦਹਾਕਿਆਂ ਵਿੱਚ ਸਰਕਾਰੀ ਨੀਤੀਆਂ, ਖੋਜ ਅਤੇ ਵਿਸਤਾਰ ਸੇਵਾਵਾਂ, ਅਨਾਜ ਦੀਆਂ ਸਪੋਰਟ-ਕੀਮਤਾਂ, ਯਕੀਨੀ ਖਰੀਦ ਅਤੇ ਹੋਰ ਖੇਤੀ ਵਿਕਾਸ ਦੀਆਂ ਗਤੀਵਿਧੀਆਂ ਜ਼ਿਆਦਾ ਤੌਰ ’ਤੇ ਕਣਕ ਤੇ ਝੋਨੇ ਦਾ ਉਤਪਾਦਨ ਵਧਾਉਣ ਲਈ ਕੇਂਦਰਤ ਰਹੀਆਂ ਹਨ। ਇਸ ਨਾਲ ਕਣਕ ਅਤੇ ਝੋਨੇ ਦੇ ਰਕਬੇ ਅਤੇ ਉਤਪਾਦਨ ਦੇ ਵਾਧੇ ਦੀ ਦਰ ਤਾਂ ਵਧਦੀ ਗਈ ਪਰ ਹੋਰ ਫ਼ਸਲਾਂ, ਫਲ ਤੇ ਸਬਜ਼ੀਆਂ ਪਛੜਦੀਆਂ ਗਈਆਂ। ਪਿਛਲੇ ਕੁੱਝ ਸਾਲਾਂ ਤੋਂ ਦੇਸ਼ ਵਿੱਚ, ਖ਼ਾਸ ਤੌਰ ’ਤੇ ਪੰਜਾਬ ਵਿੱਚ, ਕਣਕ-ਝੋਨੇ ਦੇ ਅਨਾਜ ਦਾ ਉਤਪਾਦਨ ਅਤੇ ਇਸ ’ਤੇ ਆਧਾਰਿਤ ਅਰਥਵਿਵਸਥਾ ਦੇ ਵਾਧੇ ਦੀ ਦਰ ਮੱਧਮ ਪੈਣ ਨਾਲ ਕਿਸਾਨਾਂ, ਖੇਤੀ ਮਾਹਿਰਾਂ ਅਤੇ ਯੋਜਨਾ ਬਣਾਉਣ ਵਾਲਿਆਂ ਵਾਸਤੇ ਖੁਰਾਕ-ਸੁਰੱਖਿਆ ਫਿਰ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ। ਇਸ ਤੋਂ ਇਲਾਵਾ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਦੇਸ਼ ਵਿੱਚ ਰਿਕਾਰਡ ਲਗਪਗ 295 ਮਿਲੀਅਨ ਟਨ ਅਤੇ ਪੰਜਾਬ ਵਿੱਚ ਲਗਪਗ 30 ਮਿਲੀਅਨ ਟਨ ਤੋਂ ਵੱਧ ਅਨਾਜ ਪੈਦਾ ਕਰਨਾ ਏਨੀ ਤਸੱਲੀ ਨਹੀਂ ਦਿੰਦਾ ਜਦ ਦੇਸ਼ ਵਿੱਚ ਕਰੋੜਾਂ ਲੋਕ ਪੋਸ਼ਟਿਕ ਖੁਰਾਕ ਦੇ ਘਾਟੇ ਅਤੇ ਲਗਾਤਾਰ ਊਰਜਾ ਦੀ ਘਾਟ ਕਾਰਨ ਕਮਜ਼ੋਰੀ, ਬੀਮਾਰੀ ਅਤੇ ਕੰਮ ਕਰਨ ਦੀ ਸਮਰੱਥਾ ਦੀ ਘਾਟ ਵਾਲੇ ਹਾਲਾਤ ਵਿੱਚ ਰਹਿ ਰਹੇ ਹਨ। ਪੋਸ਼ਟਿਕ ਭੋਜਨ ਖਾਣ ਦੇ ਗੁਣਾਂ ਬਾਰੇ ਵਧ ਰਹੀਆਂ ਜਾਣਕਾਰੀਆਂ ਕਰਕੇ ਉੱਚ-ਉਤਪਾਦਕਤਾ ਤੇ ਉੱਚ ਖੁਰਾਕੀ ਤੱਤਾਂ ਵਾਲੇ ਫਲਾਂ ਤੇ ਸਬਜ਼ੀਆਂ ਦੀ ਮੰਗ ਲਗਾਤਾਰ ਵਧਦੀ ਜਾ ਰਹੀ ਹੈ। ਇਸ ਵੇਲੇ (2019-20) ਭਾਰਤ ਵਿੱਚ ਫਲ ਅਤੇ ਸਬਜ਼ੀਆਂ ਦਾ ਉਤਪਾਦਨ ਲਗਪਗ 320 ਮਿਲੀਅਨ ਟਨ ਹੈ, ਜਦੋਂ ਕਿ ਇਕ ਅਨੁਮਾਨ ਅਨੁਸਾਰ ਸਾਲ 2050 ਤੱਕ ਇਨ੍ਹਾਂ ਦੀ ਮੰਗ ਲਗਪਗ 650 ਮਿਲੀਅਨ ਟਨ ਹੋਵੇਗੀ। ਪੰਜਾਬ ਵਿੱਚ ਇਸ ਵੇਲੇ ਕੁੱਲ ਫ਼ਸਲਾਂ ਹੇਠ ਰਕਬੇ ਵਿੱਚੋਂ ਫਲ ਅਤੇ ਸਬਜ਼ੀਆਂ ਦੀ ਕਾਸ਼ਤ ਅਧੀਨ ਸਿਰਫ 4 ਪ੍ਰਤੀਸ਼ਤ ਹੈ ਜਦੋਂ ਕੇ ਸਾਰੇ ਭਾਰਤ ਦੇ ਪੱਧਰ ’ਤੇ 8 ਪ੍ਰਤੀਸ਼ਤ ਤੋਂ ਵੀ ਜ਼ਿਆਦਾ ਹੈ। ਖੁਰਾਕ, ਪੋਸ਼ਣ ਅਤੇ ਆਮਦਨੀ ਸਥਿਰਤਾ ਦੀ ਪ੍ਰਾਪਤੀ ਲਈ ਵੱਧ ਰਹੀਆਂ ਮੰਗਾਂ ਦੇ ਮੱਦੇਨਜ਼ਰ ਪੰਜਾਬ ਨੂੰ ਅਗਲੇ ਪੰਜ ਸਾਲਾਂ ਦੌਰਾਨ ਘੱਟੋ ਘੱਟ 10 ਪ੍ਰਤੀਸ਼ਤ ਹੋਰ ਰਕਬੇ ਨੂੰ ਫਲਾਂ ਅਤੇ ਸਬਜ਼ੀਆਂ ਦੇ ਉਤਪਾਦਨ ਹੇਠ ਲਿਆਉਣ ਦਾ ਟੀਚਾ ਰੱਖਣਾ ਚਾਹੀਦਾ ਹੈ।

ਪੰਜਾਬ ਵਿੱਚ ਫਲੋਰੀਕਲਚਰ ਅਤੇ ਹਰਬਲ ਚਿਕਿਤਸਕ (Medicinal) ਉੱਭਰ ਰਹੇ ਉਦਯੋਗ ਹਨ ਕਿਉਂਕਿ ਉਨ੍ਹਾਂ ਦੀ ਮੰਗ ਘਰੇਲੂ ਅਤੇ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਵੱਧ

ਰਹੀ ਹੈ। ਇਸ ਸਮੇਂ ਪੰਜਾਬ ਵਿੱਚ ਤਕਰੀਬਨ 2100 ਹੈਕਟੇਅਰ ਰਕਬਾ ਫੁੱਲਾਂ ਦੀ ਕਾਸ਼ਤ ਹੇਠ ਹੈ ਜਿਸ ਵਿਚੋਂ ਲਗਪਗ 70 ਪ੍ਰਤੀਸ਼ਤ ਰਕਬਾ ਬੀਜ ਦੇ ਉਤਪਾਦਨ ਅਧੀਨ ਹੈ ਅਤੇ ਬਾਕੀ ਹਿੱਸਾ ਕਟ-ਫੁੱਲ (ਗਲੈਡੀਉਲਸ, ਗੁਲਾਬ, ਮੈਰੀਗੋਲਡ ਅਤੇ ਹੋਰ) ਦੇ ਉਤਪਾਦਨ ਅਧੀਨ ਹੈ। ਪੰਜਾਬ ਵਿੱਚ ਜੜੀ-ਬੂਟੀਆਂ ਦੇ ਉਤਪਾਦਾਂ ਵਲ ਵੀ ਦਿਲਚਸਪੀ ਉੱਭਰ ਰਹੀ ਹੈ, ਕਿਉਂਕਿ ਪੌਦਿਆਂ ਆਧਾਰਿਤ ਦਵਾਈਆਂ ਦੀ ਵਰਤੋਂ ਵਿੱਚ ਵਿਸ਼ਵ ਤੌਰ ’ਤੇ ਪੁਨਰਗਠਨ ਹੁੰਦਾ ਜਾ ਰਿਹਾ ਹੈ। ਇਨ੍ਹਾਂ ਦੇ ਭਾਰਤੀ ਨਿਰਯਾਤ ਵਿੱਚ ਸਾਲਾਨਾ 15 ਪ੍ਰਤੀਸ਼ਤ ਦਾ ਵਾਧਾ ਹੋ ਰਿਹਾ ਹੈ ਅਤੇ ਸੰਸਾਰਿਕ ਜੜੀ-ਬੂਟੀਆਂ ਦੀਆਂ ਦਵਾਈਆਂ ਦੀ ਮੰਗ (ਜੋ ਵਿਸ਼ਵ ਵਿੱਚ 7 ਤੋਂ 8 ਪ੍ਰਤੀਸ਼ਤ ਪ੍ਰਤੀ ਸਾਲ ਵੱਧ ਰਹੀ ਹੈ) ਸਾਲ 2050 ਤਕ ਵਧਕੇ 5 ਟ੍ਰਿਲੀਅਨ ਅਮਰੀਕੀ ਡਾਲਰ ਹੋਣ ਦੀ ਸੰਭਾਵਨਾ ਹੈ।

ਪਰ ਦੇਸ਼ ਵਿੱਚ ਇਸ ਸਮੇਂ ਫਲਾਂ ਤੇ ਸਬਜ਼ੀਆਂ ਦਾ ਕੁੱਲ ਉਤਪਾਦਨ (ਭਾਰਤ ਵਿੱਚ ਲਗਪਗ 320 ਲੱਖ ਟਨ ਫਲ ਤੇ ਸਬਜ਼ੀਆਂ ਅਤੇ ਪੰਜਾਬ ਵਿੱਚ 8-9 ਲੱਖ ਟਨ ਫਲ ਤੇ 15 ਲੱਖ ਟਨ ਸਬਜ਼ੀਆਂ) ਵਧ ਰਹੀ ਅਬਾਦੀ ਦੀ ਮੰਗ ਪੂਰੀ ਕਰਨ ਤੋਂ ਅਸਮਰੱਥ ਹੈ। ਇਸ ਵਾਸਤੇ ਹੁਣ ਲੋੜ ਹੈ ਕਿ ਫਲਾਂ ਤੇ ਸਬਜ਼ੀਆਂ ਦੀਆਂ ਫ਼ਸਲਾਂ ਨੂੰ ਵੱਡੇ ਪੱਧਰ ’ਤੇ ਅਨਾਜ (ਕਣਕ-ਝੋਨਾ) ਤੇ ਬਾਹਰਲੇ ਫ਼ਸਲੀ ਵਿਭਿੰਨਤਾ ਦਾ ਪ੍ਰਮੁੱਖ ਹਿੱਸਾ ਬਣਾਇਆ ਜਾਵੇ। ਇਹ ਉੱਦਮ ਕਿਸਾਨਾਂ ਲਈ ਕਣਕ-ਝੋਨੇ ਨਾਲੋਂ ਵੱਧ ਲਾਹੇਵੰਦ ਵੀ ਹੋਵੇਗਾ।

ਪੰਜਾਬ ਵਿੱਚ ਇਸ ਤਰ੍ਹਾਂ ਦੇ ਫ਼ਸਲੀ ਬਦਲਾਅ ਦੀ ਖ਼ਾਸ ਮਹੱਤਤਾ ਹੈ ਕਿਉਂਕਿ ਪਿਛਲੇ 5-6 ਦਹਾਕਿਆਂ ਦੌਰਾਨ ਲਗਾਤਾਰ ਕਣਕ-ਝੋਨਾ ਪ੍ਰਣਾਲੀ ਕਾਰਨ ਜ਼ਮੀਨ ਦੀ ਉਪਜਾਊ ਸ਼ਕਤੀ, ਧਰਤੀ ਹੇਠਲੇ ਪਾਣੀ ਦੀ ਉਪਲੱਬਧਤਾ ਅਤੇ ਵਾਤਾਵਰਣ ਵਿੱਚ ਕਾਫ਼ੀ ਵਿਗਾੜ ਪਏ ਹਨ। ਖੇਤੀ ਆਧਾਰਿਤ ਨਫ਼ੇ ਘਟਦੇ ਜਾ ਰਹੇ ਹਨ ਅਤੇ ਇਹ ਅਨਾਜ ਖਾਣ ਵਾਲਿਆਂ ਵਿੱਚ ਖੁਰਾਕੀ ਤੱਤਾਂ ਦੀ ਘਾਟ ਹੁੰਦੀ ਜਾ ਰਹੀ ਹੈ।

ਪੰਜਾਬ ਦਾ ਖਾਸ ਧਿਆਨ ਹੇਠ ਦਿੱਤੇ ਉੱਚ-ਮੁੱਲ ਵਾਲੇ ਉਤਪਾਦਾਂ ਤੇ ਕੇਂਦਰਤ ਹੋਣਾ ਚਾਹੀਦਾ ਹੈ:

**ਫਲ**: ਅੰਬ, ਲੀਚੀ, ਮੈਂਡਰਿਨ, ਕਿੰਨੂ, ਬੇਰ, ਅਮਰੂਦ, ਅਨਾਰ, ਅੰਗੂਰ, ਆਮਲਾ, ਪਲੱਮ ਆਦਿ।

**ਸਬਜ਼ੀਆਂ**: ਆਲੂ, ਪਿਆਜ਼, ਮਿਰਚਾਂ, ਕੌੜਾ ਲੌਂਗ, ਭਿੰਡੀ, ਟਮਾਟਰ, ਵਿਦੇਸ਼ੀ ਸਬਜ਼ੀਆਂ (ਪੱਤਾ ਸਲਾਦ, ਬਰੌਕਲੀ, ਚੀਨੀ ਗੋਭੀ, ਲਾਲ ਗੋਭੀ), ਮਿਠਾਸ ਵਾਲੀ ਮੱਕੀ (Sweet corn) ਬੇਬੀ ਮੱਕੀ (Baby corn) ਆਦਿ।

**ਫੁੱਲਾਂ ਦੀ ਖੇਤੀ (ਫਲੋਰੀਕਲਚਰ)**: ਗੁਲਾਬ, ਆਰਕਿਡਜ਼, ਗਲੈਡੀਉਲਸ, ਸੁੱਕੇ-ਫੁੱਲ, ਕੱਟੇ ਫੁੱਲ, ਫੁੱਲਾਂ ਦੇ ਬੀਜ ਅਤੇ ਰਵਾਇਤੀ ਫੁੱਲ ਜਿਵੇਂ ਕਿ ਮੈਰੀਗੋਲਡ, ਜੈਸਮਿਨ, ਐਸਟਰ, ਕ੍ਰੀਸੈਨਥੀਮਮ, ਟਿਊਬ-ਗੁਲਾਬ ਅਤੇ ਆਧੁਨਿਕ ਫੁੱਲ ਜਿਵੇਂ ਕਾਰਨੇਸ਼ਨ, ਜਰਬੇਰਾ ਆਦਿ।

**ਚਿਕਿਤਸਕ/ਦਵਾਈਆਂ ਵਾਲੇ ਪੌਦੇ**: ਮੈਂਥਾ, ਸੈਲਰੀ, ਈਸਬਗੋਲ, ਪੈਰੀਵਿੰਕਲ,

ਜਰੇਨੀਅਮ, ਸਟੀਵੀਆ, ਪੈਚੌਲੀ, ਗੁੱਗਲ, ਐਲੋਵੇਰਾ (ਕੁਆਰ), ਕਲਮੇਘ, ਨਿੰਬੂ ਘਾਅ, ਪਾਮਾਰੋਸਾ, ਆਉਲਾ, ਲਵੈਂਡਰ, ਰੋਜ਼ਮੈਰੀਤੇਸੇਜ, ਫੈਨਲਾਂ ਜਿਵੇਂ ਸੌਂਫ, ਦਿਲ-ਬੀਜ, ਮੇਥੀ ਅਤੇ ਸ਼ਹਿਦ ਦੇ ਪੌਦੇ (Honey plants)।

**ਪ੍ਰੋਸੈਸਡ ਉਤਪਾਦ**: ਅੰਬ ਦਾ ਪਲਪ, ਡੱਬਾਬੰਦ ਖੁੰਬਾਂ, ਪ੍ਰੋਸੈਸਡ ਮੱਕੀ ਦੇ ਉਤਪਾਦ, ਅਮਰੂਦ ਦਾ ਪਲਪ, ਟਮਾਟਰ ਦੀ ਪਿਉਰੀ, ਟਮਾਟਰ ਦਾ ਪੇਸਟ, ਸੇਬ ਦਾ ਜੂਸ, ਸੋਇਆਬੀਨ ਉਤਪਾਦ, ਆਇਲ ਮੀਲ (Oil meal), ਮੂੰਗਫਲੀ ਦਾ ਮੱਖਣ, ਫੁੱਲਾਂ ਦਾ ਉਤਪਾਦ, ਸ਼ਹਿਦ, ਡੇਅਰੀ ਉਤਪਾਦ ਆਦਿ।

ਇਹ ਉੱਦਮ ਤੇਜ਼ੀ ਨਾਲ ਕਿਸਾਨ ਦੀ ਆਮਦਨ ਵਧਾਉਣ, ਖੇਤੀ ਆਧਾਰਿਤ ਉਦਯੋਗ ਦਾ ਵਿਕਾਸ ਕਰਨ, ਪੇਂਡੂ ਨੌਜਵਾਨਾਂ ਤੇ ਕਾਮਿਆਂ ਵਾਸਤੇ ਨੌਕਰੀ ਦੇ ਮੌਕੇ ਪੈਦਾ ਕਰਨ ਅਤੇ ਲੋੜੀਂਦੇ “ਖੁਰਾਕ-ਪੋਸ਼ਟਿਕ ਆਹਾਰ-ਆਮਦਨ ਵਧਾਊ” ਅੰਦੋਲਨ ਪੈਦਾ ਕਰਨ ਵਿੱਚ ਵੱਡਾ ਹਿੱਸਾ ਪਾ ਸਕਦਾ ਹੈ। ਪੰਜਾਬ ਸਰਕਾਰ ਦੇ ਬਾਗਬਾਨੀ ਵਿਭਾਗ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਅਤੇ ਕੇਂਦਰ ਦੀਆਂ ਕਈ ਸਕੀਮਾਂ ਵੱਲੋਂ ਕਿਸਾਨਾਂ ਨੂੰ ਤਕਨੀਕੀ ਤੇ ਮਾਲੀ ਸਹਾਇਤਾ ਤੋਂ ਇਲਾਵਾ ਖਾਦਾਂ, ਪਾਣੀ, ਕੀੜੇ ਤੇ ਬੀਮਾਰੀਆਂ ਤੇ ਕਾਬੂ ਪਾਉਣ ਵਾਸਤੇ ਦਵਾਈਆਂ ਅਤੇ ਊਰਜਾ/ਮਸ਼ੀਨਾਂ ਦੀ ਉਪਲੱਬਧਤਾ ਵਾਸਤੇ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਪਰ ਅਜੇ ਵੀ ਪੰਜਾਬ ਵਿੱਚ ਕਈ ਕਿਸਾਨਾਂ ਦੇ ਖੇਤਾਂ ਵਿੱਚ ਇਨ੍ਹਾਂ ਫ਼ਸਲਾਂ ਦੀ ਪ੍ਰਤੀ ਏਕੜ ਪੈਦਾਵਾਰ ਸੰਭਵ-ਪੈਦਾਵਾਰ ਨਾਲੋਂ ਬਹੁਤ ਘੱਟ ਹੈ। ਸਰਕਾਰ, ਨੀਤੀ ਨਿਰਮਾਤਾ, ਰਾਜ ਬਾਗਬਾਨੀ ਵਿਭਾਗ, ਕਿਸਾਨਾਂ ਅਤੇ ਹੋਰ ਸੰਬੰਧਿਤ ਏਜੰਸੀਆਂ/ਲੋਕਾਂ ਨੂੰ ਇਹ ਸਮਝਣਾ ਪਏਗਾ ਕਿ ਉੱਚ ਮੁੱਲ ਵਾਲੀ ਖੇਤੀਬਾੜੀ (ਜਿਸ ਵਿੱਚ ਜ਼ਿਆਦਾ ਤਰ ਮੌਸਮੀ ਅਤੇ ਨਾਸ਼ਵਾਨ ਉਤਪਾਦਨ ਹਨ) ਲਈ ਵੱਖ-ਵੱਖ ਕਿਸਮਾਂ ਦੀਆਂ ਨੀਤੀਆਂ, ਬੁਨਿਆਦੀ ਸਹੂਲਤਾਂ (ਉਤਪਾਦਕ ਤੋਂ ਖਪਤਕਾਰ ਅਤੇ ਨਿਰਯਾਤ ਤੱਕ), ਵੱਖ-ਵੱਖ ਫ਼ਸਲਾਂ ਸੰਬੰਧੀ ਐਗਰੋ ਪ੍ਰੋਸੈਸਿੰਗ ਉਦਯੋਗ, ਕੁਸ਼ਲ ਮਾਰਕਿਟਿੰਗ ਪ੍ਰਣਾਲੀਆਂ, ਅਤੇ ਹੋਰ ਸਹਾਇਤਾ ਸੇਵਾਵਾਂ ਦੀ ਲੋੜ ਪਏਗੀ। ਇਸ ਲਈ ਲੋੜ ਹੈ ਕਿ ਫਲਾਂ ਤੇ ਸਬਜ਼ੀਆਂ ਦੀਆਂ ਕਿਸਮਾਂ ਵਿੱਚ ਆਧੁਨਿਕ ਤਕਨੀਕਾਂ ਨਾਲ ਸੁਧਾਰ ਕਰਕੇ ਵਧੇਰੇ-ਪੈਦਾਵਾਰ ਦੇਣ ਵਾਲੀਆਂ ਉਨ੍ਹਾਂ ਕਿਸਮਾਂ ਹੇਠ ਰਕਬਾ ਵਧਾਇਆ ਜਾਵੇ ਜਿਨ੍ਹਾਂ ਦੀ ਵੱਖ-ਵੱਖ ਖੇਤਰਾਂ ਅਤੇ ਜ਼ਮੀਨਾਂ ਵਿੱਚ ਉਤਪਾਦਨ-ਕੁਸ਼ਲਤਾ ਕਾਫ਼ੀ ਵੱਧ ਹੋਵੇ ਅਤੇ ਜਿਹੜੀਆਂ ਹਾਨੀਕਾਰਕ ਕੀੜੇ ਤੇ ਬੀਮਾਰੀਆਂ ਨੂੰ ਸਹਾਰ ਸਕਣ, ਜਲਵਾਯੂ ਵਿੱਚ ਤਾਪਮਾਨ ਦੇ ਉਤਰਾਅ-ਚੜ੍ਹਾਅ ਨੂੰ ਸਹਿ ਸਕਣ, ਜਿਨ੍ਹਾਂ ਦੀਆਂ ਉਪਜਾਂ ਤਾਜ਼ਾ ਤੇ ਪ੍ਰੋਸੈਸਡ (ਉਪਜਾਂ ਤੋਂ ਹੋਰ ਉੱਚ-ਮੁੱਲ ਵਾਲੇ ਪਦਾਰਥ ਬਣਾ ਕੇ) ਰੂਪ ਵਿੱਚ ਸੇਵਨ ਕੀਤੀਆਂ ਜਾ ਸਕਣ ਅਤੇ ਦੇਸੀ ਤੇ ਵਿਦੇਸ਼ੀ ਮੰਡੀਆਂ ਵਿੱਚ ਵੀ ਪ੍ਰਵਾਨ ਕੀਤੀਆਂ ਜਾਣ। ਇਨ੍ਹਾਂ ਫ਼ਸਲਾਂ ਦੇ ਵੱਖ-ਵੱਖ ਜ਼ਮੀਨਾਂ ਤੇ ਵੱਖ-ਵੱਖ ਲੱਛਣਾਂ ਜਿਵੇਂ ਖਾਰੀ ਅੰਗ (ਕਲਰਾਠਾਪਨ), ਬਣਤਰ, ਰੋੜ (ਕੰਕਰ), ਸਖ਼ਤ ਤਹਿ, ਸੇਮ, ਉਪਜਾਊ ਸ਼ਕਤੀ ਆਦਿ ਬਾਰੇ ਜਾਣਕਾਰੀ ਪੈਦਾ ਕਰਨੀ ਤੇ ਕਿਸਾਨਾਂ ਤੱਕ ਪਹੁੰਚਾਉਣੀ ਵੀ ਜ਼ਰੂਰੀ ਹੈ। ਇਨ੍ਹਾਂ ਫ਼ਸਲਾਂ ’ਤੇ ਕੀੜੇ ਮਾਰਨ ਲਈ ਜ਼ਹਿਰਾਂ ਦੀ ਕੁਸ਼ਲ

ਤੇ ਲੋੜ ਅਨੁਸਾਰ ਵਰਤੋਂ ਕਰਨ ਦੀ ਜ਼ਰੂਰਤ ਹੈ ਤਾਂ ਜੋ ਖਾਣ ਵਾਲੀਆਂ ਉਪਜਾਂ ਵਿੱਚ ਜ਼ਹਿਰ ਨਾ ਜਮ੍ਹਾਂ ਹੋਣ। ਸਰਵ-ਪੱਖੀ ਰਸਾਇਣਕ ਜ਼ਹਿਰਾਂ ਤੇ ਜੈਵਿਕ ਢੰਗਾਂ ਦੀ ਵਰਤੋਂ ਦੇ ਪ੍ਰਬੰਧ ਅਤੇ ਸਰਵ-ਪੱਖੀ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਵਾਸਤੇ ਰਸਾਇਣਿਕ ਖਾਦਾਂ ਤੇ ਜੈਵਿਕ ਢੰਗਾਂ (ਦੇਸੀ ਰੂੜੀ, ਹਰੀ ਖਾਦ ਦੀ ਵਰਤੋਂ) ਦੇ ਪ੍ਰਬੰਧਾਂ ਬਾਰੇ ਵੀ ਕਿਸਾਨਾਂ ਨੂੰ ਜਾਣਕਾਰੀ ਦੇਣੀ ਜ਼ਰੂਰੀ ਹੈ। ਇਨ੍ਹਾਂ ਫ਼ਸਲਾਂ ਵਾਸਤੇ ਜ਼ਮੀਨ ਦੀ ਅਨੁਕੂਲਤਾ ਬਾਰੇ ਪੰਜਾਬ ਵਿਚਲੀਆਂ 75 ਤੋਂ ਵੱਧ ਮਿੱਟੀ ਪਰਖ ਪ੍ਰਯੋਗਸ਼ਾਲਾਵਾਂ ਦੀ ਮਦਦ ਲਈ ਜਾ ਸਕਦੀ ਹੈ।

ਪੰਜਾਬ ਐਗਰੀਕਲਚਰਲ ਯੁਨੀਵਰਸਿਟੀ, ਸੂਬੇ ਦੇ ਬਾਗਬਾਨੀ ਵਿਭਾਗ ਅਤੇ ਕੇਂਦਰੀ ਯੋਜਨਾਵਾਂ ਜਿਵੇਂ ਕਿ ਰਾਸ਼ਟਰੀ ਬਾਗਬਾਨੀ ਮਿਸ਼ਨ ਅਤੇ ਹੋਰ ਸੰਸਥਾਂਵਾਂ ਵਿਖੇ ਕਾਫੀ ਚੰਗੀ ਖੋਜ ਤੇ ਵਿਕਾਸ ਹੋ ਰਿਹਾ ਹੈ। ਪੰਜਾਬ ਵਿੱਚ ਬਾਗਬਾਨੀ ਵਿਭਾਗ ਨੇ ਖੇਤੀ ਜਲਵਾਯੂ ਅਨੁਕੂਲਤਾ ਆਧਾਰਿਤ ਪੰਜ ਸਿਟਰਸ ਖੇਤਰਾਂ (citrus zones) ਦੀ ਪਛਾਣ ਕੀਤੀ ਹੈ ਜਿਨ੍ਹਾਂ ਵਿੱਚ ਉਤਪਾਦਨ ਦੇ ਨਫ਼ੇ ਵਧਾਉਣ ਵਾਸਤੇ ਕਿਸਾਨਾਂ ਨੂੰ ਕਈ ਤਰ੍ਹਾਂ ਦੀਆਂ ਸਹੂਲਤਾਂ ਵੀ ਦਿੱਤੀਆਂ ਜਾਣੀਆਂ ਹਨ। ਏਸੇ ਤਰ੍ਹਾਂ ਦੇ ਵਿਸ਼ੇਸ਼ ਖੇਤਰ ਬਾਕੀ ਦੇ ਫਲਾਂ ਅਤੇ ਵੱਖ-ਵੱਖ ਸਬਜ਼ੀਆਂ ਵਾਸਤੇ ਵੀ ਵਿਕਸਤ ਕਰਨੇ ਚਾਹੀਦੇ ਹਨ। ਇਸ ਸਮੇਂ ਪੰਜਾਬ ਵਿੱਚ ਸੈਂਟਰ ਆਫ ਐਕਸੇਲੈਂਸ ਕਰਤਾਰਪੁਰ ਵਿਖੇ ਸਬਜ਼ੀਆਂ ਲਈ, ਹੁਸ਼ਿਆਰਪੁਰ ਵਿਖੇ ਫਲਾਂ ਲਈ, ਜਲੰਧਰ ਵਿਖੇ ਆਲੂਆਂ ਲਈ ਅਤੇ ਫੁੱਲਾਂ ਦੀ ਖੇਤੀ (ਹਾਲੈਂਡ ਸਰਕਾਰ ਦੇ ਸਹਿਯੋਗ ਨਾਲ) ਲਈ ਦੋਰਾਹਾ (ਲੁਧਿਆਣਾ) ਵਿਖੇ ਸਥਾਪਿਤ ਹਨ। ਏਸੇ ਤਰ੍ਹਾਂ ਦੇ ਖੇਤਰ ਬਾਕੀ ਫਲਾਂ (ਲੀਚੀ, ਅਮਰੂਦ, ਬੇਰ, ਅੰਗੂਰ, ਅੰਬ, ਨਾਸ਼ਪਾਤੀ, ਆੜੂ ਤੇ ਆਮਲਾ), ਸਬਜ਼ੀਆਂ, ਚਿਕਿਤਸਕ ਪੌਦਿਆਂ ਅਤੇ ਫਲੋਰੀਕਲਚਰ (ਫੁੱਲਾਂ) ਲਈ ਵੀ ਵਿਕਸਤ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਆਧੁਨਿਕ ਸਹੂਲਤਾਂ ਦੇ ਨਾਲ ਵਿਸ਼ਵ ਪੱਧਰੀ ਉਤਪਾਦਨ, ਪ੍ਰੋਸੈਸਿੰਗ ਅਤੇ ਮਾਰਕਿਟਿੰਗ ਤਕਨਾਲੋਜੀ ਦਾ ਵਿਕਾਸ ਕਰਕੇ ਪ੍ਰਦਰਸ਼ਤ ਕੀਤੀ ਜਾਵੇ। ਅਸਲ ਵਿੱਚ ਬਾਗਬਾਨੀ ਖੇਤਰ ਨੂੰ ਸੰਪੂਰਨ ਤੌਰ ’ਤੇ ਵਿਕਸਤ ਕਰਨ ਦੀ ਜ਼ਰੂਰਤ ਹੈ ਤਾਂ ਕਿ ਬਾਗਬਾਨੀ ਸੈਕਟਰ ਦੀਆਂ ਸਾਰੀਆਂ ਫ਼ਸਲਾਂ (ਫਲ, ਸਬਜ਼ੀਆਂ, ਫੁੱਲ, ਚਿਕਿਤਸਕ ਪੌਦੇ) ਦੇ ਉਤਪਾਦਨ ਨੂੰ ਵਧਾਇਆ ਜਾਵੇ, ਪੋਸ਼ਣ ਸੁਰੱਖਿਆ ਤੇ ਕਿਸਾਨਾਂ ਦੀ ਆਮਦਨੀ ਵਿੱਚ ਵਾਧਾ ਕੀਤਾ ਜਾਵੇ, ਆਧੁਨਿਕ ਵਿਗਿਆਨਕ ਤਕਨਾਲੋਜੀ ਦਾ ਵਿਕਾਸ ਤੇ ਪ੍ਰਸਾਰ ਹੋਵੇ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ।

ਇਨ੍ਹਾਂ ਵਿੱਚ ਆਧੁਨਿਕ ਸਹੂਲਤਾਂ ਦੇ ਕੇ ਉੱਚ-ਉਤਪਾਦਨ ਕੁਸ਼ਲਤਾ ਦੇ ਸੈਂਟਰ ਜਾਂ ਖੇਤਰ ਨਿਸ਼ਚਿਤ ਕਰਨ ਦੀ ਲੋੜ ਹੈ। ਪੰਜਾਬ ਦੀ ਜਲਵਾਯੂ ਚਕੋਤਰਾ (Grape fruit) ਦੀ ਬਹੁਤ ਜ਼ਿਆਦਾ ਰਸ ਦੇਣ ਵਾਲੀ ਮਾਰਸ਼-ਸੀਡਲੈੱਸ ਕਿਸਮ ਦੇ ਅਨੁਕੂਲ ਹੋਣ ਕਰਕੇ ਇਸ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਨਵੇਂ ਫਲਾਂ ਦੀਆਂ ਫ਼ਸਲਾਂ ਜ਼ਮੀਨ ਦੀ ਅਨੁਕੂਲਤਾ ਅਤੇ ਕੀੜੇ ਤੇ ਬੀਮਾਰੀਆਂ ਪੱਖੋਂ ਉਤਪਾਦਨ-ਕੁਸ਼ਲਤਾ ਪਰਖਣ ਤੋਂ ਬਾਅਦ ਹੀ ਵੱਖਰੇ ਪੱਧਰ ’ਤੇ ਉਗਾਉਣੀਆਂ ਚਾਹੀਦੀਆਂ ਹਨ। ਘੱਟ ਸਾਧਨਾਂ ਵਾਲੇ

ਕਿਸਾਨਾਂ ਨੂੰ ਸ਼ੁਰੂਆਤੀ ਸਾਲਾਂ ਵਿੱਚ ਬਗੀਚੇ ਤੋਂ ਸੰਭਾਵੀ ਆਮਦਨ ਨਾ ਮਿਲਣ ਕਰਕੇ ਉਨ੍ਹਾਂ ਨੂੰ ਪਹਿਲੇ ਤਿੰਨ ਸਾਲਾਂ ਵਿੱਚ ਲੋੜੀਂਦੀ ਜਾਇਜ਼ ਮਾਲੀ ਸਹਾਇਤਾ ਦੇਣੀ ਜ਼ਰੂਰੀ ਹੈ।

ਪੰਜਾਬ ਵਿੱਚ ਪੋਲੀ ਜਾਂ ਨੈੱਟ-ਹਾਊਸ ਅਤੇ ਪਲਾਸਟਿਕ ਟਨਲਾਂ ਵਿੱਚ ਖੇਤੀ ਅਪਣਾ ਕੇ ਮੌਸਮੀ ਤੇ ਗ਼ੈਰ-ਮੌਸਮੀ ਸਬਜ਼ੀਆਂ (ਬੈਂਗਣ, ਭਿੰਡੀ, ਸ਼ਿਮਲਾ ਮਿਰਚ, ਟਮਾਟਰ, ਖੀਰਾ, ਕੱਦੂ ਤੇ ਤਰਾਂ ਤੇ ਕੁੱਝ ਵਿਦੇਸ਼ੀ ਸਬਜ਼ੀਆਂ) ਤੋਂ ਉੱਚ ਉਤਪਾਦਨ ਤੇ ਉੱਚ-ਕੁਆਲਿਟੀ ਲੈਣ ਲਈ ਕਿਸਾਨਾਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ ਖੇਤੀ ਵਿੱਚ ਫ਼ਸਲਾਂ ਉਪਜਾਉਣ ਵਾਸਤੇ ਆਰਥਿਕ ਮਦਦ ਤੋਂ ਇਲਾਵਾ ਕਿਸਾਨਾਂ ਨੂੰ ਇਸ ਦੀਆਂ ਆਧੁਨਿਕ ਤਕਨੀਕਾਂ ਬਾਰੇ ਸਿਖਲਾਈ, ਫ਼ਸਲਾਂ ਦੀ ਚੋਣ, ਨੈੱਟ-ਹਾਊਸ ਦੀ ਸੰਭਾਲ, ਹਾਨੀਕਾਰਕ ਕੀੜਿਆਂ ਅਤੇ ਬੀਮਾਰੀਆਂ ਦੀ ਰੋਕਥਾਮ, ਪਾਣੀ ਰਾਹੀਂ ਖਾਦਾਂ ਦੀ ਵਰਤੋਂ, ਉਪਜਾਂ ਦੀ ਸਹੀ ਸੰਭਾਲ ਤੇ ਮੰਡੀਕਰਨ ਬਾਰੇ ਅਤੇ ਹੋਰ ਜਾਣਕਾਰੀਆਂ ਦੇਣਾ ਜ਼ਰੂਰੀ ਹੈ। ਫਲਾਂ ਤੇ ਸਬਜ਼ੀਆਂ ਦਾ ਵੱਡੇ ਪੱਧਰ ’ਤੇ ਫੈਲਾਅ ਕਰਨ ਵਾਸਤੇ ਲੋੜੀਂਦੀ ਮਾਤਰਾ ਵਿੱਚ ਸਹੀ ਕਿਸਮ ਤੇ ਬੀਮਾਰੀ ਰਹਿਤ ਨਰੋਏ ਬੀਜਾਂ ਅਤੇ ਪਨੀਰੀ ਦੇ ਬੂਟਿਆਂ ਦਾ ਕਿਸਾਨਾਂ ਨੂੰ ਸਮੇਂ ਸਿਰ ਯਕੀਨੀ ਉਪਲੱਬਧ ਹੋਣਾ ਸਭ ਤੋਂ ਮਹੱਤਵਪੂਰਨ ਹੈ। ਪੰਜਾਬ ਵਿੱਚ ਫਲਾਂ ਦੇ ਪਨੀਰੀ-ਬੂਟੇ ਤਿਆਰ ਕਰਨ ਵਾਸਤੇ ਸਰਕਾਰੀ ਬਾਗਬਾਨੀ ਵਿਭਾਗ ਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨਾਲ ਸੰਬੰਧਿਤ ਲਗਪਗ 25 ਨਰਸਰੀਆਂ ਹਨ ਅਤੇ ਤਕਰੀਬਨ 60 ਨਿੱਜੀ ਪ੍ਰਬੰਧਾਂ ਵਾਲੀਆਂ ਨਰਸਰੀਆਂ ਹਨ ਜਿਨ੍ਹਾਂ ਵਿੱਚ ਗੁਣਵੱਤਾ ਨੂੰ ਕਾਇਮ ਰੱਖਣਾ ਜ਼ਰੂਰੀ ਹੈ।ਵਧੇਰੇ ਪੈਦਾਵਾਰ ਵਾਲੀਆਂ ਕਿਸਮਾਂ/ਹਾਈਬ੍ਰਿਡਾਂ ਦੇ ਬੀਜ ਉਤਪਾਦਨ ਕਰਨ ਦੀ ਵਿਧੀ ਨੂੰ ਮਜ਼ਬੂਤ ਕਰਨ ਲਈ “Planting Material and Nursery Act 1961” ਵਿੱਚ ਸੋਧ ਕਰਕੇ ਕਿਸਾਨਾਂ ਨੂੰ ਬੀਮਾਰੀ ਰਹਿਤ ਬੀਜ ਦੀ ਉਪਲੱਬਧਤਾ ਕੀਤੀ ਜਾ ਸਕਦੀ ਹੈ।

ਭਾਰਤ ਵਿੱਚ ਦੁਨੀਆਂ ਦੇ ਸਾਰੇ ਦੇਸ਼ਾਂ ਨਾਲੋਂ ਵੱਧ ਫਲ ਤੇ ਸਬਜ਼ੀਆਂ ਪੈਦਾ ਹੋਣ ਦੇ ਬਾਵਜੂਦ ਇਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨੀਆਂ ਸੰਭਵ ਨਹੀਂ ਹੋ ਰਹੀਆਂ। ਇਸ ਵਾਸਤੇ ਜ਼ਰੂਰਤ ਹੈ  ਕਿ ਨਾਂ ਸਿਰਫ਼ ਇਨ੍ਹਾਂ ਫ਼ਸਲਾਂ ਦੇ ਉੱਚ-ਉਤਪਾਦਨ ਹੀ ਕਾਇਮ ਰੱਖੇ ਜਾਣ ਸਗੋਂ ਨਾਲ ਹੀ ਨਾਲ ਇਨ੍ਹਾਂ ਉਪਜਾਂ ਦੇ ਖੇਤ ਤੋਂ ਲੈ ਕੇ ਖਪਤਕਾਰ ਤੱਕ ਹੋ ਰਹੇ ਉਜਾੜੇ ਵੀ ਘਟਾਏ ਜਾਣ ਤਾਂ ਜੋ ਕਿਸਾਨ ਦੀ ਆਮਦਨ ਵੀ ਵਧੇ। ਮੌਸਮੀ ਬਹੁਤਾਤ ਵੇਲੇ ਉਪਜਾਂ ਦੇ ਵਿਨਾਸ਼ ਅਤੇ ਕੀਮਤਾਂ ਵਿੱਚ ਉਤਰਾਅ-ਚੜ੍ਹਾਅ ਵੀ ਕਾਬੂ ਵਿੱਚ ਰੱਖਣੇ ਜ਼ਰੂਰੀ ਹਨ। ਇਸ ਲਈ ਲੋੜ ਹੈ ਸਰਕਾਰੀ ਅਤੇ ਗ਼ੈਰ-ਸਰਕਾਰੀ ਅਦਾਰਿਆਂ ਦੀ ਭਾਗੀਦਾਰੀ ਅਤੇ ਸਮਰਥਨ ਨਾਲ ਪੇਂਡੂ ਇਲਾਕਿਆਂ ਵਿੱਚ ਫਲਾਂ ਤੇ ਸਬਜ਼ੀਆਂ ਦੇ ਉਜਾੜੇ ਘਟਾਊ ਬੁਨਿਆਦੀ ਸਹੂਲਤਾਂ ਪੈਦਾ ਕਰਨ ਦੀ, ਉਪਜਾਂ ਤੋਂ ਉੱਚ-ਮੁੱਲ ਦੇ ਪਦਾਰਥ ਤਿਆਰ ਕਰਨ ਦੀ ਅਤੇ ਮੰਡੀਕਰਨ ਦੇ ਕਾਰਜਾਂ ਵਿੱਚ ਕੁਸ਼ਲਤਾ ਲਿਆਉਣ ਦੀ। ਪੰਜਾਬ ਦੇ ਵੱਖ-ਵੱਖ ਖੇਤਰਾਂ ਵਿੱਚ ਆਧੁਨਿਕ ਤਰ੍ਹਾਂ ਦੇ ਠੰਢੇ ਸਟੋਰਾਂ ਦੀ ਗਿਣਤੀ ਕਾਫ਼ੀ ਵਧਣੀ ਚਾਹੀਦੀ ਹੈ। ਇਹ ਠੰਢੇ ਸਟੋਰ ਆਲੂਆਂ ਵਾਸਤੇ ਤਾਂ ਹਨ ਪਰ ਫਲਾਂ ਤੇ ਸਬਜ਼ੀਆਂ ਵਾਸਤੇ ਇਹ ਸਹੂਲਤ ਨਾ ਦੇ ਬਰਾਬਰ ਹੈ। ਅਸਲ ਵਿੱਚ ਲੋੜ ਹੈ ਕਿ ਖੇਤ ਤੋਂ ਉਪਜ ਪ੍ਰਾਪਤ ਕਰਨ ਤੋਂ ਲੈ ਕੇ

ਇਸ ਦੇ ਖਪਤਕਾਰ ਤੱਕ ਪਹੁੰਚਾਉਣ ਤੱਕ ਸਮੁੱਚੇ ਤੌਰ ਦੀ ਠੰਢੀ ਕੜੀ ਭਾਵ ਠੰਢੀ ਹਾਲਤ ਵਿੱਚ ਢੋਆ-ਢੁਆਈ, ਠੰਢੇ ਸਟੋਰ, ਠੰਢੀਆਂ ਮੰਡੀਆਂ, ਠੰਢੀ ਹਾਲਤ ਵਿੱਚ ਖਪਤਕਾਰ ਤੱਕ ਵਿੱਕਰੀ ਸਥਾਪਿਤ ਕਰਕੇ ਇਨ੍ਹਾਂ ਉਪਜਾਂ ਦੇ ਉਜਾੜੇ ਬਹੁਤ ਹੱਦ ਤੱਕ ਘਟਾਏ ਜਾਣ। ਇਹ ਸਹੂਲਤਾਂ ਪੈਦਾ ਕਰਨ ਵਾਸਤੇ ਪੇਂਡੂ ਵਿਕਾਸ ਦੇ ਅਦਾਰਿਆਂ, ਕਿਸਾਨ ਜਥੇਬੰਦੀਆਂ, ਵੱਡੇ ਉਦਯੋਗੀ ਅਦਾਰਿਆਂ ਅਤੇ ਪੰਜਾਬ ਇਨਫਰਾਸਟ੍ਰਕਚਰ ਡਿਵੈਲਪਮੈਂਟ ਬੋਰਡ ਦੀ ਮਦਦ ਲਈ ਜਾ ਸਕਦੀ ਹੈ।

ਭਵਿੱਖ ਵਿੱਚ ਫੋਕਸ ਖੋਜ ਗਤੀਵਿਧੀਆਂ ਦੇ ਵਿਆਪਕ ਆਧੁਨਿਕੀਕਰਨ ਅਤੇ ਬਹੁਅਨੁਸ਼ਾਸਨੀ ਖੋਜ ਨੂੰ ਮਜ਼ਬੂਤ ਕਰਨ ਤੇ ਹੋਣੀ ਚਾਹੀਦੀ ਹੈ ਤਾਂ ਕਿ ਇਨ੍ਹਾਂ ਮੌਸਮੀ ਤੇ ਨਾਸ਼ਵਾਨ ਫ਼ਸਲਾਂ ਲਈ ਜੋਖਮ-ਮੁਕਤ/ਘੱਟ ਜੋਖਮ, ਜਲਵਾਯੂ-ਲਚਕੀਲੀਆਂ ਆਧੁਨਿਕ ਗਿਆਨ ਆਧਾਰਿਤ ਫ਼ਸਲ, ਮਿੱਟੀ, ਪਾਣੀ, ਖਾਦ, ਕੀਟਨਾਸ਼ਕ, ਮਸ਼ੀਨਰੀ ਦੇ ਕੁਸ਼ਲ ਪ੍ਰਬੰਧਨ ਲਈ ਮਾਈਕ੍ਰੋ ਪ੍ਰਬੰਧਨ ਤਕਨਾਲੋਜੀਆਂ ਦਾ ਵਿਕਾਸ ਕਰਕੇ ਉੱਚ ਉਤਪਾਦਕਤਾ, ਉਤਪਾਦਨ ਕੁਸ਼ਲਤਾ ਅਤੇ ਉੱਚ ਗੁਣਵੱਤਾ ਵਾਲੇ (ਤਾਜ਼ੇ ਤੇ ਪ੍ਰੋਸੈਸਡ) ਉਤਪਾਦਾਂ ਦੇ ਉੱਚ ਉਤਪਾਦਨ ਪ੍ਰਾਪਤ ਕੀਤੇ ਜਾ ਸਕਣ। ਲੋੜ ਹੈ ਕਿ ਬਹੁਤ ਸਾਰੀਆਂ ਵਿਭਿੰਨ ਫ਼ਸਲਾਂ ਦੇ ਪੱਕਣ ਦੇ ਮਿਆਰ ਅਤੇ ਮਾਪਦੰਡ, ਪਕਾਉਣ ਦੀਆਂ ਤਕਨੀਕਾਂ, ਸਟੋਰੇਜ, ਕੋਲਡ ਚੇਨਜ਼, ਦੂਰ ਦੁਰਾਡੀਆਂ ਮਾਰਕਿਟਾਂ ਵਲ ਲਿਜਾਣ, ਉਤਪਾਦਾਂ ਦੇ ਮੁੱਲ ਵਧਾਉਣ ਅਤੇ ਪ੍ਰੋਸੈਸਿੰਗ ਦੀਆਂ ਵਿਧੀਆਂ ਦਾ ਪਹਿਲ ਦੇ ਆਧਾਰ ਤੇ ਸੁਧਾਰ ਕੀਤਾ ਜਾਵੇ।

ਫਲਾਂ ਤੇ ਸਬਜ਼ੀਆਂ ਦੀ ਪ੍ਰੋਸੈਸਿੰਗ ਕਰਕੇ ਉਪਜਾਂ ਦੇ ਉਜਾੜੇ ਅਤੇ ਬਹੁਤਾਤ ’ਤੇ ਕਾਬੂ ਪਾਉਣ ਵਿੱਚ ਸਾਡਾ ਮੁਲਕ ਬਹੁਤ ਪਛੜਿਆ ਹੋਇਆ ਹੈ। ਇੱਥੇ ਕੁੱਲ ਪੈਦਾਵਾਰ ਦੀ ਸਿਰਫ਼ 2 ਪ੍ਰਤੀਸ਼ਤ ਉਪਜ ਦੀ ਹੀ ਪ੍ਰੋਸੈਸਿੰਗ ਕੀਤੀ ਜਾਂਦੀ ਹੈ ਜਦੋਂ ਕਿ ਭਾਰਤ ਸਰਕਾਰ ਦੀ ਯੋਜਨਾ ਅਨੁਸਾਰ ਇਸ ਨੂੰ 20 ਫ਼ੀਸਦੀ ਤੱਕ ਵਧਾਉਣ ਦਾ ਟੀਚਾ ਹੈ। ਪੰਜਾਬ ਸਰਕਾਰ ਦੇ ਖੇਤੀ ਉਦਯੋਗ ਵਿਕਾਸ ਨਿਗਮ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਅਜੇ ਤੱਕ ਵੱਡੇ ਪੱਧਰ ’ਤੇ ਫਲਾਂ ਤੇ ਸਬਜ਼ੀਆਂ ਦੇ ਪ੍ਰੋਸੈਸਿੰਗ-ਉਦਯੋਗ ਦਾ ਪੇਂਡੂ ਇਲਾਕਿਆਂ ਵਿੱਚ ਫੈਲਾਅ ਵਿਸਥਾਰ ਨਹੀਂ ਹੋ ਸਕਿਆ। ਜਿਹੜੇ ਕੁੱਝ ਉਦਯੋਗ ਲਗਾਏ ਵੀ ਗਏ ਹਨ ਉਹ ਬਹੁਤੇ ਸਫ਼ਲ ਨਹੀਂ ਹੋ ਸਕੇ। ਇਸ ਲਈ ਜ਼ਰੂਰੀ ਹੈ ਕਿ ਸਰਕਾਰੀ ਤੇ ਗ਼ੈਰ-ਸਰਕਾਰੀ ਸਮਰਥਨ ਨਾਲ ਇਸ ਖੇਤਰ ਵਿੱਚ ਪੂੰਜੀ ਨਿਵੇਸ਼ ਵਧਾ ਕੇ ਨਾ ਸਿਰਫ਼ ਵੱਡੇ-ਵੱਡੇ ਉਦਯੋਗੀਆਂ ਨੂੰ ਸਗੋਂ ਪਿੰਡ ਪੱਧਰ ’ਤੇ ਕਿਸਾਨਾਂ ਅਤੇ ਕਾਮਿਆਂ ਦੇ ਸੰਗਠਨ ਅਤੇ ਹੋਰ ਉੱਦਮੀਆਂ ਨੂੰ ਛੋਟੀਆਂ ਅਤੇ ਬਹੁਤ ਛੋਟੀਆਂ ਪ੍ਰੋਸੈਸਿੰਗ ਇਕਾਈਆਂ ਸਥਾਪਤ ਕਰਨ ਵਾਸਤੇ ਉਤਸ਼ਾਹਿਤ ਕੀਤਾ ਜਾਵੇ। ਫਲਾਂ ਤੇ ਸਬਜ਼ੀਆਂ ਆਧਾਰਿਤ ਖ਼ੁਰਾਕ ਤੇ ਆਮਦਨ ਵਧਾਊ ਇਨਕਲਾਬ ਲਿਆਉਣ ਵਾਸਤੇ ਪੁਰਾਣੇ ਢੰਗਾਂ ਦੀਆਂ ਮੰਡੀਆਂ ਦੇ ਸੁਧਾਰ ਕਰਨ ਦੀ ਖ਼ਾਸ ਮਹੱਤਤਾ ਹੈ। ਗੁਣਵੱਤਾ ਵਿੱਚ ਵਿਗਾੜ ਪੈਣ ਨਾਲ ਖਰੀਦਦਾਰ ਦੀਆਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ ਜਿਸ ਨਾਲ ਕਿਸਾਨ ਨੂੰ ਘੱਟ ਕੀਮਤ ਮਿਲਦੀ ਹੈ। ਕਈ ਫ਼ਸਲਾਂ ਦੇ ਮੰਡੀ ਦਖਲ ਸਕੀਮ ਥੱਲੇ ਕਿਸਾਨਾਂ ਦੀ ਸਹਿਮਤੀ ਨਾਲ ਸਰਕਾਰ ਕੀਮਤ ਮਿਥਦੀ ਹੈ। ਇਨ੍ਹਾਂ ਫ਼ਸਲਾਂ ਦੇ ਮੌਸਮੀ

ਬਹੁਤਾਤ ਦੇ ਸਮੇਂ ਕੀਮਤਾਂ ਡਿੱਗਣ ਦੀ ਸਮੱਸਿਆ ਕਿਸਾਨ ਨੂੰ ਘਾਟੇ ਵੱਲ ਲੈ ਜਾਂਦੀ ਹੈ। ਕਿਸਾਨਾਂ ਨੂੰ ਵਿਸ਼ੇਸ਼ ਸਿਖਲਾਈ ਦੇਣ ਦੀ ਜ਼ਰੂਰਤ ਹੈ ਜਿਵੇਂ ਕਿ ਆਧੁਨਿਕ ਕਾਸ਼ਤ ਅਭਿਆਸਾਂ ਬਾਰੇ, ਫ਼ਸਲਾਂ/ਕਿਸਮਾਂ ਦੀ ਚੋਣ, ਨਰਸਰੀਆਂ ਦਾ ਪ੍ਰਸਾਰ ਤੇ ਸੰਭਾਲ ਬਾਰੇ, ਨੈਟ-ਹਾਊਸ/ਗ੍ਰੀਨ-ਹਾਊਸ ਵਿੱਚ ਹਾਈ-ਟੈਕ ਉਤਪਾਦਨ ਬਾਰੇ, ਕੀੜਿਆਂ ਅਤੇ ਬੀਮਾਰੀਆਂ ਦੀ ਰੋਕਥਾਮ ਬਾਰੇ, ਉਤਪਾਦਾਂ ਦੀ ਵਾਢੀ ਤੋਂ ਪਹਿਲਾਂ ਤੇ ਬਾਅਦ ਦੇ ਪ੍ਰਬੰਧਨ ਸੰਬੰਧੀ, ਉਤਪਾਦਾਂ ਦੀ ਸਫਾਈ, ਪ੍ਰੋਸੈਸਿੰਗ, ਸਟੋਰੇਜ, ਗੁਣਨਿਯੰਤਰਣ, ਗਰੇਡਿੰਗ, ਪੈਕਿੰਗ ਆਦਿ ਬਾਰੇ, ਕੋਲਡ ਚੇਨ ਪ੍ਰਬੰਧਨ, ਮਾਰਕਿਟਿੰਗ ਅਤੇ ਹੋਰ ਆਧੁਨਿਕ ਪਹਿਲੂਆਂ ਦੇ ਪ੍ਰਬੰਧਨ ਕਰਨ ਸੰਬੰਧੀ ਆਦਿ। ਰਾਜ ਸਰਕਾਰ ਨੂੰ ਚਾਹੀਦਾ ਹੈ ਕਿ ਫ਼ਸਲ ਦੇ ਰਕਬੇ ਅਤੇ ਉਤਪਾਦਨ ਬਾਰੇ ਜਾਣਕਾਰੀ ਲੈ ਕੇ ਲੋੜੀਂਦੇ ਇੰਤਜ਼ਾਮ ਪਹਿਲ ਦੇ ਆਧਾਰ ’ਤੇ ਕੀਤੇ ਜਾਣ।ਇਸ ਤੋਂ ਇਲਾਵਾ ਇਨ੍ਹਾਂ ਉਪਜਾਂ ਦੇ ਨਿਰਯਾਤ ਕਰਨ ਵਾਸਤੇ ਵੀ ਸਹੂਲਤਾਂ ਪੈਦਾ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਹੁਣ ਸਮਾਂ ਹੈ ਕਿ ਯੋਜਨਾ ਬਣਾਉਣ ਵਾਲੇ, ਪੂੰਜੀ ਨਿਵੇਸ਼ ਕਰਨ ਵਾਲੇ ਸਰਕਾਰੀ ਤੇ ਗ਼ੈਰ-ਸਰਕਾਰੀ ਅਦਾਰੇ, ਉਦਯੋਗੀ ਅਤੇ ਹੋਰ ਫਲਾਂ ਤੇ ਸਬਜ਼ੀਆਂ ਨਾਲ ਸੰਬੰਧਿਤ ਅਦਾਰੇ ਇਹ ਸਮਝਣ ਕਿ ਇਨ੍ਹਾਂ ਮੌਸਮੀ ਤੇ ਵੱਖ-ਵੱਖ ਗੁਣਾਂ ਵਾਲੀਆਂ ਫ਼ਸਲਾਂ ਨੂੰ ਉਪਜਾਉਣ ਵਾਸਤੇ ਬੀਜਣ ਤੋਂ ਪੱਕਣ ਤੱਕ ਇਨ੍ਹਾਂ ਉਪਜਾਂ ਦੀ ਸੰਭਾਲ ਤੇ ਹੋਰ ਪ੍ਰਬੰਧ ਰਵਾਇਤੀ ਅਨਾਜ ਦੀਆਂ ਫ਼ਸਲਾਂ ਨਾਲੋਂ ਵੱਖਰੇ ਹੁੰਦੇ ਹਨ। ਇਸ ਵਾਸਤੇ ਫਲਾਂ ਤੇ ਸਬਜ਼ੀਆਂ ਹੇਠ ਰਕਬੇ ਵਿੱਚ ਵਾਧੇ, ਉਤਪਾਦਨ ਤੇ ਨਫ਼ੇ ਵਧਾਉਣ ਵਾਸਤੇ ਵੱਖਰੇ ਤਰ੍ਹਾਂ ਦੀਆਂ ਕਾਰਜ-ਨੀਤੀਆਂ, ਕਿਸਾਨਾਂ ਨੂੰ ਤਕਨੀਕੀ ਸਿਖਲਾਈ ਤੇ ਮਾਲੀ ਸਹਾਇਤਾ, ਉਪਜਾਂ ਦੀ ਸੰਭਾਲ ਦੇ ਪ੍ਰਬੰਧ, ਪ੍ਰੋਸੈਸਿੰਗ ਦੇ ਢੰਗ ਤੇ ਨਾਲ ਲੱਗਦੇ ਉਦਯੋਗ, ਲਾਹੇਵੰਦ ਮੰਡੀਕਰਨ ਦੀਆਂ ਆਧੁਨਿਕ ਸਹੂਲਤਾਂ, ਬੁਨਿਆਦੀ ਢਾਂਚਾ ਤੇ ਹੋਰ ਸਹੂਲਤਾਂ ਪੈਦਾ ਕਰਨ ਵਾਸਤੇ ਪੂੰਜੀ ਨਿਵੇਸ਼ ਦੀ ਲੋੜ ਹੈ। ਇਸ ਤੋਂ ਇਲਾਵਾ ਇਨ੍ਹਾਂ ਫ਼ਸਲਾਂ ਲਈ ਨਿਸ਼ਚਿਤ ਤੇ ਲੰਮੇ ਸਮੇਂ ਦੀਆਂ ਗਤੀਸ਼ੀਲ ਯੋਜਨਾਵਾਂ ਬਣਾਉਣਾ ਤੇ ਲਾਗੂ ਕਰਨਾ ਅਤੇ ਕਿਸਾਨਾਂ ਨੂੰ ਸਰਕਾਰੀ ਤੇ ਗ਼ੈਰ-ਸਰਕਾਰੀ ਸਮਰਥਨ ਦਿੰਦੇ ਰਹਿਣਾ ਬਹੁਤ ਜ਼ਰੂਰੀ ਹੈ।

❖❖❖

# 11
# ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰੋ

ਪਿਛਲੇ ਕਈ ਸਾਲਾਂ ਦੌਰਾਨ ਜੈਵਿਕ ਖੇਤੀ ਰਾਹੀਂ ਪੈਦਾ ਕੀਤੇ ਜਾਂਦੇ ਖੁਰਾਕੀ (Food) ਉਤਪਾਦਾਂ, ਜਿਨ੍ਹਾਂ ਨੂੰ ਗ੍ਰੀਨ ਫੂਡ, ਵਾਤਾਵਰਣ ਅਨੁਕੂਲ ਭੋਜਨ ਅਤੇ ਕੁਦਰਤੀ ਭੋਜਨ ਵੀ ਕਿਹਾ ਜਾਂਦਾ ਹੈ, ਉਪਭੋਗਤਾ ਅਤੇ ਕਿਸਾਨਾਂ ਲਈ ਸਭ ਤੋਂ ਵਧੀਆ ਵਿਕਲਪ ਬਣ ਗਏ ਹਨ। ਇਨ੍ਹਾਂ ਜੈਵਿਕ ਉਤਪਾਦਾਂ ਦੀ ਮੰਗ ਪੂਰੀ ਦੁਨੀਆਂ ਵਿੱਚ ਬੜੀ ਤੇਜ਼ੀ ਨਾਲ ਵਧਦੀ (ਹਰ ਸਾਲ ਅੰਦਾਜ਼ਨ 10-20 ਪ੍ਰਤੀਸ਼ਤ) ਜਾ ਰਹੀ ਹੈ। ਭਾਰਤ ਵਿੱਚ 2016 ਦੌਰਾਨ ਜੈਵਿਕ ਖੇਤੀ ਅਧੀਨ ਵਿਸ਼ਵ ਦੇ ਜੈਵਿਕ ਰਕਬੇ ਦਾ ਤਕਰੀਬਨ ਇਕ ਪ੍ਰਤੀਸ਼ਤ ਸੀ ਅਤੇ ਉਹ 2020 ਵਿੱਚ ਵਧ ਕੇ 2.75 ਪ੍ਰਤੀਸ਼ਤ ਹੋ ਗਿਆ ਜੋ ਜੈਵਿਕ ਭੋਜਨ ਦੀ ਵੱਧਦੀ ਮੰਗ ਨੂੰ ਦਰਸਾਉਂਦਾ ਹੈ। ਅੰਤਰਰਾਸ਼ਟਰੀ ਵਪਾਰ ਕੇਂਦਰ ਦੀ ਇੱਕ ਤਾਜ਼ਾ ਰਿਪੋਰਟ ਅਨੁਸਾਰ 100 ਤੋਂ ਵੱਧ ਦੇਸ਼ ਵਪਾਰਕ ਮਾਤਰਾ ਵਿੱਚ ਜੈਵਿਕ ਉਤਪਾਦਨ ਕਰਦੇ ਹਨ। ਵਾਸਤਵ ਵਿੱਚ ਪ੍ਰਦੂਸ਼ਣ ਦੇ ਖਤਰਿਆਂ (ਜਿਵੇਂ ਕਿ ਕੀੜੇਮਾਰ ਦਵਾਈਆਂ ਦੀ ਰਹਿੰਦ ਖੂੰਹਦ, ਜ਼ਹਿਰੀਲੀਆਂ ਧਾਤਾਂ, ਆਦਿ) ਨਾਲ ਸੰਬੰਧਿਤ ਕਾਰਨਾਂ ਕਰਕੇ ਜੈਵਿਕ ਖੇਤੀ ਅਧੀਨ ਖੇਤਰ ਵਿੱਚ ਕਾਫੀ ਵਾਧਾ ਹੋਇਆ ਹੈ। ਵਿਸ਼ਵ ਦੀ ਜੈਵਿਕ ਖੇਤੀਬਾੜੀ ਬਾਰੇ 2018 ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਲਗਪਗ 8,35,000 ਕਿਸਾਨ ਜੈਵਿਕ ਖੇਤੀ ਕਰ ਰਹੇ ਹਨ ਜੋ ਵਿਸ਼ਵ ਦੇ ਜੈਵਿਕ ਉਤਪਾਦਕਾਂ (27 ਲੱਖ) ਦਾ ਲਗਪਗ 30 ਪ੍ਰਤੀਸ਼ਤ ਹਨ। ਪਰ ਜੇ ਰਕਬੇ ਦੇ ਹਿਸਾਬ ਨਾਲ ਦੇਖੀਏ ਤਾਂ ਸਾਡੇ ਦੇਸ਼ ਦੇ ਖੇਤੀ ਵਾਲੇ ਕੁੱਲ ਰਕਬੇ (578 ਲੱਖ ਹੈਕਟੇਅਰ) ਚੋਂ ਕੇਵਲ 2.59 ਪ੍ਰਤੀਸ਼ਤ, ਭਾਵ 15 ਲੱਖ ਹੈਕਟੇਅਰ, ਵਿੱਚ ਹੀ ਜੈਵਿਕ ਖੇਤੀ ਕੀਤੀ ਜਾਂਦੀ ਹੈ।

ਭਾਰਤ ਵਿੱਚ ਸਿੱਕਮ ਸਭ ਤੋਂ ਪਹਿਲਾ 100 ਪ੍ਰਤੀਸ਼ਤ ਪ੍ਰਮਾਣਿਤ ਜੈਵਿਕ ਸੂਬਾ ਹੈ। ਇਸਦੇ ਇਲਾਵਾ, ਗੁਜਰਾਤ, ਕੇਰਲਾ, ਕਰਨਾਟਕ, ਉਤਰਾਖੰਡ, ਰਾਜਸਥਾਨ, ਮਹਾਰਾਸ਼ਟਰ, ਤਾਮਿਲਨਾਡੂ, ਮੱਧ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ ਵੀ ਜੈਵਿਕ ਖੇਤੀ ਨਾਲ ਜੁੜੇ ਹੋਏ ਸੂਬੇ ਹਨ। ਸਾਲ 2019 ਤਕ, ਵਿਸ਼ਵ ਪੱਧਰ 'ਤੇ ਲਗਪਗ 700 ਲੱਖ ਹੈਕਟੇਅਰ ਜੈਵਿਕ ਤੌਰ 'ਤੇ ਪ੍ਰਬੰਧਿਤ ਜ਼ਮੀਨ ਰਿਕਾਰਡ ਕੀਤੀ ਗਈ ਜਦ ਕਿ ਭਾਰਤ ਵਿੱਚ ਲਗਪਗ 180 ਲੱਖ ਹੈਕਟੇਅਰ ਰਕਬਾ ਜੈਵਿਕ ਖੇਤੀ ਹੇਠ ਹੈ। ਵਿਸ਼ਵ ਪੱਧਰ 'ਤੇ ਜੈਵਿਕ ਖੁਰਾਕ ਦੀ ਮੰਡੀ ਜੋ ਸਾਲ 2000 ਦੌਰਾਨ ਲਗਪਗ 18 ਬਿਲੀਅਨ ਡਾਲਰ ਸੀ, ਸਾਲ 2018 ਵਿੱਚ ਵਧ ਕੇ ਤਕਰੀਬਨ 95 ਬਿਲੀਅਨ ਡਾਲਰ ਤੇ ਪਹੁੰਚ ਗਈ ਹੈ। ਆਮ ਤੌਰ 'ਤੇ ਜੈਵਿਕ-ਭੋਜਨ ਦੀਆਂ ਚੀਜ਼ਾਂ ਵਿੱਚ ਸੁੱਕੇ ਫਲ, ਗਿਰੀਦਾਰ ਫਲ, ਤਾਜ਼ੇ ਅਤੇ ਪ੍ਰੋਸੈਸ ਕੀਤੇ ਹੋਏ ਫਲ ਅਤੇ ਸਬਜ਼ੀਆਂ, ਮਸਾਲੇ, ਜੜੀ-ਬੂਟੀਆਂ, ਤੇਲ ਬੀਜ ਫ਼ਸਲਾਂ ਅਤੇ ਤਿਆਰ

ਕੀਤੇ ਉਤਪਾਦ, ਸੁੱਕੇ ਫਲਦਾਰ ਉਤਪਾਦ, ਮੀਟ ਅਤੇ ਡੇਅਰੀ ਉਤਪਾਦ, ਚਾਹ, ਅੰਡੇ, ਫਲਾਂ ਦੇ ਰਸ ਆਦਿ ਸ਼ਾਮਲ ਹਨ; ਜਦ ਕਿ ਭਾਰਤ ਜੈਵਿਕ ਮਿਰਚ, ਕੱਟੇ ਹੋਏ ਅਦਰਕ, ਹਲਦੀ, ਬਾਸਮਤੀ ਚਾਵਲ, ਦਾਲ, ਚਨੇ, ਮਟਰ ਅਤੇ ਚੀਨੀ ਦਾ ਨਿਰਯਾਤ ਵੀ ਕਰ ਰਿਹਾ ਹੈ।

ਪੰਜਾਬ ਵਿੱਚ ਹਰੀ ਕ੍ਰਾਂਤੀ ਦੀ ਸ਼ੁਰੂਆਤ ਦੌਰਾਨ ਖੇਤੀਬਾੜੀ ਉਤਪਾਦਨ ਅਤੇ ਉਤਪਾਦਕਤਾ ਨੂੰ ਵਧਾਉਣ ਲਈ ਤਕਨਾਲੋਜੀਆਂ ਨੇ ਮੁੱਖ ਤੌਰ ’ਤੇ ਰਸਾਇਣਾਂ (ਖਾਦਾਂ ਅਤੇ ਕੀਟਨਾਸ਼ਕਾਂ ਆਦਿ) ਦੀ ਵਰਤੋਂ ਵਧਾਉਣ ਦੀ ਪ੍ਰੇਰਨਾ ਦਿੱਤੀ। ਪਰ ਸੂਬੇ ਵਿੱਚ ਘਣੀ ਖੇਤੀ ਦੌਰਾਨ ਇਨ੍ਹਾਂ ਰਸਾਇਣਾਂ ਦੀ ਲਗਾਤਾਰ ਭਾਰੀ ਮਾਤਰਾ ਵਿੱਚ ਵਰਤੋਂ ਕੀਤੇ ਜਾਣ ਨਾਲ ਦੂਜੀ ਪੀੜ੍ਹੀ ਲਈ ਮੁਸ਼ਕਲਾਂ ਖੜ੍ਹੀਆਂ ਹੋ ਰਹੀਆਂ ਹਨ, ਜਿਵੇਂ ਕਿ ਉਦਾਹਰਣ ਵਜੋਂ ਮਨੁੱਖੀ-ਸਿਹਤ ਦੇ ਵਧ ਰਹੇ ਗੰਭੀਰ ਮੁੱਦੇ ਹਨ।ਫ਼ਸਲਾਂ ਵਿੱਚ ਕੀਟਨਾਸ਼ਕਾਂ ਦੀ ਲੋੜ ਤੋਂ ਵੱਧ ਅਤੇ ਅੰਨ੍ਹਾਂਧੁੰਦ ਵਰਤੋਂ ਦੇ ਜ਼ਹਿਰੀਲੇ ਪ੍ਰਭਾਵਾਂ ਕਾਰਨ ਪੰਜਾਬ ਦੇ ਖਾਸਕਰ ਦੱਖਣ ਪੱਛਮੀ ਖੇਤਰ ਵਿੱਚ ਕੁਝ ਇਲਾਕੇ ਕੈਂਸਰ-ਬੈਲਟ ਮੰਨੇ ਜਾ ਰਹੇ ਹਨ। ਕੀਟਨਾਸ਼ਕਾਂ ਦੀ ਵਰਤੋਂ ਦੇ ਅਜਿਹੇ ਮਾੜੇ ਮਨੁੱਖੀ-ਸਿਹਤ ਪ੍ਰਭਾਵਾਂ ਬਾਰੇ ਆਮ ਜਨਤਾ ਵਿੱਚ ਜਾਗਰੂਕਤਾ ਦੇ ਨਾਲ-ਨਾਲ ਪੰਜਾਬ ਦੇ ਕਿਸਾਨਾਂ ਦੀ ਜੈਵਿਕ ਖੇਤੀ ਪ੍ਰਤੀ ਰੁਚੀ ਵੱਧ ਰਹੀ ਹੈ।

ਜੈਵਿਕ ਅਨਾਜ ਉਤਪਾਦਨ ਦੇ ਕੁੱਝ ਮੁੱਖ ਸਿਧਾਂਤ ਹਨ ਜਿਵੇਂ ਕਿ ਰਸਾਇਣਕ ਇਨਪੁਟਸ (ਜਿਵੇਂ ਖਾਦਾਂ, ਕੀਟਨਾਸ਼ਕਾਂ, ਹਾਰਮੋਨਜ਼ ਆਦਿ) ਦੀ ਵਰਤੋਂ ਬਿਨਾਂ ਉੱਚ ਗੁਣਵਤਾ ਦੇ ਉਤਪਾਦ ਪੈਦਾ ਕਰਨਾ; ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵਾਧੇ ਵਲ ਬਰਕਰਾਰ ਰੱਖਣਾ; ਰੂੜੀ, ਫ਼ਸਲਾਂ ਦੀ ਰਹਿੰਦ-ਖੂੰਹਦ ਆਦਿ ਅਤੇ ਹੋਰ ਜੈਵਿਕ ਪਦਾਰਥਾਂ (ਬਾਇਉਖਾਦਾਂ) ਦੀ ਵਰਤੋਂ ਅਤੇ ਮਕੈਨੀਕਲ ਤਰੀਕਿਆਂ ਦੀ ਵਰਤੋਂ ਕਰਨਾ; ਹਰ ਤਰ੍ਹਾਂ ਦੇ ਪ੍ਰਦੂਸ਼ਣ ਨੂੰ ਘਟਾਉਣਾ; ਭੋਜਨ ਵਿੱਚ ਜੈਨੇਟਿਕ ਵਿਭਿੰਨਤਾ ਨੂੰ ਸੁਰੱਖਿਅਤ ਕਰਨਾ; ਗ਼ੈਰ-ਨਵਿਆਉਣਯੋਗ (Non-renewable) ਯੋਗ ਸਰੋਤਾਂ ਦੀ ਵਰਤੋਂ ਅਤੇ ਈਕੋ-ਸਿਸਟਮ ਤੇ ਨੁਕਸਾਨ ਘਟਾਉਣਾ ਅਤੇ ਹੋਰ ਰਸਾਇਣਾਂ ਦੀ ਵਰਤੋਂ ਕਰਨ ਤੋਂ ਗੁਰੇਜ਼ ਕਰਨਾ ਆਦਿ। ਜੈਵਿਕ ਖੇਤੀ ਨਗਰ-ਪਾਲਿਕਾ ਦੇ ਸੋਲਿਡ-ਵੇਸਟ ਤੋਂ ਤਿਆਰ ਕੀਤੇ ਕੰਪੋਜ਼ਟ ਅਤੇ ਸੀਵਰੇਜ ਦੇ ਗਾਰੇ ਦੀ ਵਰਤੋਂ ਤੇ ਵੀ ਪਾਬੰਦੀ ਲਗਾਉਂਦੀ ਹੈ। ਸਰਕਾਰ ਵੱਲੋਂ ਦੇਸ਼ ਵਿੱਚ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਕਈ ਪ੍ਰੋਗਰਾਮ ਅਤੇ ਯੋਜਨਾਵਾਂ ਲਾਗੂ ਕੀਤੀਆਂ ਗਈਆਂ ਹਨ, ਜਿਵੇ ਕਿ ਪ੍ਰਮਪਰਾਗਤ ਕ੍ਰਿਸ਼ੀ ਵਿਕਾਸ ਯੋਜਨਾ, ਉੱਤਰ ਪੂਰਬੀ ਖੇਤਰ ਯੋਜਨਾ ਵਿੱਚ ਜੈਵਿਕ ਮੁੱਲ ਚੇਨ (Organic value chain) ਵਿਕਾਸ, ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ, ਬਾਗਬਾਨੀ ਦੇ ਏਕੀਕ੍ਰਿਤ ਵਿਕਾਸ ਲਈ ਮਿਸ਼ਨ, ਜੈਵਿਕ ਖੇਤੀ ’ਤੇ ਰਾਸ਼ਟਰੀ ਪ੍ਰੋਜੈਕਟ ਅਤੇ ਖੇਤੀ ਸਥਿਰਤਾ ਲਈ ਰਾਸ਼ਟਰੀ ਮਿਸ਼ਨ ਆਦਿ। ਪੰਜਾਬ ਵਿੱਚ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਕੇਂਦਰ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਤਹਿਤ ਕਿਸਾਨਾਂ ਨੂੰ ਸੰਸਥਾਗਤ ਸਹਾਇਤਾ ਪ੍ਰਦਾਨ ਕਰਕੇ ਅਜਿਹੇ ਪ੍ਰੋਗਰਾਮਾਂ ਨੂੰ ਲਾਗੂ ਕਰ ਰਹੀ ਹੈ। ਪੰਜਾਬ ਐਗਰੋ ਜੈਵਿਕ ਸਰਟੀਫੀਕੇਸ਼ਨ ਤੋਂ ਬਾਅਦ ਕਣਕ, ਬਾਸਮਤੀ

ਚਾਵਲ, ਮੱਕੀ ਅਤੇ ਹੋਰ ਫ਼ਸਲਾਂ ਨੂੰ ਲਾਭਕਾਰੀ ਕੀਮਤ ’ਤੇ ਖਰੀਦ ਕੇ ਉਨ੍ਹਾਂ ਦੇ ਉਤਪਾਦਾਂ ਦੀ ਭਾਰਤ ਅਤੇ ਵਿਦੇਸ਼ਾਂ ਵਿੱਚ ਮੰਡੀਕਰਨ ਵਿੱਚ ਮਦਦ ਕਰ ਰਹੀ ਹੈ।

ਪੰਜਾਬ ਦੇ ਕੁਝ ਕਿਸਾਨਾਂ ਦੁਆਰਾ ਇਕ ਸ਼ੁਰੂਆਤ ਕੀਤੀ ਗਈ ਹੈ ਅਤੇ ਲਗਪਗ 8,000 ਏਕੜ ਜ਼ਮੀਨ ਵਿੱਚ ਕਿਸਾਨ ਸਫਲਤਾ ਪੂਰਵਕ ਪ੍ਰਮਾਣਿਤ ਜੈਵਿਕ ਖੇਤੀ ਉਤਪਾਦਨ ਕਰ ਰਹੇ ਹਨ। ਇਸ ਦੇ ਇਲਾਵਾ ਪੰਜਾਬ ਐਗਰੋ ਇੰਡਸਟਰੀ ਕਾਰਪੋਰੇਸ਼ਨ ਨੇ ਹੁਣ ਪ੍ਰਮਾਣਿਤ ਜੈਵਿਕ ਪ੍ਰਸੈਸਿੰਗ ਇਕਾਈਆਂ ਵਿੱਚ ਕਿਸਾਨਾਂ ਦੇ ਪ੍ਰਮਾਣਿਤ ਜੈਵਿਕ ਉਤਪਾਦਾਂ ਦੀ ਪ੍ਰੋਸੈਸਿੰਗ ਸ਼ੁਰੂ ਕਰ ਦਿੱਤੀ ਹੈ ਅਤੇ ਇਨ੍ਹਾਂ ਉਤਪਾਦਾਂ ਨੂੰ ਪੰਜ ਦਰਿਆਵਾਂ (Five rivers brand) ਦੇ ਬ੍ਰਾਂਡ ਨਾਮ ਨਾਲ ਬਾਜ਼ਾਰ ਵਿੱਚ ਲਿਆਂਦਾ ਜਾ ਰਿਹਾ ਹੈ। ਪਰ ਜੇਕਰ ਜੈਵਿਕ ਉਤਪਾਦ ਨੈਤਿਕ ਤੌਰ ’ਤੇ ਪ੍ਰਮਾਣਿਤ ਹੋਣ ਅਤੇ ਉਨ੍ਹਾਂ ਤੇ ਅੰਤਰਰਾਸ਼ਟਰੀ ਨਿਯਮਾਂ ਅਨੁਸਾਰ ਲੇਬਲ ਲਗਾਏ ਗਏ ਹੋਣ ਤਾਂ ਭਾਰਤ ਵਿਦੇਸ਼ੀ ਮੁਦਰਾ ਕਮਾਉਣ ਦੇ ਬਹੁਤ ਮੌਕੇ ਪੈਦਾ ਕਰ ਸਕਦਾ ਹੈ।

ਪੰਜਾਬ ਵਿੱਚ ਜੈਵਿਕ ਖੇਤੀ ਦੇ ਵਿਕਾਸ ਵਿੱਚ ਤੇਜ਼ੀ ਲਿਆਉਣ ਲਈ ਕਿਸਾਨਾਂ ਵਿੱਚ ਜਾਗਰੂਕਤਾ ਵਧਾਉਣਾ, ਜੈਵਿਕ-ਖੇਤੀ ਨਿਸ਼ਚਿਤ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਦਾ ਵਿਕਾਸ ਕਰਨਾ, ਜੈਵਿਕ ਉਤਪਾਦ ਨਿਸ਼ਚਿਤ ਮਾਰਕੀਟਿੰਗ ਸੁਵਿਧਾਵਾਂ ਪੈਦਾ ਕਰਨਾ, ਜੈਵਿਕ ਕੀਟਨਾਸ਼ਕਾਂ ਦੀ ਉਪਲੱਬਧਤਾ ਦਾ ਭਰੋਸਾ ਦੇਣਾ, ਵਿੱਤੀ ਸਹਾਇਤਾ ਮੁਹਈਆ ਕਰਨਾ, ਨਿਰਯਾਤ ਕਰਨ ਲਈ ਕਿਸਾਨੀ ਦੀ ਸਮਰੱਥਾ ਵਧਾਉਣਾ, ਜੈਵਿਕ-ਖਾਦ (ਰੂੜੀ) ਦੀ ਉਪਲੱਬਧਤਾ ਵਧਾਉਣਾ ਆਦਿ ਜ਼ਰੂਰੀ ਲੋੜਾਂ ਹਨ। ਜੈਵਿਕ ਖੇਤੀਬਾੜੀ ਹੇਠ ਰਸਾਇਣਕ ਕੀਟਨਾਸ਼ਕਾਂ ਤੋਂ ਬਿਨਾਂ ਕੀੜਿਆਂ ਦੀ ਰੋਕਥਾਮ ਕਰਨਾ ਅਸਲ ਚੁਣੌਤੀ ਹੈ ਜਿਸ ਲਈ ਕਿਸਾਨਾਂ ਨੂੰ ਸਹੀ ਤਰੀਕੇ ਨਾਲ ਸਿਖਲਾਈ ਪ੍ਰਾਪਤ ਕਰਨੀ ਚਾਹੀਦੀ ਹੈ।

ਵੱਡੀ ਗਿਣਤੀ ਵਿੱਚ ਵਿਸ਼ਵ-ਰਿਪੋਰਟਾਂ ਦੇ ਵਿਸ਼ਲੇਸ਼ਣ ਅਨੁਸਾਰ ਜੈਵਿਕ ਫ਼ਸਲਾਂ ਦਾ ਝਾੜ ਰਵਾਇਤੀ ਫ਼ਸਲਾਂ ਦੀ ਪੈਦਾਵਾਰ ਨਾਲੋਂ ਲਗਭਾਗ 20 ਪ੍ਰਤੀਸ਼ਤ ਤਕ ਘੱਟ ਹੁੰਦਾ ਹੈ। ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ ਅਨੁਸਾਰ ਪਹਿਲੇ ਸਾਲ ਉਤਪਾਦਕਤਾ ਔਸਤਨ ਲਗਭਾਗ 7 ਪ੍ਰਤੀਸ਼ਤ ਘਟਦੀ ਹੈ ਜਦੋਂ ਕਿ ਕਿਸਾਨ ਜੈਵਿਕ ਖੇਤੀ ਅਧੀਨ ਝਾੜ ਵਿੱਚ 30 ਪ੍ਰਤੀਸ਼ਤ ਗਿਰਾਵਟ ਦਾ ਦਾਅਵਾ ਕਰਦੇ ਹਨ। ਇਸ ਲਈ ਜੈਵਿਕ ਖੇਤੀ ਦੀ ਆਰਥਿਕ ਵਿਵਹਾਰਿਕਤਾ ਬਾਜ਼ਾਰ ਵਿੱਚ ਜੈਵਿਕ ਉਤਪਾਦਾਂ ਲਈ ਪ੍ਰੀਮੀਅਮ ਕੀਮਤਾਂ ਨੂੰ ਯਕੀਨੀ ਬਣਾ ਕੇ ਹੀ ਰਵਾਇਤੀ ਖੇਤੀ ਆਧਾਰਿਤ ਉਤਪਾਦਾਂ ਤੋਂ ਆਮਦਨੀ ਦੇ ਬਰਾਬਰ ਜਾਂ ਵਧੇਰੇ ਲਾਭਕਾਰੀ ਹੋ ਸਕਦੀ ਹੈ। ਅਸਲ ਵਿੱਚ ਸਿਹਤ ਪ੍ਰਤੀ ਜਾਗਰੂਕਤਾ ਵਧਦੇ ਜਾਣ ਕਰਕੇ ਖਪਤਕਾਰ ਉੱਚ ਕੀਮਤ (ਜੈਵਿਕ ਉਤਪਾਦਾਂ ਦੀਆਂ ਕੀਮਤਾਂ ਰਵਾਇਤੀ ਫ਼ਸਲਾਂ ਨਾਲੋਂ 10-40 ਪ੍ਰਤੀਸ਼ਤ ਵਧੇਰੇ ਹੁੰਦੀਆਂ ਹਨ) ’ਤੇ ਵੀ ਜੈਵਿਕ ਉਤਪਾਦ ਖਰੀਦਣ ਲਈ ਤਿਆਰ ਹੁੰਦੇ ਜਾ ਰਹੇ ਹਨ ਅਤੇ ਜੈਵਿਕ ਖੇਤੀ ਕਰਨ ਵਲ ਰੁਚੀ ਵਧਦੀ ਜਾ ਰਹੀ ਹੈ। ਜੈਵਿਕ ਖੇਤੀਬਾੜੀ ਹੇਠ ਰਸਾਇਣਕ ਕੀਟਨਾਸ਼ਕਾਂ ਤੋਂ ਬਿਨਾਂ

ਕੀੜਿਆਂ ਦੀ ਰੋਕਥਾਮ ਕਰਨਾ ਅਸਲ ਚੁਣੌਤੀ ਹੈ। ਜੀਵ-ਵਿਗਿਆਨੀਆਂ ਵਲੋ ਲੋੜੀਂਦੀਆਂ ਜੈਵਿਕ ਕੀਟ-ਨਿਯੰਤਰਣ ਤਕਨਾਲੋਜੀਆਂ ਤਿਆਰ ਕਰਨ ਦੀ ਜ਼ਰੂਰਤ ਹੈ। ਵਾਸਤਵ ਵਿੱਚ ਪ੍ਰਭਾਵਸ਼ਾਲੀ ਜੈਵਿਕ-ਖੇਤੀ ਉਤਪਾਦਨ, ਪੈਸਟ ਕੰਟਰੋਲ, ਪ੍ਰੋਸੈਸਿੰਗ, ਕੁਆਲਟੀ ਕੰਟਰੋਲ, ਦਸਤਾਵੇਜ਼, ਨਿਰੀਖਣ, ਪ੍ਰਮਾਣੀਕਰਣ, ਬ੍ਰਾਂਡਿੰਗ/ ਲੇਬਲਿੰਗ ਅਤੇ ਮਾਰਕੀਟਿੰਗ ਨੂੰ ਯਕੀਨੀ ਬਣਾਉਣ ਲਈ ਜੈਵਿਕ ਖੇਤੀ ਨਿਸ਼ਚਿਤ ਪ੍ਰਬੰਧਨ ਤਕਨਾਲੋਜੀਆਂ ਦੀ ਘਾਟ ਹੈ।

ਪੰਜਾਬ ਵਿੱਚ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨ ਨਾਲ ਨੇੜਲੇ ਭਵਿੱਖ ਵਿੱਚ ਸੂਬੇ ਦਾ ਪੌਸ਼ਟਿਕ, ਵਾਤਾਵਰਣਿਕ ਅਤੇ ਆਰਥਿਕ ਤੌਰ ’ਤੇ ਵਿਕਾਸ ਕੀਤਾ ਜਾ ਸਕਦਾ ਹੈ। ਜੈਵਿਕ ਖੁਰਾਕੀ-ਉਤਪਾਦਨ ਦੀ ਸਫਲਤਾ ਜੈਵਿਕ ਖੇਤੀ ਪ੍ਰਣਾਲੀ ਦੇ ਨਿਯਮਾਂ (ਖੇਤੀ ਤੋਂ ਖਪਤਕਾਰ ਤਕ) ਨੂੰ ਅਪਨਾਉਣ ਦੀ ਯੋਗਤਾ ’ਤੇ ਨਿਰਭਰ ਕਰੇਗੀ, ਖ਼ਾਸ ਕਰ ਜਦ ਪ੍ਰਤੀ ਯੂਨਿਟ ਰਕਬੇ ਵਿੱਚ ਜੈਵਿਕ ਖੇਤੀ ਅਧੀਨ ਫ਼ਸਲਾਂ ਦਾ ਪ੍ਰਾਪਤ ਝਾੜ ਰਵਾਇਤੀ ਰਸਾਇਣਕ ਖੇਤੀ ਨਾਲੋਂ ਘੱਟ ਹੋ ਸਕਦਾ ਹੈ। ਕਈ ਅੰਤਰਰਾਸ਼ਟਰੀ ਰਿਪੋਰਟਾਂ ਦੀ ਸਮੀਖਿਆ ਦਰਸਾਉਂਦੀ ਹੈ ਕਿ ਜੈਵਿਕ ਤੌਰ ’ਤੇ ਉਗਾਏ ਖੁਰਾਕੀ-ਉਤਪਾਦ ਉਨ੍ਹਾਂ ਦੇ ਮਨੁੱਖੀ ਸਿਹਤ ਸੰਬੰਧੀ ਸੁਰੱਖਿਆ ਨੂੰ ਵਿਚਾਰ ਵਿੱਚ ਰੱਖਦੇ ਹੋਏ ਰਵਾਇਤੀ ਤੌਰ ’ਤੇ ਉਗਾਏ ਗਏ ਉਤਪਾਦਾਂ ਨਾਲੋਂ ਪੋਸ਼ਣ ਸੰਬੰਧੀ ਗੁਣਾਂ ਵਿੱਚ ਬਹੁਤ ਬਿਹਤਰ ਹੁੰਦੇ ਹਨ ਜਿਵੇਂ ਕਿ ਜੈਵਿਕ ਤੌਰ ’ਤੇ ਉਗਾਈ ਗਈ ਕਣਕ ਵਿੱਚ ਉੱਚ ਗੁਣਵੱਤਾ ਵਾਲੀ ਪ੍ਰੋਟੀਨ (ਲਾਈਸੀਨ) ਰਵਾਇਤੀ ਕਣਕ ਨਾਲੋਂ 25-30 ਪ੍ਰਤੀਸ਼ਤ ਵਧੇਰੇ ਦੱਸੀ ਗਈ ਹੈ। ਜੈਵਿਕ ਪੌਦਿਆਂ ਵਿੱਚ ਕਈ ਖੁਰਾਕੀ ਤੱਤ ਜਿਵੇਂ ਕਿ ਮੈਗਨੀਸ਼ੀਅਮ, ਲੋਹਾ, ਫਾਸਫੋਰਸ, ਕੈਲਸ਼ੀਅਮ, ਸੋਡੀਅਮ, ਪੋਟਾਸ਼ੀਅਮ, ਮੈਂਗਨੀਜ਼, ਆਇਉਡੀਨ, ਮੌਲੀਬਡੀਨਮ, ਸੈਲੀਨੀਅਮ, ਬੋਰੋਨ, ਤਾਂਬਾ, ਜ਼ਿੰਕ ਅਤੇ ਐਂਟੀ-ਆਕਸੀਡੈਂਟ ਕਾਫ਼ੀ ਜ਼ਿਆਦਾ ਮਾਤ੍ਰਾ ਵਿੱਚ ਰਿਪੋਰਟ ਕੀਤੇ ਗਏ ਹਨ। ਜੈਵਿਕ ਖੁਰਾਕੀ ਉਤਪਾਦਾਂ ਵਿੱਚ ਰਵਾਇਤੀ ਤੌਰ ’ਤੇ ਉਗਾਏ ਜਾਣ ਵਾਲੇ ਉਤਪਾਦਾਂ ਦੀ ਤੁਲਨਾ ਵਿੱਚ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ (Pesticide residues) ਜਮ੍ਹਾਂ ਨਹੀਂ ਹੁੰਦੀ। ਜੈਵਿਕ ਫਲਾਂ ਅਤੇ ਸਬਜ਼ੀਆਂ ਵਿੱਚ ਰਵਾਇਤੀ ਫਲਾਂ ਅਤੇ ਸਬਜ਼ੀਆਂ ਨਾਲੋਂ 27 ਪ੍ਰਤੀਸ਼ਤ ਵਧੇਰੇ “ਵਿਟਾਮਿਨ ਸੀ”, ਅਤੇ ਮੱਕੀ ਅਤੇ ਸਟ੍ਰਾਬੇਰੀ ਵਿੱਚ 30 ਪ੍ਰਤੀਸ਼ਤ ਤੋਂ ਵੱਧ ਕੈਂਸਰ ਨਾਲ ਲੜਨ ਵਾਲੇ ਐਂਟੀ-ਆਕਸੀਡੈਂਟ ਰੀਪੋਰਟ ਕੀਤੇ ਗਏ ਹਨ। ਜੈਵਿਕ ਖੇਤੀ ਵਾਤਾਵਰਣ ਪਖੋਂ ਵੀ ਘੱਟ ਨੁਕਸਾਨਦੇਹ ਹੈ ਕਿਉਂਕਿ ਇਹ ਰਸਾਇਣਕ ਕੀਟਨਾਸ਼ਕਾਂ ਦੀ ਵਰਤੋਂ ਦੀ ਆਗਿਆ ਨਹੀਂ ਦਿੰਦੀ। ਰਵਾਇਤੀ ਖੇਤੀ ਦੀ ਤੁਲਨਾ ਵਿੱਚ, ਜੈਵਿਕ ਖੇਤੀ ਹੇਠ ਜ਼ਮੀਨ ਵਿੱਚ ਜੈਵਿਕ ਪਦਾਰਥ ਵਧੇਰੇ ਜਮ੍ਹਾਂ ਹੋਣ ਨਾਲ ਜ਼ਮੀਨ ਦੇ ਭੌਤਿਕ, ਰਸਾਇਣਕ ਅਤੇ ਜੈਵਿਕ ਗੁਣਾਂ ਦਾ ਸੁਧਾਰ ਹੋਣ ਕਰ ਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਦੀ ਹੈ। ਜ਼ਮੀਨ ਦਾ ਪਾਣੀ ਅਤੇ ਹਵਾ ਨਾਲ ਖੁਰਨਾ ਘਟਦਾ ਹੈ, ਜ਼ਮੀਨ ਦੀ ਪਾਣੀ ਸੋਖਣ/ਜਜ਼ਬ ਕਰਨ ਦੀ ਸਮਰੱਥਾ ਵਧਦੀ ਹੈ ਅਤੇ ਨਤੀਜੇ ਵਜੋਂ ਸੋਕੇ ਦੇ ਸਾਲਾਂ ਦੌਰਾਨ ਜੈਵਿਕ ਖੇਤੀ ਵਾਲੇ ਖੇਤਾਂ ਵਿੱਚ ਫ਼ਸਲਾਂ ਦਾ ਝਾੜ ਵਧੇਰੇ ਹੁੰਦਾ ਹੈ।

ਕੁਆਲਿਟੀ ਕੰਟਰੋਲ, ਨਿਗਰਾਨੀ ਅਤੇ ਪ੍ਰਮਾਣੀਕਰਣ "ਭਰੋਸੇਯੋਗ ਸੁਤੰਤਰ ਪ੍ਰਵਾਨਗੀ ਪ੍ਰਮਾਣ ਪੱਤਰ ਖੇਤੀਬਾੜੀ ਅਤੇ ਪ੍ਰੋਸੈਸਡ ਫੂਡ ਪ੍ਰੋਡਕਟਸ ਐਕਸਪੋਰਟ ਡਿਵੈਲਪਮੈਂਟ ਅਥਾਰਟੀ" (Agricultural and Processed Food Products Export Development Authority; APEDA) ਦੁਆਰਾ ਜਾਰੀ ਕੀਤਾ ਜਾਂਦਾ ਹੈ, ਜੋ ਕਿ ਭਾਰਤ ਸਰਕਾਰ ਦੇ ਜੈਵਿਕ ਉਤਪਾਦਨ ਲਈ ਰਾਸ਼ਟਰੀ ਪ੍ਰੋਗਰਾਮ ਅਧੀਨ ਹੈ। ਜੈਵਿਕ-ਖੇਤੀ ਦੀ ਸ਼ੁਰੂਆਤ ਤੋਂ ਲੈ ਕੇ ਉਤਪਾਦਾਂ ਦੀ ਖਪਤ ਪੱਧਰ ਤੱਕ ਹਰ ਪੜਾਅ 'ਤੇ ਸਾਵਧਾਨੀ ਨਾਲ ਗੁਣਵੱਤਾ-ਨਿਗਰਾਨੀ ਅਤੇ ਪ੍ਰਮਾਣੀਕਰਣ ਦੀ ਲੋੜ ਹੁੰਦੀ ਹੈ ਤਾਂ ਜੋ ਜੈਵਿਕ ਉਤਪਾਦ ਸਖਤ ਅੰਤਰਰਾਸ਼ਟਰੀ ਗੁਣਵੱਤਾ ਦੇ ਮਾਪਦੰਡਾਂ ਤੇ ਪੂਰੇ ਉੱਤਰ ਸਕਣ। ਜੈਵਿਕ ਸਰਟੀਫੀਕੇਟ ਪ੍ਰਾਪਤ ਕਰਨ ਦੀ ਵਿਧੀ ਲਈ ਕਿਸਾਨ ਨੂੰ ਕਿਸੇ ਮਾਨਤਾ ਪ੍ਰਾਪਤ ਜਨਤਕ ਜਾਂ ਪ੍ਰਾਈਵੇਟ ਪ੍ਰਮਾਣੀਕਰਨ ਅਥਾਰਟੀ ਨੂੰ ਜੈਵਿਕ-ਖੇਤੀਬਾੜੀ ਦੀ ਯੋਜਨਾ ਜਮ੍ਹਾ ਕਰਵਾਉਣ ਦੀ ਲੋੜ ਹੁੰਦੀ ਹੈ। ਯੋਜਨਾ ਵਿੱਚ ਸਾਰੇ ਮੌਜੂਦਾ ਅਪਣਾਏ ਖੇਤੀ-ਪ੍ਰਬੰਧਨ, ਤਰੀਕੇ, ਸ਼ਾਮਲ ਹੋਣੇ ਚਾਹੀਦੇ ਹਨ। ਪਿਛਲੇ ਪੰਜ ਸਾਲਾਂ ਤੋਂ ਵਰਤੇ ਜਾਂਦੇ ਸਾਰੇ ਪ੍ਰਬੰਧਨ ਅਭਿਆਸਾਂ ਅਤੇ ਸਮੱਗਰੀ ਦਾ ਰਿਕਾਰਡ ਵੀ ਰੱਖਿਆ ਜਾਣਾ ਚਾਹੀਦਾ ਹੈ। ਫ਼ਸਲਾਂ ਨੂੰ ਉਸ ਜ਼ਮੀਨ ਵਿੱਚ ਉਗਾਉਣਾ ਜ਼ਰੂਰੀ ਹੈ ਜਿਸ ਨੂੰ 3 ਸਾਲਾਂ ਤੋਂ ਪਾਬੰਦੀ ਲਗਾਈ ਹੋਈ ਸਮੱਗਰੀ ਤੋਂ ਮੁਕਤ ਰੱਖਿਆ ਗਿਆ ਹੈ। ਤਬਦੀਲੀ ਵੇਲੇ (3 ਸਾਲਾਂ ਦੇ ਦੌਰਾਨ) ਜ਼ਮੀਨ ਨੂੰ ਜੈਵਿਕ ਤੌਰ 'ਤੇ ਲੇਬਲ ਨਹੀਂ ਦਿੱਤਾ ਜਾ ਸਕਦਾ। ਭਾਰਤ ਵਿੱਚ ਜੈਵਿਕ ਉਤਪਾਦਨ ਲਈ ਰਾਸ਼ਟਰੀ ਪ੍ਰੋਗਰਾਮ-ਆ ਪੀ ਡਾ (APEDA) ਹੇਠ 30 ਤੋਂ ਵੱਧ ਮਾਨਤਾ ਪ੍ਰਾਪਤ ਪ੍ਰਮਾਣੀਕਰਣ ਅਦਾਰੇ/ਏਜੰਸੀਆਂ ਹਨ। ਇਨ੍ਹਾਂ ਸੰਸਥਾਵਾਂ ਵਲੋਂ ਖੇਤੀਬਾੜੀ ਉਤਪਾਦਾਂ ਨੂੰ 'ਜੈਵਿਕ ਉਤਪਾਦਾਂ ਵਜੋਂ ਪ੍ਰਮਾਣਿਤ ਕੀਤਾ ਜਾਂਦਾ ਹੈ।

ਜੈਵਿਕ ਉਤਪਾਦ ਉਦਯੋਗ ਦੀ ਭਰੋਸੇਯੋਗਤਾ ਸਥਾਪਤ ਕਰਨ ਲਈ ਕਿਸਾਨਾਂ ਅਤੇ ਹੋਰ ਹਿੱਸੇਦਾਰਾਂ ਨੂੰ ਜੈਵਿਕ-ਖੇਤੀ ਪ੍ਰਣਾਲੀਆਂ ਵਿਸ਼ੇਸ਼ ਧਾਰਨਾਵਾਂ, ਜੈਵਿਕ ਤੌਰ 'ਤੇ ਕੀੜਿਆਂ ਨੂੰ ਕੰਟਰੋਲ ਕਰਨ (ਕੀੜੇ, ਬਿਮਾਰੀਆਂ, ਨਦੀਨ), ਦਸਤਾਵੇਜ਼, ਨਿਰੀਖਣ, ਕੁਆਲਿਟੀ ਕੰਟਰੋਲ, ਸਰਟੀਫਿਕੇਸ਼ਨ, ਲੇਬਲਿੰਗ ਨਿਯਮ ਅਤੇ ਮਾਰਕੀਟਿੰਗ, "ਗ੍ਰੀਨ ਮਾਰਕੀਟਿੰਗ" ਅਤੇ ਪ੍ਰਚੂਨ ਚੈਨਲ ਅਤੇ ਹੋਰ ਸੰਬੰਧਿਤ ਮੁੱਦੇ ਬਾਰੇ ਲੋੜੀਂਦੀ ਸਿਖਲਾਈ ਦੇਣ ਦੀ ਲੋੜ ਹੈ।

❖❖❖

# 12

# ਖੇਤੀ-ਵਿਭਿੰਨਤਾ ਲਈ ਠੋਸ ਨੀਤੀ ਦੀ ਲੋੜ

ਪੰਜਾਬ ਵਿੱਚ ਖੇਤੀ ਆਧਾਰਿਤ ਆਰਥਿਕਤਾ ਨੂੰ ਲਗਾਤਾਰ ਵਾਧੇ ਵੱਲ ਕਾਇਮ ਰੱਖਣ ਵਾਸਤੇ ਸਮੁੱਚੇ ਖੇਤੀ ਖੇਤਰ ਵਿੱਚ ਅਤੇ ਅਨਾਜ (ਕਣਕ ਤੇ ਝੋਨਾ) ਆਧਾਰਿਤ ਫ਼ਸਲੀ ਪ੍ਰਣਾਲੀ ਵਿੱਚ ਖਾਸ ਕਰਕੇ ਬਦਲਾਅ ਲਿਆ ਕੇ ਫ਼ਸਲੀ ਵਿਭਿੰਨਤਾ ਸਿਸਟਮ ਨੂੰ ਅਪਨਾਉਣ ਬਾਰੇ ਸਿਫਾਰਿਸ਼ਾਂ ਕੀਤੀਆਂ ਜਾਂਦੀਆਂ ਹਨ। ਅਸਲ ਵਿੱਚ ਪਿਛਲੇ ਪੰਜ ਦਹਾਕਿਆਂ ਦੌਰਾਨ ਸਾਡੇ ਦੇਸ਼ ਵਿੱਚ ਖੇਤੀ ਸੰਬੰਧਿਤ ਸਾਰੀਆਂ ਜਨਤਕ ਨੀਤੀਆਂ, ਖੋਜ, ਵਿਕਾਸ ਅਤੇ ਪੂੰਜੀ ਨਿਵੇਸ਼ ਦੀਆਂ ਸਰਗਰਮੀਆਂ ਮੁੱਖ ਤੌਰ ’ਤੇ ਝੋਨਾ ਤੇ ਕਣਕ ਦੀਆਂ ਫ਼ਸਲਾਂ ਦੇ ਉਤਪਾਦਨ ਨੂੰ ਵਧਾਉਣ ਤੇ ਹੀ ਕੇਂਦਰਿਤ ਰਹੀਆਂ ਹਨ। ਸਿੱਟੇ ਵਜੋਂ ਪੰਜਾਬ ਵਿੱਚ ਝੋਨਾ-ਕਣਕ ਪ੍ਰਣਾਲੀ ਹੇਠ ਰਕਬਾ ਲਗਾਤਾਰ ਵਧਦਾ ਗਿਆ ਅਤੇ ਮੱਕੀ, ਦਾਲਾਂ, ਤੇਲ ਬੀਜ ਅਤੇ ਹੋਰ ਫ਼ਸਲਾਂ ਹੇਠ ਘਟਦਾ ਗਿਆ। ਇਸ ਤਰ੍ਹਾਂ ਅਨਾਜ ਦੇ ਉਤਪਾਦਨ ਤੇ ਉਸ ਆਧਾਰਿਤ ਆਰਥਿਕਤਾ ਵਿੱਚ ਵੱਡੇ ਪੱਧਰ ’ਤੇ ਵਾਧਾ ਤਾਂ ਹੋਇਆ ਪਰ ਇਸ ਦੇ ਨਾਲ-ਨਾਲ ਉੱਚ ਖੇਤੀ ਉਤਪਾਦਨ ਤੇ ਲਾਭਪ੍ਰਧਿਤਾ ਨੂੰ ਵਾਧੇ ਵੱਲ ਕਾਇਮ ਰੱਖਣ ਵਿੱਚ ਕੁਦਰਤੀ ਸਰੋਤਾਂ (ਪਾਣੀ, ਜ਼ਮੀਨ, ਵਾਤਾਵਰਣ) ਵਿੱਚ ਵਿਗਾੜ ਅਤੇ ਮੰਡੀਕਰਨ ਸੰਬੰਧਿਤ ਬਹੁਤ ਸਾਰੀਆਂ ਚੁਣੌਤੀਆਂ ਵੀ ਆਈਆਂ ਜਿਸ ਕਾਰਨ ਸੂਬੇ ਨੇ ਖੇਤੀਬਾੜੀ ਆਧਾਰਿਤ ਆਰਥਿਕਤਾ ਦੇ ਵਾਧੇ ਦੀ ਦਰ ਵਿੱਚ ਰੁਕਾਵਟ ਦੇ ਰੁਝਾਵਾਂ ਦੀ ਇਕ ਚਿੰਤਾਜਨਕ ਸਥਿਤੀ ਦਾ ਅਨੁਭਵ ਕਰਨਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਵਿੱਚ ਖੇਤੀ ਆਧਾਰਿਤ ਆਰਥਿਕਤਾ (ਜੀ.ਡੀ.ਪੀ.) ਦਾ ਵਾਧਾ ਜੋ 1970 ਤੋਂ 1986 ਦਰਮਿਆਨ 5.7 ਪ੍ਰਤੀਸ਼ਤ ਸੀ, 2016 ਤੋਂ 2017 ਦੌਰਾਨ ਘਟ ਕੇ 1.6 ਪ੍ਰਤੀਸ਼ਤ ਹੋ ਗਿਆ। ਇਸ ਸਮੇਂ ਪੰਜਾਬ ਵਿੱਚ ਖੇਤੀ ਖੇਤਰ ਅਜਿਹੀ ਚਿੰਤਾ ਵਾਲੀ ਸਥਿਤੀ ਵਿੱਚ ਹੈ ਕਿ ਖੇਤੀ ਆਧਾਰਿਤ ਆਮਦਨ ਅਤੇ ਆਰਥਿਕਤਾ ਦੇ ਵਾਧੇ ਨੂੰ ਕਾਇਮ ਰੱਖਣ ਵਾਸਤੇ ਸਮੁੱਚੇ ਖੇਤੀਬਾੜੀ ਖੇਤਰ ਦੀ ਪ੍ਰਣਾਲੀ ਵਿੱਚ ਅਤੇ ਮੌਜੂਦਾ ਝੋਨਾ-ਕਣਕ ਫ਼ਸਲੀ ਚੱਕਰ ਵਿੱਚ ਬਦਲਾਅ ਅਤੇ ਹੋਰ ਨੀਤੀਆਂ ਵਿੱਚ ਸੁਧਾਰ ਕਰਨਾ ਬਹੁਤ ਜ਼ਰੂਰੀ ਹੈ।

ਹਾਲ ਦੇ ਸਮੇਂ ਵਿੱਚ ਪੰਜਾਬ ਦਾ ਖੇਤੀਬਾੜੀ ਖੇਤਰ ਆਰਥਿਕਤਾ ਦੇ ਪੱਖੋਂ ਫਿਰ ਇਕ ਚੌਰਾਹੇ ਤੇ ਆਉਂਦਾ ਜਾ ਰਿਹਾ ਹੈ। ਝੋਨਾ ਆਧਾਰਿਤ ਫ਼ਸਲੀ ਪ੍ਰਣਾਲੀ ਦੇ ਲਗਾਤਾਰ ਅਪਣਾਏ ਜਾਣ ਨਾਲ ਪਾਣੀ ਦੀ ਘਾਟ ਦੇ ਸੰਕਟ ਵਰਗੇ ਹਾਲਾਤ ਪੈਦਾ ਹੁੰਦੇ ਜਾ ਰਹੇ ਹਨ। ਅਸਲ ਵਿੱਚ ਪੰਜਾਬ ਵਿੱਚ ਖਾਸ ਸਮੱਸਿਆ ਇਹ ਹੈ ਕਿ ਬਹੁਤ ਜ਼ਿਆਦਾ ਪਾਣੀ ਲੋੜੀਂਦੇ ਝੋਨੇ ਦੀ ਫ਼ਸਲ ਅਤੇ ਘਣੀ ਖੇਤੀ ਵਾਸਤੇ ਧਰਤੀ ਹੇਠਲੇ ਪਾਣੀ ਦੀ ਲਗਾਤਾਰ 14 ਲੱਖ ਟਿਊਬਵੈੱਲਾਂ ਰਾਹੀਂ ਬੇਰੋਕ ਸਿੰਚਾਈ, ਪਾਣੀ ਦੀ ਗਲਤ ਤੇ ਫ਼ਜ਼ੂਲ ਵਰਤੋਂ ਕੀਤੇ

ਜਾਣ ਨਾਲ ਧਰਤੀ ਹੇਠਲੇ ਪਾਣੀ ਦੀ ਸਤਹਿ ਨੀਚੇ ਜਾ ਰਹੀ ਹੈ ਜਿਸ ਨਾਲ ਸਿੰਚਾਈ ਵਾਸਤੇ ਪਾਣੀ ਦੀ ਵਧ ਰਹੀ ਘਾਟ ਇਕ ਸਭ ਤੋਂ ਜ਼ਿਆਦਾ ਚਿੰਤਾਜਨਕ ਸਮੱਸਿਆ ਬਣਦੀ ਜਾ ਰਹੀ ਹੈ। ਅਜਿਹੇ ਹਾਲਾਤਾਂ ਵਿੱਚ ਪੰਜਾਬ ਵਿੱਚ ਮੁੱਖ ਤੌਰ 'ਤੇ ਬਹੁਤ ਜ਼ਿਆਦਾ ਸਿੰਚਾਈ ਦੀ ਲੋੜ ਵਾਲੇ ਝੋਨੇ ਤੋਂ ਬਦਲ ਕੇ ਘੱਟ ਪਾਣੀ ਨਾਲ ਪੈਦਾ ਹੋਣ ਵਾਲੀਆਂ ਫ਼ਸਲਾਂ ਜਿਵੇਂ ਕਿ ਮੱਕੀ, ਦਾਲਾਂ, ਤੇਲਬੀਜ, ਫਲਾਂ, ਸਬਜ਼ੀਆਂ, ਫੁੱਲ, ਖੁੰਬਾਂ ਆਦਿ ਦੀ ਪੈਦਾਵਾਰ ਕਰਨ ਅਤੇ ਫ਼ਸਲੀ ਵਿਭਿੰਨਤਾ ਵੱਲ ਕਿਸਾਨਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਤਾਂ ਜੋ ਪਾਣੀ ਦੀ ਲੋੜ ਅਨੁਸਾਰ ਅਤੇ ਸਹੀ ਵਰਤੋਂ ਨਾਲ ਉੱਚ ਆਰਥਿਕ ਲਾਭ ਹੋ ਸਕੇ ਅਤੇ ਇਸ ਕੁਦਰਤੀ ਸਰੋਤ ਨੂੰ ਬਚਾਇਆ ਜਾਵੇ। ਇਹ ਵੀ ਪਤਾ ਹੋਣਾ ਜ਼ਰੂਰੀ ਹੈ ਕਿ ਪੰਜਾਬ ਵਿੱਚੋਂ ਵੱਡੀ ਮਾਤਰਾ ਵਿੱਚ ਚਾਵਲ ਦੇਸ਼ ਦੇ ਹੋਰ ਰਾਜਾਂ ਨੂੰ ਬਰਾਮਦ ਕੀਤੇ ਜਾਣ ਨਾਲ ਅਰਬਾਂ ਘਣ ਮੀਟਰ ਪਾਣੀ ਸੂਬੇ ਤੋਂ ਬਾਹਰਲੇ ਰਾਜਾਂ ਨੂੰ ਬਰਾਮਦ ਕਰਨ ਦੇ ਬਰਾਬਰ ਹੈ। (ਇਕ ਕਿਲੋ ਝੋਨੇ ਦੇ ਉਤਪਾਦਨ ਵਾਸਤੇ 3000-5000 ਲਿਟਰ ਪਾਣੀ ਅਤੇ ਇਕ ਕਿਲੋ ਕਣਕ ਪੈਦਾ ਕਰਨ ਲਈ 1300-1500 ਲਿਟਰ ਪਾਣੀ ਦੀ ਜ਼ਰੂਰਤ ਹੁੰਦੀ ਹੈ)। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਵਿਚੋਂ ਇਸ ਤਰ੍ਹਾਂ ਪਾਣੀ ਦੀ ਬਰਾਮਦੀ ਹੋਣ ਨਾਲ ਹੋ ਰਹੀ ਘਾਟ ਦਾ ਪੰਜਾਬ ਰਾਜ ਨੂੰ ਮੁਆਬਜ਼ਾ ਦੇਵੇ। ਨਾਲ ਹੀ ਨਾਲ ਪੰਜਾਬ ਨੂੰ ਚਾਹੀਦਾ ਹੈ ਕਿ ਘੱਟ ਪਾਣੀ ਲੋੜੀਂਦੀਆਂ ਫ਼ਸਲਾਂ ਪੈਦਾ ਕਰਕੇ ਉਤਪਾਦਾਂ ਨੂੰ ਨਿਰਯਾਤ ਕੀਤਾ ਜਾਵੇ ਅਤੇ ਬਹੁਤ ਜ਼ਿਆਦਾ ਪਾਣੀ ਖਪਤ ਕਰਨ ਵਾਲੀਆਂ ਫ਼ਸਲਾਂ (ਝੋਨਾ, ਕਮਾਦ, ਆਦਿ) ਦੇ ਉਤਪਾਦਾਂ ਨੂੰ ਆਯਾਤ ਕੀਤਾ ਜਾਵੇ।

ਇਕ ਖਾਸ ਸਮੱਸਿਆ ਇਹ ਹੈ ਕਿ ਸਰਕਾਰਾਂ ਅਤੇ ਨੀਤੀ ਨਿਰਮਾਤਾਵਾਂ ਵੱਲੋਂ ਫ਼ਸਲੀ ਵਿਭਿੰਨਤਾ ਬਾਰੇ ਬੇਅੰਤ ਵਾਰ ਚਿੰਤਾਵਾਂ ਤਾਂ ਪ੍ਰਗਟਾਈਆਂ ਗਈਆਂ ਹਨ ਪਰ ਉਨ੍ਹਾਂ ਵੱਲੋਂ ਇਕ ਠੋਸ ਸਰਬਪੱਖੀ ਭਵਿੱਖਵਾਦੀ "ਖੇਤੀ ਵਿਭਿੰਨਤਾ ਨੀਤੀ" ਵਿਕਸਿਤ ਅਤੇ ਲਾਗੂ ਕਰਨ ਨੂੰ ਲਗਾਤਾਰ ਅਣਦੇਖਾ ਕੀਤਾ ਗਿਆ ਹੈ। ਪੰਜਾਬ ਵਿੱਚ ਸਰਕਾਰ, ਐਗਰਕਿਲਚਰਲ ਯੂਨੀਵਰਸਿਟੀ ਅਤੇ ਹੋਰ ਕਮੇਟੀਆਂ ਵੱਲੋਂ ਲਗਭੱਗ 10 ਲੱਖ ਹੈਕਟੇਅਰ ਰਕਬਾ ਝੋਨੇ ਹੇਠੋਂ ਬਦਲ ਕੇ ਮੱਕੀ, ਕਪਾਹ, ਸਬਜ਼ੀਆਂ, ਫਲਾਂ ਆਦਿ ਹੇਠਾਂ ਲਿਆਉਣ ਬਾਰੇ ਸਿਫਾਰਿਸ਼ਾਂ ਕੀਤੀਆਂ ਗਈਆਂ ਹਨ ਜੋ ਅਜੇ ਤੱਕ ਕਿਸਾਨਾਂ ਵੱਲੋਂ ਵੱਡੇ ਪੱਧਰ 'ਤੇ ਅਪਣਾਈਆਂ ਨਹੀਂ ਗਈਆਂ ਕਿਉਂਕਿ ਝੋਨੇ ਦੀ ਫ਼ਸਲ ਵਾਸਤੇ ਧਰਤੀ ਹੇਠਲਾ ਪਾਣੀ ਬਹੁਤਾਤ ਵਿੱਚ ਮਿਲਦਾ ਰਿਹਾ। ਇਸ ਦੇ ਨਾਲ ਮੰਡੀਆਂ ਵਿੱਚ ਕਿਸਾਨਾਂ ਨੂੰ ਝੋਨੇ ਤੋਂ ਇਲਾਵਾ ਹੋਰ ਬਦਲਵੀਆਂ ਫ਼ਸਲਾਂ ਦੇ ਸਹੀ ਲਾਹੇਵੰਦ ਭਾਅ ਮਿਲਣ ਵਾਸਤੇ ਸਹਾਇਤਾ ਵੀ ਨਹੀਂ ਮਿਲਦੀ ਰਹੀ। ਸਾਲ 2000 ਵਿੱਚ ਘੋਸ਼ਿਤ ਕੀਤੀ ਕੌਮੀ ਖੇਤੀਬਾੜੀ ਨੀਤੀ, ਕੌਮੀ ਮਿਸ਼ਨ ਅਨਸਸਟਨੇਏਬਲ ਖੇਤੀਬਾੜੀ ਅਤੇ ਮਾਨਯੋਗ ਪ੍ਰਧਾਨ ਮੰਤਰੀ ਵੱਲੋਂ "ਕਿਸਾਨਾਂ ਦੀ ਆਮਦਨ ਦੁਗਣੀ ਕਰਨੀ" ਆਦਿ ਸਕੀਮਾਂ ਅਧੀਨ ਵੀ ਖੇਤੀ-ਵਿਭਿੰਨਤਾ ਨੂੰ ਬਹੁਤ ਮਹੱਤਤਾ ਨਹੀਂ ਦਿੱਤੀ ਗਈ।

ਨੀਤੀ ਨਿਰਮਾਤਾਵਾਂ ਅਤੇ ਖੇਤੀ ਵਿਕਾਸ ਦੇ ਮਾਹਿਰਾਂ ਲਈ ਇਕ ਵੱਡੀ ਚੁਣੌਤੀ

ਸਰਵਪੱਖੀ, ਵੱਖ-ਵੱਖ ਵਾਤਾਵਰਣ ਵਾਲੇ ਖੇਤਰਾਂ ਦੀ ਸਮਰੱਥਾ ਅਨੁਸਾਰ ਭਵਿੱਖਵਾਦੀ ਠੋਸ "ਖੇਤੀ ਵਿਭਿੰਨਤਾ ਨੀਤੀ" ਨੂੰ ਵਿਕਸਿਤ ਕਰਨਾ ਹੈ ਜੋ ਫ਼ਸਲ ਉਤਪਾਦਕਤਾ ਅਤੇ ਸਕਾਰਾਤਮਕ ਲਾਭ ਨੂੰ ਵਾਧੇ ਵੱਲ ਕਾਇਮ ਰੱਖਣ ਅਤੇ ਕੁਦਰਤੀ ਸਰੋਤਾਂ ਦੀ ਸੰਭਾਲ ਦੇ ਸੁਮੇਲ ਨੂੰ ਯਕੀਨੀ ਬਣਾ ਸਕਦੀ ਹੋਵੇ। ਇਕ ਠੋਸ ਫ਼ਸਲੀ ਵਿਭਿੰਨਤਾ ਪ੍ਰਣਾਲੀ ਦੀ ਧਾਰਨਾ ਅਧੀਨ ਜ਼ਰੂਰੀ ਹੈ ਕਿ ਜ਼ਮੀਨ, ਪਾਣੀ ਤੇ ਵਾਤਾਵਰਣ ਅਨੁਕੂਲ ਉੱਚ ਉਤਪਾਦਨ ਤੇ ਲਾਭ ਦੇਣ ਵਾਲੀਆਂ ਫ਼ਸਲਾਂ ਦੀ ਚੋਣ ਕੀਤੀ ਜਾਵੇ, ਉਨ੍ਹਾਂ ਨੂੰ ਪੈਦਾ ਕਰਨ ਲਈ ਸਹੀ ਪ੍ਰਬੰਧ ਕੀਤੇ ਜਾਣ ਅਤੇ ਵਾਢੀ ਤੋਂ ਬਾਅਦ ਉਤਪਾਦਾਂ ਦੇ ਠੀਕ ਪ੍ਰਬੰਧ ਤੇ ਪ੍ਰੋਸੈਸਿੰਗ ਕੀਤੀ ਜਾਵੇ। ਇਸ ਤੋਂ ਇਲਾਵਾ ਸਾਰੀਆਂ ਫ਼ਸਲਾਂ ਲਈ ਨਿਸ਼ਚਿਤ ਭਰੋਸੇਯੋਗ ਲਾਹੇਵੰਦ ਮੰਡੀਕਰਨ ਦੀਆਂ ਸਹੂਲਤਾਂ ਪੈਦਾ ਕੀਤੀਆਂ ਜਾਣ ਅਤੇ ਨਾਲ ਹੀ ਨਾਲ ਵਿਭਿੰਨ ਫ਼ਸਲਾਂ ਦੇ ਉਤਪਾਦਨ ਅਤੇ ਜ਼ਮੀਨ ਤੇ ਪਾਣੀ ਦੇ ਸਰੋਤਾਂ ਦੀ ਸੰਭਾਲ ਦੇ ਵਿਚਕਾਰ ਸੰਤੁਲਨ ਬਣਾਈ ਰੱਖਿਆ ਜਾਵੇ। ਇਨ੍ਹਾਂ ਯੋਜਨਾਵਾਂ ਦੀ ਧਾਰਨਾ ਵਿੱਚ ਕਿਸਾਨਾਂ ਦੀ ਘੱਟ ਜੋਖਮ ਵਾਲੀਆਂ ਆਧੁਨਿਕ ਤਕਨੀਕਾਂ ਤੱਕ ਪਹੁੰਚ ਅਤੇ ਸਾਰੀਆਂ ਫ਼ਸਲਾਂ ਦੀ ਭਰੋਸੇਯੋਗ ਖਰੀਦ ਹੋਣੀ ਜ਼ਰੂਰੀ ਹੈ। ਜਦੋਂ ਮੌਸਮੀ ਅਤੇ ਨਾਸ਼ਵਾਨ ਫਲ, ਸਬਜ਼ੀਆਂ, ਫੁੱਲ ਆਦਿ ਖੇਤੀ ਵਿਭਿੰਨਤਾ ਪ੍ਰਣਾਲੀ ਵਿੱਚ ਚੁਣੇ ਜਾਣ ਤਾਂ ਵਾਢੀ ਤੋਂ ਪਹਿਲਾਂ ਤੇ ਬਾਅਦ ਖਾਸ ਤਰ੍ਹਾਂ ਦੇ ਪ੍ਰਬੰਧਨ, ਮੰਡੀਕਰਨ ਤੇ ਬੁਨਿਆਦੀ ਸਹੂਲਤਾਂ (ਸਟੋਰ, ਗਰੇਡਿੰਗ, ਪੈਕਿੰਗ, ਰੀਫਰਿਜੀਰੇਟਿਡ ਢੋਅ-ਢੁਆਈ, ਠੰਢੀ-ਕੜੀ ਆਦਿ), ਕਿਸਾਨਾਂ ਦੀ ਸਿਖਲਾਈ, ਕਿਸਾਨ-ਮਾਰਕਿਟ-ਉਪਭੋਗਤਾ ਸੰਬੰਧਾਂ ਅਤੇ ਲਾਹੇਵੰਦ ਮੁੱਲ ਨਿਰਧਾਰਨ ਵਿਧੀ ਦੀ ਲੋੜ ਹੋਵੇਗੀ। ਛੋਟੇ ਤੇ ਸੀਮਿਤ ਕਿਸਾਨ ਸੰਗਠਨ ਬਣਾ ਕੇ ਜਾਂ ਕੰਟ੍ਰੈਕਟ-ਖੇਤੀ ਅਪਣਾ ਕੇ ਇਨ੍ਹਾਂ ਉਤਪਾਦਾਂ ਦੇ ਮੰਡੀਕਰਨ ਵਿੱਚ ਸਮੱਸਿਆਵਾਂ ਤੋਂ ਕਾਫੀ ਹੱਦ ਤੱਕ ਛੁਟਕਾਰਾ ਪਾ ਸਕਦੇ ਹਨ।

ਪੇਂਡੂ ਖੇਤਰਾਂ ਵਿੱਚ ਜਨਤਕ ਜਾਂ ਨਿੱਜੀ ਖੇਤੀ-ਉਦਯੋਗਾਂ ਦੀ ਤਕਰੀਬਨ ਨਾ ਦੇ ਬਰਾਬਰ ਸਹਾਇਤਾ ਦੇ ਕਾਰਨ ਸਿਫਾਰਿਸ਼ ਕੀਤੀਆਂ ਖੇਤੀ-ਵਿਭਿੰਨਤਾ ਨੀਤੀਆਂ ਘਟ ਰਹੇ ਮੁਨਾਫ਼ੇ ਅਤੇ ਮੱਧਮ ਪੈ ਰਹੀ ਪੇਂਡੂ ਆਰਥਿਕਤਾ ਦੇ ਵਾਧੇ ਦੀ ਦਰ ਨੂੰ ਕਾਬੂ ਕਰਨ ਅਤੇ ਕਿਸਾਨਾਂ ਨੂੰ ਲੋੜ ਨਾਲੋਂ ਘੱਟ ਆਮਦਨ ਵਾਲੇ ਹਾਲਾਤਾਂ ਵਿੱਚੋਂ ਬਾਹਰ ਕੱਢਣ ਵਿੱਚ ਅਸਫਲ ਰਹੀਆਂ ਹਨ। ਇਸ ਵਾਸਤੇ ਪੇਂਡੂ ਇਲਾਕਿਆਂ ਵਿੱਚ ਖੇਤੀ ਆਧਾਰਿਤ ਉਦਯੋਗ, ਜੋ ਸਥਾਨਕ ਤੌਰ 'ਤੇ ਉਪਲੱਬਧ ਖੇਤੀ ਉਤਪਾਦਾਂ ਤੇ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਕੱਚੇ ਮਾਲ ਦੇ ਰੂਪ ਵਾਂਗ ਵਰਤਣ, ਸਥਾਪਤ ਕਰਨੇ ਜ਼ਰੂਰੀ ਹਨ। ਇਸ ਤਰ੍ਹਾਂ ਉਤਪਾਦਕਤਾ, ਉਦਯੋਗ, ਮਾਰਕੀਟ ਅਤੇ ਬਰਾਮਦਕਾਰਾਂ ਵਿਚਕਾਰ ਲਾਭਦਾਇਕ ਇਕਸਾਰਤਾ ਪੈਦਾ ਕੀਤੀ ਜਾ ਸਕੇਗੀ। ਸਥਾਨਕ ਉਤਪਾਦਾਂ ਦੇ ਮੁੱਲ ਵਧਾਉਣ ਦੇ ਨਾਲ-ਨਾਲ ਇਹ ਵੀ ਜ਼ਰੂਰੀ ਹੈ ਕਿ ਖੇਤੀ ਉਤਪਾਦਾਂ ਦੀ ਹੋ ਰਹੀ ਬਰਬਾਦੀ (ਜੋ ਅਨਾਜ ਵਿੱਚ ਲਗਭੱਗ 5 ਤੋਂ 15 ਪ੍ਰਤੀਸ਼ਤ, ਸਬਜ਼ੀਆਂ ਤੇ ਫਲਾਂ ਵਿੱਚ 30 ਤੋਂ 50 ਪ੍ਰਤੀਸ਼ਤ ਹੈ) ਨੂੰ ਕੰਟਰੋਲ ਕੀਤਾ ਜਾਵੇ, ਮੰਡੀਆਂ ਵਿੱਚ ਨਾ ਸੰਭਾਲੇ ਜਾਣ ਵਾਲੇ ਗਲੱਟ ਪੈਦਾ ਹੋਣ ਤੇ ਕਾਬੂ ਪਾਇਆ ਜਾਵੇ, ਪੇਂਡੂ ਆਬਾਦੀ ਲਈ ਖੇਤੀ ਆਧਾਰਿਤ ਤੇ ਗ਼ੈਰ-ਖੇਤੀ ਆਧਾਰਿਤ ਰੋਜ਼ਗਾਰ ਪੈਦਾ ਕੀਤੇ

ਜਾਣ ਅਤੇ ਕਿਸਾਨਾਂ ਦੀ ਆਰਥਿਕਤਾ ਵਿੱਚ ਭਰੋਸੇਯੋਗ ਵਾਧਾ ਕਰਕੇ ਉਨ੍ਹਾਂ ਲਈ ਲੋੜ ਨਾਲੋਂ ਵੱਧ ਆਮਦਨ ਵਾਲੀਆਂ ਹਾਲਤਾਂ ਪੈਦਾ ਕੀਤੀਆਂ ਜਾਣ।

ਫ਼ਸਲੀ ਵਿਭਿੰਨਤਾ ਯੋਜਨਾਵਾਂ ਵਾਤਾਵਰਣਿਕ ਖੇਤਰ ਅਨੁਸਾਰ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਪੰਜਾਬ ਵਿੱਚ ਵੱਖਰੇ-ਵੱਖਰੇ ਖੇਤੀ ਸੰਬੰਧੀ ਵਾਤਾਵਰਣਿਕ ਖੇਤਰ ਹਨ ਜਿਵੇਂ ਕਿ ਉੱਪ-ਪਹਾੜੀ ਸ਼ਿਵਾਲਿਕ ਪਹਾੜੀਆਂ ਤੇ ਕੰਢੀ ਖੇਤਰ (ਬਾਰਿਸ਼ 800 ਤੋਂ 1320 ਮਿਲੀਮੀਟਰ), ਕੇਂਦਰੀ ਪੱਧਰੇ ਇਲਾਕੇ (ਬਾਰਿਸ਼ 400-800 ਮਿਲੀਮੀਟਰ), ਗਰਮ ਤਪਦੇ ਦੱਖਣ-ਪੱਛਮੀ ਖੇਤਰ (ਬਾਰਿਸ਼ 400 ਮਿਲੀਮੀਟਰ ਤੋਂ ਘੱਟ) ਅਤੇ ਨਦੀਆਂ ਦੇ ਨਾਲ-ਨਾਲ ਖੇਤਰ। ਇਸ ਰਾਜ ਵਿੱਚ 40 ਪ੍ਰਤੀਸ਼ਤ ਖੇਤਰ ਵਿੱਚ ਖਾਰੇ ਪਾਣੀ ਅਤੇ ਕਈ ਜ਼ਮੀਨਾਂ ਵਿੱਚ ਕੱਲਰ ਦੀ ਸਮੱਸਿਆ ਹੈ। ਪਾਣੀ ਤੇ ਜ਼ਮੀਨ ਦੀ ਉਪਲੱਬਧਤਾ ਅਤੇ ਗੁਣਵੱਤਾ ਵੱਖ-ਵੱਖ ਖੇਤਰਾਂ ਵਿੱਚ ਭਿੰਨ ਹੋਣ ਕਾਰਨ ਫ਼ਸਲੀ ਵਿਭਿੰਨਤਾ ਨੀਤੀਆਂ, ਤਕਨੀਕ ਅਤੇ ਕਾਰਜ-ਨੀਤੀਆਂ ਖੇਤਰ ਵਿਸ਼ੇਸ਼, ਪਾਣੀ ਤੇ ਜ਼ਮੀਨ ਦੀ ਖੇਤੀ ਉਤਪਾਦਨ-ਸਮਰੱਥਾ ਦੇ ਆਧਾਰ ਅਤੇ ਫ਼ਸਲਾਂ ਦੀਆਂ ਚੋਣਾਂ ਦੀਆਂ ਸਕੀਮਾਂ ਪਾਣੀ ਅਤੇ ਜ਼ਮੀਨ ਵਿਸ਼ੇਸ਼ ਅਨੁਕੂਲਤਾ ਦੇ ਆਧਾਰ ’ਤੇ ਤਿਆਰ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਵੰਨ-ਸਵੰਨੀਆਂ ਫ਼ਸਲਾਂ ਦੇ ਨਿਰੰਤਰ ਵੱਧ ਉਤਪਾਦਨ ਤੇ ਮੁਨਾਫੇ ਅਤੇ ਸੀਮਿਤ ਕੁਦਰਤੀ ਸਰੋਤਾਂ ਦੀ ਸੰਭਾਲ ਵਿਚਕਾਰ ਸੰਤੁਲਨ ਕਾਇਮ ਰਹੇ। ਫ਼ਸਲੀ ਵਿਭਿੰਨਤਾ ਦੀ ਇਸ ਧਾਰਨਾ ਹੇਠ ਮਿੱਟੀ ਤੇ ਪਾਣੀ ਪਰਖ ਸੇਵਾਵਾਂ ਅਤੇ ਸੂਚਨਾ ਤਕਨਾਲੋਜੀ (ਆਈ ਟੀ) ਦੀ ਵਰਤੋਂ ਕਿਸਾਨਾਂ ਵਾਸਤੇ ਭਰੋਸੇਯੋਗ ਸਲਾਹਕਾਰ ਬਣ ਸਕਦੇ ਹਨ।

ਸਰਕਾਰਾਂ, ਨੀਤੀ ਨਿਰਮਾਤਾਵਾਂ ਅਤੇ ਵਿੱਤੀ ਪ੍ਰਬੰਧਕਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਕਿਸਾਨਾਂ ਦੁਆਰਾ ਵੱਡੇ ਪੱਧਰ ’ਤੇ ਕੋਈ ਵੀ ਫ਼ਸਲੀ ਵਿਭਿੰਨਤਾ ਦੀ ਯੋਜਨਾ ਉਦੋਂ ਤੱਕ ਨਹੀਂ ਅਪਣਾਈ ਜਾਵੇਗੀ ਜਦ ਤੱਕ ਵਿਨਾਸ਼ ਤੇ ਗ਼ੈਰ-ਵਿਨਾਸ਼ ਉਤਪਾਦਾਂ ਵਾਸਤੇ ਮੰਡੀਆਂ ਵਿੱਚ ਬੁਨਿਆਦੀ ਢਾਂਚੇ ਤੇ ਸਹੂਲਤਾਂ ਦਾ ਸੁਧਾਰ ਤੇ ਆਧੁਨਿਕੀਕਰਨ ਅਤੇ ਫ਼ਸਲਾਂ ਦੀ ਖਰੀਦ ਵਾਸਤੇ ਕਿਸਾਨ ਪੱਖੀ ਲਾਹੇਵੰਦ “ਕੀਮਤ ਨਿਰਧਾਰਨ ਵਿਧੀ” ਵਿਕਸਿਤ ਅਤੇ ਲਾਗੂ ਨਹੀਂ ਕੀਤੀ ਜਾਂਦੀ। ਇਸ ਤੋਂ ਬਿਨਾਂ ਸਕਾਰਾਤਮਕ ਮੁਨਾਫ਼ਾ ਹੋਣ ਦਾ ਭਰੋਸਾ ਅਤੇ ਵੱਖ-ਵੱਖ ਫ਼ਸਲਾਂ ਦੀ ਪ੍ਰਤੀ ਏਕੜ ਆਧਾਰਿਤ ਆਮਦਨੀ ਬਰਾਬਰਤਾ ਨਾਲ ਨਹੀਂ ਮਿਲ ਸਕਣਗੇ। ਭਾਰਤ ਸਰਕਾਰ ਦੁਆਰਾ 25 ਖੇਤੀ ਉਤਪਾਦਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਤੈਅ ਕੀਤੇ ਜਾਂਦੇ ਹਨ ਤੇ ਕਈ ਹੋਰ ਫ਼ਸਲਾਂ ਦੇ ਮੁੱਲ ਮਾਰਕਿਟ ਇੰਟਰਵੈਨਸ਼ਨ ਸਕੀਮ ਦੇ ਤਹਿਤ ਮਿਥੇ ਜਾਂਦੇ ਹਨ। ਕਿਸਾਨਾਂ ਨੂੰ ਫ਼ਸਲੀ ਵਿਭਿੰਨਤਾ ਪ੍ਰਣਾਲੀ ਅਪਨਾਉਣ ਵਾਸਤੇ ਉਤਸ਼ਾਹਿਤ ਕਰਨ ਲਈ ਨਿਸ਼ਚਿਤ ਕੀਮਤਾਂ ਤੇ ਸਾਰੀਆਂ ਫ਼ਸਲਾਂ ਦੀ ਖਰੀਦ, ਸਮੇਂ ਸਿਰ ਤੇ ਜਲਦੀ ਤੋਂ ਜਲਦੀ ਕਮਾਈ ਗਈ ਰਾਸ਼ੀ ਦਾ ਭੁਗਤਾਨ ਅਤੇ ਉਤਪਾਦਕਾਂ ਦੇ ਲਾਭਕਾਰੀ ਮੰਡੀਆਂ ਤੇ ਸੁਪਰ-ਮਾਰਕੀਟਾਂ ਨਾਲ ਸੰਬੰਧ ਪੈਦਾ ਕਰਨੇ ਬਹੁਤ ਹੀ ਜ਼ਰੂਰੀ ਬੁਨਿਆਦੀ ਲੋੜਾਂ ਹਨ। ਬੀਤੇ ਸਮੇਂ ਦੇ ਅਨੁਭਵ ਦਿਖਾਉਂਦੇ ਹਨ ਕਿ ਕਈ ਕਿਸਾਨਾਂ ਨੇ ਝੋਨੇ ਨੂੰ ਬਦਲ ਕੇ ਹੋਰ ਫ਼ਸਲਾਂ (ਬਾਸਮਤੀ, ਮੱਕੀ, ਕਪਾਹ ਆਦਿ)

ਨੂੰ ਅਪਨਾਉਣ ਦੀ ਕੋਸ਼ਿਸ਼ ਕੀਤੀ ਪਰ ਮੰਡੀਆਂ ਵਿੱਚ ਨਿਰਾਸ਼ ਹੋ ਕੇ ਫਿਰ ਝੋਨੇ ਦੀ ਕਾਸ਼ਤ ਵੱਲ ਮੁੜ ਆਏ ਕਿਉਂਕਿ ਮੰਡੀਆਂ ਵਿੱਚ ਉਨ੍ਹਾਂ ਨੂੰ ਆਪਣੀਆਂ ਫ਼ਸਲਾਂ ਉਨ੍ਹਾਂ ਦੇ ਨਿਰਧਾਰਿਤ ਘੱਟੋ-ਘੱਟ ਸਮਰਥਨ ਮੁੱਲ ਨਾਲੋਂ ਵੀ ਕਾਫੀ ਘੱਟ ਮੁੱਲ ਤੇ ਵੇਚਣੀਆਂ ਪਈਆਂ। ਫ਼ਸਲਾਂ ਦੇ ਭਾਅ ਵਿੱਚ ਅਸਥਿਰਤਾ ਵੀ ਫ਼ਸਲੀ ਵਿਭਿੰਨਤਾ ਪ੍ਰਣਾਲੀ ਅਪਨਾਉਣ ਨੂੰ ਢਾਹ ਲਾਉਂਦੀ ਹੈ। ਬਹੁਤੀ ਵਾਰ ਤਾਂ ਕਮਾਈ ਗਈ ਰਾਸ਼ੀ ਪ੍ਰਾਪਤ ਕਰਨ ਵਾਸਤੇ ਸੰਘਰਸ਼ ਕਰਨਾ ਪੈਂਦਾ ਹੈ, ਜਿਵੇਂ ਕਿ ਕਈ ਵਾਰ ਕਮਾਦ ਦੀ ਕਰੋੜਾਂ ਰੁਪਏ ਦੀ ਰਾਸ਼ੀ ਦਾ ਭੁਗਤਾਨ ਨਹੀਂ ਹੁੰਦਾ। ਲੋੜ ਹੈ ਕਿ ਸਰਕਾਰਾਂ ਵੱਲੋਂ "ਕੀਮਤ ਸਥਿਰਤਾ ਫੰਡ" ਪੈਦਾ ਕੀਤਾ ਜਾਵੇ। ਜੇ ਫ਼ਸਲਾਂ ਦਾ ਭਾਅ ਨਿਰਧਾਰਤ ਮੁੱਲ ਤੋਂ ਹੇਠਾਂ ਜਾਂਦਾ ਹੋਵੇ ਤਾਂ ਸਰਕਾਰੀ ਏਜੰਸੀਆਂ ਵੱਲੋਂ ਕਿਸਾਨਾਂ ਨੂੰ ਹੋ ਰਹੀ ਇਹ ਘਾਟ ਪੂਰੀ ਕਰਨੀ ਚਾਹੀਦੀ ਹੈ। ਇਹ ਕਿਸਾਨਾਂ ਦਾ ਕਾਨੂੰਨੀ ਹੱਕ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਫ਼ਸਲਾਂ ਦੇ ਲਾਹੇਵੰਦ ਭਾਅ ਮਿਲਣ।

ਪੰਜਾਬ ਵਿੱਚ ਖੇਤੀ ਵਿਭਿੰਨਤਾ ਪ੍ਰਣਾਲੀ ਲਿਆਉਣ ਦੀ ਲੋੜ, ਚੁਣੌਤੀਆਂ ਅਤੇ ਲਾਹੇਵੰਦ ਮੌਕੇ ਚੰਗੀ ਤਰ੍ਹਾਂ ਜਾਣੇ ਜਾ ਰਹੇ ਹਨ। ਸਵਾਲ ਇਹ ਬਣਿਆ ਰਹੇਗਾ ਕਿ ਕੀ ਰਾਜ ਤੇ ਕੇਂਦਰੀ ਸਰਕਾਰਾਂ ਤੇ ਉਨ੍ਹਾਂ ਦੇ ਨੀਤੀਆਂ ਬਣਾਉਣ ਵਾਲੇ ਅਤੇ ਵਿੱਤੀ ਪ੍ਰਬੰਧਕ ਆਪਣੇ ਖੇਤੀ ਅਤੇ ਇਸ ਆਧਾਰਿਤ ਆਰਥਿਕਤਾ ਬਾਰੇ ਟੀਚੇ ਮੁੜ ਪਰਿਭਾਸ਼ਿਤ ਕਰਕੇ ਇਕ ਠੋਸ ਭਵਿੱਖ-ਮੁਖੀ "ਉਤਪਾਦਨ ਤੋਂ ਮੰਡੀਕਰਨ ਤੱਕ ਜੋਖਮ ਮੁਕਤ" ਖੇਤੀ ਵਿਭਿੰਨਤਾ ਨੀਤੀ ਬਣਾ ਕੇ ਕਿਸਾਨ ਭਾਈਚਾਰੇ ਨੂੰ ਲੋੜਾਂ ਨਾਲੋਂ ਘੱਟ ਆਮਦਨ ਵਰਗੇ ਹਾਲਾਤਾਂ ਵਿੱਚੋਂ ਉੱਪਰ ਚੁੱਕਣ ਯੋਗ ਸਮਰੱਥਾ (ਤਕਨੀਕੀ, ਵਿੱਤੀ, ਸਿਖਲਾਈ ਆਦਿ) ਵਧਾਉਣ ਅਤੇ ਲੋੜ ਅਨੁਸਾਰ ਬੁਨਿਆਦੀ ਢਾਂਚਾ, ਵਿਭਿੰਨ ਫ਼ਸਲਾਂ ਵਾਸਤੇ ਲਾਹੇਵੰਦ "ਕੀਮਤ ਨਿਰਧਾਰਨ ਵਿਧੀ" ਅਤੇ ਆਸਾਨ ਮੰਡੀਕਰਨ ਸਥਾਪਤ ਕਰਨ ਨੂੰ ਲੋੜੀਂਦੀ ਤਰਜੀਹ ਦੇਣਗੇ ?

❖❖❖

# 13

# ਫ਼ਸਲਾਂ ਵਿੱਚ ਬਦਲਾਅ- ਸੁਨਿਸ਼ਚਿਤ ਖੇਤੀ ਤਕਨੀਕ ਅਪਣਾਉ

ਪਿਛਲੇ ਚਾਰ-ਪੰਜ ਦਹਾਕਿਆਂ ਦੌਰਾਨ ਪੰਜਾਬ ਬੇਮਿਸਾਲ ਖੇਤੀ ਉਤਪਾਦਨ ਵਧਾਉਣ ਦੀਆਂ ਮੱਲਾਂ ਮਾਰ ਕੇ ਭਾਰਤ ਵਿੱਚ ਹਰੇ ਇਨਕਲਾਬ ਦਾ ਮੋਢੀ ਬਣਿਆ ਰਿਹਾ ਹੈ। ਕਿਸਾਨਾਂ ਦੁਆਰਾ ਬੜੇ ਉਤਸ਼ਾਹ ਨਾਲ ਵੱਧ ਪੈਦਾਵਾਰ ਦੇਣ ਵਾਲੀਆਂ ਫ਼ਸਲਾਂ ਦੀਆਂ ਕਿਸਮਾਂ ਅਤੇ ਲੋੜੀਂਦੀਆਂ ਖੇਤੀ ਤਕਨੀਕਾਂ ਦਾ ਅਪਨਾਉਣਾ, ਸਰਕਾਰ ਦੀਆਂ ਸਹੀ ਨੀਤੀਆਂ, ਮਾਲੀ ਸਹਾਇਤਾ, ਲੋੜੀਂਦੇ ਸਾਧਨਾਂ (ਬੀਜ, ਖਾਦਾਂ, ਪਾਣੀ, ਕੀੜੇਮਾਰ ਤੇ ਬੀਮਾਰੀਆਂ ਤੇ ਕਾਬੂ ਪਾਉਣ ਵਾਸਤੇ ਦਵਾਈਆਂ, ਮਸ਼ੀਨਾਂ ਅਤੇ ਊਰਜਾ) ਦੀ ਕਿਸਾਨਾਂ ਤੱਕ ਪਹੁੰਚ ਕਰਨਾ, ਜਿਣਸ (ਖਾਸ ਤੌਰ 'ਤੇ ਝੋਨਾ ਤੇ ਕਣਕ ਵਾਸਤੇ) ਦੀ ਖਰੀਦ ਬਹੁਤ ਹੱਦ ਤੱਕ ਯਕੀਨੀ ਕਰਨੀ ਆਦਿ ਇਸ ਹਰੇ ਇਨਕਲਾਬ ਦੀ ਬੁਨਿਆਦ ਬਣੇ। ਇਸੇ ਸਮੇਂ ਦੌਰਾਨ ਪੰਜਾਬ ਵਿੱਚ ਝੋਨਾ ਤੇ ਕਣਕ ਹੇਠ ਰਕਬਾ ਵਧਦਾ ਗਿਆ। ਸੰਨ 1970 ਤੋਂ 2010 ਤੱਕ ਝੋਨੇ ਹੇਠ ਲਗਪਗ 9 ਲੱਖ ਏਕੜ ਤੋਂ ਵਧ ਕੇ 70 ਲੱਖ ਏਕੜ ਅਤੇ ਕਣਕ ਹੇਠ 56 ਲੱਖ ਏਕੜ ਤੋਂ ਵਧ ਕੇ 88 ਲੱਖ ਏਕੜ ਹੋ ਗਿਆ ਪਰ ਦੂਜੀਆਂ ਫ਼ਸਲਾਂ (ਦਾਲਾਂ, ਤੇਲ ਬੀਜ, ਮੱਕੀ ਆਦਿ) ਹੇਠ ਰਕਬਾ ਘਟਦਾ ਗਿਆ। ਇਸ ਤਰ੍ਹਾਂ ਦੇ ਫ਼ਸਲੀ ਬਦਲਾਅ ਨਾਲ ਪੰਜਾਬ ਵਿੱਚ ਝੋਨਾ ਤੇ ਕਣਕ ਦੀ ਪੈਦਾਵਾਰ ਵੀ ਬਹੁਤ ਵਧਦੀ ਗਈ। ਪਰ ਸਮੇਂ ਨਾਲ ਇਸ ਫ਼ਸਲੀ ਚੱਕਰ ਕਾਰਨ ਜ਼ਮੀਨ ਦੀ ਉਪਜਾਊ ਸ਼ਕਤੀ ਤੇ ਮਾੜਾ ਅਸਰ, ਸਿੰਚਾਈ ਵਾਸਤੇ ਪਾਣੀ ਦੀ ਵਧਦੀ ਲੋੜ ਅਤੇ ਇਸ ਦੀ ਘਟ ਰਹੀ ਉਪਲੱਬਧਤਾ ਅਤੇ ਵਾਤਾਵਰਣ ਵਿੱਚ ਅਣਚਾਹੇ ਬਦਲਾਅ ਵਰਗੀਆਂ ਸਮੱਸਿਆਵਾਂ ਵਧਣ ਲੱਗੀਆਂ। ਇਸ ਦੇ ਨਾਲ-ਨਾਲ ਖਾਦਾਂ, ਕੀੜਿਆਂ ਅਤੇ ਬੀਮਾਰੀਆਂ ਤੇ ਕਾਬੂ ਪਾਉਣ ਵਾਲੀਆਂ ਰਸਾਇਣਕ ਦਵਾਈਆਂ, ਪਾਣੀ ਅਤੇ ਊਰਜਾ ਦੀ ਲੋੜ ਤੋਂ ਵੱਧ ਵਰਤੋਂ, ਖੇਤੀ ਪੈਦਾਵਾਰ ਵਾਸਤੇ ਖਰਚੇ 'ਚ ਵਾਧਾ, ਫ਼ਸਲਾਂ ਦੀਆਂ ਜਿਣਸਾਂ (ਬਹੁਤ ਛੇਤੀ ਖਰਾਬ ਹੋਣ ਵਾਲੀਆਂ ਅਤੇ ਛੇਤੀ ਨਾਂ ਖਰਾਬ ਹੋਣ ਵਾਲੀਆਂ) ਦੀ ਸਹੀ ਸੰਭਾਲ ਨਾਂ ਹੋਣੀ ਅਤੇ ਹੋਰ ਕਈ ਸਮੱਸਿਆਵਾਂ ਕਰਕੇ ਫ਼ਸਲਾਂ ਦੀ ਪ੍ਰਤੀ ਏਕੜ ਪੈਦਾਵਾਰ ਦੇ ਵਾਧੇ ਵਿੱਚ ਕਾਫੀ ਖੜੋਤ ਆ ਗਈ ਅਤੇ ਖੇਤੀ ਆਧਾਰਿਤ ਆਮਦਨ ਵਿੱਚ ਵਾਧੇ ਦੀ ਦਰ ਘਟਦੀ ਗਈ। ਖਾਸ ਤੌਰ 'ਤੇ ਛੋਟੇ ਪੱਧਰ ਦੇ ਕਿਸਾਨਾਂ ਦੀ ਆਰਥਿਕ ਹਾਲਤ ਤੇ ਬਹੁਤ ਮਾੜਾ ਅਸਰ ਪਿਆ ਹੈ। ਇਨ੍ਹਾਂ ਕਾਰਨਾਂ ਕਰਕੇ ਪਿਛਲੇ ਕਈ ਸਾਲਾਂ ਤੋਂ ਖੇਤੀ ਖੇਤਰ ਦਾ ਪੰਜਾਬ ਦੀ ਕੁੱਲ ਆਰਥਿਕ ਵਿਵਸਥਾ ਵਿੱਚ ਹਿੱਸਾ ਘਟਦਾ ਗਿਆ ਹੈ।

ਅਸਲ ਵਿੱਚ ਬਹੁਤ ਵੱਡੇ ਪੱਧਰ 'ਤੇ ਲਗਾਤਾਰ ਬਹੁਤ ਜ਼ਿਆਦਾ ਪਾਣੀ ਲੋੜੀਂਦੀ ਝੋਨੇ ਦੀ ਫ਼ਸਲ ਅਤੇ ਰਿਵਾਇਤੀ ਘੱਟ ਕੁਸ਼ਲਤਾ ਨਾਲ ਅਪਣਾਏ ਜਾਂਦੇ ਖੇਤੀ ਪ੍ਰਬੰਧਾਂ ਵਾਲੀ

ਘਾਟੇ ਵੱਲ ਜਾਂਦੀ ਕਿਸਾਨਾਂ ਸੰਬੰਧੀ ਯੋਜਨਾ ਬਣਾਉਣ ਵਾਲੇ ਅਤੇ ਕਿਸਾਨ ਬਹੁਤ ਚਿੰਤਤ ਹੁੰਦੇ ਜਾ ਰਹੇ ਹਨ। ਖਾਸ ਚਿੰਤਾ ਧਰਤੀ ਹੇਠਲੇ ਪਾਣੀ ਦੀ ਸਤਹਿ ਲਗਾਤਾਰ ਨੀਚੇ ਜਾਣ ਕਰਕੇ ਸਿੰਚਾਈ ਵਾਸਤੇ ਪਾਣੀ ਦੀ ਘਾਟ ਹੋ ਜਾਣ ਦੀ ਹੈ। ਇਸ ਕਰਕੇ ਵੱਡੇ ਪੱਧਰ ’ਤੇ ਝੋਨਾ-ਕਣਕ ਫ਼ਸਲ ਪ੍ਰਣਾਲੀ ਵਿੱਚ ਅਤੇ ਰਿਵਾਇਤੀ ਖੇਤੀ-ਢੰਗਾਂ ਵਿੱਚ ਬਦਲਾਅ ਲਿਆਉਣ ਵਾਸਤੇ ਸੁਝਾਅ ਦਿੱਤੇ ਜਾ ਰਹੇ ਹਨ। ਪੰਜਾਬ ਸਰਕਾਰ ਦੁਆਰਾ ਸੰਨ 1985 ਤੇ 2002 ਵਿੱਚ ਐਸ ਐਸ ਜੌਹਲ ਦੀ ਪ੍ਰਧਾਨਗੀ ਹੇਠ ਸਥਾਪਿਤ ਕੀਤੀਆਂ ਕਮੇਟੀਆਂ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਅਤੇ ਪੰਜਾਬ ਸਟੇਟ ਫਾਰਮਰਜ਼ ਕਮਿਸ਼ਨ ਵੱਲੋਂ ਸੂਬੇ ਵਿੱਚ ਝੋਨਾ-ਕਣਕ (ਖਾਸ ਤੌਰ ’ਤੇ ਝੋਨਾ) ਹੇਠੋਂ ਲਗਪਗ 25 ਲੱਖ ਏਕੜ ਰਕਬਾ ਬਦਲ ਕੇ ਦੂਜੀਆਂ ਫ਼ਸਲਾਂ ਜਿਵੇਂ ਕਿ ਮੱਕੀ, ਦਾਲਾਂ, ਤੇਲਬੀਜ, ਸਬਜ਼ੀਆਂ, ਫਲਾਂ ਆਦਿ ਹੇਠ ਲਿਆਂਦੇ ਜਾਣ ਦੀਆਂ ਸਿਫਾਰਿਸ਼ਾਂ ਕੀਤੀਆਂ ਗਈਆਂ ਹਨ। ਇਨ੍ਹਾਂ ਬਦਲਵੀਆਂ ਫ਼ਸਲਾਂ ਦੀ ਉਪਜ ਦੀ ਦੇਸ਼ ਅੰਦਰ ਕਾਫੀ ਘਾਟ ਵੀ ਹੈ ਅਤੇ ਉਸ ਨੂੰ ਪੂਰਾ ਕਰਨ ਵਾਸਤੇ ਹਰ ਸਾਲ ਤਕਰੀਬਨ 40 ਤੋਂ 45 ਲੱਖ ਟਨ ਦਾਲਾਂ ਅਤੇ 50 ਤੋਂ 55 ਲੱਖ ਟਨ ਤੇਲ ਬੀਜ ਬਾਹਰਲੇ ਦੇਸ਼ਾਂ ਤੋਂ ਮੰਗਵਾਉਣੇ ਪੈਂਦੇ ਹਨ।

ਦਾਲਾਂ ਦੀਆਂ ਫ਼ਸਲਾਂ ਹਰੀ ਖਾਦ ਵਜੋਂ ਵੀ ਕੰਮ ਕਰਦੀਆਂ ਹਨ ਅਤੇ ਇਹ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖਣ ਵਿੱਚ ਸਹਾਇਕ ਹੁੰਦੀਆਂ ਹਨ। ਇਕ ਅਨੁਮਾਨ ਅਨੁਸਾਰ ਜਿਸ ਜ਼ਮੀਨ ਵਿੱਚ ਦਾਲਾਂ ਵਾਲੀ ਫ਼ਸਲ ਦੀ ਕਾਸ਼ਤ ਕੀਤੀ ਜਾਂਦੀ ਹੋਵੇ ਉਸ ਵਿੱਚ 40 ਤੋਂ 60 ਕਿਲੋ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਨਾਈਟ੍ਰੋਜਨ ਤੱਤ ਵਾਲੀ ਖਾਦ ਦੀ ਬੱਚਤ ਕੀਤੀ ਜਾ ਸਕਦੀ ਹੈ। ਇਸ ਸਮੇਂ ਸਾਡੇ ਦੇਸ਼ ਵਿੱਚ ਲਗਪਗ 40 ਲੱਖ ਲੋਕ ਤੇਲ ਬੀਜ ਫ਼ਸਲਾਂ ਦੇ ਉਤਪਾਦਨ ਵਿੱਚ ਅਤੇ 10 ਲੱਖ ਹੋਰ ਪ੍ਰੋਸੈਸਿੰਗ ਵਿੱਚ ਲੱਗੇ ਹੋਏ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਦਾਲਾਂ ਤੇ ਤੇਲ ਬੀਜ ਫ਼ਸਲਾਂ ਹੇਠ ਰਕਬਾ ਵਧਾਉਣ ਨਾਲ ਝੋਨੇ-ਕਣਕ ਹੇਠਲਾ ਰਕਬਾ ਤਾਂ ਘਟੇਗਾ ਹੀ ਪਰ ਉਸ ਦੇ ਨਾਲ-ਨਾਲ ਕਿਸਾਨਾਂ ਦੀ ਆਮਦਨ ਅਤੇ ਪੇਂਡੂ ਖੇਤਰ ਵਿੱਚ ਰੁਜ਼ਗਾਰ ਦੇ ਮੌਕੇ ਵੀ ਵਧਣਗੇ। ਇਸ ਕਰਕੇ ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਨੂੰ ਦਾਲਾਂ ਤੇ ਤੇਲ ਬੀਜ ਫ਼ਸਲਾਂ ਦੇ ਉਤਪਾਦਨ ਵਿੱਚ ਵੱਡੇ ਪੱਧਰ ’ਤੇ ਵਾਧਾ ਕਰਨ ਲਈ ਉਤਸ਼ਾਹਿਤ ਕਰਨ ਵਾਸਤੇ ਇਨ੍ਹਾਂ ਦੇ ਉਤਪਾਦ ਦੀ ਇੱਕ ਨਿਰਧਾਰਿਤ ਘੱਟੋ-ਘੱਟ ਮੁੱਲ ’ਤੇ ਖਰੀਦ ਯਕੀਨਨ ਕਰੇ। ਇਸ ਤਰ੍ਹਾਂ ਨਾਂ ਕੇਵਲ ਦਾਲਾਂ ਤੇ ਤੇਲ ਬੀਜ ਫ਼ਸਲਾਂ ਦੀ ਘਰੇਲੂ ਜ਼ਰੂਰਤ ਪੂਰੀ ਹੋ ਸਕੇਗੀ ਸਗੋਂ ਕਿਸਾਨਾਂ ਦੀ ਆਮਦਨ ਵਿੱਚ ਵੀ ਚੋਖਾ ਵਾਧਾ ਹੋ ਸਕੇਗਾ।

ਇਨ੍ਹਾਂ ਸਿਫਾਰਿਸ਼ਾਂ ਨੂੰ ਅਪਨਾਉਣ ਵਾਸਤੇ ਭਾਵੇਂ ਕਿਸਾਨਾਂ ਨੂੰ ਕਾਫੀ ਪ੍ਰੇਰਿਤ ਵੀ ਕੀਤਾ ਜਾ ਰਿਹਾ ਹੈ ਪਰ ਇਹ ਸਮਝਣਾ ਜ਼ਰੂਰੀ ਹੈ ਕਿ ਬਦਲਵੀਆਂ ਫ਼ਸਲਾਂ ਦੀ ਚੋਣ ਦੇ ਨਾਲ-ਨਾਲ ਇਨ੍ਹਾਂ ਦੀ ਕਾਸ਼ਤ ਵਾਸਤੇ ਵਧੀਆ ਖੇਤੀ ਪ੍ਰਬੰਧ, ਸਾਧਨਾਂ (ਖਾਦਾਂ, ਪਾਣੀ, ਕੀੜਿਆਂ ਅਤੇ ਬੀਮਾਰੀਆਂ ਤੇ ਕਾਬੂ ਪਾਉਣ ਵਾਲੀਆਂ ਰਸਾਇਣਕ ਦਵਾਈਆਂ, ਆਦਿ) ਦੀ ਸਹੀ ਵਰਤੋਂ ਅਤੇ ਕੁਦਰਤੀ ਸੋਮਿਆਂ (ਜ਼ਮੀਨ, ਪਾਣੀ, ਵਾਤਾਵਰਣ) ਦੀ ਸਹੀ ਸੰਭਾਲ ਨਾ ਕੀਤੇ

ਜਾਣ ਨਾਲ ਫ਼ਸਲ-ਉਤਪਾਦਨ ਅਤੇ ਆਮਦਨ ਵਾਧੇ ਵੱਲ ਕਾਇਮ ਨਹੀਂ ਰੱਖੇ ਜਾ ਸਕਦੇ। ਇਸ ਕਰਕੇ ਰਿਵਾਇਤੀ ਖੇਤੀ ਢੰਗਾਂ ਤੋਂ ਮੁੜ ਕੇ "ਸੁਨਿਸ਼ਚਿਤ ਖੇਤੀ" ਪ੍ਰਬੰਧਾਂ ਤੇ ਆਧਾਰਿਤ ਫ਼ਸਲੀ-ਬਦਲਾਅ ਦੀਆਂ ਕਾਰਜ-ਨੀਤੀਆਂ ਅਪਨਾਉਣੀਆਂ ਚਾਹੀਦੀਆਂ ਹਨ।

ਸਮੁੱਚੇ ਤੌਰ 'ਤੇ "ਸੁਨਿਸ਼ਚਿਤ ਖੇਤੀ" ਵਿਗਿਆਨ ਆਧਾਰਿਤ ਆਧੁਨਿਕ ਤਕਨੀਕ ਹੈ। ਇਸ ਨੂੰ ਅਪਣਾ ਕੇ ਫ਼ਸਲੀ-ਬਦਲਾਅ ਲਿਆਉਣ ਦੀ ਧਾਰਨਾ ਹੈ। ਬਦਲਵੀਆਂ ਫ਼ਸਲਾਂ ਅਤੇ ਇਨ੍ਹਾਂ ਦੀਆਂ ਕਿਸਮਾਂ ਦੀ ਚੋਣ ਸਥਾਨਕ ਖੇਤਰ ਅਤੇ ਖੇਤ ਵਿਚਲੀ ਜ਼ਮੀਨ ਦੀ ਉਪਜਾਊ ਸ਼ਕਤੀ ਤੇ ਹੋਰ ਗੁਣਾਂ ਦੀ ਭਿੰਨਤਾ ਅਤੇ ਇਨ੍ਹਾਂ ਦੀ ਅਨੁਕੂਲਤਾ ਦੇ ਆਧਾਰ 'ਤੇ ਕੀਤੀ ਜਾਣੀ ਚਾਹੀਦੀ ਹੈ ਅਤੇ ਆਧੁਨਿਕ ਖੇਤੀ ਤਕਨੀਕ ਅਪਣਾ ਕੇ ਫ਼ਸਲ ਦੀ ਉਤਪਾਦਨ-ਕੁਸ਼ਲਤਾ ਵਿੱਚ ਲਗਾਤਾਰ ਵਾਧਾ ਕਾਇਮ ਰੱਖਿਆ ਜਾਣਾ ਚਾਹੀਦਾ ਹੈ। ਫ਼ਸਲ ਪੈਦਾ ਕਰਨ ਲਈ ਸਾਰੇ ਖੇਤੀ-ਕਾਰਜਾਂ ਅਤੇ ਹੋਰ ਪ੍ਰਬੰਧਾਂ ਨੂੰ ਨਿਪੁੰਨਤਾ ਨਾਲ ਅਪਣਾ ਕੇ ਆਮਦਨ ਵਧਾਉਣੀ ਜ਼ਰੂਰੀ ਹੈ। ਇਸਦੇ ਨਾਲ-ਨਾਲ ਖਾਦਾਂ, ਪਾਣੀ, ਦਵਾਈਆਂ ਆਦਿ ਦੀ ਲੋੜ ਅਨੁਸਾਰ ਸਹੀ ਵਰਤੋਂ, ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਅਤੇ ਕਿਸਾਨ ਦੀ ਕੁੱਲ ਆਮਦਨ ਵਿੱਚ ਲਗਾਤਾਰ ਵਾਧਾ ਕਾਇਮ ਰੱਖਣਾ ਸੁਨਿਸ਼ਚਿਤ ਖੇਤੀ ਦੀ ਧਾਰਨਾ ਦੇ ਹਿੱਸੇ ਹਨ।

ਸੁਨਿਸ਼ਚਿਤ ਖੇਤੀ ਵਾਸਤੇ ਯੋਜਨਾਵਾਂ ਤੇ ਕਾਰਜ-ਨੀਤੀਆਂ ਹਰ ਖੇਤਰ ਅਤੇ ਖੇਤ ਪੱਧਰ 'ਤੇ ਬਣਨੀਆਂ ਚਾਹੀਦੀਆਂ ਹਨ ਕਿਉਂਕਿ ਪੰਜਾਬ ਵਿੱਚ ਵੱਖ-ਵੱਖ ਖੇਤਰਾਂ ਦੇ ਜਲਵਾਯੂ ਵਿੱਚ ਕਾਫੀ ਫਰਕ ਹੈ। ਹਰ ਖੇਤਰ ਵਿਚਲੀ ਜ਼ਮੀਨ ਦੇ ਰਸਾਇਣਕ ਅਤੇ ਭੌਤਿਕ ਗੁਣਾਂ, ਧਰਤੀ ਉਪਰਲੇ ਅਤੇ ਹੇਠਲੇ ਪਾਣੀ ਦੀ ਉਪਲੱਬਧੀ ਅਤੇ ਕੁਆਲਿਟੀ, ਨਦੀਨਾਂ/ ਬੀਮਾਰੀਆਂ/ਹਾਨੀਕਾਰਕ ਕੀੜਿਆਂ ਦੀ ਹੋਂਦ ਤੇ ਹੱਲ ਅਤੇ ਮਸ਼ੀਨਾਂ ਦੀ ਵਰਤੋਂ ਵਿੱਚ ਬਹੁਤ ਭਿੰਨਤਾ ਹੈ। ਇਸ ਤੋਂ ਇਲਾਵਾ ਖੇਤੀ ਆਧਾਰਿਤ ਉਦਯੋਗ ਲਗਾਉਣ ਦੀਆਂ ਸੰਭਾਵਨਾਵਾਂ, ਸਮਾਜਿਕ ਲੋੜਾਂ ਅਤੇ ਹੋਰ ਆਰਥਿਕ ਮਸਲਿਆਂ ਵਿੱਚ ਵੀ ਕਾਫੀ ਫਰਕ ਹੈ। ਇਸ ਲਈ ਫ਼ਸਲਾਂ ਤੇ ਉਨ੍ਹਾਂ ਦੀਆਂ ਕਿਸਮਾਂ ਦੀ ਚੋਣ ਵੱਖ-ਵੱਖ ਖੇਤਰਾਂ ਵਿੱਚ ਅਤੇ ਖੇਤਾਂ ਵਿੱਚ ਸੰਭਵ ਪੈਦਾਵਾਰ ਤੇ ਆਮਦਨ ਦੇਣ ਦੀ ਸਮਰੱਥਾ ਦੇ ਆਧਾਰ 'ਤੇ ਹੋਣੀ ਚਾਹੀਦੀ ਹੈ। ਉਦਾਹਰਣ ਦੇ ਤੌਰ 'ਤੇ ਦਾਲਾਂ, ਮੱਕੀ ਤੇ ਸੋਇਆਬੀਨ ਫ਼ਸਲਾਂ, ਬਹੁਤ ਰੇਤਲੀ ਘੱਟ ਜੈਵਿਕ-ਮਾਦੇ ਵਾਲੀ, ਸੇਮ ਤੇ ਕਲਰਾਠੀ ਅਤੇ ਖਾਰੇ ਪਾਣੀ ਨਾਲ ਸਿੰਚਾਈ ਹੋਣ ਵਾਲੀ ਜ਼ਮੀਨ ਵਿੱਚ ਕਾਮਯਾਬ ਨਹੀਂ ਹੋ ਸਕਦੀਆਂ। ਝੋਨੇ ਵਾਸਤੇ ਬਹੁਤ ਪਾਣੀ ਜੀਰਨ ਵਾਲੀ ਰੇਤਲੀ ਜ਼ਮੀਨ ਬਿਲਕੁਲ ਅਨੁਕੂਲ ਨਹੀਂ। ਕਪਾਹ ਵਾਸਤੇ ਸੇਮ ਤੇ ਕਲਰਾਠੀ ਜ਼ਮੀਨ ਸਹੀ ਨਹੀਂ।ਸਬਜ਼ੀਆਂ ਅਤੇ ਫਲਾਂ ਵਾਸਤੇ ਕਲਰਾਠੀ, ਸੇਮ ਵਾਲੀ, ਬਹੁਤ ਜ਼ਿਆਦਾ ਕੰਕਰਾਂ ਵਾਲੀ ਅਤੇ ਖਾਰੇ ਪਾਣੀ ਨਾਲ ਸਿੰਚਾਈ ਹੋਣ ਵਾਲੀ ਜ਼ਮੀਨ ਢੁਕਵੀਂ ਨਹੀਂ। ਅਸਲ ਵਿੱਚ ਪੰਜਾਬ ਦੀਆਂ 75 ਤੋਂ ਵੱਧ ਮਿੱਟੀ ਪਰਖ ਪ੍ਰਯੋਗਸ਼ਾਲਾਵਾਂ ਨੂੰ ਫ਼ਸਲਾਂ ਵਾਸਤੇ ਜ਼ਮੀਨ ਤੇ ਪਾਣੀ ਦੀ ਅਨੁਕੂਲਤਾ ਅਤੇ ਹੋਰ ਖੇਤੀ-ਪ੍ਰਬੰਧਾਂ ਬਾਰੇ ਕਿਸਾਨਾਂ ਨੂੰ ਸੇਧ ਦੇਣੀ ਚਾਹੀਦੀ ਹੈ।

ਸੁਨਿਸ਼ਚਿਤ ਖੇਤੀ ਦੀਆਂ ਯੋਜਨਾਵਾਂ ਅਤੇ ਕਾਰਜ ਨੀਤੀਆਂ ਬਣਾਉਣ ਵਾਸਤੇ

ਆਧੁਨਿਕ ਭੂਗੋਲਿਕ ਜਾਣਕਾਰੀ ਪ੍ਰਣਾਲੀ, ਮਿੱਟੀ ਪਰਖ ਤਕਨੀਕਾਂ ਅਤੇ ਕਿਸਾਨਾਂ ਦੀ ਆਪਣੀ ਜਾਣਕਾਰੀ ਦੀ ਸਹਾਇਤਾ ਨਾਲ ਖੇਤਰ ਅਤੇ ਖੇਤ ਵਿਚਲੀ ਜ਼ਮੀਨ ਦੇ ਵੱਖ-ਵੱਖ ਗੁਣਾਂ, ਕੀੜਿਆਂ ਤੇ ਬੀਮਾਰੀਆਂ ਦੀ ਹੋਂਦ ਤੇ ਹਮਲੇ ਅਤੇ ਹੋਰ ਕਈ ਤਰ੍ਹਾਂ ਦੀ ਖੇਤੀ-ਸੰਬੰਧੀ ਜਾਣਕਾਰੀ ਲਈ ਜਾ ਸਕਦੀ ਹੈ। ਇਨ੍ਹਾਂ ਤੇ ਆਧਾਰਿਤ ਖੇਤਰ ਅਤੇ ਖੇਤ ਪੱਧਰ ਦੇ ਵੱਖ-ਵੱਖ ਨਕਸ਼ੇ ਤਿਆਰ ਕੀਤੇ ਜਾ ਸਕਦੇ ਹਨ ਜਿਨ੍ਹਾਂ ਤੋਂ ਖੇਤੀ ਵਿਕਾਸ ਕਰਨ ਵਾਲੇ ਅਦਾਰੇ ਤੇ ਕਿਸਾਨ ਫ਼ਸਲਾਂ ਦੀ ਚੋਣ ਅਤੇ ਹੋਰ ਕਈ ਤਰ੍ਹਾਂ ਦੇ ਖੇਤੀ-ਪ੍ਰਬੰਧਾਂ ਅਤੇ ਕਾਰਜਾਂ (ਖੇਤ ਦੀ ਤਿਆਰੀ ਤੋਂ ਫ਼ਸਲ ਦੀ ਸੰਭਾਲ ਤੇ ਖਪਤਕਾਰ ਤੱਕ ਪਹੁੰਚ) ਵਾਸਤੇ ਅਤੇ ਨੀਤੀਆਂ ਲਾਗੂ ਕਰਨ ਬਾਰੇ ਫੈਸਲੇ ਲੈ ਸਕਦੇ ਹਨ। ਇਸ ਤਰ੍ਹਾਂ ਖੇਤਰ ਅਤੇ ਖੇਤ ਵਿਚਲੀ ਫ਼ਸਲ ਪੈਦਾ ਕਰਨ ਦੀ ਅਸੰਤੁਲਤਤਾ ਘਟਾਈ ਜਾ ਸਕਦੀ ਹੈ।

ਪੰਜਾਬ ਵਿੱਚ ਨਾ ਕੇਵਲ ਝੋਨਾ ਤੇ ਕਣਕ ਆਧਾਰਿਤ ਆਮਦਨ ਵਿੱਚ ਵਾਧੇ ਦੀ ਦਰ ਘਟਦੀ ਜਾ ਰਹੀ ਹੈ ਸਗੋਂ ਵਧਦੀ ਅਬਾਦੀ ਵਾਸਤੇ ਪੌਸ਼ਟਿਕ-ਖੁਰਾਕ ਦੀ ਲੋੜ ਵੀ ਵਧਦੀ ਜਾ ਰਹੀ ਹੈ। ਇਸ ਕਰਕੇ ਲੋੜ ਹੈ ਕਿ ਸੁਨਿਸ਼ਚਿਤ ਖੇਤੀ ਢੰਗਾਂ ਨਾਲ ਵੱਡੇ ਰਕਬੇ ਵਿੱਚ ਝੋਨਾ ਤੇ ਕਣਕ ਨੂੰ ਹੋਰ ਵੱਧ ਲਾਭ ਤੇ ਜ਼ਿਆਦਾ ਪੌਸ਼ਟਿਕ ਖੁਰਾਕ ਵਾਲੀਆਂ ਫ਼ਸਲਾਂ ਜਿਵੇਂ ਕਿ ਸਬਜ਼ੀਆਂ, ਫਲ, ਫੁੱਲ, ਦਵਾਈਆਂ ਵਾਲੀਆਂ ਨਾਲ ਬਦਲ ਕੇ ਪੌਸ਼ਟਿਕ ਖੁਰਾਕ ਦਾ ਉਤਪਾਦਨ ਅਤੇ ਕਿਸਾਨ ਦੀ ਆਮਦਨ ਵਧਾਉਣ ਵਾਲਾ ਇੱਕ ਹੋਰ ਹਰਾ ਇਨਕਲਾਬ ਲਿਆਂਦਾ ਜਾਵੇ। ਕਈ ਘੱਟ ਜ਼ਮੀਨ ਵਾਲੇ ਕਿਸਾਨਾਂ ਨੂੰ ਲੋੜੀਂਦੀ ਤਕਨੀਕੀ ਸਿਖਲਾਈ ਅਤੇ ਮਾਲੀ ਸਹਾਇਤਾ ਦੇ ਕੇ ਇਨ੍ਹਾਂ ਫ਼ਸਲਾਂ ਨੂੰ ਨੈੱਟ ਹਾਊਸ, ਗ੍ਰੀਨ ਹਾਊਸ ਵਿੱਚ ਅਤੇ ਹੋਰ ਉੱਚ ਤਕਨੀਕਾਂ ਨਾਲ ਪੈਦਾ ਕਰਨ ਵਾਸਤੇ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਦੇ ਫ਼ਸਲੀ ਬਦਲਾਅ ਕਰਨ ਵੇਲੇ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ ਕਿ ਇਨ੍ਹਾਂ ਫ਼ਸਲਾਂ ਦੀ ਪੈਦਾਵਾਰ ਮੌਸਮੀ ਅਤੇ ਛੇਤੀ ਖਰਾਬ ਹੋਣ ਵਾਲੀ ਹੁੰਦੀ ਹੈ। ਇਨ੍ਹਾਂ ਤੋਂ ਵੱਧ ਲਾਭ ਲੈਣ ਵਾਸਤੇ ਰਿਵਾਇਤੀ ਖੇਤੀ-ਪ੍ਰਬੰਧਾਂ ਨਾਲੋਂ ਵੱਖਰੀ ਤਰ੍ਹਾਂ ਦੀਆਂ ਕਾਰਜ-ਨੀਤੀਆਂ, ਪੈਦਾਵਾਰ ਦੀ ਵੱਖਰੀ ਤਰ੍ਹਾਂ ਦੀ ਸੰਭਾਲ ਅਤੇ ਪ੍ਰਬੰਧ (ਉਪਜਾਉਣ ਤੋਂ ਮੰਡੀ ਤੇ ਖਪਤਕਾਰ ਤੱਕ ਠੰਢੀ-ਕੜੀ, ਠੰਢੇ-ਸਟੋਰ, ਠੰਢੀ ਹਾਲਤ ਵਿੱਚ ਢੋਅ-ਢੁਆਈ, ਕੁਆਲਿਟੀ ਕਾਇਮ ਰੱਖਣਾ, ਆਦਿ) ਬਾਰੇ ਕਿਸਾਨਾਂ ਨੂੰ ਲੋੜੀਂਦੀ ਤਕਨੀਕੀ ਸਿਖਲਾਈ ਤੇ ਮਾਲੀ ਸਹਾਇਤਾ ਦੇਣੀ ਜ਼ਰੂਰੀ ਹੈ। ਇਸ ਦੇ ਨਾਲ ਹੀ ਇਨ੍ਹਾਂ ਫ਼ਸਲਾਂ ਦੇ ਨਿਸ਼ਚਿਤ ਲਾਹੇਵੰਦ ਮੰਡੀਕਰਨ ਦੀਆਂ ਸਹੂਲਤਾਂ ਪੈਦਾ ਕਰਨਾ ਵੀ ਬਹੁਤ ਜ਼ਰੂਰੀ ਹੈ। ਇਸ ਵਾਸਤੇ ਸਰਕਾਰੀ ਤੇ ਗ਼ੈਰ-ਸਰਕਾਰੀ ਅਦਾਰਿਆਂ ਨੂੰ ਇਕੱਠੇ ਹੋ ਕੇ ਇਹ ਸਹੂਲਤਾਂ ਪੈਦਾ ਕਰਨੀਆਂ ਚਾਹੀਦੀਆਂ ਹਨ।

ਸੁਨਿਸ਼ਚਿਤ ਖੇਤੀ ਦੀ ਸਫਲਤਾ ਵਾਸਤੇ ਜ਼ਰੂਰੀ ਹੈ ਕਿ ਬਦਲਵੀਆਂ ਫ਼ਸਲਾਂ ਦੀ ਉਪਜ ਦੀ ਮੰਗ ਵੀ ਵੱਧ ਹੋਵੇ, ਉਜਾੜੇ ਘਟਾਏ ਜਾਣ ਅਤੇ ਕਿਸਾਨ ਦੀ ਆਮਦਨ ਵਿੱਚ ਵਾਧਾ ਹੋਵੇ। ਇਸ ਵਾਸਤੇ ਪੇਂਡੂ ਇਲਾਕਿਆਂ ਵਿੱਚ ਵੱਡੇ ਪੱਧਰ ’ਤੇ ਉਦਯੋਗਿਕ ਇਕਾਈਆਂ ਦਾ ਵਿਸਥਾਰ ਹੋਣਾ ਚਾਹੀਦਾ ਹੈ ਤਾਂ ਜੋ ਫ਼ਸਲਾਂ ਤੋਂ ਵੱਧ ਲਾਭ ਦੇਣ ਵਾਲੇ ਪਦਾਰਥ ਬਣਾਏ ਜਾਣ। ਫ਼ਸਲਾਂ ਦੀ ਚੋਣ ਉਦਯੋਗਿਕ ਲੋੜਾਂ ਅਨੁਸਾਰ ਹੋਣ ਨਾਲ ਇਹ

ਕੱਚੇ ਮਾਲ ਦਾ ਸੋਮਾ ਬਣਨਗੀਆਂ ਤੇ ਕਿਸਾਨ ਨੂੰ ਵੱਧ ਮੁੱਲ ਮਿਲੇਗਾ। ਪੇਂਡੂ ਯੁਵਕਾਂ ਤੇ ਕਾਮਿਆਂ ਨੂੰ ਖੇਤੀ ਤੋਂ ਇਲਾਵਾ ਆਪਣੇ ਹੀ ਇਲਾਕੇ ਵਿੱਚ ਰੁਜ਼ਗਾਰ ਮਿਲੇਗਾ, ਫ਼ਸਲਾਂ ਦੇ ਉਜਾੜੇ ਤੇ ਮੌਸਮੀ ਬਹੁਤਾਤ ਦੀ ਸਮੱਸਿਆ ਘਟੇਗੀ ਅਤੇ ਕਿਸਾਨ ਤੇ ਪੇਂਡੂ ਲੋਕਾਂ ਦੀ ਆਰਥਿਕ ਹਾਲਤ ਸੁਧਰੇਗੀ।

ਫ਼ਸਲੀ-ਬਦਲਾਅ ਦੀ ਸਫਲਤਾ ਵਾਸਤੇ ਸਭ ਤੋਂ ਜ਼ਰੂਰੀ ਹੈ ਕਿ ਕਿਸਾਨਾਂ ਨੂੰ ਫ਼ਸਲਾਂ ਦੇ ਲਾਹੇਵੰਦ ਭਾਅ ਮਿਲਣ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਘੱਟੋ-ਘੱਟ ਸਮਰਥਨ ਵਾਲੇ ਮੁੱਲ (ਐਮ ਐਸ ਪੀ) ਤੇ ਮੰਡੀ-ਦਖਲ (ਮਾਰਕੀਟ ਇੰਨਟਰਵੈਨਸ਼ਨ) ਸਕੀਮਾਂ ਅੰਦਰ ਹਰ ਸਾਲ ਨੀਯਤ ਕੀਤੇ ਫ਼ਸਲਾਂ ਦੇ ਭਾਅ ਨਾ ਸਿਰਫ਼ ਕਣਕ ਤੇ ਝੋਨੇ ਵਾਸਤੇ ਸਗੋਂ ਹੋਰ ਫ਼ਸਲਾਂ ਵਾਸਤੇ ਵੀ ਯਕੀਨੀ ਬਣਾਏ ਤਾਂ ਜੋ ਬਦਲਵੀਆਂ ਫ਼ਸਲਾਂ ਤੋਂ ਵੀ ਕਿਸਾਨ ਨੂੰ ਕੁੱਲ ਆਮਦਨ ਕਣਕ ਤੇ ਝੋਨੇ ਦੇ ਮੁਕਾਬਲੇ ਸਹੀ ਹੋਵੇ।

ਸੁਨਿਸ਼ਚਿਤ ਖੇਤੀ ਦੇ ਵੱਖ-ਵੱਖ ਖੇਤੀ ਪ੍ਰਬੰਧਾਂ ਤੇ ਤਕਨੀਕਾਂ ਨੂੰ ਅਪਨਾਉਣ ਵਾਸਤੇ ਕਈ ਤਰ੍ਹਾਂ ਦੀ ਜਾਣਕਾਰੀ ਚਾਹੀਦੀ ਹੈ। ਇਸ ਵਾਸਤੇ ਲੋੜ ਹੈ ਕਿ ਵੱਖ-ਵੱਖ ਖੇਤੀ ਵਿਸ਼ਿਆਂ ਦੇ ਵਿਗਿਆਨੀ ਮਿਲ ਕੇ ਫ਼ਸਲੀ-ਬਦਲਾਅ ਬਾਰੇ ਸਰਵ-ਪੱਖੀ ਜਾਣਕਾਰੀ ਆਧਾਰਿਤ ਤਕਨੀਕਾਂ ਵਿਕਸਤ ਕਰਨ ਤੇ ਕਿਸਾਨਾਂ ਤੱਕ ਪਹੁੰਚਾਉਣ। ਨਾਲ ਹੀ ਨਾਲ ਲੋੜ ਹੈ ਸਰਵ-ਪੱਖੀ ਫ਼ਸਲਾਂ ਦੀਆਂ ਕਿਸਮਾਂ ਕੱਢਣ ਦੀ ਜੋ ਬਹੁਤ ਘੱਟ ਪਾਣੀ, ਘੱਟ ਖਾਦਾਂ, ਘੱਟ ਕੀਟਨਾਸ਼ਕਾਂ ਆਦਿ ਅਤੇ ਘੱਟ ਊਰਜਾ ਨਾਲ ਅਤੇ ਜਲਵਾਯੂ ਵਿੱਚ ਬਦਲਾਅ ਦੀਆਂ ਹਾਲਤਾਂ ਵਿੱਚ ਵੀ ਵੱਧ ਉਪਜ ਅਤੇ ਲਾਭ ਦੇ ਸਕਣ।

ਆਉਂਦੇ ਸਮੇਂ ਵਿੱਚ "ਕਿਸਾਨ-ਵਿਗਿਆਨ-ਉਦਯੋਗ-ਯੋਜਨਾ ਬਣਾਉਣ ਵਾਲੇ ਤੇ ਲਾਗੂ ਕਰਨ ਵਾਲੇ-ਮਾਲੀ ਸਹਾਇਤਾ-ਮੰਡੀ ਸਹਾਇਤਾ-ਖਪਤਕਾਰ" ਸੰਬੰਧਾਂ ਨਾਲ ਤੇ ਹੋਰ ਸਰਕਾਰੀ ਤੇ ਗ਼ੈਰ-ਸਰਕਾਰੀ ਮਦਦ ਨਾਲ ਹੀ ਸੁਨਿਸ਼ਚਿਤ ਖੇਤੀ ਆਧਾਰਿਤ ਉੱਚ ਖੇਤੀ ਉਤਪਾਦਨ, ਨਫ਼ੇ ਅਤੇ ਕਿਸਾਨ ਦੀ ਆਮਦਨ ਲਗਾਤਾਰ ਵਾਧੇ ਵੱਲ ਕਾਇਮ ਰੱਖਣ ਵਾਲਾ ਇਕ ਹੋਰ ਹਰਾ ਇਨਕਲਾਬ ਲਿਆਂਦਾ ਜਾ ਸਕਦਾ ਹੈ।

❖❖❖

# 14
# ਪੇਂਡੂ ਇਲਾਕਿਆਂ ਵਿੱਚ ਖੇਤੀ ਆਧਾਰ ਉਦਯੋਗ ਹੀ ਮੁਕਤੀ-ਮਾਰਗ

ਪਿਛਲੇ ਚਾਰ ਦਹਾਕਿਆਂ ਵਿੱਚ ਇਕ ਵੱਡੇ ਪੱਧਰ ’ਤੇ ਖੇਤੀ ਉਤਪਾਦਨ ਦੇ ਵਾਧੇ ਅਤੇ ਇਸ ਤੇ ਆਧਾਰਿਤ ਆਰਥਿਕ ਵਾਧੇ ਵੱਲ ਬੇਮਿਸਾਲ ਮੱਲਾਂ ਮਾਰ ਕੇ ਭਾਰਤ ਵਿੱਚ ਪੰਜਾਬ ਹਰੇ ਇਨਕਲਾਬ ਦਾ ਮੋਢੀ ਬਣਿਆ। ਪਰ ਹੁਣ ਕਈ ਸਾਲਾਂ ਤੋਂ ਖੇਤੀ ਉਤਪਾਦਨ ਅਤੇ ਇਸ ਤੇ ਆਧਾਰਿਤ ਆਮਦਨ ਵਿੱਚ ਵਾਧੇ ਦੀ ਦਰ ਬਹੁਤ ਹੱਦ ਤੱਕ ਮੱਧਮ ਪੈ ਗਈ ਹੈ। ਏਥੋਂ ਤੱਕ ਕਿ ਪੰਜਾਬ ਦੀ ਕੁੱਲ ਅਰਥ ਵਿਵਸਥਾ ਵਿੱਚ ਖੇਤੀ ਖੇਤਰ ਦਾ ਹਿੱਸਾ ਘਟਦਾ ਜਾ ਰਿਹਾ ਹੈ। ਅਸਲ ਵਿੱਚ ਮਹਿੰਗੀਆਂ ਹੁੰਦੀਆਂ ਜਾ ਰਹੀਆਂ ਇਨਪੁਟਸ (ਬੀਜ, ਖਾਦਾਂ, ਪਾਣੀ, ਕੀਟਨਾਸ਼ਕ ਆਦਿ ਤੇ ਊਰਜਾ) ਦੀ ਵਧਦੀ ਵਰਤੋਂ ਨਾਲ ਕਿਸਾਨਾਂ ਦੇ ਖੇਤੀ ਉਤਪਾਦਨ ਵਾਧੇ ਨੂੰ ਕਾਇਮ ਰੱਖਣ ਦੀ ਤਾਂਘ ਕਰਕੇ ਖ਼ਰਚੇ ਵਧਦੇ ਗਏ ਹਨ, ਜਦ ਕਿ ਫ਼ਸਲਾਂ ਦੀਆਂ ਉਪਜਾਂ ਦੇ ਭਾਅ ਦੇ ਵਾਧੇ ਦੀ ਦਰ ਲਾਹੇਵੰਦ ਨਾ ਹੋਣ ਕਰਕੇ ਕਿਸਾਨਾਂ ਦੇ ਖੇਤੀ ਆਧਾਰਿਤ ਨਫ਼ੇ ਘਟਦੇ ਜਾਂਦੇ ਰਹੇ ਹਨ। ਖਾਸ ਤੌਰ ’ਤੇ ਥੋੜ੍ਹੇ ਸਾਧਨਾਂ ਵਾਲੇ ਛੋਟੇ ਤੇ ਦਰਮਿਆਨੇ ਪੱਧਰ ਦੇ ਕਿਸਾਨਾਂ ਦੀ ਖੇਤੀ ਆਧਾਰਿਤ ਮਾਲੀ ਹਾਲਤ ਬਹੁਤ ਮਾੜੀ ਹੋ ਗਈ ਹੈ। ਬਹੁਤ ਸਾਰੇ ਕਿਸਾਨ ਲੋੜਾਂ ਨਾਲੋਂ ਘੱਟ ਖੇਤੀ ਆਧਾਰਿਤ ਆਮਦਨ ਵਾਲੀ ਹਾਲਤ ਵਿੱਚ ਰਹਿ ਰਹੇ ਹਨ। ਇਸ ਕਰਕੇ ਲੋੜ ਹੈ ਇਨ੍ਹਾਂ ਕਿਸਾਨਾਂ ਦੀ ਖੇਤੀ ਤੋਂ ਬਾਹਰਲੇ ਉੱਦਮਾਂ ਵਿੱਚ ਆਮਦਨ ਵਧਾਉਣ ਦੇ ਅਵਸਰ ਪੈਦਾ ਕਰਨ ਦੀ।

ਇਸ ਤੋਂ ਇਲਾਵਾ ਫ਼ਸਲਾਂ ਦੀਆਂ ਉਪਜਾਂ ਦੀ ਸਹੀ ਸੰਭਾਲ ਨਾ ਹੋਣ ਕਰਕੇ ਇਨ੍ਹਾਂ ਦੇ (ਖੇਤ ਤੋਂ ਖਪਤਕਾਰ ਤੱਕ) ਵੱਡੇ ਪੱਧਰ ’ਤੇ ਉਜਾੜੇ ਤੇ ਵਿਨਾਸ਼ ਹੋ ਜਾਂਦੇ ਹਨ ਜਿਸ ਕਰਕੇ ਪੰਜਾਬ ਅਤੇ ਪੇਂਡੂ ਭਾਈਚਾਰੇ ਦੀ ਆਰਥਿਕ ਦਸ਼ਾ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ। ਇਸ ਦੇ ਨਾਲ-ਨਾਲ ਲੱਖਾਂ ਟਨ ਫ਼ਸਲਾਂ ਦੀ ਰਹਿੰਦ-ਖੂੰਹਦ ਦੀ ਸਹੀ ਸੰਭਾਲ ਤੇ ਵਰਤੋਂ ਵਾਸਤੇ ਪ੍ਰਬੰਧ ਨਹੀਂ ਕੀਤੇ ਜਾਂਦੇ। ਪੰਜਾਬ ਵਿੱਚ ਲਗਪਗ 40 ਪ੍ਰਤੀਸ਼ਤ ਕਣਕ ਅਤੇ 80 ਪ੍ਰਤੀਸ਼ਤ ਝੋਨੇ ਦੀ ਰਹਿੰਦ-ਖੂੰਹਦ ਨੂੰ ਸਾੜਿਆ ਜਾ ਰਿਹਾ ਹੈ ਜਿਸ ਕਰਕੇ ਨਾਂ ਕੇਵਲ ਬਹੁਤ ਵੱਡਾ ਮਾਲੀ ਨੁਕਸਾਨ ਅਤੇ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ ਸਗੋਂ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵੀ ਬਹੁਤ ਨੁਕਸਾਨ ਪਹੁੰਚਦਾ ਹੈ। ਇਸ ਤਰ੍ਹਾਂ ਪੰਜਾਬ ਦੀ ਕਿਸਾਨੀ ਤੇ ਖੇਤੀ ਆਧਾਰਿਤ ਨਫ਼ੇ ਅਤੇ ਪੇਂਡੂ ਭਾਈਚਾਰੇ ਦੀ ਆਮਦਨ ਬਹੁਤ ਘਟ ਜਾਣ ਦੇ ਨਾਲ-ਨਾਲ ਦੇਸ਼ ਵਿੱਚ ਅਨਾਜ ਦੀ ਥੋੜ ਦੀ ਸੰਭਾਵਨਾ ਵੀ ਪੈਦਾ ਹੋ ਸਕਦੀ ਹੈ।

ਪੰਜਾਬ ਵਿੱਚ ਕਣਕ ਤੇ ਖਾਸ ਤੌਰ ’ਤੇ ਝੋਨੇ ਤੋਂ ਬਦਲਾਅ ਅਤੇ ਫ਼ਸਲੀ ਵਿਭਿੰਨਤਾ ਲਿਆਉਣ ਦੀਆਂ ਸਿਫਾਰਿਸ਼ਾਂ ਅਪਨਾਉਣ ਵਾਸਤੇ ਭਾਵੇਂ ਕਿਸਾਨਾਂ ਨੂੰ ਬਹੁਤ ਪ੍ਰੇਰਿਤ

ਕੀਤਾ ਜਾ ਰਿਹਾ ਹੈ ਪਰ ਸਿਫਾਰਿਸ਼ ਕੀਤੀਆਂ ਜਾ ਰਹੀਆਂ ਫ਼ਸਲਾਂ (ਮੱਕੀ, ਫਲ, ਸਬਜ਼ੀਆਂ, ਦਾਲਾਂ ਆਦਿ) ਦੀਆਂ ਉਪਜਾਂ ਦੇ ਲਾਹੇਵੰਦ ਭਾਅ ਨਾ ਮਿਲਣ ਕਰਕੇ ਅਤੇ ਇਨ੍ਹਾਂ ਦੀ ਪ੍ਰੋਸੈਸਿੰਗ ਕਰਕੇ ਉੱਚ-ਮੁੱਲ ਵਾਲੇ ਪਦਾਰਥ ਤਿਆਰ ਕਰਨ ਦੇ ਸਾਧਨ ਨਾ ਦੇ ਬਰਾਬਰ ਹੋਣ ਕਰਕੇ ਇਨ੍ਹਾਂ ਫ਼ਸਲਾਂ ਤੋਂ ਕਣਕ ਤੇ ਝੋਨੇ ਨਾਲੋਂ ਵੱਧ ਨਫ਼ੇ ਨਹੀਂ ਮਿਲਦੇ ਕਿਉਂਕਿ ਕਈ ਵਾਰ ਬਹੁਤਾਤ ਹੋ ਜਾਣ ਨਾਲ ਵਿਨਾਸ਼ਸ਼ੀਲ ਫਲਾਂ ਤੇ ਸਬਜ਼ੀਆਂ ਦੇ ਭਾਅ ਡਿਗਣ ਕਰਕੇ ਕਿਸਾਨਾਂ ਨੂੰ ਬਹੁਤ ਘਾਟਾ ਪੈ ਜਾਂਦਾ ਹੈ। ਇਸ ਕਰਕੇ ਫ਼ਸਲੀ ਵਿਭਿੰਨਤਾ ਲਿਆਉਣ ਦੀ ਦਿਸ਼ਾ ਵਿੱਚ ਬਹੁਤੀ ਸਫਲਤਾ ਨਹੀਂ ਮਿਲ ਰਹੀ।

ਅਸਲ ਵਿੱਚ ਸਾਡਾ ਦੇਸ਼ ਤੇ ਖਾਸ ਤੌਰ ’ਤੇ ਪੰਜਾਬ ਰਾਜ ਫ਼ਸਲਾਂ ਦੀਆਂ ਉਪਜਾਂ ਦੀ ਪ੍ਰੋਸੈਸਿੰਗ ਤੇ ਉੱਚ-ਮੁੱਲ ਦੇ ਪਦਾਰਥ ਤਿਆਰ ਕਰਨ ਵਾਸਤੇ ਲੋੜੀਂਦੀਆਂ ਬੁਨਿਆਦੀ ਉਦਯੋਗਿਕ ਸਹੂਲਤਾਂ ਪੈਦਾ ਕਰਨ ਵਿੱਚ ਕਾਫੀ ਪਿੱਛੇ ਰਹਿ ਗਿਆ ਹੈ। ਇਸ ਕਰਕੇ ਪੰਜਾਬ ਦੀ ਮੌਜੂਦਾ ਖੇਤੀ ਆਧਾਰਿਤ ਆਰਥਿਕ ਸਥਿਤੀ ਫ਼ਸਲਾਂ ਦੀਆਂ ਉਪਜਾਂ ਸਿੱਧੇ ਹੀ ਕੱਚੇ ਮਾਲ (ਦਾਣੇ ਤੇ ਤਾਜ਼ਾ ਫਲ, ਸਬਜ਼ੀਆਂ ਆਦਿ) ਦੇ ਰੂਪ ਵਾਂਗ ਹੀ ਕਾਫੀ ਘੱਟ ਮੁੱਲ ਤੇ ਸਥਾਨਕ ਮੰਡੀਆਂ ਜਾਂ ਦੇਸ਼ ਦੇ ਕੇਂਦਰੀ ਭੰਡਾਰ ਵੱਲ ਨਿਰਯਾਤ ਕਰਨ ਤੇ ਵੀ ਨਿਰਭਰ ਕਰਦੀ ਹੈ। ਇਸ ਤਰ੍ਹਾਂ ਕਿਸਾਨਾਂ ਦੀ ਆਮਦਨ ਬਹੁਤ ਘਟ ਜਾਂਦੀ ਹੈ। ਪਰ ਆਮ ਫ਼ਸਲਾਂ ਦੀ ਕੁੱਲ ਉਪਜ ਦੇ ਸਿਰਫ਼ 10 ਪ੍ਰਤੀਸ਼ਤ ਅਤੇ ਫਲਾਂ ਤੇ ਸਬਜ਼ੀਆਂ ਦੇ ਕੇਵਲ 3 ਪ੍ਰਤੀਸ਼ਤ ਦੀ ਹੀ ਪ੍ਰੋਸੈਸਿੰਗ ਹੁੰਦੀ ਹੈ ਜਦਕਿ ਭਾਰਤ ਸਰਕਾਰ ਦੇ ਫੂਡ ਪ੍ਰੋਸੈਸਿੰਗ ਉਦਯੋਗ ਮੰਤਰਾਲਾ ਦੇ ਪਲਾਨ ਅਨੁਸਾਰ ਸੰਨ 2015 ਤੱਕ ਦੇਸ਼ ਵਿੱਚ ਵਿਨਾਸ਼ਸ਼ੀਲ ਉਪਜਾਂ ਦੀ ਪ੍ਰੋਸੈਸਿੰਗ 20 ਪ੍ਰਤੀਸ਼ਤ ਤੱਕ ਅਤੇ ਉੱਚ-ਮੁੱਲ ਦੇ ਪਦਾਰਥ ਤਿਆਰ ਕਰਨਾ 35 ਪ੍ਰਤੀਸ਼ਤ ਤੱਕ ਲੈ ਕੇ ਜਾਣ ਦੀ ਤਜਵੀਜ਼ ਸੀ। ਖੇਤੀ-ਉਤਪਾਦਨ ਦੇ ਪ੍ਰੋਸੈਸਿੰਗ ਉਦਯੋਗਾਂ ਦਾ ਸੁਮੇਲ ਕਰਕੇ ਪੰਜਾਬ ਨੂੰ ਵੀ ਫਾਇਦਾ ਲੈਣਾ ਚਾਹੀਦਾ ਹੈ।

ਹੁਣ ਲੋੜ ਹੈ ਕਿ ਪੰਜਾਬ ਵਿੱਚ ਰਿਵਾਇਤੀ ਖੇਤੀ ਤੋਂ ਅੱਗੇ ਵਧ ਕੇ ਇਕ ਹੋਰ ਹਰਾ ਇਨਕਲਾਬ ਲਿਆਂਦਾ ਜਾਵੇ ਜਿਸ ਵਿੱਚ ਖੇਤੀ ਉਤਪਾਦਨ ਨੂੰ ਵਾਧੇ ਵੱਲ ਕਾਇਮ ਰੱਖਣ ਦੇ ਨਾਲ-ਨਾਲ ਵਿਨਾਸ਼ਸ਼ੀਲ ਅਤੇ ਗ਼ੈਰ-ਵਿਨਾਸ਼ਸ਼ੀਲ ਫ਼ਸਲਾਂ ਦੀ ਉਪਜ ਦੀ ਸਹੀ ਸੰਭਾਲ ਅਤੇ ਪ੍ਰੋਸੈਸਿੰਗ ਕਰਕੇ ਵੱਧ ਮੁੱਲ ਅਤੇ ਵਧੀਆ ਕੁਆਲਿਟੀ (ਪ੍ਰੋਟੀਨ, ਵਿਟਾਮਿਨ, ਖੁਰਾਕੀ ਤੱਤ ਆਦਿ) ਵਾਲੇ ਪਦਾਰਥ ਪੈਦਾ ਕਰਕੇ ਦੇਸ਼ੀ ਤੇ ਵਿਦੇਸ਼ੀ ਮੰਡੀਆਂ ਵਿੱਚ ਵੱਧ ਮਾਲੀ ਫਾਇਦੇ ਲਏ ਜਾਣ। ਇਸ ਵਾਸਤੇ ਸਰਕਾਰੀ ਤੇ ਗ਼ੈਰ-ਸਰਕਾਰੀ ਪੂੰਜੀ ਨਿਵੇਸ਼ ਕਰਕੇ ਵਿਗਿਆਨ ਅਤੇ ਤਕਨਾਲੋਜੀ ਆਧਾਰਿਤ ਖੇਤੀ ਪ੍ਰਬੰਧ ਅਪਨਾਉਣ ਅਤੇ ਵੱਖ-ਵੱਖ ਤਰ੍ਹਾਂ ਦੇ ਆਧੁਨਿਕ ਛੋਟੇ, ਦਰਮਿਆਨੇ ਤੇ ਵੱਡੇ ਆਕਾਰ ਦੇ ਉਦਯੋਗਾਂ ਦਾ ਪੇਂਡੂ ਇਲਾਕਿਆਂ ਵਿੱਚ ਵਿਸਥਾਰ ਕਰਨ ਨੂੰ ਮਹੱਤਤਾ ਦੇਣੀ ਚਾਹੀਦੀ ਹੈ। ਇਸ ਨਾਲ ਕਿਸਾਨਾਂ ਨੂੰ ਫ਼ਸਲਾਂ ਦੀ ਉਪਜ ਦੀ ਵੱਧ ਕੀਮਤ ਮਿਲੇਗੀ, ਫ਼ਸਲੀ ਵਿਭਿੰਨਤਾ ਕਰਨ ਨੂੰ ਬਲ ਮਿਲੇਗਾ, ਫ਼ਸਲਾਂ ਦੀ ਬਰਬਾਦੀ ਘਟੇਗੀ ਅਤੇ ਪੇਂਡੂ ਭਾਈਚਾਰੇ ਲਈ ਖੇਤੀ ਤੋਂ ਇਲਾਵਾ ਹੋਰ ਵੀ ਕਮਾਈ ਕਰਨ ਦੇ ਮੌਕੇ ਵਧਣਗੇ ਅਤੇ ਨਾਲ ਹੀ ਨਾਲ ਦੇਸ਼ ਦੀ ਖਾਦਯ ਸਥਿਰਤਾ ਕਾਇਮ ਰੱਖੀ

ਜਾ ਸਕੇਗੀ। ਇਸ ਵਾਸਤੇ ਯੋਜਨਾ ਬਣਾਉਣ ਬਾਰੇ ਪੂੰਜੀ ਪ੍ਰਬੰਧ ਤੇ ਨਿਵੇਸ਼ ਕਰਨ ਵਾਲੇ ਅਤੇ ਉਦਯੋਗੀਕਰਨ ਦੇ ਮਾਹਿਰ ਉਨ੍ਹਾਂ ਪ੍ਰੋਜੈਕਟਾਂ ਨੂੰ ਪਹਿਲ ਦੇਣ ਜੋ ਵੱਖ-ਵੱਖ ਖੇਤਰ ਨਿਸ਼ਚਿਤ ਤਕਨੀਕੀ ਕਾਢਾਂ ਅਪਣਾ ਕੇ ਪੇਂਡੂ ਇਲਾਕਿਆਂ ਵਿੱਚ ਖੇਤੀ ਆਧਾਰਿਤ ਉਦਯੋਗਾਂ ਸੰਬੰਧੀ ਬੁਨਿਆਦੀ ਸਹੂਲਤਾਂ ਪੈਦਾ ਕਰਨ। ਪੰਜਾਬ ਵਿਚਲੀਆਂ ਯੂਨੀਵਰਸਿਟੀਆਂ, ਖੋਜ ਕੇਂਦਰ ਤੇ ਕੇਂਦਰੀ ਖੋਜ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਵਿੱਚ ਪੈਦਾ ਕੀਤੀਆਂ ਜਾ ਰਹੀਆਂ ਫ਼ਸਲਾਂ ਦੀ ਉਪਜ ਦੀ ਪ੍ਰੋਸੈਸਿੰਗ ਕਰਨ ਵਾਸਤੇ ਨਵੀਆਂ ਤਕਨੀਕਾਂ ਤੇ ਮਸ਼ੀਨਾਂ ਈਜਾਦ ਕਰਨ ਤਾਂ ਜੋ ਏਥੋਂ ਦੇ ਪਦਾਰਥ ਦੇਸੀ ਤੇ ਵਿਦੇਸ਼ੀ ਖਪਤਕਾਰਾਂ ਨੂੰ ਪ੍ਰਮਾਣਿਤ ਹੋਣ ਅਤੇ ਉੱਚੀ ਆਮਦਨ ਦੇਣ ਦੇ ਸਾਧਨ ਬਣਨ। ਇਸ ਤਰ੍ਹਾਂ ਪੰਜਾਬ ਭਾਰਤ ਵਿੱਚ ਖੇਤੀ ਆਧਾਰਿਤ ਪ੍ਰੋਸੈਸਿੰਗ ਦਾ ਵੱਡਾ ਕੇਂਦਰ ਬਣ ਕੇ ਆਪਣੀ ਅਰਥ ਵਿਵਸਥਾ ਦਾ ਸਿੱਧੇ ਤੇ ਅਸਿੱਧੇ ਤਰ੍ਹਾਂ ਵਿਕਾਸ ਕਰ ਸਕੇਗਾ।

ਪੰਜਾਬ ਵਿੱਚ ਸਰਕਾਰੀ ਅਦਾਰੇ (ਪੰਜਾਬ ਸਟੇਟ ਇੰਡਸਟ੍ਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਤੇ ਪੰਜਾਬ ਐਗਰੋ) ਅਤੇ ਗ਼ੈਰ-ਸਰਕਾਰੀ ਸੰਸਥਾਵਾਂ (ਪੈਪਸੀ ਫੂਡਜ਼, ਐਸਕੋਰਟਸ, ਮਹਿੰਦਰਾ ਸ਼ੁਭਨਭ, ਚੰਬਲ ਐਗਰੋਟੈੱਕ, ਹਿੰਦੁਸਤਾਨ ਲੀਵਰ, ਨੈਸਲੇ, ਕੈਰੀ ਇੰਟਰਨੈਸ਼ਨਲ) ਦੀ ਖੇਤੀ ਆਧਾਰਿਤ ਪ੍ਰੋਸੈਸਿੰਗ ਉਦਯੋਗ ਵਿੱਚ ਸ਼ਲਾਘਾਯੋਗ ਭੂਮਿਕਾ ਹੋਣ ਕਰਕੇ ਕਾਫੀ ਹੱਦ ਤੱਕ ਸਫਲਤਾ ਵੀ ਮਿਲੀ ਹੈ। ਏਸੇ ਕਰਕੇ ਝੋਨਾ, ਕਣਕ, ਮੱਕੀ, ਫਲ, ਸਬਜ਼ੀਆਂ, ਦਾਲਾਂ, ਤੇਲ ਬੀਜ, ਕਪਾਹ, ਗੰਨਾ, ਡੇਅਰੀ, ਜੜੀ ਬੂਟੀਆਂ, ਸ਼ਹਿਦ, ਆਦਿ ਦੀ ਪ੍ਰੋਸੈਸਿੰਗ ਹੋ ਰਹੀ ਹੈ ਅਤੇ ਇਨ੍ਹਾਂ ਉਦਯੋਗਿਕ ਇਕਾਈਆਂ ਦੇ ਵਾਧੇ ਵਾਸਤੇ ਕਈ ਤਰ੍ਹਾਂ ਦੇ ਸਾਧਨ ਤੇ ਸਹੂਲਤਾਂ ਪੈਦਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਪ੍ਰੋਸੈਸਿੰਗ ਉਦਯੋਗ ਨੂੰ ਹੋਰ ਵਾਧੇ ਵੱਲ ਕਰਨ ਵਾਸਤੇ ਪੰਜਾਬ ਸਰਕਾਰ ਨੇ ਇੱਕ ਐਗਰੀਕਲਚਰ ਮੈਗਾ ਪ੍ਰੋਜੈਕਟ ਪਾਲਿਸੀ ਬਣਾਈ ਹੈ ਅਤੇ ਇੱਕ ਫੂਡ ਪ੍ਰੋਸੈਸਿੰਗ ਉਦਯੋਗ ਦਾ ਵਿਭਾਗ ਸਥਾਪਿਤ ਕੀਤਾ ਹੈ। ਪੰਜਾਬ ਸਟੇਟ ਐਗਰੋ ਇੰਡਸਟ੍ਰੀਜ਼ ਕਾਰਪੋਰੇਸ਼ਨ ਦੀ ਅਗਵਾਈ ਹੇਠ ਚੱਲਣ ਵਾਲੀ ਐਗਰੋਇੰਡਸਟ੍ਰੀਅਲ ਪਾਲਿਸੀ ਵੀ ਬਣਾਈ ਗਈ ਹੈ। ਇਨ੍ਹਾਂ ਪਹਿਲ-ਕਦਮੀਆਂ ਨਾਲ ਖੇਤੀ ਆਧਾਰਿਤ ਪ੍ਰੋਸੈਸਿੰਗ ਉਦਯੋਗ ਤੋਂ ਭਾਵੇਂ ਕਾਫੀ ਆਰਥਿਕ ਫਾਇਦੇ ਹੋਣ ਦੀ ਆਸ ਰੱਖੀ ਜਾ ਸਕਦੀ ਹੈ ਪਰ ਅਜੇ ਹੋਰ ਕਈ ਤਰ੍ਹਾਂ ਦੀਆ ਕੋਸ਼ਿਸ਼ਾਂ ਕਰਨੀਆਂ ਵੀ ਜ਼ਰੂਰੀ ਹਨ।

ਪੰਜਾਬ ਵਿਚਲੇ ਵੱਖ-ਵੱਖ ਖੇਤਰਾਂ/ਇਲਾਕਿਆਂ ਵਾਸਤੇ ਵਿਨਾਸ਼ਸ਼ੀਲ ਅਤੇ ਗ਼ੈਰ-ਵਿਨਾਸ਼ਸ਼ੀਲ ਫ਼ਸਲਾਂ ਦੇ ਖੇਤੀ ਆਧਾਰਿਤ ਪ੍ਰੋਸੈਸਿੰਗ ਉਦਯੋਗਾਂ ਦੇ ਪਿੰਡਾਂ ਵਿੱਚ ਵਿਸਥਾਰ ਕਰਨ ਵਾਸਤੇ ਵੱਖ-ਵੱਖ ਪਲਾਨ ਤੇ ਕਾਰਜ ਨੀਤੀਆਂ ਬਣਾਉਣ ਦੀ ਲੋੜ ਹੈ। ਇਹ ਵੀ ਜ਼ਰੂਰੀ ਹੈ ਕਿ ਖੇਤਰ ਨਿਸ਼ਚਿਤ ਪੂੰਜੀ ਨਿਵੇਸ਼ ਦੇ ਪ੍ਰਬੰਧ ਕਰਕੇ ਪ੍ਰੋਸੈਸਿੰਗ ਉਦਯੋਗ ਨਿਸ਼ਚਿਤ ਲੋੜੀਂਦੀਆਂ ਸਹੂਲਤਾਂ ਅਤੇ ਸਾਧਨ ਪੈਦਾ ਕੀਤੇ ਜਾਣ, ਕਿਸਾਨਾਂ ਦੇ ਉਦਯੋਗ ਅਤੇ ਮੰਡੀ ਨਾਲ ਸੰਬੰਧ ਪੈਦਾ ਕੀਤੇ ਜਾਣ, ਲੋੜੀਂਦੇ ਕੱਚੇ ਮਾਲ ਦੀ ਸਪਲਾਈ ਲਗਾਤਾਰ ਯਕੀਨੀ ਬਣਾਈ ਜਾਵੇ, ਵਿਨਾਸ਼ਸ਼ੀਲ ਉਪਜਾਂ ਵਾਸਤੇ ਖੇਤ ਤੋਂ ਮੰਡੀ/ਖਪਤਕਾਰ ਤੱਕ ਠੰਢੀ-ਕੜੀ

ਸਥਾਪਿਤ ਕੀਤੀ ਜਾਵੇ, ਊਰਜਾ (ਬਿਜਲੀ) ਦਾ ਮਿਲਣਾ ਯਕੀਨੀ ਕੀਤਾ ਜਾਵੇ, ਉਦਯੋਗ ਨਿਸ਼ਚਿਤ ਲੋੜੀਂਦੇ ਸਿਖਲਾਈ ਪ੍ਰਾਪਤ ਕਾਮਿਆਂ ਦਾ ਮਿਲਣਾ ਸੰਭਵ ਹੋਵੇ ਅਤੇ ਪਿੰਡਾਂ ਵਿੱਚ ਸਾਫ-ਸਫਾਈ ਤੇ ਹੋਰ ਬੁਨਿਆਦੀ ਸਹੂਲਤਾਂ ਪੈਦਾ ਕੀਤੀਆਂ ਜਾਣ। ਇਸ ਤੋਂ ਇਲਾਵਾ ਇਨ੍ਹਾਂ ਉਦਯੋਗਾਂ ਨੂੰ ਸਥਾਪਿਤ ਕਰਨ, ਆਧੁਨਿਕੀਕਰਨ ਅਤੇ ਕੁਸ਼ਲਤਾ ਨਾਲ ਉਤਪਾਦਨ ਤੇ ਮੰਡੀਕਰਨ ਵਾਸਤੇ ਤਕਨੀਕੀ ਜਾਣਕਾਰੀ ਮਿਲਣ ਦੀ ਵੀ ਬਹੁਤ ਮਹੱਤਤਾ ਹੈ।

ਹਰ ਖੇਤਰ ਵਿੱਚ ਵੱਖ-ਵੱਖ ਖੇਤੀ ਆਧਾਰਿਤ ਪ੍ਰੋਸੈਸਿੰਗ ਉਦਯੋਗਿਕ ਸਮੂਹ ਬਣਨੇ ਚਾਹੀਦੇ ਹਨ ਜਿਨ੍ਹਾਂ ਵਿੱਚ ਫ਼ਸਲਾਂ ਦੀ ਉਪਜ ਦੀ ਪ੍ਰੋਸੈਸਿੰਗ ਤੇ ਉੱਚ-ਮੁੱਲ ਦੇ ਪਦਾਰਥ ਤਿਆਰ ਕਰਨ ਵਾਸਤੇ ਕਿਸਾਨ ਤੇ ਕਾਮੇ (ਮੁੱਢਲੇ ਉਤਪਾਦਕ) ਪਿੰਡ ਅਤੇ ਬਲਾਕ ਪੱਧਰ ’ਤੇ ਛੋਟੀਆਂ ਤੇ ਦਰਮਿਆਨੀਆਂ ਇਕਾਈਆਂ ਅਤੇ ਖੇਤਰ ਪੱਧਰ ’ਤੇ ਵੱਡੀਆਂ ਉਦਯੋਗਿਕ ਇਕਾਈਆਂ ਆਪਸ ਵਿੱਚ ਸਹੀ ਸੰਬੰਧਾਂ ਦੇ ਸਹਾਰੇ ਨਾਲ ਇਕ ਲੜੀ ਵਿੱਚ ਕੰਮ ਕਰਨ। ਇਕ ਕੜੀ ਵਿੱਚ ਛੋਟੀਆਂ ਤੇ ਦਰਮਿਆਨੀਆਂ ਇਕਾਈਆਂ ਪਿੰਡਾਂ ਵਿੱਚੋਂ ਲੋੜੀਂਦੀਆਂ ਫ਼ਸਲਾਂ ਦੀ ਉਪਜ (ਕੱਚਾ ਮਾਲ) ਖਰੀਦ ਕੇ ਮੁੱਢਲੀ ਪ੍ਰੋਸੈਸਿੰਗ ਕਰਕੇ ਅਤੇ ਅੱਧ-ਪ੍ਰੋਸੈਸਡ ਪਦਾਰਥ ਤਿਆਰ ਕਰਨ ਅਤੇ ਵੱਡੀਆਂ ਇਕਾਈਆਂ ਕੱਚੇ ਮਾਲ ਦੀ ਸਪਲਾਈ ਲਗਾਤਾਰ ਕਾਇਮ ਰੱਖਣ ਦੇ ਪ੍ਰਬੰਧ ਕਰਨ ਤੇ ਪੂਰੀ ਤਰ੍ਹਾਂ ਪ੍ਰੋਸੈੱਸ ਕਰਕੇ ਪਦਾਰਥਾਂ ਦਾ ਮੰਡੀਕਰਨ ਕਰਨ। ਇਸ ਤਰ੍ਹਾਂ ਉਦਯੋਗ ਤੇ ਖਪਤਕਾਰ ਸੰਬੰਧਾਂ ਨਾਲ ਕਿਸਾਨ ਆਪਣੀਆਂ ਫ਼ਸਲਾਂ ਦੇ ਉੱਚੇ-ਮੁੱਲ ਲੈਣ ਵਾਸਤੇ ਸੌਦੇ ਵੀ ਕਰ ਸਕਣਗੇ।

ਇਨ੍ਹਾਂ ਉਦਯੋਗਾਂ ਦੀ ਕਿਸਮ, ਆਕਾਰ ਤੇ ਸਥਾਪਨਾ ਵਾਸਤੇ ਜਗ੍ਹਾ ਦੀ ਚੋਣ, ਕੱਚੇ ਮਾਲ ਦੀ ਉਪਲੱਬਧਤਾ, ਲੋੜੀਂਦੇ ਸਾਧਨਾਂ ਤੇ ਇਨਪੁਟਸ ਦੀ ਹੋਂਦ, ਮੰਡੀ ਸਹਾਇਤਾ, ਪਿੰਡਾਂ ਵਿੱਚ ਬੁਨਿਆਦੀ ਸਹੂਲਤਾਂ ਤੇ ਸਮਾਜਿਕ ਲੋੜਾਂ ਅਤੇ ਪ੍ਰੋਸੈਸਿੰਗ ਸੰਬੰਧਿਤ ਹੋਰ ਕਾਰਜਾਂ ਦੇ ਵਿਸ਼ਲੇਸ਼ਣ ਦੇ ਆਧਾਰ ’ਤੇ ਹੋਣੇ ਚਾਹੀਦੇ ਹਨ। ਖਾਸ ਮਹੱਤਤਾ ਉਨ੍ਹਾਂ ਉਦਯੋਗਾਂ ਦੀ ਸਥਾਪਨਾ ਨੂੰ ਦੇਣੀ ਚਾਹੀਦੀ ਹੈ ਜੋ ਸਥਾਨਕ ਉਪਲੱਬਧ ਕੱਚੇ ਮਾਲ ਵਰਤਣ ਅਤੇ ਘੱਟ ਤੋਂ ਘੱਟ ਇਨਪੁਟਸ (ਪਾਣੀ, ਊਰਜਾ ਆਦਿ) ਨਾਲ ਵੀ ਉੱਚ ਉਤਪਾਦਨ-ਕੁਸ਼ਲਤਾ ਵਾਲੇ ਕਾਰਜ ਕਰਨ। ਇਸ ਤਰ੍ਹਾਂ ਉਦਯੋਗਾਂ ਦੀ ਸਥਾਪਨਾ ਨਾਲ ਵਪਾਰਿਕ ਗਤੀਵਿਧੀਆਂ ਵਧਣਗੀਆਂ ਜਿਸ ਨਾਲ ਯੁਵਕਾਂ ਤੇ ਹੋਰ ਕਾਮਿਆਂ ਨੂੰ ਉਨ੍ਹਾਂ ਦੇ ਆਪਣੇ ਹੀ ਪਿੰਡਾਂ ਵਿੱਚ ਰੁਜ਼ਗਾਰ ਦੇ ਮੌਕੇ ਮਿਲਣ ਨਾਲ ਉਹ ਆਪਣੀ ਖੇਤੀ ਆਧਾਰਿਤ ਆਮਦਨ ਵਿੱਚ ਹੋਰ ਵਾਧਾ ਕਰ ਸਕਣਗੇ ਅਤੇ ਲੋੜਾਂ ਨਾਲੋਂ ਘੱਟ ਆਮਦਨ ਵਾਲੇ ਹਾਲਾਤਾਂ ਵਿੱਚੋਂ ਕਾਫੀ ਹੱਦ ਤੱਕ ਬਾਹਰ ਨਿਕਲ ਸਕਣਗੇ।

ਇਨ੍ਹਾਂ ਸਾਰੇ ਖੇਤੀ ਆਧਾਰਿਤ ਪ੍ਰੋਸੈਸਿੰਗ ਉਦਯੋਗਾਂ ਵਾਸਤੇ ਸਹੀ ਕੁਆਲਿਟੀ ਦੇ ਕੱਚੇ ਮਾਲ ਦਾ ਸਹੀ ਸਮੇਂ ਅਤੇ ਲੋੜੀਂਦੀ ਮਾਤਰਾ ਵਿੱਚ ਉਪਲੱਬਧ ਹੋਣਾ ਮੁਢਲੀ ਜ਼ਰੂਰਤ ਹੈ। ਪਰ ਪੰਜਾਬ ਵਿੱਚ ਮੌਜੂਦਾ ਫ਼ਸਲਾਂ ਦੀਆਂ ਕਿਸਮਾਂ ਦੀ ਉਪਜ ਵਿੱਚ ਪ੍ਰੋਸੈਸਿੰਗ ਕਰਨ ਯੋਗ ਗੁਣਾਂ ਵਿੱਚ ਕਾਫੀ ਕਮੀਆਂ ਹਨ। ਕਣਕ ਵਿੱਚ ਕਰਨਾਲ ਬੰਟ ਬੀਮਾਰੀ ਤੇ ਘੱਟ

ਪ੍ਰੋਟੀਨ ਦੀ ਸਮੱਸਿਆ ਹੈ। ਮੱਕੀ ਵਿੱਚ ਮੌਜੂਦਾ ਪ੍ਰੋਟੀਨ ਦੀ ਮਾਤਰਾ ਨਾਲੋਂ ਦੂਣੀ ਹੋਣੀ ਚਾਹੀਦੀ ਹੈ। ਸਰ੍ਹੋਂ ਦੇ ਤੇਲ ਵਿੱਚ ਗਲਾਈਕੋਸਾਨੇਟ ਨਹੀਂ ਹੋਣੇ ਚਾਹੀਦੇ। ਅੰਗੂਰਾਂ ਵਿੱਚ ਸ਼ੂਗਰ ਘੱਟ (17-18 ਪ੍ਰਤੀਸ਼ਤ) ਅਤੇ ਖਟਾਸ ਜ਼ਿਆਦਾ ਹੈ। ਕਿੰਨੂ ਵਿੱਚ ਬੀਜ ਜ਼ਿਆਦਾ ਤੇ ਕੁੜੱਤਣ ਹੈ। ਆਲੂਆਂ ਵਿੱਚ ਸ਼ੂਗਰ ਜ਼ਿਆਦਾ (0.2 ਪ੍ਰਤੀਸ਼ਤ ਤੋਂ ਵੱਧ) ਹੈ। ਇਸੇ ਤਰ੍ਹਾਂ ਹੋਰ ਕਈ ਫ਼ਸਲਾਂ ਦੇ ਗੁਣ ਸਹੀ ਨਹੀਂ ਹਨ। ਕਈ ਫ਼ਸਲਾਂ, ਫਲਾਂ ਤੇ ਸਬਜ਼ੀਆਂ ਵਿੱਚ ਕੀਟਨਾਸ਼ਕ ਜਹਿਰਾਂ ਦੀ ਬਹੁਤ ਜ਼ਿਆਦਾ ਮਾਤਰਾ ਜਮ੍ਹਾ ਹੋ ਜਾਂਦੀ ਹੈ। ਨਤੀਜੇ ਵਜੋਂ ਸਾਡੇ ਖੇਤੀ ਆਧਾਰਿਤ ਉਦਯੋਗਾਂ ਵਿੱਚ ਪ੍ਰੋਸੈੱਸ ਕੀਤੇ ਪਦਾਰਥ ਵਿਸ਼ਵ ਦੀਆਂ ਮੰਡੀਆਂ ਵਿੱਚ ਪ੍ਰਵਾਨਿਤ ਨਹੀਂ ਹੁੰਦੇ। ਇਸ ਵਾਸਤੇ ਲੋੜ ਹੈ ਕਿ ਫ਼ਸਲਾਂ ਦੀਆਂ ਕਿਸਮਾਂ ਕੱਢਣ ਵਾਲੇ ਵਿਗਿਆਨੀ, ਫੂਡ ਪ੍ਰੋਸੈਸਿੰਗ ਦੇ ਖੋਜੀ ਅਤੇ ਉਦਯੋਗੀ ਇਕੱਠੇ ਤੌਰ ’ਤੇ ਫ਼ਸਲਾਂ ਦੀਆਂ ਉਹ ਕਿਸਮਾਂ ਵਿਕਸਤ ਕਰਨ ਜਿਨ੍ਹਾਂ ਵਿੱਚ ਲੋੜੀਂਦੇ ਪ੍ਰੋਸੈਸਿੰਗ ਕੀਤੇ ਜਾਣ ਵਾਲੇ ਗੁਣ ਹੋਣ ਅਤੇ ਪਦਾਰਥਾਂ ਦੀ ਕੁਆਲਿਟੀ ਖਪਤਕਾਰਾਂ ਨੂੰ ਪ੍ਰਵਾਨਿਤ ਹੋਵੇ। ਕੰਟ੍ਰੈਕਟ ਖੇਤੀ ਰਾਹੀਂ ਉਦਯੋਗ ਆਪਣੀ ਲੋੜ ਅਨੁਸਾਰ ਕਿਸਾਨਾਂ ਕੋਲੋਂ ਸਹੀ ਫ਼ਸਲ ਦੀ ਕਿਸਮ (ਕੱਚਾ ਮਾਲ) ਪੈਦਾ ਕਰਵਾ ਸਕਦੇ ਹਨ।

ਪੰਜਾਬ ਵਿੱਚ ਖੇਤੀ ਆਧਾਰਿਤ ਉਦਯੋਗ ਨੂੰ ਲੋੜੀਂਦੇ ਸਿਖਲਾਈ ਤੇ ਜੁਗਤਾਂ ਪ੍ਰਾਪਤ ਰੋਜ਼ਗਾਰ ਦੇਣ ਯੋਗ ਕਾਮਿਆਂ ਦੀ ਘਾਟ ਹੈ। ਇਸ ਵਾਸਤੇ ਉਦਯੋਗਿਕ ਇਕਾਈਆਂ ਦੇ ਕਿਸਾਨ ਸਿਖਲਾਈ ਕੇਂਦਰਾਂ, ਕ੍ਰਿਸ਼ੀ ਵਿਗਿਆਨ ਕੇਂਦਰਾਂ, ਵਿਦਿਅਕ ਅਦਾਰਿਆਂ ਤੇ ਖੋਜ ਸੰਸਥਾਵਾਂ ਨਾਲ ਤਕਨੀਕੀ ਸੰਬੰਧ ਬਣਨੇ ਚਾਹੀਦੇ ਹਨ ਤਾਂ ਜੋ ਇਨ੍ਹਾਂ ਉਦਯੋਗਿਕ ਇਕਾਈਆਂ ਨੂੰ ਜੁਗਤੀ ਕਾਮੇ, ਤਕਨੀਕੀ ਸਲਾਹ, ਨਵੀਆਂ ਮੁਹਾਰਤਾਂ ਲਗਾਤਾਰ ਮਿਲਦੇ ਰਹਿਣ। ਵਿਦਿਆਰਥੀਆਂ, ਅਧਿਆਪਕਾਂ, ਕਿਸਾਨਾਂ, ਖੋਜੀਆਂ ਤੇ ਵਿਕਾਸ ਦੇ ਕਾਮਿਆਂ ਨੂੰ ਪ੍ਰੋਸੈਸਿੰਗ ਉਦਯੋਗਾਂ ਬਾਰੇ ਵੀ ਜਾਗਰੂਕ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਖੇਤੀ ਆਧਾਰਿਤ ਪ੍ਰੋਸੈਸਿੰਗ ਉਦਯੋਗਾਂ ਨੂੰ ਉੱਚ ਕੁਆਲਿਟੀ ਦੇ ਪਦਾਰਥ ਤਿਆਰ ਕਰਨ ਵਿੱਚ ਬਲ ਅਤੇ ਕਿਸਾਨਾਂ ਤੇ ਯੁਵਕਾਂ ਨੂੰ ਬਿਨਾਂ ਰੁਕਾਵਟ ਰੋਜ਼ਗਾਰ ਮਿਲੇਗੀ ਜਿਸ ਤੋਂ ਹੋਣ ਵਾਲੀ ਆਮਦਨ ਖੇਤੀ ਆਧਾਰਿਤ ਆਮਦਨ ਵਿੱਚ ਜੁੜੇਗੀ।

ਹੁਣ ਲੋੜ ਹੈ ਕਿ ਪੇਂਡੂ ਵਿਕਾਸ ਦੇ ਸਰਕਾਰੀ ਤੇ ਗ਼ੈਰ-ਸਰਕਾਰੀ ਅਦਾਰੇ, ਗ਼ੈਰ-ਸਰਕਾਰੀ ਸੰਗਠਨ ਤੇ ਪ੍ਰੋਸੈਸਿੰਗ ਉਦਯੋਗ ਦੇ ਮਾਹਿਰ ਪੇਂਡੂ ਭਾਈਚਾਰੇ, ਪੰਚਾਇਤਾਂ, ਕਿਸਾਨ ਜਥੇਬੰਦੀਆਂ ਤੇ ਪੇਂਡੂ ਉੱਦਮੀਆਂ ਨੂੰ ਮਾਲੀ, ਤਕਨੀਕੀ ਅਤੇ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਦੇ ਕੇ ਛੋਟੇ ਤੇ ਦਰਮਿਆਨੇ ਪੱਧਰ ਦੇ ਖੇਤੀ ਆਧਾਰਿਤ ਉਦਯੋਗ ਸਥਾਪਿਤ ਕਰਨ ਅਤੇ ਉਨ੍ਹਾਂ ਨੂੰ ਸਹੀ ਤਰ੍ਹਾਂ ਨਾਲ ਚਲਾਉਣ ਵਾਸਤੇ ਪ੍ਰੇਰਿਤ ਕਰਨ। ਕਈ ਇਲਾਕਿਆਂ ਵਿੱਚ ਕਿਸਾਨ ਜਥੇਬੰਦੀਆਂ ਬਹੁਤ ਸ਼ਲਾਘਾਯੋਗ ਕੰਮ ਕਰ ਵੀ ਰਹੀਆਂ ਹਨ ਜਿਵੇਂ ਕਿ ਸਦਾ ਸ਼ਿਵ ਮਾਡਲ ਔਰਤਾਂ ਸਵੈ-ਮਦਦ ਨਾਲ ਫਲਾਂ ਤੇ ਸਬਜ਼ੀਆਂ ਦੀ ਪ੍ਰੋਸੈਸਿੰਗ ਕਰ ਰਹੀਆਂ ਹਨ, ਇਕ ਕਿਸਾਨ ਸੰਗਠਨ ਹਲਦੀ ਤੇ ਹੋਰ ਸਬਜ਼ੀਆਂ ਦੀ ਪ੍ਰੋਸੈਸਿੰਗ ਕਰ ਰਿਹਾ ਹੈ। ਇਸ ਤਰ੍ਹਾਂ ਸਥਾਨਕ ਸਾਧਨਾਂ ਤੇ ਕੱਚੇ ਮਾਲ ਦੀ ਵਰਤੋਂ ਕਰਕੇ ਕਾਫੀ ਆਰਥਿਕ

ਫਾਇਦੇ ਲਏ ਜਾ ਸਕਦੇ ਹਨ।

ਹੁਣ ਸਮਾਂ ਹੈ ਕਿ ਨੀਤੀਆਂ ਬਣਾਉਣ ਵਾਲੇ, ਪੂੰਜੀ ਪ੍ਰਬੰਧਕ, ਕਿਸਾਨ ਤੇ ਪੇਂਡੂ ਭਾਈਚਾਰਾ ਇਹ ਸਮਝਣ ਕਿ ਪੰਜਾਬ ਦੀ ਖੇਤੀ ਆਧਾਰਿਤ ਆਰਥਿਕ ਵਿਵਸਥਾ ਵਾਧੇ ਵੱਲ ਕਾਇਮ ਰੱਖਣ ਵਾਸਤੇ ਫ਼ਸਲਾਂ ਦੀ ਉਪਜ (ਖਾਸ ਤੌਰ 'ਤੇ ਵਿਨਾਸ਼ਸ਼ੀਲ) ਦੇ ਪ੍ਰੋਸੈਸਿੰਗ ਉਦਯੋਗ ਨੂੰ ਬੜਾਵਾ ਦੇਣਾ ਜ਼ਰੂਰੀ ਹੈ ਜਿਸ ਵਾਸਤੇ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਪੈਦਾ ਕਰਨਾ, ਕਿਸਾਨਾਂ ਤੇ ਉਦਯੋਗਾਂ (ਖਾਸ ਤੌਰ 'ਤੇ ਛੋਟੇ ਪੱਧਰ ਦੇ) ਨੂੰ ਮਾਲੀ ਸਹਾਇਤਾ ਦੇਣਾ, ਕੁਆਲਿਟੀ ਇਨਪੁਟਸ ਮੁਹੱਈਆ ਕਰਨਾ, ਆਧੁਨਿਕ ਮੰਡੀਕਰਨ ਤਕਨੀਕ ਅਪਨਾਉਣਾ, ਫੂਡ ਸੇਫਟੀ ਵਾਸਤੇ ਮਾਪਦੰਡਾਂ ਨੂੰ ਅਪਨਾਉਣਾ ਆਦਿ ਚੁਣੌਤੀਆਂ ਹਨ। ਇਸ ਕਰਕੇ ਲੋੜ ਹੈ ਕਿ ਕਿਸਾਨ, ਤਕਨਾਲੋਜਿਸਟਸ, ਫੂਡ ਇੰਜੀਨੀਅਰ, ਖੇਤੀ ਵਿਗਿਆਨੀ, ਉਦਯੋਗੀ, ਪੂੰਜੀ ਪ੍ਰਬੰਧਕ, ਖੇਤੀ ਉਦਯੋਗ ਦੇ ਸਰਕਾਰੀ ਅਦਾਰੇ ਅਤੇ ਹੋਰ ਪ੍ਰੋਸੈਸਿੰਗ ਨਾਲ ਸੰਬੰਧਿਤ ਅਦਾਰੇ ਸਾਂਝੀ ਸੋਚ ਤੇ ਕਾਰਜ ਨੀਤੀ ਨਾਲ ਪੰਜਾਬ ਦੇ ਪੇਂਡੂ ਇਲਾਕਿਆਂ ਵਿੱਚ ਖੇਤੀ ਆਧਾਰਿਤ ਉਦਯੋਗਾਂ ਦਾ ਵਿਸਤਾਰ ਕਰਨ ਵਾਸਤੇ ਕੋਸ਼ਿਸ਼ ਕਰਨ।

❖❖❖

# 15

# ਕੰਢੀ ਖੇਤਰ ਵਿੱਚ ਬਰਾਨੀ ਖੇਤੀਬਾੜੀ ਦਾ ਆਧੁਨਿਕੀਕਰਨ

ਪੰਜਾਬ ਦੇ ਉੱਤਰ-ਪੂਰਬ ਖੇਤਰ ਵਿੱਚ ਸਥਿਤ ਜ਼ਿਲ੍ਹਿਆਂ (ਗੁਰਦਾਸਪੁਰ, ਹੁਸ਼ਿਆਰਪੁਰ, ਰੋਪੜ, ਨਵਾਂਸ਼ਹਿਰ ਤੇ ਮੁਹਾਲੀ) ਦੇ ਅਰਧ ਪਹਾੜੀ (ਨੀਮ ਪਹਾੜੀ) ਅਤੇ ਨਾਲ ਲੱਗਦੇ ਇਲਾਕੇ ਨੂੰ ਕੰਢੀ ਖੇਤਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਹੇਠ 4600 ਵਰਗ ਕਿਲੋਮੀਟਰ ਰਕਬਾ ਹੈ ਜੋ ਪੰਜਾਬ ਦੇ ਕੁੱਲ ਖੇਤਰਫਲ ਦਾ 10 ਪ੍ਰਤੀਸ਼ਤ ਬਣਦਾ ਹੈ। ਇਸ ਇਲਾਕੇ ਵਿੱਚ ਸਾਲਾਨਾ 800 ਤੋਂ 1000 ਮਿਲੀਮੀਟਰ ਬਾਰਿਸ਼ ਹੁੰਦੀ ਹੈ ਜਿਸ ਵਿੱਚੋਂ 80 ਪ੍ਰਤੀਸ਼ਤ ਮੌਨਸੂਨ ਦੇ ਮਹੀਨਿਆਂ (ਜੁਲਾਈ ਤੋਂ ਸਤੰਬਰ) ਵਿੱਚ ਪੈ ਜਾਂਦੀ ਹੈ ਅਤੇ ਉਸ ਦਾ 30 ਤੋਂ 40 ਪ੍ਰਤੀਸ਼ਤ ਹਿੱਸਾ ਚੋਆਂ ਵਿੱਚ ਹੜ੍ਹਾਂ ਰਾਹੀਂ ਰੁੜ੍ਹ ਜਾਣ ਕਾਰਨ ਸਾਲ ਦੇ ਬਾਕੀ ਸਾਰੇ ਮਹੀਨਿਆਂ ਦੌਰਾਨ ਸੋਕੇ ਵਰਗੇ ਹਾਲਾਤ ਬਣੇ ਰਹਿੰਦੇ ਹਨ। ਧਰਾਤਲ ਉੱਚਾ-ਨੀਵਾਂ ਹੋਣ ਕਾਰਨ ਬਾਰਿਸ਼ ਦੇ ਪਾਣੀ ਨਾਲ ਜ਼ਮੀਨ ਦੀ ਕੱਟ-ਵੱਢ ਹੋ ਕੇ ਮਿੱਟੀ ਵੀ ਜ਼ਿਆਦਾ ਰੁੜ੍ਹਦੀ ਹੈ ਜਿਸ ਕਰਕੇ ਇਸ ਖੇਤਰ ਵਿੱਚ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਬਹੁਤ ਘੱਟ ਹੈ। ਭਾਵੇਂ ਸਾਉਣੀ ਦੌਰਾਨ ਬਾਰਿਸ਼ ਦੀ ਮਾਤਰਾ ਆਮ ਤੌਰ ’ਤੇ ਸਾਉਣੀ ਦੀਆਂ ਫ਼ਸਲਾਂ ਦੀ ਭਾਫ-ਸੰਕਰਮਣ (Evapo-transpiration) ਜ਼ਰੂਰਤ ਤੋਂ ਵੱਧ ਜਾਂਦੀ ਹੈ, ਪਰ ਕਈ ਵਾਰ ਬਰਸਾਤ ਦੇ ਮੌਸਮ ਵਿੱਚ ਵੀ ਔੜ ਲੱਗਣ ਕਾਰਨ ਸੋਕਾ ਪੈ ਜਾਂਦਾ ਹੈ ਜਿਸ ਨਾਲ ਖੜ੍ਹੀਆਂ ਫ਼ਸਲਾਂ ਪਾਣੀ ਦੀ ਘਾਟ ਦਾ ਸ਼ਿਕਾਰ ਹੋ ਜਾਂਦੀਆਂ ਹਨ। ਸਰਦੀਆਂ ਦੀਆਂ ਫ਼ਸਲਾਂ ਦੇ ਝਾੜ ਬਹੁਤ ਹੱਦ ਤੱਕ ਬਿਜਾਈ ਵੇਲੇ ਮਿੱਟੀ ਵਿੱਚ ਜਜ਼ਬ ਹੋਏ ਪਾਣੀ ਦੀ ਮਾਤਰਾ ਅਤੇ ਸਰਦੀਆਂ ਦੌਰਾਨ ਹੋਈ ਬਾਰਿਸ਼ ਦੀ ਮਾਤਰਾ ਤੇ ਨਿਰਭਰ ਕਰਦੇ ਹਨ। ਪਰ ਸਰਦੀਆਂ ਦੀ ਰੁੱਤ ਦੌਰਾਨ ਬਾਰਿਸ਼ ਘੱਟ ਹੋਣ ਕਾਰਨ ਫ਼ਸਲ ਦਾ ਪੂਰਾ ਵਾਧਾ ਤੇ ਵਿਕਾਸ ਨਹੀਂ ਹੁੰਦਾ। ਇਸ ਤੋਂ ਇਲਾਵਾ ਇਸ ਖੇਤਰ ਵਿੱਚ ਜ਼ਮੀਨ ਹੇਠਲਾ ਪਾਣੀ ਵੀ ਬਹੁਤ ਡੂੰਘਾ ਹੈ। ਸਿੱਟੇ ਵਜੋਂ ਏਥੇ ਬਰਾਨੀ ਖੇਤੀ ਹੀ ਸੰਭਵ ਹੈ ਜਿਸ ਕਰਕੇ ਫ਼ਸਲਾਂ ਦਾ ਝਾੜ ਘੱਟ ਹੁੰਦਾ ਹੈ। ਇੱਕ ਹੋਰ ਬੜੀ ਸਮੱਸਿਆ ਇਹ ਹੈ ਕਿ ਇਸ ਖੇਤਰ ਵਿੱਚ ਜੰਗਲੀ ਜਾਨਵਰ ਫ਼ਸਲ ਦੀ ਬਿਜਾਈ ਤੋਂ ਲੈ ਕੇ ਵਾਢੀ ਤੱਕ, ਖ਼ਾਸਕਰ ਜੰਗਲਾਂ ਅਤੇ ਬੰਜਰ ਜ਼ਮੀਨਾਂ ਦੇ ਨਾਲ ਲੱਗਦੇ ਖੇਤਰਾਂ ਵਿੱਚ, ਫ਼ਸਲਾਂ ਦਾ ਨੁਕਸਾਨ ਬਹੁਤ ਕਰਦੇ ਹਨ।

ਇਸ ਇਲਾਕੇ ਦੇ ਜ਼ਿਆਦਾਤਰ ਕਿਸਾਨਾਂ ਕੋਲ ਪੰਜ ਏਕੜ ਤੋਂ ਘੱਟ ਜ਼ਮੀਨ ਹੈ ਅਤੇ ਫ਼ਸਲਾਂ ਦੀ ਪੈਦਾਵਾਰ ਘੱਟ ਹੋਣ ਕਰਕੇ ਉਨ੍ਹਾਂ ਦੀ ਮਾਲੀ ਹਾਲਤ ਕਮਜ਼ੋਰ ਹੋਣ ਕਾਰਨ ਉਨ੍ਹਾਂ ਦਾ ਜੀਵਨ ਪੱਧਰ ਮਾੜਾ ਹੈ। ਕਈ ਪਰਿਵਾਰਾਂ ਦੇ ਮਰਦ ਮੈਂਬਰ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਦੂਜੇ ਖੇਤਰਾਂ ਵਿੱਚ ਚਲੇ ਜਾਂਦੇ ਹਨ। ਉਹ ਆਮ ਤੌਰ ’ਤੇ ਅਨਾਜ ਮੰਡੀਆਂ ਵਿੱਚ ਅਨਾਜ ਨੂੰ ਤੋਲਣ, ਲੱਦਣ ਤੇ ਲਾਹੁਣ ਵਿੱਚ ਸਹਾਇਤਾ ਕਰਨ ਵਾਲੇ ਕਾਮਿਆਂ

ਵਜੋਂ ਕੰਮ ਕਰਦੇ ਹਨ। ਇਸ ਕਰਕੇ ਉਹ ਆਪਣੀ ਖੇਤੀ ਵਲ ਪੂਰਾ ਧਿਆਨ ਨਹੀਂ ਦੇ ਪਾਉਂਦੇ। ਵਾਸਤਵ ਵਿੱਚ ਆਰਥਿਕ ਵਿਕਾਸ ਦੇ ਲਾਭ ਨੀਮ ਪਹਾੜੀ ਕੰਢੀ ਖੇਤਰ ਵਿੱਚ ਰਹਿੰਦੇ ਕਿਸਾਨਾਂ ਦੇ ਪੱਧਰ ਤੱਕ ਪੂਰੀ ਤਰ੍ਹਾਂ ਨਹੀਂ ਪਹੁੰਚੇ ਜਿਸ ਕਾਰਨ ਛੋਟੇ ਕਿਸਾਨ ਘਾਟੇ ਵਾਲੀ ਖੇਤੀ ਛੱਡ ਰਹੇ ਹਨ।

ਇਸ ਖੇਤਰ ਵਿੱਚ ਖੇਤੀਬਾੜੀ ਦਾ ਆਧੁਨਿਕੀਕਰਨ ਬਾਰਿਸ਼ ਨਿਰਭਰ ਖੇਤੀ ਅਤੇ ਸੋਕੇ ਹੇਠ ਜ਼ਮੀਨ ਆਧਾਰਿਤ ਸਮੁੱਚੀ ਖੇਤੀਬਾੜੀ ਪ੍ਰਣਾਲੀ (ਉਤਪਾਦਨ, ਵਾਢੀ ਤੋਂ ਬਾਅਦ ਪ੍ਰਬੰਧਨ ਅਤੇ ਮੰਡੀਕਰਨ) ਦਾ ਵਿਕਾਸ ਅਤੇ ਕਿਸਾਨ ਤੇ ਕਿਸਾਨੀ ਦਾ ਸ਼ਕਤੀਕਰਨ, ਉੱਚ ਉਤਪਾਦਕਤਾ, ਉੱਚ ਆਮਦਨੀਅਤ ਫਾਰਮ ਤੇ ਗ਼ੈਰ-ਫਾਰਮ ਰੁਜ਼ਗਾਰ ਪੈਦਾ ਕਰਨ ਵਾਲੇ ਕਿੱਤੇ ਵਾਂਗ ਹੋਣਾ ਚਾਹੀਦਾ ਹੈ। ਸਰਕਾਰ ਨੂੰ ਲਾਜ਼ਮੀ ਤੌਰ ’ਤੇ ਵਿਗਿਆਨ ਆਧਾਰਿਤ ਨੀਤੀਆਂ ਅਤੇ ਕਾਰਜ ਯੋਜਨਾਵਾਂ ਵਿਕਸਤ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਸੁਰੱਖਿਅਤ ਅਤੇ ਲਾਭਕਾਰੀ ਨਵੀਆਂ ਤਕਨਾਲੋਜੀਆਂ ਦਾ ਵਿਕਾਸ ਕੀਤਾ ਜਾ ਸਕੇ ਅਤੇ ਇਨ੍ਹਾਂ ਦੀ ਨਿਰੰਤਰ ਵਰਤੋਂ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਵਾਤਾਵਰਣ ਬਣਾਇਆ ਜਾ ਸਕੇ।

ਉੱਪਰ ਵਰਨਣ ਕੀਤੀਆਂ ਗਈਆਂ ਜ਼ਮੀਨ ਤੇ ਪਾਣੀ ਸੰਬੰਧੀ ਸਮੱਸਿਆਵਾਂ ਦੇ ਮੱਦੇਨਜ਼ਰ ਇਸ ਇਲਾਕੇ ਦੇ ਪਿੰਡ ਬੱਲੋਵਾਲ ਸੌਂਖੜੀ ਵਿੱਚ ਸਥਾਪਿਤ ਪੰਜਾਬ ਐਗਰੀਕਲਚਰਲ ਯੂਨਵਿਰਸਿਟੀ ਲੁਧਿਆਣਾ ਦੇ ਕੰਢੀ ਖੋਜ ਕੇਂਦਰ ਵਲੋਂ ਕਿਸਾਨਾਂ ਦੇ ਖੇਤਾਂ ਵਿੱਚ ਕੀਤੇ ਗਏ ਤਜਰਬਿਆਂ ਦੇ ਆਧਾਰ ’ਤੇ ਜ਼ਮੀਨ ਤੇ ਪਾਣੀ ਦੀ ਸਾਂਭ-ਸੰਭਾਲ ਅਤੇ ਖੇਤੀ ਲਈ ਢੁਕਵੀਂ ਤਕਨਾਲੋਜੀ ਵਿਕਸਤ ਕੀਤੀ ਗਈ ਹੈ। ਇਸ ਤਕਨਾਲੋਜੀ ਨੂੰ ਅਪਨਾਉਣ ਨਾਲ ਇਸ ਇਲਾਕੇ ਵਿੱਚ ਨਾ ਕੇਵਲ ਫ਼ਸਲਾਂ ਦੇ ਝਾੜ ਵਿੱਚ ਵਾਧਾ ਹੁੰਦਾ ਹੈ ਸਗੋਂ ਫਲਾਂ, ਚਾਰੇ ਅਤੇ ਲੱਕੜੀ ਦੀ ਉਪਜ ਵਿੱਚ ਵੀ ਵਾਧਾ ਹੋ ਸਕਦਾ ਹੈ ਜਿਸ ਨਾਲ ਕਿਸਾਨਾਂ ਦੀ ਆਰਥਿਕ ਹਾਲਤ ’ਚ ਕਾਫੀ ਸੁਧਾਰ ਹੋ ਸਕਦਾ ਹੈ। ਲੋੜ ਹੈ ਕਿ ਬਹੁ-ਅਨੁਸ਼ਾਸਨੀ ਪਹੁੰਚ ਨਾਲ ਸਮੁੱਚੇ ਤੌਰ ’ਤੇ ਫ਼ਸਲਾਂ ਦੀਆਂ ਕਿਸਮਾਂ, ਜ਼ਮੀਨ ਦੀ ਸਿਹਤ, ਜਲਵਾਯੂ, ਵੱਖ-ਵੱਖ ਖੇਤੀ ਅਭਿਆਸਾਂ ਅਤੇ ਸਥਾਨਿਕ ਗਿਆਨ ਦੇ ਏਕੀਕ੍ਰਿਤ ਆਧਾਰਿਤ ਜਲ ਕੁਸ਼ਲ ਖੇਤੀਬਾੜੀ ਪ੍ਰਬੰਧਨ (ਜ਼ਮੀਨ ਵਿਚਲੀ ਨਮੀ, ਮੀਂਹ ਦੇ ਪਾਣੀ ਦੀ ਸੰਭਾਲ, ਆਦਿ) ਤਕਨਾਲੋਜੀਆਂ ਦਾ ਵਿਕਾਸ ਅਤੇ ਪ੍ਰਸਾਰ ਕੀਤਾ ਜਾਵੇ। ਇਸ ਤੋਂ ਇਲਾਵਾ ਜਲਵਾਯੂ ਦੀਆਂ ਤਬਦੀਲੀਆਂ ਦੇ ਜੋਖਮਾਂ ਤੋਂ ਬਚ ਸਕਣ ਵਾਲੀਆਂ ਅਤੇ ਬਹੁਤ ਘੱਟ ਪਾਣੀ ਨਾਲ ਉੱਚ ਉਤਪਾਦਨ ਪੈਦਾ ਕਰਨ ਦੇ ਸਮਰਥ ਫ਼ਸਲਾਂ ਤੇ ਉਨ੍ਹਾਂ ਦੀਆਂ ਕਿਸਮਾਂ/ਹਾਈਬ੍ਰਿਡ ਵਿਕਸਤ ਕਰਨ ਦੀ ਜ਼ਰੂਰਤ ਹੈ। ਖੋਜ ਗਤੀਵਿਧੀਆਂ ਨੂੰ ਆਧੁਨਿਕ ਬਣਾਉਣ ਲਈ ਅਤੇ ਲੰਮੇ ਸਮੇਂ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਇਸ ਖੇਤਰੀ ਖੋਜ ਕੇਂਦਰ ਲਈ ਲੋੜੀਂਦੀਆਂ ਸਹੂਲਤਾਂ ਜਿਵੇਂ ਕਿ ਪ੍ਰਯੋਗਸ਼ਾਲਾ, ਗ੍ਰੀਨ ਹਾਊਸ, ਹੋਰ ਜ਼ਰੂਰੀ ਬੁਨਿਆਦੀ ਢਾਂਚੇ ਤੇ ਸਹੂਲਤਾਂ, ਆਈ ਟੀ ਕੁਨੈਕਟਿਵਿਟੀ, ਆਧੁਨਿਕ ਪ੍ਰਸਾਰ ਪ੍ਰਣਾਲੀ ਤਕਨਾਲੋਜੀ ਆਦਿ ਦੀ ਉਪਲੱਬਧੀ ਬਹੁਤ ਜ਼ਰੂਰੀ ਹਨ। ਇਸ ਕਰਕੇ ਇਸ ਖੋਜ ਕੇਂਦਰ

ਨੂੰ ਮਜ਼ਬੂਤ ਕਰਨ ਲਈ ਉਚਿੱਤ ਜਨਤਕ ਤੇ ਨਿਜੀ ਵਿਤੀ ਸਹਾਇਤਾ ਮਿਲਣੀ ਬਹੁਤ ਜ਼ਰੂਰੀ ਹੈ।

ਇਸ ਬਾਰਿਸ਼ ਤੇ ਨਿਰਭਰ ਖੇਤਰ ਵਿੱਚ ਮੁੱਖ ਤੌਰ 'ਤੇ ਕਿਸਾਨਾਂ ਦੇ ਫ਼ਸਲਾਂ, ਫਲਦਾਰ ਰੁੱਖਾਂ, ਪਸ਼ੂ ਪਾਲਕਾਂ ਅਤੇ ਹੋਰ ਕਿਸਮ ਦੇ ਰੁੱਖਾਂ/ਝਾੜੀਆਂ ਦੇ ਨਾਲ ਸਹਿਜੀਤਿਕ (symbiotic) ਸੰਬੰਧ ਹਨ। ਇਸ ਲਈ ਇਸ ਖੇਤਰ ਵਿੱਚ ਨੀਤੀਗਤ ਨਿਰਮਾਣ ਤੇ ਲਾਗੂ ਕਰਨ ਦੀਆਂ ਭਵਿੱਖਤ ਪ੍ਰਕਿਰਿਆਵਾਂ ਦਾ ਉਦੇਸ਼ ਇਨ੍ਹਾਂ ਸਾਰੇ ਭਾਗਾਂ ਦੀ ਉਤਪਾਦਕਤਾ ਅਤੇ ਮੁਨਾਫੇ ਵਿੱਚ ਨਿਰੰਤਰ ਵਾਧਾ ਯਕੀਨਨ ਹੋਣਾ ਜ਼ਰੂਰੀ ਹੈ। ਬਾਰਿਸ਼ ਤੇ ਨਿਰਭਰ ਖੇਤੀਬਾੜੀ ਆਧਾਰਿਤ ਆਰਥਿਕਤਾ ਵਿੱਚ ਸੁਧਾਰ ਲਿਆਉਣ ਲਈ ਸਮੁੱਚੀ ਖੇਤੀਬਾੜੀ ਪ੍ਰਣਾਲੀ ਦਾ ਆਧੁਨਿਕੀਕਰਨ ਅਤੇ ਵਿਕਾਸ ਆਧੁਨਿਕ ਤਕਨਾਲੋਜੀਆਂ ਨੂੰ ਛੋਟੀ ਖੇਤੀ ਦੇ ਸਸ਼ਕਤੀਕਰਨ (ਟੈਕਨਾਲੋਜੀਕਲ, ਵਿਤੀ, ਸਿਖਲਾਈ ਆਦਿ) ਆਧਾਰਿਤ ਹੋਣਾ ਚਾਹੀਦਾ ਹੈ। ਭਵਿੱਖ ਵਿੱਚ ਜੋਖਮ-ਮੁਕਤ/ਘੱਟ ਜੋਖਮ ਅਤੇ ਘੱਟ ਖਰਚੇ ਵਾਲੀਆਂ, ਜਲਵਾਯੂ ਲਚਕੀਲੀਆਂ ਤੇ ਗਿਆਨ ਆਧਾਰਿਤ ਸੂਖਮ ਪ੍ਰਬੰਧਨ ਖੇਤੀ ਤਕਨਾਲੋਜੀਆਂ ਦੇ ਵਿਕਾਸ ਤੇ ਜ਼ੋਰ ਦੇਣਾ ਚਾਹੀਦਾ ਹੈ। ਇਸ ਨੂੰ ਪ੍ਰਾਪਤ ਕਰਨ ਲਈ ਤਕਨਾਲੋਜੀ ਦੇ ਵਿਕਾਸ ਅਤੇ ਪ੍ਰਸਾਰ ਕਿਰਿਆਵਾਂ ਦੌਰਾਨ ਕਿਸਾਨਾਂ, ਖੇਤੀਬਾੜੀ ਅਤੇ ਪਸ਼ੂ ਪਾਲਣ ਵਿਗਿਆਨੀਆਂ, ਕ੍ਰੈਡਿਟ ਅਤੇ ਇਨਪੁਟਸ (ਬੀਜ, ਖਾਦ, ਕੀਟਨਾਸ਼ਕ, ਪਾਣੀ, ਮਸ਼ੀਨਰੀ ਆਦਿ) ਸਪਲਾਈ ਕਰਨ ਵਾਲੀਆਂ ਸੇਵਾਵਾਂ, ਵੱਖ-ਵੱਖ ਪੇਂਡੂ ਵਿਕਾਸ ਏਜੰਸੀਆਂ, ਉਦਯੋਗ, ਉਦਮੀਆਂ, ਨੀਤੀ ਨਿਰਮਾਤਾ, ਅਤੇ ਹੋਰ ਸੰਬੰਧਤ ਸੰਗਠਨਾਂ ਦੀ ਭਾਗੀਦਾਰੀ ਯਕੀਨੀ ਹੋਣੀ ਚਾਹੀਦੀ ਹੈ।

ਇਸ ਇਲਾਕੇ ਵਿੱਚ ਖੇਤੀਬਾੜੀ-ਜੰਗਲਾਤ (ਜਿਸ ਵਿੱਚ ਉਦਯੋਗਿਕ ਅਤੇ ਘਰੇਲੂ ਵਰਤੋਂ ਅਤੇ ਸਿਲਵੀਪੈਸਚਰ ਲਈ ਲੱਕੜ ਪੈਦਾ ਕਰਨ ਦੀ ਸੰਭਾਵਨਾ ਹੈ) ਨੂੰ ਅਤੇ ਚਾਰੇ ਦੇ ਰੁੱਖ ਉਗਾਉਣ ਨੂੰ ਵੀ ਉਤਸ਼ਾਹਿਤ ਕਰਨ ਦੀ ਲੋੜ ਹੈ। ਕੰਢੀ ਖੋਜ ਕੇਂਦਰ ਦੇ ਤਜਰਬਿਆਂ ਨੇ ਇਹ ਵੀ ਸਿੱਧ ਕਰ ਦਿੱਤਾ ਹੈ ਕਿ ਇਸ ਇਲਾਕੇ ਵਿੱਚ ਬਰਾਨੀ ਬਾਗ ਕਾਮਯਾਬ ਹੋ ਸਕਦੇ ਹਨ। ਉਹ ਖੇਤਰ ਜੋ ਫ਼ਸਲਾਂ ਉਗਾਉਣ ਦੇ ਅਨੁਕੂਲ ਨਹੀਂ ਉੱਥੇ ਘਾਅ (ਬੱਬਰ ਘਾਅ ਆਦਿ) ਅਤੇ ਫਲਦਾਰ ਦਰਖਤ ਜਿਵੇਂ ਕਿ ਆਮਲਾ, ਅਮਰੂਦ, ਬੇਰ, ਅੰਬ, ਗਲਗਲ ਉਗਾਉਣ ਦੇ ਉਪਰਾਲੇ ਕਰਨ ਦੀ ਲੋੜ ਹੈ। ਇਸ ਖੇਤਰ ਵਿੱਚ ਕਿਸਾਨਾਂ ਨੂੰ ਮਾਈਕਰੋਸਿੰਚਾਈ (ਤੁਪਕਾ ਤੇ ਛਿੜਕਾਅ ਸਿੰਚਾਈ) ਨੂੰ ਅਪਨਾਉਣ ਲਈ ਉਤਸ਼ਾਹਿਤ ਕਰਨ ਦੀ ਜ਼ਰੂਰਤ ਹੈ। ਇਸ ਤੋਂ ਇਲਾਵਾ, ਇਥੇ ਪਸ਼ੂ ਪਾਲਣ, ਜਿਵੇਂ ਕਿ ਭੇਡਾਂ ਅਤੇ ਬੱਕਰੀਆਂ ਪਾਲਣਾ, ਪਾਣੀ ਇਕੱਠਾ ਕਰਨ ਵਾਲੇ ਤਲਾਬਾਂ ਵਿੱਚ ਮੱਛੀ ਪਾਲਣ, ਘੱਟ ਲਾਗਤ ਵਾਲੇ ਪੌਲੀ ਹਾਊਸ ਵਿੱਚ ਸੁਰੱਖਿਅਤ ਖੇਤੀ ਆਦਿ ਵੀ ਕੁੱਝ ਸੰਭਾਵਿਤ ਖੇਤਰ ਹਨ।

ਪੰਜਾਬ ਸਰਕਾਰ ਵਲੋਂ ਇਸ ਖੇਤਰ ਵਿੱਚ ਕਿਸਾਨੀ ਸੰਬੰਧੀ ਸਮੱਸਿਆਵਾਂ ਦੇ ਹੱਲ ਲਈ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ। ਪਾਣੀ ਦੀ ਸਮੱਸਿਆ ਹੱਲ ਕਰਨ ਲਈ ਸਰਕਾਰ ਵਲੋਂ ਨਹਿਰਾਂ ਅਤੇ ਪਾਣੀ ਦੇ ਡੈਮਾਂ ਦਾ ਵਿਸਥਾਰ ਕੀਤਾ ਜਾ ਰਿਹਾ ਹੈ।

ਇਥੋਂ ਦੇ ਲੋਕਾਂ ਦੀ ਆਰਥਿਕ ਹਾਲਤ ਸੁਧਾਰਨ ਵਾਸਤੇ ਸਰਕਾਰ ਵਲੋਂ ਇਸ ਖੇਤਰ ਵਿੱਚ ਅੰਬ, ਆਮਲਾ, ਨਿੰਬੂ ਅਤੇ ਕਈ ਚਿਕਿਤਸਕ ਪੌਦਿਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਕੇ ਫੂਡ ਪ੍ਰੋਸੈਸਿੰਗ ਉਦਯੋਗ ਸਥਾਪਤ ਕਰਨ ਦੀ ਯੋਜਨਾ ਵੀ ਹੈ। ਜੰਗਲੀ ਜਾਨਵਰਾਂ ਦੁਆਰਾ ਹੋ ਰਹੇ ਨੁਕਸਾਨ ਤੇ ਕਾਬੂ ਪਾਉਣ ਲਈ ਕਿਸਾਨਾਂ ਨੂੰ ਆਪਣੇ ਖੇਤਾਂ ਦੁਆਲੇ ਵਾੜ ਲਗਾਉਣ ਦੀ ਯੋਜਨਾ ਅਧੀਨ ਵੀ ਪੰਜਾਬ ਸਰਕਾਰ ਵਲੋਂ ਆਰਥਿਕ ਸਹਾਇਤਾ ਦਿੱਤੀ ਜਾ ਰਹੀ ਸੀ।

ਇਸ ਤੋਂ ਇਲਾਵਾ ਇਸ ਇਲਾਕੇ ਵਿੱਚ ਗ਼ੈਰ-ਖੇਤੀ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਖੇਤੀ ਉਦਯੋਗਾਂ ਅਤੇ ਵਿਭਿੰਨ ਪੇਸ਼ਿ ਆਂ ਦੇ ਵੱਡੇ ਪੱਧਰ ’ਤੇ ਫੈਲਾਅ ਵਾਸਤੇ ਇਕ ਮੁਹਿੰਮ ਸ਼ੁਰੂ ਕਰਨ ਦੀ ਜ਼ਰੂਰਤ ਹੈ। ਛੋਟੇ ਪੈਮਾਨੇ ਦੇ ਖੇਤੀ-ਪ੍ਰੋਸੈਸਿੰਗ ਅਤੇ ਨਿਰਮਾਣ ਖੇਤਰਾਂ ਦਾ ਵਿਸਥਾਰ ਕਰਕੇ ਪੇਂਡੂ ਪਰਿਵਾਰਾਂ ਦੇ ਮੈਂਬਰਾਂ ਨੂੰ ਉਸ ਵਿੱਚ ਵਿੱਚ ਸ਼ਾਮਲ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਉਹ ਸਿੱਧੀ ਕਮਾਈ ਦੁਆਰਾ ਘਰੇਲੂ ਆਮਦਨੀ ਵਿੱਚ ਯੋਗਦਾਨ ਪਾ ਸਕਣ ਅਤੇ ਆਰਥਿਕ ਸੰਕਟ ਚੋਂ ਬਾਹਰ ਨਿੱਕਲ ਸਕਣ। ਛੋਟੇ-ਛੋਟੇ ਹੋਰ ਕਿੱਤੇ ਜਿਵੇਂ ਕਿ ਸ਼ਹਿਦ ਦੀਆਂ ਮੱਖੀਆਂ ਪਾਲਣਾ, ਖੁੰਬਾਂ ਉਗਾਉਣਾ, ਅੰਬ ਪਾਪੜ ਬਣਾਉਣਾ ਆਦਿ ਅਪਣਾ ਕੇ ਵੀ ਇਹ ਲੋਕ ਆਪਣੀ ਆਮਦਨੀ ਵਿੱਚ ਵਾਧਾ ਕਰ ਸਕਦੇ ਹਨ। ਇਸ ਵਾਸਤੇ ਉਨ੍ਹਾਂ ਨੂੰ ਕ੍ਰਿਸ਼ੀ ਵਿਗਿਆਨ ਅਤੇ ਖੋਜ ਕੇਂਦਰਾਂ ਤੋਂ ਇਨ੍ਹਾਂ ਧੰਦਿਆਂ ਸੰਬੰਧੀ ਟਰੇਨਿੰਗ ਲੈਣ ਲਈ ਪ੍ਰੇਰਿਤ ਅਤੇ ਉਤਸ਼ਾਹਿਤ ਕਰਨ ਦੀ ਲੋੜ ਹੈ ਅਤੇ ਟਰੇਨਿੰਗ ਲੈਣ ਉਪਰੰਤ ਉਨ੍ਹਾਂ ਨੂੰ ਇਹ ਲਘੂ ਉਦਯੋਗ ਸ਼ੁਰੂ ਕਰਨ ਲਈ ਸਰਕਾਰ ਵਲੋਂ ਜਾਇਜ਼ ਆਰਥਿਕ ਸਹਾਇਤਾ ਦੇਣ ਦਾ ਪ੍ਰਬੰਧ ਹੋਣਾ ਵੀ ਜ਼ਰੂਰੀ ਹੈ।

❖❖❖

# 16

# ਛੋਟੇ ਕਿਸਾਨਾਂ ਦੀ ਆਰਥਿਕ ਸਥਿਤੀ ਸੁਧਾਰਨ ਲਈ ਖੇਤੀ ਦਾ ਸਰਵਪੱਖੀ ਵਿਕਾਸ

ਸਾਡੇ ਦੇਸ਼ ਵਿੱਚ ਪਿਛਲੇ ਛੇ ਦਹਾਕਿਆਂ ਦੌਰਾਨ ਕਈ ਖੇਤੀ ਅਤੇ ਆਰਥਿਕ ਵਿਕਾਸ ਦੇ ਕਾਰਜਾਂ ਵਾਸਤੇ ਵੱਡੇ ਪੱਧਰ ਦੀਆਂ ਯੋਜਨਾਵਾਂ ਲਾਗੂ ਹੋਣ ਦੇ ਬਾਵਜੂਦ ਛੋਟੇ ਪੱਧਰ ਦੀ ਕਿਸਾਨੀ ਦੇ ਖੇਤੀ ਉਤਪਾਦਨ ਤੇ ਆਰਥਿਕ ਵਾਧੇ ਦੀਆਂ ਦਰਾਂ ਬਿਲਕੁਲ ਨਾਮਾਤਰ ਹੀ ਹਨ। ਇੱਥੋਂ ਤੱਕ ਕਿ ਹਰੇ ਇਨਕਲਾਬ ਵਾਲੇ ਸਮੇਂ ਵਿੱਚ ਵੀ ਛੋਟੇ ਕਿਸਾਨਾਂ (ਖਾਸ ਤੌਰ 'ਤੇ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ) ਦੀ ਆਰਥਿਕ ਹਾਲਤ ਸੁਧਾਰਨ ਬਾਰੇ ਸਹੀ ਸਰਵ-ਪੱਖੀ ਯੋਜਨਾਵਾਂ ਤੇ ਕਾਰਜ-ਨੀਤੀਆਂ ਲਾਗੂ ਕਰਨ ਦੀ ਘਾਟ ਹੀ ਰਹੀ ਹੈ। ਅਸਲ ਵਿੱਚ ਆਧੁਨਿਕ ਖੇਤੀ ਤਕਨੀਕਾਂ, ਲੋੜੀਂਦੇ ਸਾਧਨ, ਪੂੰਜੀ ਨਿਵੇਸ਼ ਤੇ ਖੇਤੀ ਤੋਂ ਇਲਾਵਾ ਰੋਜ਼ਗਾਰ ਦੇ ਮੌਕੇ ਹੇਠਲੇ ਪੱਧਰ ਦੇ ਗਰੀਬ ਛੋਟੇ ਕਿਸਾਨਾਂ ਤੱਕ ਪੂਰੀ ਤਰ੍ਹਾਂ ਪਹੁੰਚਾਏ ਨਹੀਂ ਜਾ ਸਕੇ, ਜਿਸ ਕਰਕੇ ਅੱਜ ਵੀ ਇਹ ਕਿਸਾਨ ਬਹੁਤ ਮਾੜੇ ਮਾਲੀ ਤੇ ਸਮਾਜਿਕ ਅਸਮਾਨਤਾ ਵਾਲੇ ਹਾਲਾਤਾਂ ਵਿੱਚ ਰਹਿ ਰਹੇ ਹਨ। ਹੁਣ ਲੋੜ ਹੈ ਕਿ ਪਿਛਲੀਆਂ ਯੋਜਨਾਵਾਂ ਤੇ ਕਾਰਜ-ਨੀਤੀਆਂ ਵਿੱਚ ਬਦਲਾਅ ਲਿਆ ਕੇ ਅਤੇ ਆਧੁਨਿਕ ਤਕਨੀਕਾਂ ਅਪਣਾ ਕੇ ਛੋਟੀ ਕਿਸਾਨੀ (ਜੋ ਦੇਸ਼ ਵਿਚਲੇ ਕੁਲ ਕਾਰਜਸ਼ੀਲ ਜ਼ਮੀਨ ਹੋਲਡਿੰਗ (Operational Land-holding) ਦਾ 80 ਪ੍ਰਤੀਸ਼ਤ ਹੈ) ਦੀ ਉਪਜ, ਨਫ਼ਾ ਤੇ ਕੁੱਲ ਆਮਦਨ ਨੂੰ ਉੱਪਰ ਚੁੱਕਿਆ ਜਾਵੇ। ਇਸ ਤਰ੍ਹਾਂ ਵੱਡੇ ਪੱਧਰ ਦੀ ਕਿਸਾਨੀ ਦੇ ਨਾਲ-ਨਾਲ ਛੋਟੇ ਪੱਧਰ ਦਾ ਕਿਸਾਨ-ਭਾਈਚਾਰਾ ਵੀ ਸਦੀਵੀ ਹਰਾ ਇਨਕਲਾਬ ਲਿਆਉਣ ਵਿੱਚ ਪੂਰਾ ਯੋਗਦਾਨ ਪਾ ਸਕੇਗਾ।

ਪੰਜਾਬ ਵਿੱਚਲੇ 10 ਲੱਖ ਦੇ ਕਰੀਬ ਕਾਰਜਸ਼ੀਲ ਜ਼ਮੀਨ ਹੋਲਡਿੰਗਾਂ (ਅਪ੍ਰੇਸ਼ਨਲ ਜੋਤਾਂ) ਵਿੱਚੋਂ 29 ਪ੍ਰਤੀਸ਼ਤ ਦਾ ਰਕਬਾ ਪੰਜ ਏਕੜ ਤੋਂ ਘੱਟ ਅਤੇ 63 ਪ੍ਰਤੀਸ਼ਤ ਦਾ ਦਸ ਏਕੜ ਤੋਂ ਘੱਟ ਹੈ। ਇਨ੍ਹਾਂ ਕਿਸਾਨਾਂ ਕੋਲ ਬਹੁਤ ਘੱਟ ਜ਼ਮੀਨ ਹੋਣ ਕਰਕੇ ਇਹ ਬਹੁਤ ਛੋਟੇ ਪੱਧਰ ਦੇ ਉਤਪਾਦਕ, ਖਪਤਕਾਰ ਤੇ ਬੜੀ ਘੱਟ ਆਮਦਨ ਵਾਲੇ ਪੇਂਡੂ ਲੋਕ ਹਨ। ਇਨ੍ਹਾਂ ਦੀ ਆਰਥਿਕ ਹਾਲਤ ਹੋਰ ਵੀ ਮਾੜੀ ਹੁੰਦੀ ਜਾ ਰਹੀ ਹੈ ਕਿਉਂਕਿ ਲੋੜੀਂਦੇ ਬੀਜ, ਖਾਦਾਂ, ਕੀੜੇ ਤੇ ਬੀਮਾਰੀਆਂ ਰੋਕਣ ਵਾਸਤੇ ਦਵਾਈਆਂ, ਊਰਜਾ (ਡੀਜ਼ਲ, ਬਿਜਲੀ) ਅਤੇ ਮਸ਼ੀਨਰੀ ਦੀਆਂ ਕੀਮਤਾਂ ਵਧਣ ਨਾਲ ਖ਼ਰਚੇ ਵਧ ਗਏ ਹਨ ਤੇ ਨਫ਼ੇ ਘਟਦੇ ਜਾ ਰਹੇ ਹਨ। ਥੋੜ੍ਹੀ ਜ਼ਮੀਨ ਹੋਣ ਕਰਕੇ ਬਹੁਤ ਘੱਟ ਉਤਪਾਦਨ ਤੇ ਘੱਟ ਆਮਦਨ ਹੁੰਦੀ ਹੈ, ਉਪਜ ਦੀਆਂ ਕੀਮਤਾਂ ਲਾਹੇਵੰਦ ਨਹੀਂ ਮਿਲਦੀਆਂ ਅਤੇ ਆਮਦਨ ਵਧਾਉਣ ਵਾਸਤੇ ਖੇਤੀ ਤੋਂ ਇਲਾਵਾ ਹੋਰ ਰੋਜ਼ਗਾਰ ਦੇ ਮੌਕੇ ਨਾ-ਬਰਾਬਰ ਹੀ ਮਿਲਦੇ ਹਨ। ਇਸ ਕਰਕੇ ਇਹ ਕਿਸਾਨ ਆਮ ਕਰਕੇ ਲੋੜਾਂ ਨਾਲੋਂ ਘੱਟ ਆਮਦਨ ਵਾਲੇ ਹਾਲਾਤਾਂ ਵਿੱਚ ਰਹਿੰਦੇ ਹਨ ਅਤੇ ਕਰਜ਼ਿਆਂ ਦੇ ਦਬਾਅ ਕਰਕੇ ਇਨ੍ਹਾਂ ਦੇ ਆਰਥਿਕ ਹਾਲਾਤ ਬਹੁਤ ਜ਼ਿਆਦਾ ਅਸੁਰੱਖਿਅਤ ਰਹਿੰਦੇ ਹਨ।

ਦੂਰ-ਦੁਰੇਡੇ ਇਲਾਕਿਆਂ ਵਿੱਚ (ਜਿਵੇਂ ਨੀਮ ਪਹਾੜੀ ਕੰਢੀ ਦਾ ਇਲਾਕਾ) ਰਹਿਣ ਵਾਲੇ ਛੋਟੇ ਕਿਸਾਨ ਤਾਂ ਹੋਰ ਵੀ ਪਿੱਛੇ ਰਹਿ ਗਏ ਹਨ। ਇੱਕ ਅਨੁਮਾਨ ਅਨੁਸਾਰ ਲਗਪਗ 40 ਪ੍ਰਤੀਸ਼ਤ ਕਿਸਾਨ ਖੇਤੀ ਛੱਡ ਕੇ ਹੋਰ ਕਿੱਤਿਆਂ ਵੱਲ ਜਾਣ ਵਾਸਤੇ ਮਜ਼ਬੂਰ ਹਨ। ਇਹ ਵੀ ਅਨੁਮਾਨ ਲਗਾਏ ਜਾ ਰਹੇ ਹਨ ਕਿ ਪੌਣ-ਪਾਣੀ ਦੀ ਤਬਦੀਲੀ ਤੇ ਵਿਸ਼ਵ-ਵਿਆਪੀ ਤਪਸ਼ ਵਧਣ ਨਾਲ ਛੋਟੀ ਕਿਸਾਨੀ ਦੀਆਂ ਸਮੱਸਿਆਵਾਂ ਹੋਰ ਵੀ ਵਧ ਸਕਦੀਆਂ ਹਨ।

ਅਸਲ ਵਿੱਚ ਇਹ ਘੱਟ ਸਾਧਨਾਂ ਵਾਲੇ ਛੋਟੇ ਕਿਸਾਨ ਆਧੁਨਿਕ ਖੇਤੀ ਪ੍ਰਬੰਧਾਂ ਨੂੰ ਨਾਂ ਅਪਣਾ ਸਕਣ ਕਰਕੇ ਆਪਣੀ ਖੇਤੀ ਨੂੰ ਲਾਹੇਵੰਦ ਉਦਯੋਗ ਦਾ ਰੂਪ ਨਹੀਂ ਦੇ ਸਕੇ। ਹੁਣ ਸਮਾਂ ਹੈ ਜਦੋਂ ਕਿ ਯੋਜਨਾ ਬਣਾਉਣ ਵਾਲੇ ਪੂੰਜੀ ਪ੍ਰਬੰਧਕ, ਖੇਤੀ ਖੋਜੀ ਤੇ ਵਿਕਾਸ ਦੇ ਮਾਹਿਰ ਇਨ੍ਹਾਂ ਘੱਟ ਆਮਦਨ ਵਾਲੇ ਕਿਸਾਨਾਂ ਦੀ ਆਰਥਿਕ ਨਿਰਾਸ਼ਤਾ ਅਤੇ ਇਸ ਦੇ ਨਾਲ ਲਗਦੇ ਸਮਾਜਿਕ ਦਰਦਾਂ ਨੂੰ ਸਮਝ ਕੇ ਛੋਟੀ ਕਿਸਾਨੀ-ਨਿਸ਼ਚਿਤ ਥੋੜ੍ਹੀ ਅਤੇ ਲੰਮੀ ਮਿਆਦ ਵਾਲੀਆਂ ਸਰਬ-ਪੱਖੀ ਕਾਰਜ ਨੀਤੀਆਂ ਲਾਗੂ ਕਰਨ ਤਾਂ ਜੋ ਇਨ੍ਹਾਂ ਕਿਸਾਨਾਂ ਨੂੰ ਸਮਾਜਿਕ ਅਤੇ ਵੱਡੇ ਕਿਸਾਨਾਂ ਦੀ ਬਰਾਬਰੀ ਦੇ ਆਧਾਰ ’ਤੇ ਖੇਤੀ ਉਤਪਾਦਨ ਅਤੇ ਆਮਦਨ ਵਧਾਉਣ ਦੀਆਂ ਆਧੁਨਿਕ ਤਕਨੀਕਾਂ, ਖੇਤੀ ਤੋਂ ਇਲਾਵਾ ਆਮਦਨ ਵਧਾਉਣ ਵਾਸਤੇ ਰੋਜ਼ਗਾਰ ਦੇ ਮੌਕੇ ਅਤੇ ਹੋਰ ਲੋੜੀਂਦੇ ਸਾਧਨ ਮੁਹੱਈਆ ਕੀਤੇ ਜਾ ਸਕਣ। ਛੋਟੀ ਕਿਸਾਨੀ ਨਿਸ਼ਚਿਤ ਯੋਜਨਾਵਾਂ ਬਣਾਉਣ ਅਤੇ ਲਾਗੂ ਕਰਨ ਵੇਲੇ ਇਨ੍ਹਾਂ ਕਿਸਾਨਾਂ ਦੀ ਸ਼ਮੂਲੀਅਤ ਬਹੁਤ ਜ਼ਰੂਰੀ ਹੋਣੀ ਚਾਹੀਦੀ ਹੈ। ਲੋੜ ਹੈ ਕਿ ਸਰਕਾਰੀ ਅਤੇ ਗ਼ੈਰ-ਸਰਕਾਰੀ ਅਦਾਰੇ ਉਹ ਨੀਤੀਆਂ ਲਾਗੂ ਕਰਨ ਜਿਨ੍ਹਾਂ ਨਾਲ ਇਨ੍ਹਾਂ ਕਿਸਾਨਾਂ ਨੂੰ ਜ਼ਰੂਰੀ ਖ਼ੁਰਾਕ ਅਤੇ ਕੁੱਝ ਘੱਟੋ ਘੱਟ ਲੋੜਾਂ ਪੂਰੀਆਂ ਕਰਨ ਵਾਸਤੇ ਆਮਦਨ ਲਗਾਤਾਰ ’ਤੇ ਯਕੀਨਨ ਮਿਲਦੀ ਰਹੇ।

ਛੋਟੀ ਕਿਸਾਨੀ ਦੀਆਂ ਸਮੱਸਿਆਵਾਂ, ਖੇਤੀ ਦੇ ਢੰਗ, ਉਪਲੱਬਧ ਜ਼ਮੀਨ ਤੇ ਪਾਣੀ ਦੇ ਸਾਧਨ, ਉਦਯੋਗੀਕਰਣ ਦੀ ਸੰਭਾਵਨਾ, ਕੁਦਰਤੀ ਮੁਸੀਬਤਾਂ ਦੇ ਹੱਲੇ ਅਤੇ ਹੋਰ ਸਮਾਜਿਕ ਤੇ ਆਰਥਿਕ ਹਾਲਾਤ ਵੱਖਰੇ-ਵੱਖਰੇ ਖੇਤਰਾਂ ਅਤੇ ਸਥਾਨਾਂ ਵਿੱਚ ਵੱਖ-ਵੱਖ ਹੁੰਦੇ ਹਨ। ਇਸ ਕਰਕੇ ਇਨ੍ਹਾਂ ਕਿਸਾਨਾਂ ਦੇ ਆਰਥਿਕ ਸੁਧਾਰ ਦੀਆਂ ਕਾਰਜ-ਨੀਤੀਆਂ, ਪੂੰਜੀ ਨਿਵੇਸ਼, ਰੋਜ਼ਗਾਰ ਦੇ ਪ੍ਰਬੰਧ ਅਤੇ ਹੋਰ ਸਾਧਨਾਂ ਤੇ ਸੇਵਾਵਾਂ ਵੀ ਖੇਤਰ ਅਤੇ ਸਥਾਨ-ਨਿਸ਼ਚਿਤ ਹੋਣੀਆਂ ਚਾਹੀਦੀਆਂ ਹਨ।

ਇਨ੍ਹਾਂ ਪਿੱਛੜੇ ਹੋਏ ਛੋਟੇ ਕਿਸਾਨਾਂ ਦੀ ਖੇਤੀ-ਸਾਧਨ ਤੇ ਉਪਜ ਵਧਾਊ ਤਕਨੀਕਾਂ ਮੁਹੱਈਆ ਕਰਨ ਵਾਲੇ ਸਰਕਾਰੀ ਤੇ ਗ਼ੈਰ-ਸਰਕਾਰੀ ਅਦਾਰਿਆਂ ਤੱਕ ਪਹੁੰਚ ਵਧਾਉਣੀ ਚਾਹੀਦੀ ਹੈ। ਖਾਦਾਂ, ਕੀੜੇਮਾਰ ਦਵਾਈਆਂ, ਊਰਜਾ (ਡੀਜ਼ਲ, ਬਿਜਲੀ), ਮਸ਼ੀਨਾਂ ਤੇ ਔਜ਼ਾਰ ਕਾਫੀ ਸਬਸਿਡੀ ਦੇ ਕੇ ਸਹੀ ਸਮੇਂ ਅਤੇ ਆਸਾਨੀ ਨਾਲ ਮਿਲਣੇ ਬਹੁਤ ਜ਼ਰੂਰੀ ਹਨ ਤਾਂ ਜੋ ਇਹ ਕੁਸ਼ਲਤਾ ਨਾਲ ਵਰਤੇ ਜਾ ਸਕਣ। ਇਹ ਲੋੜਾਂ ਪੂਰੀਆਂ ਕਰਨ ਵਾਸਤੇ ਇਨ੍ਹਾਂ ਗਰੀਬ ਕਿਸਾਨਾਂ ਨਾਲ (ਵੱਡੇ ਕਿਸਾਨਾਂ ਦੇ ਮੁਕਾਬਲੇ) ਵਿਤਕਰੇ ਨਹੀਂ ਹੋਣੇ ਚਾਹੀਦੇ।

ਇਨ੍ਹਾਂ ਮਿਹਨਤੀ ਕਿਸਾਨਾਂ ਨੂੰ ਵੱਧ ਮੁਨਾਫਾ ਦੇਣ ਵਾਲੀਆਂ ਸਬਜ਼ੀਆਂ, ਫਲ, ਫੁੱਲ, ਖੁੰਬਾਂ, ਪੋਲਟਰੀ, ਡੇਅਰੀ ਆਦਿ ਦਾ ਉਤਪਾਦਨ ਕਰਨ ਵਾਸਤੇ ਉਤਸ਼ਾਹਿਤ ਕਰਨਾ ਚਾਹੀਦਾ ਹੈ। ਕੁੱਝ ਅਗਾਂਹ ਵਧੂ ਛੋਟੇ ਕਿਸਾਨਾਂ ਤੇ ਪੜ੍ਹੇ ਲਿਖੇ ਨੌਜਵਾਨਾਂ (ਜਿਨ੍ਹਾਂ ਕੋਲ ਭਾਵੇਂ ਬਹੁਤ ਘੱਟ ਜ਼ਮੀਨ ਹੀ ਹੋਵੇ) ਨੂੰ ਬੇ-ਮੌਸਮੀ ਸਬਜ਼ੀਆਂ (ਜਿਵੇਂ ਕਿ ਕੱਦੂ, ਤਰਾਂ, ਸ਼ਿਮਲਾ ਮਿਰਚ,

ਖੀਰਾ ਆਦਿ) ਘੱਟ ਕੀਮਤ ਵਾਲੇ ਪਲਾਸਟਿਕ ਨੈੱਟ (ਜਾਲ) ਨਾਲ ਢੱਕੇ ਹੋਏ ਖੇਤਾਂ (Net-houses) ਵਿੱਚ ਉਗਾਅ ਕੇ ਵੱਧ ਨਫ਼ਾ ਲੈਣ ਵਾਸਤੇ ਵੀ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਦੀ ਵਧੇਰੇ ਲਾਭ ਵਾਲੀ ਖੇਤੀ ਵਾਸਤੇ ਕਿਸਾਨਾਂ ਨੂੰ ਖਾਸ ਤਰ੍ਹਾਂ ਦੀ ਸਿਖਲਾਈ, ਸਾਧਨ, ਮਾਲੀ ਸਹਾਇਤਾ (ਸਬਸਿਡੀਆਂ ਜਾਂ ਥੋੜੇ ਵਿਆਜ ਤੇ ਕਰਜ਼ੇ) ਤੇ ਸਹੀ ਮੰਡੀਕਰਨ ਦੀਆਂ ਸਹੂਲਤਾਂ ਦੇਣੀਆਂ ਬਹੁਤ ਜ਼ਰੂਰੀ ਹਨ। ਛੇਤੀ ਗਲਣ ਸੜਨ ਵਾਲੀਆਂ ਹੋਣ ਕਰਕੇ ਇਨ੍ਹਾਂ ਉਪਜਾਂ ਦੀ ਸਹੀ ਸੰਭਾਲ ਵਾਸਤੇ ਠੰਢੇ ਸਟੋਰ, ਠੰਢੀ ਹਾਲਤ ਵਿੱਚ ਢੋਅ-ਢੁਆਈ ਅਤੇ ਲਾਹੇਵੰਦ ਕੀਮਤਾਂ ਨਾਲ ਮੰਡੀਕਰਨ (ਅਰਥਾਤ ਖੇਤ ਤੋਂ ਲੈ ਕੇ ਖਪਤਕਾਰ ਤੱਕ ਠੰਢੀ-ਕੜੀ) ਵਾਸਤੇ ਸਰਕਾਰੀ ਤੇ ਗ਼ੈਰ-ਸਰਕਾਰੀ ਮਾਲੀ ਇਮਦਾਦ ਤੇ ਹੋਰ ਸਹੂਲਤਾਂ ਮਿਲਣੀਆਂ ਜ਼ਰੂਰੀ ਹਨ। ਇਸ ਤਰ੍ਹਾਂ ਦੀ ਕਿਸਾਨੀ ਛੋਟੇ ਕਿਸਾਨਾਂ ਵਾਸਤੇ ਸਵੈ-ਰੁਜ਼ਗਾਰ ਦਾ ਸਾਧਨ ਵੀ ਬਣਦੀ ਹੈ ਅਤੇ ਇਹ ਉਪਜਾਂ ਉਦਯੋਗਾਂ ਵਾਸਤੇ ਕੱਚੇ ਮਾਲ ਦੀ ਲੋੜ ਵੀ ਪੂਰੀ ਕਰਦੀਆਂ ਹਨ। ਛੋਟੇ ਕਿਸਾਨਾਂ ਦੀਆਂ ਜਥੇਬੰਦੀਆਂ ਸਾਂਝੇ ਤੌਰ ’ਤੇ ਇਨ੍ਹਾਂ ਉਪਜਾਂ ਵਾਸਤੇ ਸਾਧਨ ਜਟਾਉਣ ਤੇ ਮੰਡੀਕਰਨ ਵਾਸਤੇ ਬਹੁਤ ਲਾਭਦਾਇਕ ਹੋ ਸਕਦੀਆਂ ਹਨ।

ਛੋਟੇ ਕਿਸਾਨਾਂ ਦੀ ਖੇਤੀ ਤੋਂ ਇਲਾਵਾ ਆਮਦਨ ਪੈਦਾ ਕਰਨ ਵਾਸਤੇ ਰੁਜ਼ਗਾਰ ਦੇ ਹੋਰ ਵਸੀਲੇ ਹੋਣੇ ਬਹੁਤ ਜ਼ਰੂਰੀ ਹਨ ਤਾਂ ਜੋ ਕੁੱਲ ਆਮਦਨ ਇਨ੍ਹਾਂ ਕਿਸਾਨਾਂ ਦੀਆਂ ਲੋੜਾਂ ਪੂਰੀਆਂ ਕਰ ਸਕੇ। ਇਸ ਵਾਸਤੇ ਬਹੁਤ ਛੋਟੇ, ਛੋਟੇ ਅਤੇ ਵੱਡੇ ਪੱਧਰ ਦੇ ਖੇਤੀ ਆਧਾਰਿਤ ਸਰਕਾਰੀ ਤੇ ਗ਼ੈਰ-ਸਰਕਾਰੀ ਉਦਯੋਗਾਂ ਦਾ ਦਿਹਾਤੀ ਇਲਾਕਿਆਂ ਵਿੱਚ ਵੱਡੇ ਪੱਧਰ ’ਤੇ ਵਿਸਥਾਰ ਕੀਤੇ ਜਾਣ ਦੀ ਲੋੜ ਹੈ। ਇਸ ਨਾਲ ਕਈ ਤਰ੍ਹਾਂ ਦੇ ਆਮਦਨ ਵਧਾਉਣ ਵਾਲੇ ਲਾਹੇਵੰਦ ਰੋਜ਼ਗਾਰ ਪੈਦਾ ਕਰਨ ਦੇ ਨਾਲ-ਨਾਲ ਜਿਣਸਾਂ ਦੇ ਉਜਾੜੇ ਵੀ ਘਟਾਏ ਜਾ ਸਕਣਗੇ। ਛੋਟੇ ਕਿਸਾਨ ਖੇਤੀ ਦੀਆਂ ਉਪਜਾਂ ਤੋਂ ਖਾਸ ਤਰੀਕਿਆਂ ਨਾਲ ਕਈ ਤਰ੍ਹਾਂ ਦੇ ਪ੍ਰੋਸੈੱਸਡ ਪਦਾਰਥ (ਜੈਮ, ਅਚਾਰ, ਮੁਰੱਬੇ, ਟਮਾਟਰ-ਸਾਸ, ਗੁਲਕੰਦ, ਜੂਸ, ਸੋਇਆ-ਪਨੀਰ ਆਦਿ) ਬਣਾ ਕੇ ਡੱਬਾ-ਬੰਦ ਕਰਕੇ ਵੇਚਣ ਨਾਲ ਆਪੇ ਹੀ ਸਵੈ-ਰੁਜ਼ਗਾਰ ਦੇ ਅਵਸਰ ਵੀ ਪੈਦਾ ਕਰ ਸਕਦੇ ਹਨ। ਜਿਹੜੇ ਛੋਟੇ ਕਿਸਾਨ ਪਿੰਡ ਵਿੱਚ ਉੱਥੋਂ ਦੇ ਉਪਲੱਬਧ ਸਾਧਨ ਤੇ ਕੱਚੇ ਮਾਲ ਵਰਤਣ ਵਾਲੇ ਉਦਯੋਗ ਸਥਾਪਿਤ ਕਰਨ ਜਾਂ ਸਵੈ-ਰੋਜ਼ਗਾਰ ਦੇ ਅਵਸਰ ਪੈਦਾ ਕਰਨ, ਉਨ੍ਹਾਂ ਨੂੰ ਪਹਿਲ ਦੇ ਆਧਾਰ ’ਤੇ ਸਬਸਿਡੀਆਂ ਅਤੇ ਬਹੁਤ ਘੱਟ ਵਿਆਜ (2 ਪ੍ਰਤੀਸ਼ਤ) ਤੇ ਕਰਜ਼ੇ ਮਿਲਣੇ ਚਾਹੀਦੇ ਹਨ। ਇਨ੍ਹਾਂ ਸਾਰੇ ਕਾਰਜਾਂ ਵਾਸਤੇ ਕਿਸਾਨਾਂ, ਨੌਜਵਾਨਾਂ ਤੇ ਕਾਮਿਆਂ ਦੀ ਲੋੜ-ਨਿਸ਼ਚਿਤ ਜੁਗਤਾਂ ਵਾਲੀ ਸਿਖਲਾਈ ਦੇ ਪ੍ਰਬੰਧ ਕਰਨੇ ਖਾਸ ਤੌਰ ’ਤੇ ਜ਼ਰੂਰੀ ਹਨ। ਇਸ ਦੇ ਨਾਲ-ਨਾਲ ਦਿਹਾਤਾਂ ਵਿੱਚ ਮੌਜੂਦਾ ਵਿਦਿਆ ਦੇ ਢਾਂਚੇ ਤੇ ਮਿਆਰ ਵਿੱਚ ਬਹੁਤ ਸੁਧਾਰ ਕਰਕੇ ਇਹ “ਜੁਗਤਾਂ ਵਧਾਉਣ ਵਾਲੀ ਵਿਦਿਆ” ਹੋਣੀ ਚਾਹੀਦੀ ਹੈ ਤਾਂ ਜੋ ਪੇਂਡੂ ਵਿਦਿਆਰਥੀ ਸਵੈ-ਰੋਜ਼ਗਾਰ ਪੈਦਾ ਕਰਨ ਵਾਸਤੇ ਯਤਨ ਕਰ ਸਕਣ।

ਗਰੀਬ ਛੋਟੇ ਕਿਸਾਨਾਂ ਨੂੰ ਵੀ “ਕੌਮੀ ਦਿਹਾਤੀ ਮੁਲਾਜ਼ਮਤ ਗਰੰਟੀ ਐਕਟ” (NREGA) ਸਕੀਮ ਵਿੱਚ ਜੋੜਨਾ ਚਾਹੀਦਾ ਹੈ। ਇਸ ਮੁਲਾਜ਼ਮਤ ਦਾ 100 ਦਿਨਾਂ ਦਾ ਸਮਾਂ ਖੇਤੀ ਸੰਬੰਧੀ ਜ਼ਿਆਦਾ ਜ਼ਰੂਰੀ ਕੰਮਾਂ, ਜਿਵੇਂ ਬਿਜਾਈ, ਵਾਢੀ ਆਦਿ ਦੇ ਸਮੇਂ ਤੋਂ ਅੱਗੇ-ਪਿੱਛੇ ਹੋਣਾ ਚਾਹੀਦਾ ਤਾਂ ਜੋ ਇਨ੍ਹਾਂ ਕੰਮਾਂ ਦੌਰਾਨ ਕਾਮਿਆਂ ਦੀ ਘਾਟ ਨਾਂ ਆਵੇ।

ਬੈਂਕਾਂ, ਸਹਿਕਾਰਤਾ ਸੇਵਾਵਾਂ ਤੇ ਹੋਰ ਪੂੰਜੀ ਮੁਹੱਈਆ ਕਰਨ ਵਾਲੀਆਂ ਸੰਸਥਾਵਾਂ ਨੂੰ ਛੋਟੀ ਕਿਸਾਨੀ-ਨਿਸ਼ਚਿਤ ਤੇ ਇਸ ਦੇ ਅਨੁਕੂਲ ਖਾਸ ਤਰ੍ਹਾਂ ਦੀਆਂ ਕਾਰਜ-ਨੀਤੀਆਂ ਬਣਾਉਣੀਆਂ ਤੇ ਲਾਗੂ ਕਰਨੀਆਂ ਚਾਹੀਦੀਆਂ ਹਨ। ਮਾਲੀ ਸਹਾਇਤਾ ਦਾ ਸਮਾਂ ਖੇਤੀ ਤਕਨੀਕਾਂ ਦੇ ਅਪਨਾਉਣ ਦੇ ਸਮੇਂ ਨਾਲ ਮੇਲ ਖਾਣਾ ਚਾਹੀਦਾ ਹੈ ਅਤੇ ਇਹ ਬਹੁਤ ਸੌਖੀਆਂ ਦਫਤਰੀ ਕਾਰਵਾਈਆਂ ਨਾਲ ਮਿਲਣੀ ਚਾਹੀਦੀ ਹੈ। ਗਰੀਬ ਛੋਟੇ ਕਿਸਾਨਾਂ ਨੂੰ ਬੇ-ਅਸੂਲ ਕਰਜ਼ੇ ਦੇਣ ਵਾਲੇ ਅਦਾਰਿਆਂ ਤੋਂ ਬਚਾਉਣ ਦੀ ਲੋੜ ਹੈ।

ਛੋਟੇ ਕਿਸਾਨਾਂ ਦੀ ਆਰਥਿਕ ਹਾਲਤ ਕਈ ਵਾਰ ਅਚਾਨਕ ਆਈਆਂ ਕੁਦਰਤੀ ਮੁਸੀਬਤਾਂ ਕਰਕੇ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਜਾਂਦੀ ਹੈ ਜਿਸ ਕਰਕੇ ਉਨ੍ਹਾਂ ਨੂੰ ਅਸਹਿ ਆਰਥਿਕ ਘਾਟੇ ਦਾ ਸਾਹਮਣਾ ਕਰਨਾ ਪੈ ਜਾਂਦਾ ਹੈ। ਇਨ੍ਹਾਂ ਕਿਸਾਨਾਂ ਨੂੰ ਲੋੜੀਂਦੀ ਮਾਲੀ ਇਮਦਾਦ ਤੇ ਹੋਰ ਸਹਾਇਤਾ ਦੇਣ ਬਾਰੇ ਕਾਰਜ-ਨੀਤੀਆਂ ਤੇ ਸਾਧਨ (ਬੀਜ, ਖਾਦਾਂ ਆਦਿ) ਮੁਸੀਬਤਾਂ ਆਉਣ ਤੋਂ ਪਹਿਲਾਂ ਹੀ ਤਿਆਰ ਹੋਣੇ ਚਾਹੀਦੇ ਹਨ ਤਾਂ ਜੋ ਲੋੜ ਪੈਣ ਤੇ ਪ੍ਰਭਾਵਿਤ ਲੋਕਾਂ ਦੀ ਝੱਟ ਮਦਦ ਕਰਕੇ ਉਨ੍ਹਾਂ ਦੇ ਦਰਦ ਘਟਾਏ ਜਾ ਸਕਣ। ਇਨ੍ਹਾਂ ਪ੍ਰਭਾਵਿਤ ਕਿਸਾਨਾਂ ਦੇ ਕਰਜ਼ਿਆਂ ਦੀਆਂ ਕਿਸ਼ਤਾਂ ਤੇ ਵਿਆਜ ਫ਼ਸਲਾਂ ਦੇ ਪੂਰੀ ਤਰ੍ਹਾਂ ਤਬਾਹ ਹੋਣ ਤੇ ਮੁਆਫ਼ ਹੋਣੇ ਚਾਹੀਦੇ ਹਨ। ਕਈ ਵਾਰ ਬਾਰ-ਬਾਰ ਤਬਾਹੀ ਹੋਣ ਤੇ ਸਾਰੇ ਕਰਜ਼ੇ ਮੁਆਫ਼ ਹੋਣੇ ਚਾਹੀਦੇ ਹਨ। ਫ਼ਸਲ-ਬੀਮਾ ਦੀਆਂ ਸਕੀਮਾਂ ਦੇ ਸਹੀ ਤਰ੍ਹਾਂ ਲਾਗੂ ਹੋਣ ਨਾਲ ਇਨ੍ਹਾਂ ਕਿਸਾਨਾਂ ਨੂੰ ਕਾਫੀ ਮਦਦ ਮਿਲ ਸਕਦੀ ਹੈ।

ਪਿੰਡਾਂ ਦੀਆਂ ਪੰਚਾਇਤਾਂ ਅਤੇ ਛੋਟੇ ਕਿਸਾਨਾਂ ਦੀਆਂ ਜਥੇਬੰਦੀਆਂ ਸਾਂਝੇ ਤੌਰ ’ਤੇ ਮਿਲ ਕੇ ਇਨ੍ਹਾਂ ਕਿਸਾਨਾਂ ਨਾਲ ਨੇੜੇ ਦਾ ਸੰਬੰਧ ਖੇਤੀ ਉਤਪਾਦਨ ਤੇ ਆਮਦਨ ਵਧਾਉਣ ਵਾਸਤੇ ਤਕਨੀਕਾਂ, ਮਾਲੀ ਸਹਾਇਤਾ ਦੇਣ ਵਾਲੇ ਅਦਾਰਿਆਂ, ਮੰਡੀਆਂ, ਉਦਯੋਗਾਂ, ਸਿਖਲਾਈ ਦੇਣ ਵਾਲੇ ਅਦਾਰਿਆਂ ਅਤੇ ਹੋਰ ਖੇਤੀ ਵਿਕਾਸ ਦੀਆਂ ਸਕੀਮਾਂ ਰਾਹੀਂ ਉਜਾਗਰ ਕਰ ਸਕਦੀਆਂ ਹਨ। ਸਮੂਹਿਕ ਉਪਰਾਲਿਆਂ ਨਾਲ ਖੇਤੀ ਸਾਧਨਾਂ ਦਾ ਪ੍ਰਬੰਧ, ਸਰਵਿਸ ਸੈਂਟਰਾਂ ਦੀ ਸਥਾਪਨਾ, ਸਟੋਰ ਬਣਾਉਣੇ, ਉਪਜਾਂ ਦਾ ਮੰਡੀਕਰਨ, ਖੇਤੀ ਤੋਂ ਇਲਾਵਾ ਆਮਦਨ ਦੇ ਵਸੀਲੇ ਬਣਾਉਣੇ, ਖੇਤੀ ਬੀਮਾ ਕਰਵਾਉਣਾ, ਖਾਦਾਂ ਤੇ ਰਸਾਇਣਕ ਦਵਾਈਆਂ ਉਪਲੱਬਧ ਕਰਨਾ, ਸਮਾਜਿਕ ਤੇ ਆਰਥਿਕ ਸਮਾਨਤਾ ਲਿਆਉਣਾ ਅਤੇ ਹੋਰ ਪੇਂਡੂ ਵਿਕਾਸ ਕਾਰਜ ਸਾਂਝੇ ਤੌਰ ’ਤੇ ਕਰਕੇ ਖ਼ਰਚੇ ਘਟਾਏ ਜਾ ਸਕਦੇ ਹਨ। ਪੰਚਾਇਤਾਂ ਤੇ ਜਥੇਬੰਦੀਆਂ ਛੋਟੇ ਕਿਸਾਨਾਂ ਦੇ ਕਈ ਤਰ੍ਹਾਂ ਦੇ ਹੱਕਾਂ ਦੀ ਰੱਖਿਆ ਕਰਨ ਵਿੱਚ ਮਦਦ ਕਰ ਸਕਦੀਆਂ ਹਨ।

ਖੇਤੀ ਦੇ ਆਧਾਰ ’ਤੇ ਪੰਜਾਬ ਦੇ ਸਰਬ-ਪੱਖੀ ਵਿਕਾਸ ਵਾਸਤੇ ਲੋੜ ਹੈ ਛੋਟੇ ਪੱਧਰ ਦੀ ਇਕਾਈ ਦੀ ਆਰਥਿਕ ਹਾਲਤ ਨੂੰ ਆਧੁਨਿਕ ਤਕਨੀਕਾਂ ਨਾਲ ਸੁਰਜੀਤ ਕਰਨ ਦੀ। ਨੀਤੀਆਂ ਬਣਾਉਣ ਵਾਲੇ, ਖੇਤੀ ਵਿਕਾਸ ਪ੍ਰਬੰਧਕ, ਸਰਕਾਰੀ ਅਤੇ ਗ਼ੈਰ-ਸਰਕਾਰੀ ਅਦਾਰਿਆਂ ਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ ਪ੍ਰੋਜੈਕਟਾਂ ਤੇ ਸਕੀਮਾਂ ਉੱਪਰ ਜ਼ਿਆਦਾ ਪੂੰਜੀ ਨਿਵੇਸ਼ ਕਰਨ ਜਿਹੜੇ ਛੋਟੇ ਪੱਧਰ ਦੀ ਕਿਸਾਨੀ ਦੀ ਉਪਜ ਅਤੇ ਆਮਦਨ ਵਧਾਉਣ ਅਤੇ ਸਰਵ-ਪੱਖੀ ਤੌਰ ’ਤੇ ਇਨ੍ਹਾਂ ਘੱਟ ਸਾਧਨਾਂ ਵਾਲੇ ਛੋਟੇ ਕਿਸਾਨਾਂ ਦੀ ਸਮਾਜਿਕ ਤੇ ਆਰਥਿਕ ਹਾਲਤ ਸੁਧਾਰਨ ਅਤੇ ਇਨ੍ਹਾਂ ਦੇ ਰੋਸ ਤੇ ਦਰਦ ਘਟਾਉਣ।

# 17

# ਪੇਂਡੂ ਨੌਜਵਾਨਾਂ ਨੂੰ ਖੇਤੀਬਾੜੀ ਨਾਲ ਜੋੜਨਾ ਬੇਹੱਦ ਜ਼ਰੂਰੀ ਹੈ

ਭਾਰਤ ਨੂੰ ਇਕ ਨੌਜਵਾਨ ਦੇਸ਼ ਦੇ ਰੂਪ ਵਿੱਚ ਮੰਨਿਆ ਜਾ ਰਿਹਾ ਹੈ ਕਿਉਂਕਿ ਸੰਯੁਕਤ ਰਾਸ਼ਟਰ ਦੀ ਵਿਸ਼ਵ ਦੀ ਆਬਾਦੀ ਬਾਰੇ ਰਿਪੋਰਟ ਅਨੁਸਾਰ ਦੁਨੀਆਂ ਦੇ ਸਾਰੇ ਦੇਸ਼ਾਂ ਵਿੱਚੋਂ ਸੱਭ ਤੋਂ ਵੱਧ ਨੌਜਵਾਨ (10 ਤੋਂ 24 ਸਾਲ ਉਮਰ) ਆਬਾਦੀ (42 ਕਰੋੜ ਤੋਂ ਵੱਧ) ਭਾਰਤ ਵਿੱਚ ਹੈ। ਇਹ ਉਮੀਦ ਕੀਤੀ ਜਾ ਰਹੀ ਹੈ ਕਿ ਆਉਂਦੇ ਸਮੇਂ ਵਿਚ ਭਾਰਤ ਦੀ 15 ਤੋਂ 29 ਸਾਲ ਦੀ ਉਮਰ ਵਾਲੀ ਆਬਾਦੀ ਲਗਪਗ 37 ਪ੍ਰਤੀਸ਼ਤ ਹੋਵੇਗੀ ਅਤੇ 30 ਤੋਂ 50 ਸਾਲ ਉਮਰ ਵਾਲੀ ਆਬਾਦੀ ਲਗਪਗ 29 ਪ੍ਰਤੀਸ਼ਤ ਹੋਵੇਗੀ। ਪੰਜਾਬ ਦੀ ਕੁੱਲ ਆਬਾਦੀ (ਲਗਪਗ 3 ਕਰੋੜ) ਵਿੱਚ ਨੌਜਵਾਨ (15 ਤੋਂ 20 ਸਾਲ ਉਮਰ) ਆਬਾਦੀ ਲਗਪਗ 20 ਪ੍ਰਤੀਸ਼ਤ ਹੈ। ਜਦ ਕਿ ਨੌਜਵਾਨ ਆਬਾਦੀ ਵੱਧ ਰਹੀ ਹੈ, ਇਕ ਵੱਡੀ ਚੁਣੌਤੀ ਇਹ ਹੈ ਕਿ ਦੇਸ਼ ਵਿਸ਼ਾਲ ਨੌਜਵਾਨ ਮਨੁੱਖੀ ਸਰੋਤ ਦਾ ਯੋਜਨਾਬਧ ਤਰੀਕੇ ਨਾਲ ਵਰਤੋਂ ਕਰਨ ਵਿੱਚ ਪਿਛੜ ਰਿਹਾ ਹੈ। ਇਹ ਵੀ ਇਕ ਆਮ ਚਿੰਤਾ ਹੈ ਕਿ ਬਹੁਤ ਸਾਰੇ ਪੇਂਡੂ ਨੌਜਵਾਨ ਬੇਰੁਜ਼ਗਾਰ, ਬਹੁਤ ਘੱਟ ਆਮਦਨ ਵਾਲੇ ਰੋਜ਼ਗਾਰ ਅਧੀਨ ਜਾਂ ਬਿਨਾਂ ਉਦੇਸ਼ ਦੇ ਆਪਣਾ ਸਮਾਂ ਬਤੀਤ ਤਾਂ ਕਰ ਸਕਦੇ ਹਨ ਪਰ ਖੇਤੀਬਾੜੀ ਇਕ ਪੇਸ਼ੇ ਵਜੋਂ ਪੂਰੇ, ਅੱਧੇ ਜਾਂ ਥੋੜ੍ਹੇ ਸਮੇਂ ਲਈ ਵੀ ਅਪਨਾਉਣ ਵੱਲ ਦਿਲਚਸਪੀ ਨਹੀਂ ਰੱਖਦੇ। ਉਹ ਸਮਝਦੇ ਹਨ ਕਿ ਖੇਤੀਬਾੜੀ ਖੇਤਰ (ਖਾਸ ਤੌਰ ’ਤੇ ਛੋਟੀ ਕਿਸਾਨੀ ਵਾਲੇ) ਆਰਥਿਕ ਤੌਰ ’ਤੇ ਬਹੁਤ ਹੀ ਅਨਿਸ਼ਚਿਤ (ਫ਼ਸਲਾਂ ਤੇ ਪਸ਼ੂਆਂ ਦੀ ਅਸਫਲਤਾ ਦੇ ਖਤਰੇ), ਘੱਟ ਮੁਨਾਫ਼ੇ ਤੇ ਘੱਟ ਆਮਦਨ ਪੈਦਾ ਕਰਨ ਵਾਲਾ ਜਾਂ ਘਾਟੇ ਵਾਲਾ ਧੰਦਾ ਹੈ।

ਸਰਕਾਰਾਂ ਦੁਆਰਾ ਆਮ ਤੌਰ ’ਤੇ ਸ਼ੁਰੂ ਕੀਤੀਆਂ ਗਈਆਂ ਨੌਜਵਾਨਾਂ ਨਾਲ ਸੰਬੰਧਿਤ ਵੱਖ-ਵੱਖ ਨੀਤੀਆਂ ਤੇ ਸਕੀਮਾਂ (ਜਿਵੇਂ ਨੈਸ਼ਨਲ ਯੂਥ ਪਾਲਿਸੀ, 2014 ਅਤੇ ਹੋਰ ਕਈ) ਪੇਂਡੂ ਯੁਵਕਾਂ ਤੇ ਕੇਂਦਰਤ ਨਾਂ ਹੋਣ ਕਰਕੇ ਉਨ੍ਹਾਂ ਨੂੰ ਖੇਤੀਬਾੜੀ ਕਿੱਤੇ ਵਲ ਆਕਰਸ਼ਿਤ ਕਰਨ ਵਿੱਚ ਜ਼ਿਆਦਾ ਸਫਲ ਨਹੀਂ ਹੋਈਆਂ। ਅਸਲ ਵਿੱਚ ਸਰਕਾਰਾਂ ਦੀਆਂ ਨੀਤੀਆਂ ਬਣਾਉਣ ਦੌਰਾਨ ਹੀ ਖੇਤੀਬਾੜੀ ਖੇਤਰ ਨੂੰ ਉਦਯੋਗ ਤੇ ਹੋਰ ਸੇਵਾਵਾਂ ਨਾਲੋਂ ਵੱਧ ਲਾਹੇਵੰਦ ਬਣਾਉਣ ਲਈ ਅਣਡਿੱਠ ਕੀਤਾ ਗਿਆ ਹੈ। ਸਰਕਾਰ ਵੱਲੋਂ 1991 ਵਿੱਚ ਸ਼ੁਰੂ ਕੀਤੀਆਂ “ਆਰਥਿਕ ਸੁਧਾਰ” ਨੀਤੀਆਂ ਅਧੀਨ ਹੀ ਖੇਤੀਬਾੜੀ ਖੇਤਰ ਨੂੰ ਅਣਡਿੱਠ ਕੀਤਾ ਗਿਆ ਅਤੇ ਗ਼ੈਰ-ਖੇਤੀ ਖੇਤਰ (ਨਿਰਮਾਣ, ਸੂਚਨਾ ਤਕਨੀਕ, ਸੇਵਾਵਾਂ ਆਦਿ) ਨੂੰ ਬਹੁਤ ਜ਼ਿਆਦਾ ਉਤਸ਼ਾਹਿਤ ਕੀਤਾ ਗਿਆ। ਨਤੀਜੇ ਵਜੋਂ ਖੇਤੀਬਾੜੀ ਖੇਤਰ ਦੇ ਕਾਮਿਆਂ ਅਤੇ ਗ਼ੈਰ-ਖੇਤੀ ਕਾਮਿਆਂ ਦੀ ਸਾਲਾਨਾ ਆਮਦਨ ਵਿਚਲਾ ਪਾੜਾ ਲਗਾਤਾਰ ਵਧਿਆ ਹੈ। ਖੇਤੀਬਾੜੀ ਤੋਂ ਲਾਭ ਅਤੇ ਆਮਦਨ ਵਿਚ ਘਾਟ ਆਉਣ ਕਰਕੇ ਬਹੁਤ ਸਾਰੇ ਕਿਸਾਨਾਂ

ਦੀ ਲੋੜਾਂ ਨਾਲੋਂ ਘੱਟ ਆਮਦਨ ਵਿੱਚ ਰਹਿਣਾ ਮਜ਼ਬੂਰੀ ਬਣ ਗਈ ਹੈ। ਇਕ ਸਰਵੇਖਣ ਅਨੁਸਾਰ ਤਕਰੀਬਨ 40 ਪ੍ਰਤੀਸ਼ਤ ਕਿਸਾਨ (ਵਿਸ਼ੇਸ਼ ਤੌਰ ’ਤੇ ਛੋਟੇ ਅਤੇ ਸੀਮਾਂਤ ਕਿਸਾਨ) ਖੇਤੀਬਾੜੀ ਤੋਂ ਇਲਾਵਾ ਦੂਜੇ ਕਿੱਤੇ ਅਪਨਾਉਣ ਲਈ ਤਿਆਰ ਹਨ। ਇਸ ਦੇ ਨਾਲ-ਨਾਲ ਨੌਜਵਾਨਾਂ ਵਿੱਚ ਖੇਤੀਬਾੜੀ ਕਿੱਤਾ ਅਪਨਾਉਣ ਦੀ ਰੁਚੀ ਘਟ ਰਹੀ ਹੈ।

ਪੰਜਾਬ ਦੇ ਕਈ ਪੜ੍ਹੇ ਲਿਖੇ ਨੌਜਵਾਨਾਂ ਨੇ ਖੇਤੀਬਾੜੀ ਨੂੰ ਅਪਣਾਇਆ ਵੀ ਹੈ (ਖਾਸ ਤੌਰ ’ਤੇ ਫਲਾਂ, ਸਬਜ਼ੀਆਂ, ਉੱਚ-ਤਕਨੀਕੀ ਸੁਰੱਖਿਅਤ ਖੇਤੀ, ਫੁੱਲਾਂ ਦੀ ਖੇਤੀ, ਖੁੰਬਾਂ ਤੇ ਬੀਜ ਪੈਦਾ ਕਰਨਾ ਆਦਿ) ਪਰ ਬਹੁਤੇ ਪੇਂਡੂ ਨੌਜਵਾਨ (ਖਾਸ ਤੌਰ ’ਤੇ ਛੋਟੇ ਕਿਸਾਨ) ਅਤੇ ਕਈ ਖੇਤੀਬਾੜੀ ਦੀ ਡਿਗਰੀ ਧਾਰਕ ਨੌਜਵਾਨ ਵੀ ਖੇਤੀਬਾੜੀ ਨੂੰ ਪੇਸ਼ੇ ਦੇ ਤੌਰ ’ਤੇ ਅਪਨਾਉਣ ਦੀ ਬਜਾਏ ਪਿੰਡਾਂ ਤੋਂ ਸ਼ਹਿਰਾਂ ਵਿੱਚ ਜਾਂ ਵਿਦੇਸ਼ਾਂ ਵਿੱਚ ਜਾ ਰਹੇ ਹਨ। ਇਸ ਸਥਿਤੀ ਦੇ ਨਤੀਜੇ ਵਜੋਂ ਪਿੰਡਾਂ ਵਿੱਚੋਂ 'ਬਰੇਨ-ਡਰੇਨ' (Brain drain) ਹੋ ਰਿਹਾ ਹੈ ਜਿਸ ਕਾਰਨ ਪੇਂਡੂ ਖੇਤਰ ਵਿੱਚ ਖੇਤੀ ਸੰਬੰਧਿਤ ਮਨੁੱਖੀ ਸਰੋਤ ਦੀ ਘਾਟ ਪੈਦਾ ਹੋ ਰਹੀ ਹੈ। ਇਸ ਰੁਝਾਨ ਨੂੰ ਉਲਟਾਉਣ ਦੀ ਲੋੜ ਹੈ। ਇਹ ਸਮਝ ਲੈਣਾ ਚਾਹੀਦਾ ਹੈ ਕਿ ਭਵਿੱਖ ਵਿੱਚ ਦੇਸ਼ ਦਾ ਖੇਤੀਬਾੜੀ ਆਧਾਰਿਤ ਆਰਥਿਕ ਵਿਕਾਸ ਆਉਣ ਵਾਲੀਆਂ ਪੀੜ੍ਹੀਆਂ ਲਈ ਖੁਰਾਕ ਤੇ ਰੁਜ਼ਗਾਰ (ਰਸਮੀ ਤੇ ਸਵੈ-ਰੁਜ਼ਗਾਰ) ਦੀ ਯਕੀਨੀ ਉਪਲੱਬਧਤਾ ਜ਼ਿਆਦਾ ਕਰਕੇ ਪੇਂਡੂ ਨੌਜਵਾਨਾਂ ਦਾ ਯੋਜਨਾਬਧ ਤਰੀਕੇ ਨਾਲ ਖੇਤੀਬਾੜੀ ਅਤੇ ਸਹਾਇਕ ਗਤੀਵਿਧੀਆਂ ਨੂੰ ਅਪਨਾਉਣ ਅਤੇ ਯੋਗਦਾਨ ਉੱਤੇ ਨਿਰਭਰ ਕਰੇਗਾ। ਖੇਤੀਬਾੜੀ ਵਿੱਚ ਸ਼ਾਮਲ ਹੋਣ ਨਾਲ ਪੇਂਡੂ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਮੌਜੂਦਗੀ ਦਰ (ਜੋ ਪੰਜਾਬ ਵਿੱਚ 16 ਪ੍ਰਤੀਸ਼ਤ ਤੋਂ ਵੱਧ ਹੈ) ਨੂੰ ਵੀ ਬਹੁਤ ਹੱਦ ਤੱਕ ਘਟਾਇਆ ਜਾ ਸਕੇਗਾ।

ਪੇਂਡੂ ਨੌਜਵਾਨਾਂ ਨੂੰ ਖੇਤੀ ਵੱਲ ਆਕਰਸ਼ਿਤ ਕਰਨ ਲਈ ਇਹ ਜ਼ਰੂਰੀ ਹੈ ਕਿ ਖੇਤੀਬਾੜੀ ਦੀ ਸਮੁੱਚੀ ਪ੍ਰਣਾਲੀ (ਉਤਪਾਦਨ, ਵਾਢੀ ਤੋਂ ਬਾਅਦ ਪ੍ਰਬੰਧਨ, ਪ੍ਰੋਸੈਸਿੰਗ ਅਤੇ ਮੰਡੀਕਰਨ) ਵਿੱਚ ਤੁਰੰਤ ਸੁਧਾਰ ਕਰਕੇ ਇਸ ਨੂੰ ਇਕ ਲਾਭਦਾਇਕ ਕਿੱਤਾ ਬਣਾਇਆ ਜਾਵੇ। ਇਸ ਲਈ ਖੇਤੀਬਾੜੀ ਨੂੰ ਵਿਗਿਆਨ ਅਤੇ ਆਧੁਨਿਕ ਤਕਨਾਲੋਜੀ ਆਧਾਰਿਤ ਵਿਕਸਿਤ, ਆਰਥਿਕ ਤੌਰ ’ਤੇ ਲਾਭਦਾਇਕ ਅਤੇ ਰੁਜ਼ਗਾਰ ਪੈਦਾ ਕਰਨ ਵਰਗੇ ਉਦਯੋਗ ਦੀ ਤਰ੍ਹਾਂ ਵਿਕਸਿਤ ਕਰਨ ਦੀ ਲੋੜ ਹੈ। ਇਸ ਲਈ ਲੋੜ ਹੈ ਕਿ ਸਰਕਾਰਾਂ ਅਤੇ ਉਨ੍ਹਾਂ ਦੇ ਨੀਤੀ ਨਿਰਮਾਤਾਵਾਂ ਅਤੇ ਵਿਤੀ ਪ੍ਰਬੰਧਕਾਂ ਵੱਲੋਂ ਛੋਟੀ ਅਤੇ ਲੰਮੀ ਮਿਆਦ ਦੀਆਂ ਵਿਆਪਕ ਭਵਿੱਖਵਾਦੀ ਪੇਂਡੂ ਨੌਜਵਾਨਾਂ ਨਾਲ ਸੰਬੰਧਿਤ ਆਰਥਿਕ ਨੀਤੀਆਂ ਵਿਕਸਿਤ ਕੀਤੀਆਂ ਜਾਣ ਜੋ ਪੇਂਡੂ ਯੁਵਕਾਂ ਨੂੰ ਵਿਭਿੰਨਤ ਖੇਤੀ ਦੇ ਕੁਸ਼ਲ ਉਤਪਾਦਨ, ਵਾਢੀ ਤੋਂ ਬਾਅਦ ਪ੍ਰਬੰਧਨ, ਪ੍ਰੋਸੈਸਿੰਗ ਅਤੇ ਮਾਰਕੀਟਿੰਗ ਲਈ ਨਵੇਂ ਆਧੁਨਿਕ ਘੱਟ-ਜੋਖਮ/ਜੋਖਮ-ਮੁਕਤ ਸਕਾਰਾਤਮਕ ਲਾਭ ਅਤੇ ਆਮਦਨੀ ਵਧਾਉਣ ਵਾਲੀਆਂ ਆਧੁਨਿਕ ਤਕਨੀਕਾਂ ਨੂੰ ਕੁਸ਼ਲਤਾ ਨਾਲ ਵਰਤਣ ਲਈ ਉਤਸ਼ਾਹਿਤ ਕਰਨ। ਨੌਜਵਾਨਾਂ ਨੂੰ ਲੋੜੀਂਦੀ ਵਿਤੀ ਮਦਦ ਅਤੇ ਸੇਵਾਵਾਂ (ਕ੍ਰੈਡਿਟ, ਬੀਮਾ, ਬਹੁਤ ਘੱਟ ਵਿਆਜ ਦੀ ਦਰ ਤੇ ਜਾਂ ਵਿਆਜ ਰਹਿਤ ਕਰਜ਼ੇ ਅਤੇ ਸ਼ੁਰੂ ਕਰਨ ਲਈ ਵਿਤੀ ਸਹਾਇਤਾ ਆਦਿ) ਬਿਨਾਂ ਮੁਸ਼ਕਿਲ ਸਮੇਂ ਸਿਰ

ਅਤੇ ਆਸਾਨੀ ਨਾਲ ਉਪਲੱਬਧ ਹੋਣੀਆਂ ਚਾਹੀਦੀਆਂ ਹਨ।

ਇਨ੍ਹਾਂ ਨੀਤੀਆਂ ਅਧੀਨ ਨੌਜਵਾਨ ਕਿਸਾਨਾਂ ਨੂੰ ਬੀਜ, ਖਾਦਾਂ, ਕੀਟਨਾਸ਼ਕ, ਪਾਣੀ, ਮਸ਼ੀਨਰੀ ਅਤੇ ਊਰਜਾ ਦੀ ਸਸਤੇ ਭਾਅ ਤੇ ਸਪਲਾਈ, ਹਾਈ-ਟੈੱਕ ਸੁਰੱਖਿਅਤ ਖੇਤੀ ਤੱਕ ਪਹੁੰਚ, ਖੇਤੀਬਾੜੀ ਉੱਪਰ ਜਲਵਾਯੂ ਦੀ ਤਬਦੀਲੀ ਦੇ ਹਾਨੀਕਾਰਕ ਪ੍ਰਭਾਵਾਂ ਨੂੰ ਕੰਟ੍ਰੋਲ ਕਰਨ ਲਈ ਤਕਨੀਕਾਂ ਦੀ ਉਪਲੱਬਧਤਾ, ਵੱਖ-ਵੱਖ ਜੋਖਮਾਂ ਦੇ ਖਤਰਿਆਂ ਦੇ ਪ੍ਰਬੰਧ, ਉਚਿੱਤ ਰੋਜ਼ਗਾਰ ਦੇ ਮੌਕਿਆਂ ਤੱਕ ਪਹੁੰਚ, ਨਾਸ਼ਵਾਨ ਤੇ ਗ਼ੈਰ-ਨਾਸ਼ਵਾਨ ਖੇਤੀ ਉਤਪਾਦਾਂ ਲਈ ਲਾਹੇਵੰਦ ਮਾਰਕੀਟਿੰਗ (ਘਰੇਲੂ ਤੇ ਵਿਸ਼ਵ) ਅਤੇ ਹੋਰ ਸੇਵਾਵਾਂ ਜ਼ਰੂਰ ਉਪਲੱਬਧ ਹੋਣੀਆਂ ਚਾਹੀਦੀਆਂ ਹਨ। ਪੇਂਡੂ ਨੌਜਵਾਨਾਂ ਨਾਲ ਸੰਬੰਧਿਤ ਨੀਤੀਆਂ ਵਿਕਸਿਤ ਕਰਨ ਵਿੱਚ ਪੇਂਡੂ ਯੁਵਕਾਂ ਦੀ ਸ਼ਮੂਲੀਅਤ ਜ਼ਰੂਰੀ ਹੈ।

ਸਮੇਂ ਦੀ ਲੋੜ ਹੈ ਕਿ ਪੜ੍ਹੇ ਲਿਖੇ ਨੌਜਵਾਨਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਕਿ ਉਹ ਘੱਟ ਮੁਨਾਫ਼ੇ ਵਾਲੀ ਰਿਵਾਇਤੀ ਖੇਤੀ ਤੋਂ ਅੱਗੇ ਵਧਣ ਅਤੇ ਉਤਪਾਦਨ, ਮੁਨਾਫ਼ੇ ਤੇ ਆਮਦਨੀ ਪੈਦਾ ਕਰਨ ਵਾਲੀ ਆਧੁਨਿਕ ਖੇਤੀ ਅਤੇ ਪ੍ਰੋਸੈਸਿੰਗ ਇੰਡਸਟਰੀ ਆਧਾਰਿਤ ਆਰਥਿਕ ਅੰਦੋਲਨ ਲਿਆਉਣ। ਇਸ ਲਈ ਨੌਜਵਾਨਾਂ ਨੂੰ ਤਕਨੀਕਾਂ, ਵਿਤੀ, ਵਿਸ਼ੇਸ਼ ਸਿਖਲਾਈ, ਮੰਡੀਕਰਨ ਤੇ ਹੋਰ ਮਹੱਤਵਪੂਰਣ ਸੁਵਿਧਾਵਾਂ ਦੇ ਸਮਰਥਨ ਦੇਣ ਦੀ ਜ਼ਰੂਰਤ ਹੈ ਤਾਂ ਜੋ ਉਹ ਉੱਚ ਉਤਪਾਦਨ, ਉੱਚ ਗੁਣਵੱਤਾ, ਉੱਚ ਆਮਦਨ ਤੇ ਲਾਭਪਾਤਰੀ ਫ਼ਸਲਾਂ, ਫਲ, ਸਬਜ਼ੀਆਂ, ਖੁੰਬਾਂ, ਫੁੱਲਾਂ ਦੀ ਖੇਤੀ, ਜੈਵਿਕ ਖੇਤੀ, ਬੀਜ ਤੇ ਪਨੀਰੀ ਪੈਦਾ ਕਰਨ, ਮੱਛੀ ਪਾਲਣ ਅਤੇ ਹੋਰ ਉੱਚ ਮੁੱਲ ਵਾਲੀਆਂ ਵਸਤਾਂ ਪੈਦਾ ਕਰਨ ਨੂੰ ਕਾਰੋਬਾਰੀ ਉਦਯੋਗਾਂ ਦੇ ਤੌਰ ’ਤੇ ਅਪਨਾਉਣ। ਇਨ੍ਹਾਂ ਉਤਪਾਦਾਂ ਦੀ ਘਰੇਲੂ ਤੇ ਵਿਸ਼ਵ ਪੱਧਰੀ ਮੰਡੀਆਂ ਵਿਚ ਵੱਡੀ ਮੰਗ ਹੋਣ ਕਰਕੇ ਯੁਵਕ ਉੱਚ ਲਾਭ ਤੇ ਆਮਦਨ ਪ੍ਰਾਪਤ ਕਰ ਸਕਦੇ ਹਨ।

ਸਰਕਾਰਾਂ ਤੇ ਉਨ੍ਹਾਂ ਦੇ ਨੀਤੀ ਨਿਰਮਾਤਾਵਾਂ ਨੂੰ ਸਮਝਣ ਦੀ ਲੋੜ ਹੈ ਕਿ ਉਸ ਛੋਟੇ ਤੇ ਬੇਜ਼ਮੀਨੇ ਨੌਜਵਾਨ ਕਿਸਾਨ ਦੀ ਖੇਤੀ ਆਧਾਰਿਤ ਆਰਥਿਕਤਾ ਦੇ ਵਿਕਾਸ ਦੇ ਵਾਧੇ ਦੀ ਦਰ ਉਦੋਂ ਤੱਕ ਘਟਦੀ ਰਹੇਗੀ ਜਦ ਤੱਕ ਖੇਤੀਬਾੜੀ ਦੀ ਸਮੁੱਚੀ ਪ੍ਰਣਾਲੀ (ਉਤਪਾਦਨ ਤੋਂ ਮੰਡੀਕਰਨ ਤੱਕ) ਵਿੱਚ ਸੁਧਾਰ ਕਰਕੇ ਉਸ ਨੂੰ ਉਦਯੋਗ ਦੇ ਨੇੜੇ ਲਿਆ ਕੇ ਖੇਤੀਬਾੜੀ ਤੋਂ ਇਲਾਵਾ ਹੋਰ ਆਮਦਨ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਨਾਂ ਕੀਤੇ ਗਏ। ਇਸ ਲਈ ਲੋੜ ਹੈ ਕਿ ਸਰਕਾਰ ਤੇ ਗ਼ੈਰ-ਸਰਕਾਰੀ ਪੂੰਜੀ ਨਿਵੇਸ਼ ਕਰਕੇ ਖੇਤੀਬਾੜੀ ਆਧਾਰਿਤ ਉਦਯੋਗ, ਖੇਤੀ ਸੰਬੰਧੀ ਉਦਯੋਗ ਅਤੇ ਹੋਰ ਰੁਜ਼ਗਾਰ ਤੇ ਸਵੈ-ਰੁਜ਼ਗਾਰ ਦੇ ਮੌਕਿਆਂ ਦਾ ਵੱਡੇ ਪੱਧਰ ’ਤੇ ਪੇਂਡੂ ਖੇਤਰਾਂ ਵਿੱਚ ਪਸਾਰ ਕੀਤਾ ਜਾਵੇ ਤਾਂ ਜੋ ਨੌਜਵਾਨਾਂ ਦੀ ਅਰਥ-ਵਿਵਸਥਾ ਉੱਚੇ ਪੱਧਰ ’ਤੇ ਲਗਾਤਾਰ ਕਾਇਮ ਰਹੇ। ਭਾਰਤ ਦੇ ਨੀਤੀ-ਆਯੋਗ ਅਨੁਸਾਰ ਜੇ ਕਿਸਾਨਾਂ ਕੋਲ ਆਮਦਨ ਦਾ ਕੋਈ ਹੋਰ ਸਾਧਨ ਨਹੀਂ ਤਾਂ 53 ਪ੍ਰਤੀਸ਼ਤ ਕਿਸਾਨ ਗਰੀਬੀ ਰੇਖਾ ਤੋਂ ਹੇਠਾਂ ਹਨ ਅਤੇ ਜੇਕਰ ਕਿਸਾਨਾਂ ਦੀ ਖੇਤੀ ਦੇ ਨਾਲ-ਨਾਲ ਹੋਰ ਗ਼ੈਰ-ਖੇਤੀ ਦੀ ਆਮਦਨ ਵੀ ਮੰਨਿਆ ਜਾਵੇ ਤਾਂ ਵੀ ਲਗਪਗ 23 ਪ੍ਰਤੀਸ਼ਤ ਕਿਸਾਨ ਗਰੀਬੀ ਰੇਖਾ ਤੋਂ ਹੇਠਾਂ ਹਨ। ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਪੰਜਾਬ ਵਿੱਚ ਹਾਲ ਹੀ ਵਿੱਚ ਸਥਾਪਿਤ ਮੈਗਾ-ਫੂਡ

ਪਾਰਕਾਂ ਫਾਜ਼ਿਲਕਾ, ਲੁਧਿਆਣਾ ਤੇ ਕਪੂਰਥਲਾ ਤੋਂ ਇਲਾਵਾ ਉਦਯੋਗਿਕ ਇਕਾਈਆਂ ਅਤੇ ਹੋਰ ਗ਼ੈਰ-ਖੇਤੀ ਰੁਜ਼ਗਾਰਾਂ ਦੇ ਮੌਕਿਆਂ ਦਾ ਵੱਡੇ ਪੈਮਾਨੇ ਤੇ ਪਸਾਰ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਨੌਜਵਾਨ ਖੇਤੀ ਦੇ ਨਾਲ-ਨਾਲ ਖੇਤੀ ਤੋਂ ਇਲਾਵਾ ਵਿਭਿੰਨ ਸਰੋਤਾਂ ਤੋਂ ਆਪਣੀ ਆਮਦਨ ਵਧਾ ਕੇ ਖੇਤੀ ਕਰਨ ਵੱਲ ਆਪਣੀ ਦਿਲਚਸਪੀ ਵਧਾਉਣ।

ਲੋੜ ਹੈ ਕਿ ਨੌਜਵਾਨ ਤਕਨੀਕੀ ਹੁਨਰ ਪ੍ਰਾਪਤ ਕਰਕੇ ਖੇਤੀਬਾੜੀ ਉਤਪਾਦਕਤਾ, ਉਤਪਾਦਿਕ ਕੁਸ਼ਲਤਾ ਤੇ ਅਕਾਰਾਤਮਕ ਲਾਭ ਪ੍ਰਾਪਤ ਕਰਨ ਅਤੇ ਉਦਯੋਗਿਕ-ਆਰਥਿਕ ਮੌਕੇ ਪ੍ਰਾਪਤ ਕਰਨ ਦੇ ਯੋਗ ਅਤੇ ਰੁਜ਼ਗਾਰ ਪ੍ਰਦਾਤਾ ਬਣਨ। ਇਸ ਲਈ ਪੇਂਡੂ ਖੇਤਰਾਂ ਵਿੱਚ ਸਰਕਾਰ ਦੁਆਰਾ ਚਲਾਏ ਗਏ "ਹੁਨਰ ਭਾਰਤ ਮਿਸ਼ਨ" ਨੂੰ ਜ਼ੋਰ ਨਾਲ ਲਾਗੂ ਕਰਨ ਦੀ ਲੋੜ ਹੈ। ਹੁਨਰ ਵਿਕਾਸ ਤਕਨੀਕੀ ਜ਼ਰੂਰਤਾਂ ਦੇ ਅਨੁਸਾਰ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਜੇ ਹੁਨਰ ਪ੍ਰਾਪਤ ਨੌਜਵਾਨ ਕਿਸਾਨ ਬੀਜ, ਪਾਣੀ, ਖਾਦਾਂ, ਕੀਟਨਾਸ਼ਕ ਅਤੇ ਊਰਜਾ ਦੀ ਕੁਸ਼ਲ ਵਰਤੋਂ ਕਰਕੇ ਖਰਚੇ ਘਟਾਉਣ ਤੇ ਲਾਭ ਵਧਾਉਣ, ਫ਼ਸਲਾਂ ਦੀ ਉੱਚ ਪੱਧਰੀ ਸੁਰੱਖਿਅਤ ਕਾਸ਼ਤ ਕਰਨ, ਕੋਲਡ-ਚੇਨ (ਉਤਪਾਦ ਤੋਂ ਖਪਤਕਾਰ ਤੱਕ) ਪ੍ਰਣਾਲੀ ਦਾ ਪ੍ਰਬੰਧਨ, ਵਿਕਾਸ, ਸੂਚਨਾ ਤੇ ਸੰਚਾਰ ਤਕਨਾਲੋਜੀ ਦੀ ਵਰਤੋਂ ਕਰਨ, ਗ਼ੈਰ-ਨਾਸ਼ਵਾਨ ਤੇ ਨਾਸ਼ਵਾਨ ਉਤਪਾਦਾਂ ਨੂੰ ਸਟੋਰ ਕਰਨ ਤਾਂ ਉਨ੍ਹਾਂ ਦੇ ਮੰਡੀਕਰਨ ਸਮੇਂ ਜਲਵਾਯੂ ਤਬਦੀਲੀ ਦੇ ਪ੍ਰਭਾਵ ਨੂੰ ਕਾਬੂ ਕਰਨ ਵਿੱਚ ਬਹੁਤ ਸਹਾਇਤਾ ਹੋ ਸਕਦੀ ਹੈ।

ਇਹ ਸਮਝ ਲੈਣਾ ਜ਼ਰੂਰੀ ਹੈ ਕਿ ਖੇਤੀਬਾੜੀ ਅਤੇ ਸਹਾਇਕ ਗਤੀਵਿਧੀਆਂ ਵਿੱਚ ਨੌਜਵਾਨਾਂ ਨੂੰ ਆਕਰਸ਼ਿਤ ਕਰਨ ਦੀਆਂ ਯੋਜਨਾਵਾਂ ਤਾਂ ਹੀ ਸਫਲ ਹੋ ਸਕਣਗੀਆਂ ਜੇ ਵਰਤਮਾਨ ਮੰਡੀਕਰਨ ਪ੍ਰਣਾਲੀ ਅਤੇ ਸੰਬੰਧਿਤ ਬੁਨਿਆਦੀ ਢਾਂਚੇ ਦਾ ਆਧੁਨਿਕੀਕਰਨ ਕੀਤਾ ਜਾਵੇ ਅਤੇ ਇਸ ਨੂੰ ਨਾਸ਼ਵਾਨ ਤੇ ਗ਼ੈਰ-ਨਾਸ਼ਵਾਨ ਖੇਤੀ ਉਤਪਾਦਾਂ ਨੂੰ ਲਾਹੇਵੰਦ ਭਾਅ ਤੇ ਖਰੀਦਣ ਲਈ ਕੁਸ਼ਲ ਬਣਾਇਆ ਜਾਵੇ ਅਤੇ ਉਤਪਾਦਾਂ ਤੇ ਉਤਪਾਦਕਾਂ ਨੂੰ ਲਾਹੇਵੰਦ ਦੇਸ਼ੀ ਤੇ ਸੁਪਰ-ਮੰਡੀਆਂ ਨਾਲ ਜੋੜਿਆ ਜਾਵੇ। ਕਿਸਾਨਾਂ ਨੂੰ ਉਤਪਾਦਾਂ ਦੇ ਲਾਹੇਵੰਦ ਭਾਅ ਅਤੇ ਕਮਾਏ ਗਏ ਪੈਸੇ ਪ੍ਰਾਪਤ ਕਰਨ ਲਈ ਮੰਡੀਆਂ ਵਿੱਚ ਸੰਘਰਸ਼ ਨਾ ਕਰਨਾ ਪਏ। ਸਾਰੀਆਂ ਵੱਖ-ਵੱਖ ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ (ਐਮ ਐਸ ਪੀ) ਉਤਪਾਦਨ ਤੇ ਕੁੱਲ ਲਾਗਤ ਨਾਲੋਂ 50 ਪ੍ਰਤੀਸ਼ਤ ਵਧੇਰੇ ਚਾਹੀਦਾ ਹੈ। ਲੋੜ ਹੈ ਕਿ ਜਦ ਮੰਡੀਆਂ ਵਿੱਚ ਉਤਪਾਦਾਂ ਦੇ ਭਾਅ ਘੱਟੋ ਘੱਟ ਸਮਰਥਨ ਮੁੱਲ ਤੋਂ ਹੇਠਾਂ ਜਾਂਦੇ ਹੋਣ ਤਾਂ ਸਰਕਾਰ ਵਲੋਂ ਕੀਮਤਾਂ ਦੀ ਘਾਟ ਦੇ ਭੁਗਤਾਨ ਕੀਤੇ ਜਾਣ। ਮੰਡੀਆਂ ਨੂੰ ਸੂਚਨਾ ਤਕਨਾਲੋਜੀ ਆਧਾਰਿਤ ਮਾਰਕਿਟ ਇੰਟੈਲੀਜੈਂਸ ਨਾਲ ਜੋੜਿਆ ਜਾਵੇ। ਪੇਂਡੂ ਨੌਜਵਾਨਾਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਉਹ ਸੰਗਠਨ ਅਤੇ ਸਵੈ-ਸਹਾਇਤਾ ਸਮੂਹਾਂ ਦੇ ਰੂਪ ਵਿਚ ਖੇਤੀ ਸਾਧਨਾਂ ਦਾ ਪ੍ਰਬੰਧ ਤੇ ਮੰਡੀਕਰਨ ਦੇ ਇੰਤਜ਼ਾਮ ਕਰਨ ਤਾਂ ਜੋ ਖ਼ਰਚੇ ਘਟਾਏ ਜਾਣ ਤੇ ਲਾਭਪ੍ਰਧਿਤਾ ਵਧਾਈ ਜਾਵੇ।

ਹੁਣ ਸਮਾਂ ਹੈ ਕਿ ਸਰਕਾਰਾਂ ਅਤੇ ਉਨ੍ਹਾਂ ਦੇ ਨੀਤੀ ਨਿਰਮਾਤਾ, ਵਿਤੀ ਪ੍ਰਬੰਧਕ ਅਤੇ ਖੇਤੀ ਵਿਕਾਸ ਮਾਹਿਰ ਖੇਤੀਬਾੜੀ ਨਾਲ ਸੰਬੰਧਿਤ ਉਨ੍ਹਾਂ ਪ੍ਰੋਜੈਕਟਾਂ ਨੂੰ ਜ਼ਿਆਦਾ ਤਰਜੀਹ

ਦੇਣ ਜੋ ਲੋੜ ਆਧਾਰ ਬੁਨਿਆਦੀ ਢਾਂਚੇ ਨੂੰ ਵਿਕਸਿਤ ਕਰਕੇ ਤਕਨੀਕੀ, ਵਿੱਤੀ, ਮਾਰਕੀਟਿੰਗ ਆਦਿ ਅਤੇ ਹੋਰ ਰੁਕਾਵਟਾਂ ਨੂੰ ਘਟਾ ਕੇ ਪੇਂਡੂ ਨੌਜਵਾਨਾਂ ਨੂੰ ਇੱਕ ਪੇਸ਼ੇ ਵਾਂਗ ਖੇਤੀ ਅਪਨਾਉਣ ਵਾਸਤੇ ਉਤਸ਼ਾਹਿਤ ਕਰਨ। ਪਰ ਇੱਕ ਬੁਨਿਆਦੀ ਚਿੰਤਾ ਇਹ ਹੈ ਕਿ ਕੀ ਸਰਕਾਰਾਂ ਪੇਂਡੂ ਨੌਜਵਾਨਾਂ ਨੂੰ ਖੇਤੀਬਾੜੀ ਵੱਲ ਆਕਰਸ਼ਿਤ ਕਰਨ ਵਿੱਚ ਆਉਣ ਵਾਲੀਆਂ ਚੁਣੌਤੀਆਂ ਨੂੰ ਸਹੀ ਢੰਗ ਨਾਲ ਸੁਲਝਾਉਣਗੀਆਂ? ਸਮੱਸਿਆਵਾਂ ਗੁੰਝਲਦਾਰ ਹੋ ਰਹੀਆਂ ਹਨ ਜਿਨ੍ਹਾਂ ਨੂੰ ਜਲਦੀ ਤੋਂ ਜਲਦੀ ਹੱਲ ਕਰਨਾ ਬਹੁਤ ਜ਼ਰੂਰੀ ਹੈ ਤਾਂ ਜੋ ਪੇਂਡੂ ਨੌਜਵਾਨ ਖੇਤੀ ਵੱਲ ਆਕਰਸ਼ਿਤ ਨਾ ਹੋ ਕੇ ਵੱਧ ਰਹੀ ਬੇਰੁਜ਼ਗਾਰੀ ਕਰਕੇ ਸਮਾਜਿਕ ਵਿਗਾੜਾਂ ਅਤੇ ਬੁਰਾਈਆਂ ਵਾਲਾ ਰੂਪ ਨਾ ਧਾਰ ਲੈਣ।

❖❖❖

# 18
# ਕਿਸਾਨ ਆਤਮ-ਹੱਤਿਆਵਾਂ ਰੋਕਣ ਵਾਸਤੇ ਸੁਝਾਅ

ਭਾਵੇਂ ਪਿਛਲੇ ਛੇ ਦਹਾਕਿਆਂ ਵਿੱਚ ਸਾਡੇ ਦੇਸ਼ ਵਿੱਚ ਬੜੇ ਵੱਡੇ ਪੱਧਰ ’ਤੇ ਖੇਤੀ ਉਤਪਾਦਨ ਦੇ ਵਾਧੇ ਆਧਾਰਿਤ ਆਰਥਿਕ ਸੁਧਾਰ ਅਤੇ ਪੇਂਡੂ ਵਿਕਾਸ ਕਰਨ ਦੀਆਂ ਮੱਲਾਂ ਮਾਰੀਆਂ ਗਈਆਂ ਹਨ ਪਰ ਇਸ ਦੇ ਬਾਵਜੂਦ ਲਗਾਤਾਰ ਹੋ ਰਹੀਆਂ ਕਿਸਾਨ ਆਤਮ-ਹੱਤਿਆਵਾਂ ਕਰਕੇ ਦੇਸ਼ ਬੜੇ ਮਾਯੂਸੀ ਅਤੇ ਦਰਦਨਾਕ ਹਾਲਾਤਾਂ ਵਿੱਚੋਂ ਲੰਘ ਰਿਹਾ ਹੈ। ਇਕ ਬੜੀ ਚਿੰਤਾ ਇਹ ਹੈ ਕਿ ਇਨ੍ਹਾਂ ਆਤਮ-ਹੱਤਿਆਵਾਂ ’ਤੇ ਲੋੜੀਂਦੀ ਰੋਕ ਵੀ ਨਜ਼ਰ ਨਹੀਂ ਆਉਂਦੀ ਲੱਗ ਰਹੀ। ਕੇਂਦਰ ਸਰਕਾਰ ਵੱਲੋਂ ਪਾਰਲੀਮੈਂਟ ਵਿੱਚ ਪੇਸ਼ ਕੀਤੇ ਗਏ ਅੰਕੜਿਆਂ ਅਨੁਸਾਰ ਸਨ 1995 ਤੋਂ 2011 ਦੌਰਾਨ ਲਗਪਗ 2,90,740 ਖੇਤੀ ਕਰ ਰਹੇ ਸਵੈ-ਰੁਜ਼ਗਾਰੀ ਕਿਸਾਨ ਅਤੇ ਖੇਤੀ ਕਾਮਿਆਂ ਨੇ ਆਤਮ-ਹੱਤਿਆਵਾਂ ਕੀਤੀਆਂ। ਬਹੁਤੀਆਂ ਕਿਸਾਨ ਆਤਮ-ਹੱਤਿਆਵਾਂ ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਕਰਨਾਟਕਾ, ਕੈਰਲਾ, ਛੱਤੀਸ਼ਗੜ੍ਹ ਅਤੇ ਪੰਜਾਬ ਵਿੱਚ ਹੋਈਆਂ। ਪੰਜਾਬ ਸਰਕਾਰ ਦੇ ਕਿਸਾਨ ਆਯੋਗ ਕਮਿਸ਼ਨ ਦੀ ਸਰਪ੍ਰਸਤੀ ਹੇਠ ਕੀਤੀ ਗਈ ਘੋਖ ਅਨੁਸਾਰ ਸੰਨ 2006 ਵਿੱਚ 200 ਆਤਮ-ਹੱਤਿਆਵਾਂ ਵਿਚੋਂ 62 ਪ੍ਰਤੀਸ਼ਤ ਕਿਸਾਨ ਸਨ ਜਿਨ੍ਹਾਂ ਵਿੱਚ 71 ਪ੍ਰਤੀਸ਼ਤ ਛੋਟੇ ਕਿਸਾਨ ਸਨ। ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਦੁਆਰਾ ਕੀਤੇ ਗਏ ਇਕ ਹੋਰ ਨਿਰੀਖਣ ਅਨੁਸਾਰ 2000 ਤੋਂ 2011 ਸਮੇਂ ਦੌਰਾਨ 6936 ਕਿਸਾਨ ਤੇ ਖੇਤੀ ਕਾਮੇ ਆਤਮ-ਹੱਤਿਆ ਦਾ ਸ਼ਿਕਾਰ ਬਣੇ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੁਆਰਾ ਕੀਤੇ ਗਏ ਇਕ ਸਰਵੇਖਣ ਅਨੁਸਾਰ 2011-2018 ਦੌਰਾਨ 9670 ਕਿਸਾਨ ਅਤੇ ਖੇਤੀ ਕਾਮਿਆਂ ਨੇ ਆਤਮ-ਹੱਤਿਆਵਾਂ ਕੀਤੀਆਂ ਹਨ।

ਇਨ੍ਹਾਂ ਨਿਰੀਖਣਾਂ ਅਤੇ ਕਈ ਹੋਰ ਰਿਪੋਰਟਾਂ ਦੇ ਅੰਕੜੇ ਕਿਸਾਨਾਂ ਦੁਆਰਾ ਆਤਮ ਹੱਤਿਆਵਾਂ ਦੀ ਦਰਦਨਾਕ ਤੇ ਗੰਭੀਰ ਸਮੱਸਿਆ ਬਾਰੇ ਚੇਤਾਵਨੀ ਤਾਂ ਦਿੰਦੇ ਹਨ ਪਰ ਇਨ੍ਹਾਂ ਅੰਕੜਿਆਂ ਨੂੰ ਸਿਰਫ਼ ਉਜਾਗਰ ਕਰਨਾ ਹੀ ਬਹੁਤੀ ਮੱਹਤਤਾ ਨਹੀਂ ਰੱਖਦਾ। ਇਹ ਬਹੁਤ ਜ਼ਰੂਰੀ ਹੈ ਕਿ ਕਿਸਾਨ ਭਾਈਚਾਰੇ (ਜਿਸ ਵਿੱਚ ਕਿਸਾਨ, ਫ਼ਸਲਾਂ, ਪਸ਼ੂ ਧਨ, ਦਰਖਤ, ਖੇਤੀ ਕਾਮੇ ਤੇ ਪੇਂਡੂ ਮਹਿਲਾਵਾਂ ਇਕ ਦੂਜੇ ’ਤੇ ਨਿਰਭਰ ਰਹਿੰਦੇ ਹਨ) ਦੀਆਂ ਵਧ ਰਹੀਆਂ ਆਰਥਿਕ ਤੇ ਸਮਾਜਿਕ ਸਮੱਸਿਆਵਾਂ ਸੰਬੰਧਿਤ ਮਾਯੂਸੀਆਂ, ਨਿਰਾਸ਼ਤਾ ਤੇ ਦਰਦ ਘਟਾਉਣ ਵਾਸਤੇ ਰਾਜ ਤੇ ਕੇਂਦਰੀ ਸਰਕਾਰਾਂ ਦੇ ਯੋਜਨਾ ਬਣਾਉਣ ਵਾਲੇ, ਪੂੰਜੀ ਨਿਵੇਸ਼ ਕਰਨ ਵਾਲੇ, ਸਰਕਾਰੀ ਪ੍ਰਸ਼ਾਸਨ ਅਤੇ ਪੇਂਡੂ ਵਿਕਾਸ ਕਰਨ ਵਾਲੀਆਂ ਸੰਸਥਾਵਾਂ ਹਰ ਵਰਗ ਦੇ ਕਿਸਾਨ ਭਾਈਚਾਰੇ ਦੀ ਸ਼ਮੂਲੀਅਤ ਨਾਲ ਸਰਵ-ਪੱਖੀ ਕਾਰਜ ਨੀਤੀਆਂ ਲਾਗੂ ਕਰਨ ਤਾਂ ਜੋ ਕਿਸਾਨ ਆਤਮ ਹੱਤਿਆਵਾਂ ਹੋਣ ਤੇ ਰੋਕ ਲੱਗ ਸਕੇ।

ਅਸਲ ਵਿੱਚ ਥੋੜ੍ਹੀ ਜ਼ਮੀਨ ਵਾਲਾ ਛੋਟਾ ਕਿਸਾਨ ਭਾਈਚਾਰਾ ਇਕੱਲੀ ਖੇਤੀ ਆਧਾਰਿਤ ਕਮਾਈ ਹੋਣ ਕਰਕੇ "ਲੋੜ ਨਾਲੋਂ ਘੱਟ ਆਮਦਨ" ਵਾਲੀ ਚਿੰਤਾ ਦੇ ਦਬਾਅ ਹੇਠ ਰਹਿ ਰਿਹਾ ਹੈ। ਇਹ ਦਬਾਅ ਹੋਰ ਵੀ ਵੱਧ ਜਾਂਦਾ ਹੈ ਜਦੋਂ ਖੇਤੀ ਪ੍ਰਬੰਧਾਂ ਤੇ ਮਹਿੰਗਾਈ ਵਧਣ ਨਾਲ ਨਫ਼ੇ ਘੱਟਦੇ ਜਾਂਦੇ ਹਨ, ਸਰਕਾਰੀ, ਗ਼ੈਰ-ਸਰਕਾਰੀ ਮਾਲੀ ਸਹਾਇਤਾ ਬਹੁਤ ਘੱਟ ਜਾਂ ਸਮਾਨਤਾ ਨਾਲ ਨਹੀਂ ਮਿਲਦੀ, ਖੇਤੀ ਤੋਂ ਇਲਾਵਾ ਕਮਾਈ ਕਰਨ ਦੇ ਮੌਕੇ ਨਹੀਂ ਮਿਲਦੇ, ਕਈ ਅਚਨਚੇਤ ਅਸਹਿ ਆਰਥਿਕ ਘਾਟੇ ਪੈ ਜਾਂਦੇ ਹਨ ਅਤੇ ਸਮਾਜ ਵੱਲੋਂ ਬਰਾਬਰਤਾ ਨਾਲ ਸਹਾਰਿਆਂ ਦੀ ਘਾਟ ਰਹਿ ਜਾਂਦੀ ਹੈ। ਇਸ ਤਰ੍ਹਾਂ ਇਨ੍ਹਾਂ ਮਿਹਨਤੀ ਕਿਸਾਨਾਂ ਤੇ ਕਾਮਿਆਂ ਦੀ ਹਿੰਮਤ, ਮਿਹਨਤ ਕਰਨ ਦੀ ਯੋਗਤਾ ਤੇ ਗਤੀਸ਼ੀਲਤਾ ਨੂੰ ਵੱਡੀ ਢਾਅ ਲੱਗਦੀ ਹੈ ਅਤੇ ਬਹੁਤ ਨਿਰਾਸ਼ ਤੇ ਦੁਖੀ ਹਾਲਾਤਾਂ ਵਿੱਚ ਕਈ ਵਿਅਕਤੀ ਆਤਮ ਹੱਤਿਆ ਕਰਨ ਤੱਕ ਪਹੁੰਚ ਜਾਂਦੇ ਹਨ।

ਹੁਣ ਸਮਾਂ ਹੈ ਕਿ ਨੀਤੀਆਂ ਬਣਾਉਣ ਵਾਲੇ ਅਤੇ ਸਰਕਾਰੀ ਪ੍ਰਸ਼ਾਸਨ ਕਿਸਾਨ ਭਾਈਚਾਰੇ ਅਤੇ ਖਾਸ ਕਰਕੇ ਛੋਟੇ ਕਿਸਾਨਾਂ ਅਤੇ ਖੇਤੀ ਕਾਮਿਆਂ ਦੀਆਂ ਆਰਥਿਕ ਤੇ ਸਮਾਜਿਕ ਲੋੜਾਂ ਅਤੇ ਸਮੱਸਿਆਵਾਂ ਸੰਬੰਧਿਤ ਮਾਯੂਸੀਆਂ, ਨਿਰਾਸ਼ਤਾ ਅਤੇ ਦਰਦਾਂ ਨੂੰ ਸਮਝਣ ਤੇ ਸਰਵਪੱਖੀ ਖੇਤੀ ਤੇ ਪੇਂਡੂ ਵਿਕਾਸ ਸੰਬੰਧਿਤ ਕਾਰਜ ਨੀਤੀਆਂ ਲਾਗੂ ਕਰਨ ਤਾਂ ਜੋ ਉਨ੍ਹਾਂ ਕਿਸਾਨਾਂ ਤੇ ਕਾਮਿਆਂ ਦੀ ਆਰਥਿਕ-ਸੁਧਾਰੂ ਮੁੱਢਲੀ ਸਮਰੱਥਾ ਵਧੇ ਅਤੇ ਆਤਮ ਹੱਤਿਆਵਾਂ ਤੇ ਰੋਕ ਲੱਗ ਸਕੇ। ਲੋੜ ਹੈ ਕਿ ਪੇਂਡੂ ਵਿਕਾਸ ਅਤੇ ਖੇਤੀ ਉਤਪਾਦਨ-ਕੁਸ਼ਲਤਾ ਵਧਾਉਣ, ਵਿਨਾਸ਼ਸ਼ੀਲ ਅਤੇ ਘੱਟ ਵਿਨਾਸ਼ ਹੋਣ ਵਾਲੀਆਂ ਉਪਜਾਂ ਵਾਸਤੇ ਆਧੁਨਿਕ ਮੰਡੀਆਂ ਸਥਾਪਿਤ ਕਰਨ ਅਤੇ ਕਿਸਾਨ ਦੀ ਕੁੱਲ ਆਮਦਨ ਖੇਤੀ ਆਧਾਰਿਤ ਤੇ ਖੇਤੀ ਤੋਂ ਇਲਾਵਾ ਲਗਾਤਾਰ ਵਾਧੇ ਵੱਲ ਕਾਇਮ ਰੱਖਣ ਵਾਸਤੇ ਸਰਕਾਰੀ ਤੇ ਗ਼ੈਰ-ਸਰਕਾਰੀ ਪੂੰਜੀ ਨਿਵੇਸ਼ ਵਧਾ ਕੇ ਲੋੜੀਂਦੇ ਬੁਨਿਆਦੀ ਢਾਂਚੇ ਤੇ ਸਹੂਲਤਾਂ ਪੈਦਾ ਕਰਨ ਨੂੰ ਪਹਿਲ ਦਿੱਤੀ ਜਾਵੇ। ਇਸ ਦੇ ਨਾਲ-ਨਾਲ ਖੇਤਰ ਪੱਧਰ 'ਤੇ ਸਮਾਜਿਕ ਤੌਰ 'ਤੇ ਅਤੇ ਆਰਥਿਕਤਾ ਪੱਖੋਂ ਢੁੱਕਵੀਆਂ ਥੋੜ੍ਹੇ ਤੇ ਲੰਮੇ ਸਮੇਂ ਦੀਆਂ ਗਤੀਸ਼ੀਲ ਯੋਜਨਾਵਾਂ ਤੇ ਕਾਰਜ ਨੀਤੀਆਂ ਲਾਗੂ ਕੀਤੀਆਂ ਜਾਣ ਜਿਸ ਨਾਲ ਹਰ ਵਰਗ ਦੇ ਕਿਸਾਨ ਭਾਈਚਾਰੇ ਦਾ ਸ਼ਕਤੀਕਰਣ (ਮਾਲੀ, ਤਕਨੀਕੀ, ਸਿਖਲਾਈ ਆਦਿ) ਕਰਕੇ ਕਿਸਾਨਾਂ ਤੇ ਖੇਤੀ ਕਾਮਿਆਂ ਦੀ ਸਮਰੱਥਾ ਵਧਾਈ ਜਾਵੇ ਤਾਂ ਜੋ ਉਹ ਰਿਵਾਇਤੀ ਢੰਗਾਂ ਵਾਲੀ ਖੇਤੀ ਤੋਂ ਹਟ ਕੇ ਲਾਭ ਵਧਾਊ ਆਧੁਨਿਕ ਖੇਤੀ ਪ੍ਰਬੰਧਕ ਤਕਨੀਕਾਂ ਅਪਣਾ ਕੇ ਆਪਣੀ ਆਮਦਨ ਵਧਾਉਣ ਅਤੇ ਆਰਥਿਕ ਮਾਯੂਸੀ ਘਟਾ ਸਕਣ। ਕਿਸਾਨ ਭਾਈਚਾਰੇ ਨੂੰ ਆਰਥਿਕ ਸਹਾਇਤਾ, ਤਕਨੀਕੀ ਸਿਖਲਾਈ, ਮੰਡੀਕਰਨ ਸੰਬੰਧੀ ਮਦਦ ਦੇ ਕੇ ਪ੍ਰੇਰਿਤ ਕਰਨਾ ਚਾਹੀਦਾ ਹੈ ਤਾਂ ਜੋ ਉਹ ਆਪਣੀ ਆਮਦਨ ਲਗਾਤਾਰ ਵਾਧੇ ਵੱਲ ਕਾਇਮ ਰੱਖਣ ਵਾਸਤੇ ਖੇਤਰੀ ਅਤੇ ਸਥਾਨਕ ਅਨੁਕੂਲਤਾ ਆਧਾਰਿਤ ਵਧੇਰੇ ਲਾਭ ਦੇਣ ਵਾਲੇ ਕਿੱਤੇ ਅਪਨਾਉਣ। ਇਸ ਤਰ੍ਹਾਂ ਕਿਸਾਨਾਂ ਤੇ ਕਾਮਿਆਂ ਦੀ ਆਮਦਨ ਵਧਾਉਣ ਦੇ ਅਵਸਰ ਪੈਦਾ ਹੋਣਗੇ, ਰੋਜ਼ ਦੇ ਰੋਜ਼ ਨਕਦ-ਕਮਾਈ ਹੋਵੇਗੀ, ਆਪਣੇ ਹੀ ਪੇਂਡੂ ਇਲਾਕੇ ਵਿੱਚ ਕਾਮਿਆਂ ਨੂੰ ਰੁਜ਼ਗਾਰ ਮਿਲੇਗਾ

ਅਤੇ ਕਿਸਾਨ ਭਾਈਚਾਰੇ ਦੀ ਆਰਥਿਕ ਮਾਯੂਸੀ ਘਟੇਗੀ।

ਇਸ ਬਦਲਾਅ ਵਾਸਤੇ ਕਿਸਾਨ-ਭਾਈਚਾਰੇ ਨੂੰ ਉਤਸ਼ਾਹਿਤ ਕਰਨ ਲਈ ਕਿਸਾਨਾਂ ਦੇ ਹਿੱਤਾਂ ਅਤੇ ਸਥਾਨਕ ਉਦਯੋਗਾਂ ਦੀਆਂ ਲੋੜਾਂ ਅਨੁਸਾਰ ਪੇਂਡੂ ਇਲਾਕਿਆਂ ਵਿੱਚ ਮੰਡੀਕਰਨ ਪ੍ਰਣਾਲੀ (ਖਾਸ ਤੌਰ 'ਤੇ ਵਿਨਾਸ਼ਸ਼ੀਲ ਉਪਜਾਂ ਵਾਸਤੇ) ਦਾ ਸੁਧਾਰ, ਆਧੁਨਿਕੀਕਰਨ ਤੇ ਵਿਸਥਾਰ ਕਰਨਾ ਇਕ ਮੁੱਢਲੀ ਲੋੜ ਹੈ। ਅਸਲ ਵਿੱਚ ਇਨ੍ਹਾਂ ਛੋਟੇ ਉਤਪਾਦਕਾਂ ਦਾ ਖੇਤ ਤੋਂ ਮੰਡੀ ਅਤੇ ਖਪਤਕਾਰ ਦੀ ਕੜੀ ਵਿੱਚ ਸਿੱਧਾ ਸੰਬੰਧ ਸਥਾਪਿਤ ਹੋਣਾ ਚਾਹੀਦਾ ਹੈ। ਪਰ ਇਸ ਮੰਤਵ ਨੂੰ ਇਕੱਲੇ-ਇਕੱਲੇ ਛੋਟੇ ਉਤਪਾਦਕਾਂ ਵਾਸਤੇ ਹਾਸਲ ਕਰਨਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਇਸ ਵਾਸਤੇ ਪਿੰਡਾਂ ਵਿੱਚ ਸਵੈ-ਸਹਾਇਕ ਕਿਸਾਨ-ਸਮੂਹ ਬਣਨ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਹ ਕਿਸਾਨ-ਸਮੂਹ ਸਾਂਝੇ ਤੌਰ 'ਤੇ ਵੱਖ-ਵੱਖ ਉਤਪਾਦਕਾਂ ਦੀਆਂ ਉਪਜਾਂ ਨੂੰ ਇਕ ਜਗ੍ਹਾ ਇਕੱਠੇ ਕਰਨ ਦੇ ਕੇਂਦਰ ਸਥਾਪਿਤ ਕਰ ਸਕਦੇ ਹਨ ਜਿੱਥੇ ਉਪਜਾਂ ਦੀ ਸਫਾਈ, ਧੁਆਈ, ਸੁਕਾਈ, ਦਰਜਾ-ਬੰਦੀ ਅਤੇ ਉਨ੍ਹਾਂ ਨੂੰ ਠੰਢਾ ਕਰਨ, ਪੈਕਿੰਗ ਕਰਨ, ਢੋਅ-ਢੁਆਈ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਹੋਣ। ਇਨ੍ਹਾਂ ਕਿਸਾਨ-ਸਮੂਹਾਂ ਦੇ ਕੇਂਦਰ ਉਪਜਾਂ ਇਕੱਠੀਆਂ ਕਰਕੇ ਨੇੜੇ ਤੇ ਦੂਰ ਵਾਲੀਆਂ ਮੰਡੀਆਂ ਤੇ ਖਪਤਕਾਰਾਂ ਤੱਕ ਲਾਹੇਵੰਦੀ ਨਾਲ ਉੱਚੇ ਮੁੱਲ 'ਤੇ ਵੇਚ ਸਕਦੇ ਹਨ। ਇਸ ਤਰ੍ਹਾਂ ਛੋਟੇ ਕਿਸਾਨਾਂ ਦਾ ਕਮਿਸ਼ਨ ਏਜੰਟਾਂ ਤੋਂ ਬਚਾਅ ਹੋ ਸਕੇਗਾ, ਉਪਜਾਂ ਦੇ ਉਜਾੜੇ ਘਟਣਗੇ, ਜਿਣਸਾਂ ਦੀ ਕੁਆਲਿਟੀ ਬਰਕਰਾਰ ਰੱਖੀ ਜਾ ਸਕੇਗੀ ਅਤੇ ਉਤਪਾਦਕਾਂ ਨੂੰ ਉਪਜਾਂ ਦੇ ਉੱਚੇ ਮੁੱਲ ਮਿਲ ਸਕਣਗੇ। ਇਸ ਦੇ ਨਾਲ-ਨਾਲ ਕਿਸਾਨ ਭਾਈਚਾਰੇ ਦੀ ਆਰਥਿਕ ਮਾਯੂਸੀ ਵੀ ਘਟੇਗੀ। ਪੰਜਾਬ ਵਿੱਚ ਕਈ ਕਿਸਾਨ ਸਮੂਹ (ਫਾਰਮਰਜ਼ ਪ੍ਰੋਡਿਊਸ ਪ੍ਰੋਮੋਸ਼ਨ ਸੋਸਾਇਟੀ, ਜੈਵਿਕ ਫਾਰਮਰਜ਼ ਸੋਸਾਇਟੀ, ਸਫਲ ਗਰੋਅਰਜ਼ ਸੋਸਾਇਟੀ ਆਦਿ) ਬੜੀ ਸਫਲਤਾ ਨਾਲ ਕੰਮ ਕਰ ਰਹੇ ਹਨ ਪਰ ਇਨ੍ਹਾਂ ਨੂੰ ਮਾਲੀ, ਤਕਨੀਕੀ ਤੇ ਮੰਡੀਕਰਨ ਦੀ ਹੋਰ ਸਰਕਾਰੀ ਸਹਾਇਤਾ ਮਿਲਣੀ ਚਾਹੀਦੀ ਹੈ।

ਛੋਟੇ ਕਿਸਾਨਾਂ ਦੀ ਮਾਯੂਸੀ, ਦਰਦ ਤੇ ਆਤਮ ਹੱਤਿਆਵਾਂ ਕਰਨ ਵੱਲ ਝੁਕਾਅ ਉਦੋਂ ਵੀ ਵੱਧ ਜਾਂਦਾ ਹੈ ਜਦੋਂ ਉਪਜਾਂ ਦੇ ਲਾਹੇਵੰਦ ਭਾਅ ਨਾ ਮਿਲਣ ਕਰਕੇ ਖੇਤੀ ਆਧਾਰਿਤ ਘੱਟ ਆਮਦਨ ਨਾਲ ਉਨ੍ਹਾਂ ਦੇ ਖ਼ਰਚੇ ਪੂਰੇ ਨਹੀਂ ਹੁੰਦੇ। ਇਸ ਵਾਸਤੇ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਫ਼ਸਲ ਉਤਪਾਦਨ ਕਰਨ ਵਾਸਤੇ ਖ਼ਰਚਿਆਂ, ਮੌਜੂਦਾ ਫ਼ਸਲਾਂ ਦੇ ਦੇਸ਼ੀ ਤੇ ਵਿਦੇਸ਼ੀ ਮੰਡੀਆਂ ਵਿੱਚ ਭਾਅ ਅਤੇ ਲੋੜੀਂਦੇ ਨਫ਼ਿਆਂ ਦੇ ਸਬੰਧਾਂ ਦਾ ਵਿਸ਼ਲੇਸ਼ਣ ਕਰਕੇ ਹੀ ਵੱਖ-ਵੱਖ ਫ਼ਸਲਾਂ ਦੀ ਉਪਜ ਦੇ ਲਾਹੇਵੰਦ ਭਾਅ ਨਿਸ਼ਚਿਤ ਕਰੇ ਅਤੇ ਇਨ੍ਹਾਂ ਦਾ ਉਤਪਾਦਕਾਂ ਨੂੰ ਮਿਲਣਾ ਵੀ ਯਕੀਨੀ ਬਣਾਏ। ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਿਸ਼ਾਂ ਅਨੁਸਾਰ ਫ਼ਸਲਾਂ ਦੇ ਘੱਟੋ-ਘੱਟ ਮੁੱਲ ਫ਼ਸਲ ਪੈਦਾ ਕਰਨ ਦੇ ਖ਼ਰਚੇ ਨਾਲੋਂ 50 ਪ੍ਰਤੀਸ਼ਤ ਵੱਧ ਨੀਯਤ ਹੋਣੇ ਚਾਹੀਦੇ ਹਨ।

ਛੋਟੇ ਕਿਸਾਨਾਂ ਤੇ ਕਾਮਿਆਂ ਦੀ ਸਿਰਫ਼ ਖੇਤੀ ਆਧਾਰਿਤ "ਲੋੜਾਂ ਨਾਲੋਂ ਘੱਟ ਆਮਦਨ" ਕਾਰਨ ਆਰਥਿਕ ਮਾਯੂਸੀ ਵਾਲੀ ਹਾਲਤ 'ਤੇ ਕਾਬੂ ਪਾਉਣ ਵਾਸਤੇ ਖੇਤੀ

ਤੋਂ ਇਲਾਵਾ ਵੀ ਰੋਜ਼ਗਾਰ ਮਿਲਣ ਤੇ ਸਵੈ-ਰੋਜ਼ਗਾਰ ਕਰਨ ਦੇ ਅਵਸਰ ਪੇਂਡੂ ਇਲਾਕਿਆਂ ਵਿੱਚ ਪੈਦਾ ਕਰਨੇ ਜ਼ਰੂਰੀ ਹਨ। ਇਸ ਵਾਸਤੇ ਖੇਤਰ ਪੱਧਰ 'ਤੇ ਖੇਤੀ-ਉਪਜਾਂ ਨਿਸ਼ਚਿਤ ਸਰਕਾਰੀ ਅਤੇ ਗ਼ੈਰ-ਸਰਕਾਰੀ ਪੂੰਜੀ ਨਿਵੇਸ਼ ਨਾਲ ਛੋਟੇ, ਦਰਮਿਆਨੇ ਤੇ ਵੱਡੇ ਉਦਯੋਗਾਂ ਦਾ ਵਿਸਥਾਰ ਕਰਨਾ ਚਾਹੀਦਾ ਹੈ। ਪੰਜਾਬ ਸਰਕਾਰ ਦੇ ਇਕ ਫੈਸਲੇ ਅਨੁਸਾਰ ਖੇਤੀ ਆਧਾਰਿਤ ਉਦਯੋਗ ਅਤੇ ਖਾਸ ਤੌਰ 'ਤੇ ਐਗਰੋ-ਪ੍ਰੋਸੈਸਿੰਗ ਉਦਯੋਗ ਨੂੰ ਵੱਡੇ ਪੱਧਰ 'ਤੇ ਬੜ੍ਹਾਵਾ ਦੇਣ ਵਾਸਤੇ ਜਿਹੜੇ ਅਦਾਰੇ ਸੂਬੇ ਵਿੱਚ ਇਸ ਤਰ੍ਹਾਂ ਦੇ ਉਦਯੋਗ ਸਥਾਪਿਤ ਕਰਨਾ ਚਾਹੁਣਗੇ ਉਨ੍ਹਾਂ ਨੂੰ 50 ਪ੍ਰਤੀਸ਼ਤ ਸਬਸਿਡੀ ਦਿੱਤੀ ਜਾਵੇਗੀ। ਖ਼ਾਸ ਪਹਿਲ ਖੇਤੀ ਅਤੇ ਉਦਯੋਗਾਂ ਦੀ ਆਪਸ ਵਿੱਚ ਇਕ ਦੂਜੇ ਤੇ ਨਿਰਭਰਤਾ ਵਾਲੇ ਸੰਬੰਧ ਪੈਦਾ ਕਰਨ ਨੂੰ ਦੇਣੀ ਚਾਹੀਦੀ ਹੈ। ਇਨ੍ਹਾਂ ਉਦਯੋਗਾਂ ਵਾਸਤੇ ਜ਼ਰੂਰੀ ਹੋਣਾ ਚਾਹੀਦਾ ਹੈ ਕਿ ਉਹ ਰੋਜ਼ਗਾਰ ਦੇਣ ਵਾਸਤੇ ਸਥਾਨਕ ਪੇਂਡੂ ਕਿਸਾਨਾਂ, ਕਾਮਿਆਂ, ਯੁਵਕਾਂ ਤੇ ਮਹਿਲਾਵਾਂ ਨੂੰ ਪਹਿਲ ਦੇਣ; ਸਥਾਨਕ ਪੈਦਾ ਹੁੰਦੀ ਖੇਤੀ ਉਪਜ, ਫ਼ਸਲਾਂ ਦੇ ਰਹਿੰਦ-ਖੂੰਹਦ ਅਤੇ ਫਾਰਮ ਵੇਸਟਾਂ ਨੂੰ ਕੱਚੇ ਮਾਲ ਵਾਂਗ ਵਰਤਣ ਅਤੇ ਘੱਟ ਤੋਂ ਘੱਟ ਇਨਪੁਟਸ (ਪਾਣੀ, ਊਰਜਾ ਆਦਿ) ਵਰਤ ਕੇ ਉਦਯੋਗੀ ਵਸਤਾਂ ਦਾ ਉਤਪਾਦਨ ਕਰਨ। ਨਾਲ ਹੀ ਨਾਲ ਇਸ ਕਿਸਾਨ ਭਾਈਚਾਰੇ ਨੂੰ ਵੱਖ-ਵੱਖ ਫ਼ਸਲਾਂ ਦੇ ਉਤਪਾਦਨ, ਪ੍ਰੋਸੈਸਿੰਗ ਤੇ ਮੰਡੀਕਰਨ ਅਤੇ ਖੇਤੀ ਆਧਾਰਿਤ ਉਦਯੋਗਾਂ ਸੰਬੰਧਿਤ ਲੋੜੀਂਦੀਆਂ ਤਕਨੀਕਾਂ ਦੀ ਸਿਖਲਾਈ ਦੇ ਕੇ ਇਨ੍ਹਾਂ ਨੂੰ ਨੌਕਰੀ ਅਤੇ ਸਵੈ-ਰੁਜ਼ਗਾਰ ਦੇ ਮੌਕੇ ਹਾਸਲ ਕਰਨ ਦੇ ਯੋਗ ਬਣਾਇਆ ਜਾਵੇ। ਇਸ ਤਰ੍ਹਾਂ ਕਿਸਾਨਾਂ ਤੇ ਕਾਮਿਆਂ ਦੀ ਖੇਤੀ ਤੋਂ ਅਤੇ ਉਸ ਤੋਂ ਇਲਾਵਾ ਵੀ ਕਮਾਈ ਹੋਣ ਨਾਲ ਆਰਥਿਕ ਮਾਯੂਸੀ ਘਟੇਗੀ ਅਤੇ ਆਤਮ ਹੱਤਿਆਵਾਂ ਤੇ ਕਾਫੀ ਹੱਦ ਤੱਕ ਰੋਕ ਲੱਗ ਸਕੇਗੀ।

ਕਿਸਾਨ ਭਾਈਚਾਰੇ ਦੀ ਮਾਯੂਸੀ ਅਤੇ ਆਤਮ ਹੱਤਿਆਵਾਂ ਦਾ ਇੱਕ ਮੁੱਖ ਕਾਰਨ ਸਰਕਾਰੀ, ਗ਼ੈਰ-ਸਰਕਾਰੀ ਅਤੇ ਹੋਰ ਨਿੱਜੀ ਅਦਾਰਿਆਂ ਤੋਂ ਲਏ ਗਏ ਕਰਜ਼ਿਆਂ ਦਾ ਵਧਦੇ ਜਾਣਾ ਹੈ। ਖਾਸ ਤੌਰ 'ਤੇ ਬਹੁਤੀ ਸਮੱਸਿਆ ਛੋਟੇ ਪੱਧਰ ਦੇ ਘੱਟ ਆਮਦਨ ਵਾਲੇ ਕਿਸਾਨਾਂ ਤੇ ਕਾਮਿਆਂ ਨੂੰ ਆਉਂਦੀ ਹੈ ਜਿਨ੍ਹਾਂ ਦੀ ਖੇਤੀ ਤੋਂ ਇਲਾਵਾ ਕਮਾਈ ਕਰਨ ਦੇ ਅਵਸਰ ਨਾ ਦੇ ਬਰਾਬਰ ਹੋਣ ਕਰਕੇ ਕੁੱਲ ਖੇਤੀ ਆਧਾਰਿਤ ਆਮਦਨ ਲੋੜਾਂ ਨਾਲੋਂ ਘੱਟ ਰਹਿ ਜਾਂਦੀ ਹੈ, ਜਿਸ ਕਰਕੇ ਉਨ੍ਹਾਂ ਦੀ ਕਰਜ਼ਾ ਵਾਪਸ ਕਰਨ ਦੀ ਸਮਰੱਥਾ ਨਹੀਂ ਹੁੰਦੀ। ਇਸ ਤਰ੍ਹਾਂ ਲਗਾਤਾਰ ਵਧਦੇ ਜਾਂਦੇ ਕਰਜ਼ੇ ਦਾ ਦਬਾਅ ਅਤੇ ਕਰਜ਼ੇ ਵਾਪਸ ਉਗਰਾਹੁਣ ਵਾਲੇ ਅਦਾਰਿਆਂ ਦੁਆਰਾ ਅੱਤ ਦਾ ਤੰਗ ਕਰਨਾ ਕਾਫੀ ਹੱਦ ਤੱਕ ਕਿਸਾਨ ਆਤਮ ਹੱਤਿਆਵਾਂ ਦਾ ਕਾਰਨ ਬਣ ਜਾਂਦੇ ਹਨ। ਲੋੜ ਹੈ ਕਿ ਸਰਕਾਰ ਛੋਟੇ ਕਿਸਾਨ ਭਾਈਚਾਰੇ ਦੇ ਹਿੱਤਾਂ ਵਿੱਚ ਕ੍ਰੈਡਿਟ ਪਾਲਿਸੀ ਬਣਾਵੇ ਅਤੇ ਅਸਰਦਾਰ ਤਰੀਕੇ ਨਾਲ ਲਾਗੂ ਕਰੇ ਤਾਂ ਜੋ ਲੋੜਵੰਦਾਂ ਨੂੰ ਮਾਲੀ ਸਹਾਇਤਾ ਤੇ ਕਰਜ਼ੇ ਸੌਖੇ ਹੀ ਸਮੇਂ ਸਿਰ ਤੇ ਬਰਾਬਰਤਾ ਨਾਲ ਮਿਲ ਸਕਣ, ਕਰਜ਼ੇ ਵਾਪਸ ਉਗਰਾਹੁਣ ਵੇਲੇ ਕਿਸਾਨ ਭਾਈਚਾਰੇ ਦੀ ਦੁਰਦਸ਼ਾ ਨਾਂ ਹੋਵੇ ਅਤੇ ਕਿਸਾਨਾਂ ਦੁਆਰਾ ਆਤਮ ਹੱਤਿਆਵਾਂ ਨੂੰ ਰੋਕਿਆ ਜਾ ਸਕੇ।

ਜੇ ਅਚਨਚੇਤ ਕੁਦਰਤੀ ਅਤੇ ਗ਼ੈਰ-ਕੁਦਰਤੀ ਕਰੋਪੀਆਂ ਕਰਕੇ ਪਹਿਲਾਂ ਤੋਂ ਹੀ

ਗਰੀਬੀ ਵਿੱਚ ਰਹਿ ਰਹੇ ਕਿਸਾਨਾਂ ਉੱਤੇ ਨਾ ਸਹਾਰੇ ਜਾ ਸਕਣ ਵਾਲੇ ਆਰਥਿਕ ਘਾਟੇ ਨੂੰ ਪੂਰਾ ਕਰਨ ਵਾਸਤੇ ਪ੍ਰਭਾਵਿਤ ਕਿਸਾਨਾਂ ਨੂੰ ਵੇਲੇ ਸਿਰ ਮਾਲੀ ਤੇ ਹੋਰ ਮਦਦ ਦਿੱਤੀ ਜਾਵੇ ਤਾਂ ਕੁਝ ਹੱਦ ਤੱਕ ਕਿਸਾਨ ਆਤਮ ਹੱਤਿਆਵਾਂ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਇਸ ਵਾਸਤੇ ਵੱਖ-ਵੱਖ ਸੰਭਾਵਿਤ ਕਰੋਪੀਆਂ ਸੰਬੰਧਿਤ ਸਹਾਇਤਾ ਦੇਣ ਵਾਸਤੇ ਕਾਰਜ ਨੀਤੀਆਂ ਤੇ ਸਾਧਨ ਪਹਿਲਾਂ ਹੀ ਤਿਆਰ ਹੋਣੇ ਚਾਹੀਦੇ ਹਨ ਤਾਂ ਜੋ ਲੋੜ ਪੈਣ ਤੇ ਪ੍ਰਭਾਵਿਤ ਕਿਸਾਨਾਂ ਦੀ ਝੱਟ ਮਦਦ ਕਰਕੇ ਉਨ੍ਹਾਂ ਤੇ ਅਚਨਚੇਤ ਪਏ ਦੁੱਖ ਘਟਾਏ ਜਾਣ। ਪ੍ਰਭਾਵਿਤ ਕਿਸਾਨਾਂ ਦੇ ਕਰਜ਼ਿਆਂ ਉੱਤੇ ਵਿਆਜ ਮੁਆਫ ਹੋਣੇ ਚਾਹੀਦੇ ਹਨ ਅਤੇ ਵਾਰ-ਵਾਰ ਕਰੋਪੀਆਂ ਆਉਣ ਤੇ ਸਾਰੇ ਕਰਜ਼ੇ ਸਣੇ ਵਿਆਜ ਮੁਆਫ ਹੋਣੇ ਚਾਹੀਦੇ ਹਨ। ਸਰਕਾਰੀ ਤੇ ਗ਼ੈਰ-ਸਰਕਾਰੀ ਅਦਾਰਿਆਂ ਵੱਲੋਂ ਜ਼ਮੀਨ ਅਧਿਗ੍ਰਹਿਣ ਕਰਨ ਤੇ ਮੁਆਵਜ਼ੇ ਜਲਦੀ ਦਿੱਤੇ ਜਾਣ ਦੇ ਨਾਲ-ਨਾਲ ਕਿਸਾਨਾਂ ਦੇ ਮੁੜ ਵਸੇਵੇ ਵਾਸਤੇ ਠੋਸ ਪਾਲਿਸੀ ਲਾਗੂ ਕਰਕੇ ਉਨ੍ਹਾਂ ਦੀਆਂ ਮਾਯੂਸੀਆਂ ਘਟਾਉਣੀਆਂ ਜ਼ਰੂਰੀ ਹਨ। ਇਸ ਤੋਂ ਇਲਾਵਾ ਲੈਂਡ-ਲੀਜ਼ ਪਾਲਿਸੀ ਕਿਸਾਨਾਂ ਤੇ ਬੇਜ਼ਮੀਨੇ ਕਿਸਾਨਾਂ ਦੇ ਹਿੱਤਾਂ ਵਿੱਚ ਹੋਣੀ ਚਾਹੀਦੀ ਹੈ।

ਫ਼ਸਲਾਂ, ਪਸ਼ੂ ਧਨ ਤੇ ਹੋਰ ਕਿੱਤਿਆਂ ਵਾਸਤੇ ਬੀਮਾ ਸਕੀਮਾਂ ਕਿਸਾਨਾਂ ਨੂੰ ਆਰਥਿਕ ਮੰਦਹਾਲੀ ਸਮੇਂ ਸੰਕਟ ਤੋਂ ਬਚਾ ਸਕਦੀਆਂ ਹਨ। ਲੋੜ ਹੈ ਕ੍ਰਿਸ਼ੀ ਬੀਮਾ ਕੋਸ਼, ਪੇਂਡੂ ਬੀਮਾ ਵਿਕਾਸ ਫੰਡ ਅਤੇ ਕ੍ਰਿਸ਼ੀ ਜੋਖਮ ਕੋਸ਼ ਸਥਾਪਿਤ ਕਰਨ ਦੀ। ਇਨ੍ਹਾਂ ਸਕੀਮਾਂ ਹੇਠ ਛੋਟੇ ਕਿਸਾਨਾਂ ਦੇ ਪਰਿਵਾਰਾਂ ਦੀ ਸਿਹਤ, ਕਿਸਾਨ ਗਰੁੱਪ ਤੇ ਖੇਤੀ-ਹੀਣ ਕਾਮੇ ਵੀ ਆਉਣੇ ਚਾਹੀਦੇ ਹਨ। ਸਾਰੀਆਂ ਸਬਸਿਡੀਆਂ ਦੇਣ ਵਾਸਤੇ ਪਾਲਿਸੀਆਂ ਛੋਟੇ ਕਿਸਾਨ ਕੇਂਦ੍ਰਿਤ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਬਣਨੀਆਂ ਚਾਹੀਦੀਆਂ ਹਨ ਕਿਉਂਕਿ ਮੌਜੂਦਾ ਪਾਲਿਸੀ ਅਨੁਸਾਰ ਛੋਟੇ ਕਿਸਾਨ ਭਾਈਚਾਰੇ ਦੀ ਬਜਾਏ ਵੱਡੇ ਕਿਸਾਨ ਹੀ ਜ਼ਿਆਦਾ ਫਾਇਦਾ ਲੈ ਰਹੇ ਹਨ।

ਪਿੰਡਾਂ ਵਿੱਚ ਪੰਚਾਇਤਾਂ ਨੂੰ ਵੀ ਚਾਹੀਦਾ ਕਿ ਉਹ ਵੀ ਕਿਸਾਨ ਆਤਮ ਹੱਤਿਆਵਾਂ ’ਤੇ ਰੋਕ ਲਗਾਉਣ ਵਿੱਚ ਸਿੱਧ ਤੌਰ ’ਤੇ ਯੋਗਦਾਨ ਪਾਉਣ। ਛੋਟੇ-ਛੋਟੇ ਝਗੜੇ ਸੁਲਝਾਉਣ ਅਤੇ ਸਰਕਾਰ ਵੱਲੋਂ ਵਿਕਾਸ ਦੇ ਪ੍ਰੋਜੈਕਟਾਂ ਨੂੰ ਲਾਗੂ ਕਰਨ ਦੇ ਨਾਲ-ਨਾਲ ਥੋੜ੍ਹੀ ਆਮਦਨ ਵਾਲੇ ਕਿਸਾਨਾਂ ਤੇ ਕਾਮਿਆਂ ਦੀਆਂ ਆਰਥਿਕ ਤੇ ਸਮਾਜਿਕ ਸਮੱਸਿਆਵਾਂ ਦੇ ਹੱਲ ਕਰਨ ਤੇ ਇਨ੍ਹਾਂ ਦੇ ਸ਼ਕਤੀਕਰਨ ਨੂੰ ਵੀ ਜ਼ਰੂਰੀ ਅਹਿਮੀਅਤ ਦੇ ਕੇ ਇਸ ਭਾਈਚਾਰੇ ਦੀ ਖੇਤੀ ਆਧਾਰਿਤ ਅਤੇ ਖੇਤੀ ਤੋਂ ਇਲਾਵਾ ਆਮਦਨ ਵਧਾਉਣ ਵਾਸਤੇ ਲੋੜੀਂਦੇ ਸਾਧਨ ਤੇ ਬੁਨਿਆਦੀ ਸਹੂਲਤਾਂ ਪੈਦਾ ਕਰਨ ਵਾਸਤੇ ਵੀ ਪੰਚਾਇਤਾਂ ਨੂੰ ਉਪਰਾਲੇ ਕਰਨੇ ਚਾਹੀਦੇ ਹਨ। ਕਿਸਾਨਾਂ ਵਾਸਤੇ ਆਧੁਨਿਕ ਖੇਤੀ-ਪ੍ਰਬੰਧ ਤਕਨੀਕਾਂ ਅਪਨਾਉਣ ਵਾਸਤੇ ਅਤੇ ਉਦਯੋਗਿਕ ਕਾਮਿਆਂ ਨੂੰ ਲੋੜੀਂਦੀ ਸਿਖਲਾਈ ਦੇ ਪ੍ਰਬੰਧ ਕਰਨ, ਮਸ਼ੀਨਰੀ ਤੇ ਹੋਰ ਸਾਧਨ ਸਾਂਝੇ ਤੌਰ ’ਤੇ ਵਰਤਣ, ਇਨਪੁਟਸ (ਖਾਦਾਂ, ਪਾਣੀ, ਊਰਜਾ ਆਦਿ) ਦਾ ਸਮੇਂ ਸਿਰ ਮਿਲਣਾ ਯਕੀਨੀ ਕਰਨ, ਵਿਦਿਅਕ ਤੇ ਸਿਹਤ ਸੇਵਾਵਾਂ ਦਾ ਸੁਧਾਰ ਕਰਨ ਅਤੇ ਉਪਜ ਦੇ ਮੰਡੀਰਕਣ ਵਿੱਚ ਸਹੂਲਤਾਂ ਪੈਦਾ ਕਰਨ ਨਾਲ ਇਸ ਕਿਸਾਨ ਭਾਈਚਾਰੇ ਦੀਆਂ

ਮਾਯੂਸੀਆਂ ਘਟਾਈਆਂ ਜਾ ਸਕਦੀਆਂ ਹਨ। ਨਾਲ ਹੀ ਨਾਲ ਉਦਯੋਗਾਂ ਦੀ ਸਥਾਪਨਾ ਕਰਨ, ਸਮਾਜਿਕ ਅਸਮਾਨਤਾ ਘਟਾਉਣ, ਸਮਾਜਿਕ ਕਾਰਜਾਂ ਤੇ ਖ਼ਰਚੇ ਘਟਾਉਣ ਅਤੇ ਹੋਰ ਕਈ ਸਰਕਾਰੀ ਅਤੇ ਗ਼ੈਰ-ਸਰਕਾਰੀ ਸੇਵਾਵਾਂ ਦੇ ਪ੍ਰਬੰਧ ਕਰਕੇ ਕਿਸਾਨ ਆਤਮ ਹੱਤਿਆਵਾਂ ਤੇ ਰੋਕ ਲਗਾਈ ਜਾ ਸਕਦੀ ਹੈ।

ਸਚਾਈ ਇਹ ਹੈ ਕਿ ਕਿਸਾਨ ਭਾਈਚਾਰੇ (ਖਾਸ ਤੌਰ 'ਤੇ ਛੋਟੇ ਕਿਸਾਨ) ਦੀਆਂ ਆਰਥਿਕ ਮਾਯੂਸੀਆਂ ਤੇ ਦੁੱਖਾਂ ਅਤੇ ਇਨ੍ਹਾਂ ਦੇ ਹੱਲ ਬਾਰੇ ਕਾਫੀ ਹੱਦ ਤੱਕ ਜਾਣਕਾਰੀਆਂ ਹਨ ਪਰ ਹੁਣ ਸਮੇਂ ਦੀ ਲੋੜ ਹੈ ਕਿ ਰਾਜ ਅਤੇ ਕੇਂਦਰੀ ਸਰਕਾਰਾਂ ਪੁਨਰਜੀਵਨ ਪੈਕਜਾਂ ਨੂੰ ਕੁਸ਼ਲਤਾ ਨਾਲ (ਬਿਨਾਂ ਪ੍ਰਸ਼ਾਸਨਿਕ ਚਰਚਾ ਤੋਂ) ਲਾਗੂ ਕਰਨ। ਰਾਜਨੀਤਿਕ ਪਾਰਟੀਆਂ, ਸਰਕਾਰੀ ਪ੍ਰਸ਼ਾਸਨਿਕ, ਪੇਂਡੂ ਤੇ ਖੇਤੀ ਵਿਕਾਸ ਕਰਨ ਵਾਲੀਆਂ ਏਜੰਸੀਆਂ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਸਿਰਫ਼ ਮੂੰਹ ਰੱਖਣੀ ਹਮਦਰਦੀ ਨਾਲ ਹੀ ਇਸ ਕਿਸਾਨ-ਭਾਈਚਾਰੇ ਨੂੰ "ਲੋੜ ਨਾਲੋਂ ਘੱਟ ਆਮਦਨ" ਕਰਕੇ ਮਾਯੂਸੀਆਂ ਤੇ ਦੁੱਖਾਂ ਵਿੱਚੋਂ ਬਾਹਰ ਨਹੀਂ ਕੱਢਿਆ ਜਾ ਸਕਦਾ। ਲੋੜ ਹੈ ਕਿ ਪਾਲਿਸੀਆਂ ਬਣਾਉਣ ਵਾਲੇ, ਕ੍ਰੈਡਿਟ ਦੇਣ ਵਾਲੇ ਅਤੇ ਪੂੰਜੀ ਨਿਵੇਸ਼ ਕਰਨ ਵਾਲੇ ਅਦਾਰੇ, ਪੇਂਡੂ ਵਿਕਾਸ ਕਰਨ ਵਾਲੇ ਵਿਭਾਗ, ਖੇਤੀ ਵਿਗਿਆਨੀ, ਸਮਾਜ ਸੇਵਕ ਅਤੇ ਹਰ ਵਰਗ ਦੇ ਕਿਸਾਨ ਭਾਈਚਾਰੇ ਤਾਲ-ਮੇਲ ਨਾਲ ਯਤਨ ਕਰਕੇ ਇਨ੍ਹਾਂ ਸਮੱਸਿਆਵਾਂ ਦੇ ਹੱਲ ਕਰਨ ਤਾਂ ਜੋ ਅਸਰਦਾਰ ਤਰੀਕਿਆਂ ਨਾਲ ਕਿਸਾਨ ਆਤਮ ਹੱਤਿਆਵਾਂ 'ਤੇ ਰੋਕ ਲੱਗ ਸਕੇ।

❖❖❖

# 19

# ਪੇਂਡੂ ਵਿਕਾਸ ਕਾਰਜਾਂ ਵਿੱਚ ਖੇਤੀ ਵਿਕਾਸ ਨੂੰ ਪਹਿਲ ਦਿਉ

ਸਾਡੇ ਦੇਸ਼ ਵਿਚ ਆਮ ਕਰਕੇ ਅਤੇ ਪੰਜਾਬ ਵਿੱਚ ਖਾਸ ਤੌਰ ’ਤੇ ਹਰੇ ਇਨਕਲਾਬ ਦੇ ਸਮੇਂ ਦੌਰਾਨ ਉੱਚ ਖੇਤੀ-ਉਤਪਾਦਨ ਆਧਾਰਿਤ ਆਮਦਨ ਵਧਣ ਨਾਲ ਖੇਤੀ ਢਾਂਚੇ ਵਿੱਚ ਅਤੇ ਪਿੰਡਾਂ ਦੇ ਵਿਕਾਸ ਤੇ ਰਹਿਣ-ਸਹਿਣ ਵਿੱਚ ਬਹੁਤ ਬਦਲਾਅ ਆਇਆ। ਰਿਵਾਇਤੀ ਘੱਟ ਉਪਜ ਤੇ ਘੱਟ ਆਮਦਨ ਦੇਣ ਵਾਲੀ ਖੇਤੀ ਬਦਲ ਕੇ ਵੱਧ ਆਮਦਨ ਦੇਣ ਵਾਲੀ ਖੇਤੀ ਅਪਣਾਈ ਜਾ ਰਹੀ ਹੈ ਜਿਸ ਨਾਲ ਬਹੁਤੇ ਕਿਸਾਨ ਖੇਤੀਬਾੜੀ ਨੂੰ ਇਕ ਵਪਾਰ ਅਤੇ ਪੇਂਡੂ ਵਿਕਾਸ ਦਾ ਆਧਾਰ ਦੇ ਰੂਪ ਵਿਚ ਵੇਖਣ ਲੱਗੇ ਹਨ। ਇਸ ਵਾਸਤੇ ਖੇਤੀ ਆਧਾਰਿਤ ਆਮਦਨ ਤੇ ਨਫ਼ੇ ਅਤੇ ਪੇਂਡੂ ਵਿਕਾਸ ਦੇ ਵਾਧੇ ਨੂੰ ਨਿਰੰਤਰ ਕਾਇਮ ਰੱਖਣ ਲਈ ਕਿਸਾਨ ਖੇਤੀ ਵਿਕਾਸ ਦੇ ਵਾਧੇ ਸੰਬੰਧੀ ਬੁਨਿਆਦੀ ਸਹੂਲਤਾਂ ਅਤੇ ਸਾਧਨਾਂ ਦੇ ਸੁਧਾਰ ਦੀਆਂ ਮੰਗਾਂ ਕਰ ਰਹੇ ਹਨ। ਪੰਜਾਬ ਵਿੱਚ, ਜਿੱਥੇ ਖੇਤੀ ਉਤਪਾਦਨ ਤੇ ਨਫ਼ੇ ਵਾਧੇ ਵੱਲ ਕਾਇਮ ਰੱਖਣ ਵਿੱਚ ਉਲਝਣਾਂ ਵਧਦੀਆਂ ਜਾ ਰਹੀਆਂ ਹਨ, ਇਹ ਮੰਗਾਂ ਖਾਸ ਮਹੱਤਵ ਰੱਖਦੀਆਂ ਹਨ। ਨਾਲ ਹੀ ਨਾਲ ਸਰਕਾਰ ਵੱਲੋਂ ਖੇਤੀ ਖੇਤਰ ਵਿੱਚ ਉਤਪਾਦਨ ਤੇ ਨਫ਼ੇ ਵਧਾਊ ਉਪਰਾਲਿਆਂ, ਖੇਤੀ ਖੋਜ ਅਤੇ ਤਕਨੀਕਾਂ ਦਾ ਪ੍ਰਸਾਰ ਕਰਨ ਵਾਸਤੇ ਪੂੰਜੀ ਨਿਵੇਸ਼ ਘਟਦਾ ਜਾ ਰਿਹਾ ਹੈ। ਹੁਣ ਆਮ ਕਿਸਾਨ ਇਹ ਮਹਿਸੂਸ ਕਰਨ ਲੱਗ ਪਏ ਹਨ ਕਿ ਹਰੇ ਇਨਕਲਾਬ ਦੌਰਾਨ ਵਿਕਸਿਤ ਕੀਤੇ ਗਏ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਦੇ ਆਧਾਰ ’ਤੇ ਅਪਣਾਏ ਜਾਂਦੇ ਖੇਤੀ ਪ੍ਰਬੰਧ ਖੇਤੀ ਉਤਪਾਦਨ ਤੋਂ ਨਫ਼ੇ ਨੂੰ ਵਾਧੇ ਵੱਲ ਕਾਇਮ ਰੱਖਣ ਵਿੱਚ ਅਸਮਰਥ ਹੋ ਰਹੇ ਹਨ। ਇਸ ਕਰਕੇ ਹੁਣ ਲੋੜ ਹੈ ਕਿ ਸਰਕਾਰ ਅਤੇ ਪੇਂਡੂ ਵਿਕਾਸ ਦੇ ਅਦਾਰੇ ਨਵੀਆਂ ਗਤੀਸ਼ੀਲ ਨੀਤੀਆਂ ਬਣਾਉਣ ਜਿਨ੍ਹਾਂ ਨਾਲ ਖੇਤੀ ਖੇਤਰ ਅਤੇ ਇਸ ਨਾਲ ਸੰਬੰਧਿਤ ਕਿੱਤਿਆਂ ਦੀ ਉਤਪਾਦ ਕੁਸ਼ਲਤਾ ਤੇ ਨਫ਼ੇ ਵਧਾਉਣ ਦੀ ਸਮਰੱਥਾ ਵਧਾਈ ਜਾ ਸਕੇ। ਇਸ ਤਰ੍ਹਾਂ ਕਰਨਾ ਪੰਜਾਬ ਵਾਸਤੇ ਖਾਸ ਮਹੱਤਤਾ ਰੱਖਦਾ ਹੈ ਕਿਉਂਕਿ ਏਥੇ 60 ਤੋਂ 65 ਪ੍ਰਤੀਸ਼ਤ ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ ਜਿਸ ਦੀ ਆਰਥਿਕ ਵਿਵਸਥਾ ਮੁੱਖ ਤੌਰ ’ਤੇ ਖੇਤੀ ਅਤੇ ਇਸ ਨਾਲ ਸੰਬੰਧਿਤ ਕਿੱਤਿਆਂ ਤੇ ਨਿਰਭਰ ਕਰਦੀ ਹੈ। ਇਸ ਕਰਕੇ ਸਰਕਾਰ ਤੇ ਪੇਂਡੂ ਵਿਕਾਸ ਦੇ ਅਦਾਰਿਆਂ ਨੂੰ ਚਾਹੀਦਾ ਹੈ ਕਿ ਉਹ ਖੇਤੀ ਤੇ ਇਸ ਨਾਲ ਲੱਗਦੇ ਕਿੱਤਿਆਂ ਦੇ ਵਿਕਾਸ ਨਾਲ ਸੰਬੰਧਿਤ ਬੁਨਿਆਦੀ ਸਹੂਲਤਾਂ ਪੈਦਾ ਕਰਨ ਵਿੱਚ ਵੀ ਪਹਿਲ ਦੇ ਆਧਾਰ ’ਤੇ ਮਦਦਗਾਰ ਹੋਣ ਤਾਂ ਜੋ ਨਿਰੰਤਰ ਵਾਧੇ ਵੱਲ ਕਾਇਮ ਰੱਖੇ ਗਏ ਖੇਤੀ ਵਿਕਾਸ ’ਤੇ ਆਧਾਰਿਤ ਸਰਬ-ਪੱਖੀ ਪੇਂਡੂ ਵਿਕਾਸ ਨੂੰ ਵਾਧੇ ਵੱਲ ਕਾਇਮ ਰੱਖਿਆ ਜਾ ਸਕੇ ਅਤੇ ਨਾਲ ਹੀ ਕਿਸਾਨਾਂ (ਖਾਸ ਤੌਰ ’ਤੇ ਛੋਟੇ ਕਿਸਾਨਾਂ) ਤੇ ਪੇਂਡੂ ਕਾਮਿਆਂ ਦੀ ਗ਼ੈਰ-ਖੇਤੀ ਰੋਜ਼ਗਾਰ ਤੋਂ ਆਮਦਨ ਦੇ ਅਵਸਰ ਵਧ ਸਕਣ।

ਪੰਜਾਬ ਸਰਕਾਰ ਨੇ ਪੇਂਡੂ ਵਿਕਾਸ ਵਾਸਤੇ ਕਈ ਅਦਾਰੇ (ਪੇਂਡੂ ਵਿਕਾਸ ਵਿਭਾਗ,

ਮੰਡੀ ਬੋਰਡ, ਪੇਂਡੂ ਵਿਕਾਸ ਫੰਡ, ਫੋਕਲ ਪੁਆਇੰਟ, ਪੰਜਾਬ ਐਗਰੋ ਇੰਡਸਟ੍ਰੀਅਲ ਕਾਰਪੋਰੇਸ਼ਨ ਆਦਿ) ਸਥਾਪਿਤ ਕੀਤੇ ਹੋਏ ਹਨ ਜਿਸ ਨਾਲ ਸੂਬੇ ਵਿੱਚ ਲੋੜੀਂਦੀਆਂ ਬੁਨਿਆਦੀ ਸਹੂਲਤਾਂ (ਲਿੰਕ ਸੜਕਾਂ, ਮੰਡੀਆਂ ਦੇ ਸੁਧਾਰ, ਪੀਣ ਵਾਸਤੇ ਪਾਣੀ ਦੇ ਪ੍ਰਬੰਧ, ਸਕੂਲ, ਹਸਪਤਾਲ ਆਦਿ) ਦਾ ਕਾਫੀ ਵਿਸਥਾਰ ਵੀ ਹੋਇਆ ਹੈ ਪਰ ਇਹ ਅਦਾਰੇ ਪਿੰਡਾਂ ਦੀ ਆਰਥਿਕਤਾ ਦੀ ਮੁੱਖ ਬੁਨਿਆਦ 'ਖੇਤੀ ਵਿਕਾਸ' ਅਤੇ ਇਸ ’ਤੇ ਆਧਾਰਿਤ ਖੇਤੀ ਉਤਪਾਦਨ ਅਤੇ ਨਫ਼ੇ ਨਿਰੰਤਰ ਵਾਧੇ ਵੱਲ ਕਾਇਮ ਰੱਖਣ ਵਿੱਚ ਅਤੇ ਗ਼ੈਰ-ਖੇਤੀ ਆਮਦਨ ਵਧਾਉਣ ਵਾਲੀਆਂ ਸਹੂਲਤਾਂ ਪੈਦਾ ਕਰਨ ਵਿੱਚ ਬਹੁਤੇ ਮਦਦਗਾਰ ਨਹੀਂ ਹੋ ਸਕੇ। ਗ਼ੈਰ-ਵਿਨਾਸ਼ਸ਼ੀਲ ਉਪਜਾਂ (ਕਣਕ, ਝੋਨਾ ਆਦਿ) ਦੀ ਸੰਭਾਲ ਅਤੇ ਮੰਡੀਕਰਨ ਵਾਸਤੇ ਕਾਫੀ ਸਹੂਲਤਾਂ ਪੈਦਾ ਕੀਤੀਆਂ ਗਈਆਂ ਹਨ ਪਰ ਵਿਨਾਸ਼ਸ਼ੀਲ ਉਪਜਾਂ (ਫਲ, ਸਬਜ਼ੀਆਂ ਆਦਿ) ਦੀ ਸੰਭਾਲ ਅਤੇ ਸਹੀ ਮੰਡੀਕਰਨ ਵਿੱਚ ਸਹੂਲਤਾਂ ਦਾ ਵਿਸਥਾਰ ਕਰਨਾ ਬਹੁਤ ਪਿਛੜ ਗਿਆ ਹੈ।

ਖੇਤੀ ਵਿਕਾਸ ਨੂੰ ਨਿਰੰਤਰ ਵਾਧੇ ਵੱਲ ਕਾਇਮ ਰੱਖਣ ਲਈ ਆ ਰਹੀਆਂ ਕਈ ਤਰ੍ਹਾਂ ਦੀਆਂ ਚੁਣੌਤੀਆਂ ਨੂੰ ਸੁਲਝਾਉਣ ਵਾਸਤੇ ਪੇਂਡੂ ਵਿਕਾਸ ਅਤੇ ਖੇਤੀ ਵਿਕਾਸ ਦੇ ਕਾਰਜਾਂ ਨੂੰ ਸਾਂਝੇ ਤੌਰ ’ਤੇ ਕਈ ਪੱਖਾਂ ਤੋਂ ਇੱਕੋ ਹੀ ਸਮੇਂ ਉਪਰਾਲੇ ਕਰਨੇ ਜ਼ਰੂਰੀ ਹੁੰਦੇ ਹਨ। ਇਸ ਵਾਸਤੇ ਪੇਂਡੂ ਵਿਕਾਸ ਦੀਆਂ ਕਾਰਜ ਨੀਤੀਆਂ ਵਿੱਚ ਉਨ੍ਹਾਂ ਕਾਰਜਾਂ ਤੇ ਵੀ ਜ਼ੋਰ ਦੇਣਾ ਚਾਹੀਦਾ ਹੈ ਜਿਨ੍ਹਾਂ ਦਾ ਨਿਸ਼ਾਨਾ ਖੇਤੀ ਵਿਕਾਸ ਵਾਸਤੇ ਲੋੜੀਂਦੀ ਸਮਰੱਥਾ ਵਧਾਉਣ ਵੱਲ ਹੋਵੇ ਜਿਵੇਂ ਕਿ ਖੇਤੀ ਉਤਪਾਦਨ ਤੇ ਨਫ਼ੇ ਵਧਾਉਣ ਵਾਸਤੇ ਨਵੀਆਂ ਤਕਨੀਕਾਂ ਵਿਕਸਿਤ ਕਰਕੇ ਉਨ੍ਹਾਂ ਦਾ ਪ੍ਰਸਾਰ ਕਰਨਾ, ਜ਼ਮੀਨ ਤੇ ਪਾਣੀ ਦੀ ਸੰਭਾਲ ਤੇ ਸਹੀ ਵਰਤੋਂ ਕਰਨੀ, ਇਨਪੁਟਸ (ਪਾਣੀ, ਖਾਦਾਂ, ਨਦੀਨ ਤੇ ਕੀਟ ਨਾਸ਼ਕ ਦਵਾਈਆਂ, ਊਰਜਾ) ਦੀ ਕਿਸਾਨਾਂ ਤੱਕ ਪਹੁੰਚ ਕਰਨਾ, ਉਪਜਾਂ ਦੀ ਸੰਭਾਲ ਤੇ ਪ੍ਰੋਸੈਸਿੰਗ ਕਰਨਾ, ਮੰਡੀਆਂ ਦਾ ਆਧੁਨਿਕੀਕਰਨ ਕਰਨਾ ਆਦਿ। ਖੇਤੀ ਵਿਕਾਸ ਸਮਰੱਥਾ ਵਧਾਉਣ ਵਾਸਤੇ ਪੇਂਡੂ ਵਿਕਾਸ ਦੇ ਸਰਕਾਰੀ ਤੇ ਗ਼ੈਰ-ਸਰਕਾਰੀ ਅਦਾਰੇ ਕਈ ਤਰ੍ਹਾਂ ਦੀਆਂ ਬੁਨਿਆਦੀ ਸਹੂਲਤਾਂ ਪੈਦਾ ਕਰਨ ਵਿੱਚ ਸਹਾਇਕ ਹੋ ਸਕਦੇ ਹਨ ਜਿਵੇਂ ਕਿ ਵਿਨਾਸ਼ਸ਼ੀਲ ਅਤੇ ਗ਼ੈਰ-ਵਿਨਾਸ਼ਸ਼ੀਲ ਉਪਜਾਂ ਦੀ ਸੰਭਾਲ ਵਾਸਤੇ ਸਟੋਰ, ਵੇਅਰ-ਹਾਊਸ ਤੇ ਸਾਈਲੋਜ ਬਣਾਉਣੇ, ਫਲਾਂ ਤੇ ਸਬਜ਼ੀਆਂ ਵਾਸਤੇ ਠੰਢੀ ਚੇਨ (ਖੇਤ ਵਿੱਚੋਂ ਉਪਜਾਂ ਦੀ ਉਗਰਾਹੀ, ਢੋਆ ਢੁਆਈ, ਮੰਡੀ ਤੇ ਖਪਤਕਾਰ ਤੱਕ ਠੰਢੀ ਹਾਲਤ ਵਿੱਚ ਪਹੁੰਚ) ਦਾ ਗਠਨ ਕਰਨਾ, ਉਪਜ ਦੀ ਗਰੇਡਿੰਗ, ਪੈਕੇਜਿੰਗ ਤੇ ਕੁਆਲਿਟੀ ਨਿਸ਼ਚਿਤ ਕਰਨਾ, ਕਿਸਾਨ ਸਿਖਲਾਈ ਸਰਕਲ ਬਣਾਉਣੇ, ਫ਼ਸਲਾਂ ਦੀ ਰਹਿੰਦ-ਖੂੰਹਦ ਦੀ ਸੰਭਾਲ ਕਰਨ ਵਾਸਤੇ ਕਾਰਖਾਨੇ ਲਗਾਉਣੇ, ਖੇਤੀ ਆਧਾਰਿਤ ਉਦਯੋਗ ਲਗਾਉਣੇ ਆਦਿ। ਵੱਡੇ-ਵੱਡੇ ਸਟੋਰ, ਵੇਅਰ-ਹਾਊਸ ਤੇ ਸਾਈਲੇਜ ਬਣਾਉਣੇ, ਖੇਤੀ ਆਧਾਰਿਤ ਉਦਯੋਗ ਲਗਾਉਣੇ ਪੰਜਾਬ ਇਨਫਰਾਸਟ੍ਰਕਚਰ ਵਿਕਾਸ ਬੋਰਡ ਦੇ ਕਾਰਜਾਂ ਵਿੱਚ ਆਉਣੇ ਚਾਹੀਦੇ ਹਨ। ਇਹ ਸਹੂਲਤਾਂ ਪਿਛੜੇ ਹੋਏ ਪਿੰਡਾਂ ਤੇ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ

ਪਹਿਲ ਦੇ ਆਧਾਰ 'ਤੇ ਸਥਾਪਿਤ ਕਰਨੀਆਂ ਚਾਹੀਦੀਆਂ ਹਨ।

ਪੰਜਾਬ ਵਿੱਚ ਵੱਖ-ਵੱਖ ਖੇਤਰਾਂ (ਨੀਮ ਪਹਾੜੀ ਕੰਡੀ ਇਲਾਕੇ, ਕੇਂਦਰੀ ਇਲਾਕੇ, ਖੁਸ਼ਕ ਗਰਮ ਦੱਖਣ-ਪੱਛਮੀ ਇਲਾਕੇ, ਦਰਿਆਵਾਂ ਤੇ ਹੜ੍ਹਾਂ ਦੀ ਮਾਰ ਵਾਲੇ ਇਲਾਕੇ, ਸੇਮ ਵਾਲੇ ਇਲਾਕੇ ਆਦਿ) ਲਈ ਨਿਸ਼ਚਿਤ ਢੁੱਕਵੀਆਂ ਤੇ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਦਾ ਵਿਸਥਾਰ ਕਰਨ ਦੀ ਲੋੜ ਹੈ। ਖੇਤਰੀ ਯੋਜਨਾਵਾਂ ਬਣਾਉਣ ਵੇਲੇ ਭੂਗੋਲਿਕ ਜਾਣਕਾਰੀ, ਜ਼ਮੀਨ ਦੀ ਮੌਜੂਦਾ ਕੁਆਲਿਟੀ ਤੇ ਵਰਤੋਂ, ਪਾਣੀ ਦੀ ਉਪਲੱਬਧਤਾ, ਭਵਿੱਖ ਵਿੱਚ ਫ਼ਸਲੀ ਵਿਭਿੰਨਤਾ ਦੀ ਯੋਜਨਾ, ਉਦਯੋਗਿਕੀਕਰਨ ਦੀ ਸੰਭਾਵਨਾ, ਮੌਜੂਦਾ ਮੰਡੀਆਂ, ਸਮਾਜਿਕ ਆਰਥਿਕ ਲੋੜਾਂ ਆਦਿ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ। ਇਸ ਤਰ੍ਹਾਂ ਵੱਖ-ਵੱਖ ਖੇਤਰਾਂ ਵਿੱਚ ਖੇਤੀ ਆਧਾਰਿਤ ਆਰਥਿਕਤਾ ਤੇ ਨਿਰਭਰ ਪੇਂਡੂ ਵਿਕਾਸ ਕਰਨ ਦੀ ਸਮਰੱਥਾ ਵਿੱਚ ਖੇਤਰੀ-ਅਸਮਾਨਤਾ ਘਟਾਈ ਜਾ ਸਕੇਗੀ।

ਪਿੰਡ ਪੱਧਰ 'ਤੇ ਵਿਕਾਸ ਦੀਆਂ ਯੋਜਨਾਵਾਂ ਬਣਾਉਣ ਤੇ ਲਾਗੂ ਕਰਨ ਵਾਸਤੇ ਸਾਡੇ ਦੇਸ਼ ਵਿੱਚ ਪੰਚਾਇਤਾਂ ਨੂੰ ਵਿਧਾਨਕ ਅਖਤਿਆਰ ਮਿਲੇ ਹੋਏ ਹਨ। ਕਈ ਪੰਚਾਇਤਾਂ ਪਿੰਡਾਂ ਵਿੱਚ ਸਮਾਜਿਕ ਭਲਾਈ, ਸਿਹਤ ਸੰਭਾਲ, ਵਿੱਦਿਆ, ਗਲੀਆਂ ਤੇ ਨਾਲੀਆਂ ਪੱਕੀਆਂ ਕਰਵਾਉਣਾ ਆਦਿ ਸੰਬੰਧੀ ਚੰਗੇ ਕੰਮ ਵੀ ਕਰ ਰਹੀਆਂ ਹਨ। ਪਰ ਬਹੁਤੀਆਂ ਪੰਚਾਇਤਾਂ ਪਿੰਡਾਂ ਵਿੱਚ ਆਮ ਛੋਟੇ-ਛੋਟੇ ਝਗੜੇ ਸੁਲਝਾਉਣ, ਸਰਕਾਰ ਵੱਲੋਂ ਮਨਜ਼ੂਰ ਕੀਤੇ ਛੋਟੇ-ਛੋਟੇ ਕਾਰਜਾਂ ਅਤੇ ਪਿੰਡਾਂ ਦੀ ਸਿਆਸਤ ਤੱਕ ਹੀ ਸੀਮਿਤ ਰਹਿ ਜਾਂਦੀਆਂ ਹਨ। ਲੋੜ ਹੈ ਕਿ ਪਿੰਡਾਂ ਦੀਆਂ ਪੰਚਾਇਤਾਂ ਸਿੱਧੇ ਤੌਰ 'ਤੇ ਖੇਤੀ ਅਤੇ ਇਸ ਨਾਲ ਲੱਗਦੇ ਕਿੱਤਿਆਂ ਸੰਬੰਧੀ ਬੁਨਿਆਦੀ ਸਾਧਨ ਤੇ ਸਹੂਲਤਾਂ ਨੂੰ ਵਧਾਉਣ, ਖੇਤੀ ਸੰਬੰਧੀ ਸਰਕਾਰੀ ਤੇ ਗ਼ੈਰ-ਸਰਕਾਰੀ ਸੇਵਾਵਾਂ, ਕਿਸਾਨਾਂ ਤੇ ਪਿੰਡ ਦੇ ਹੋਰ ਵਸਨੀਕਾਂ ਨਾਲ ਤਾਲ-ਮੇਲ ਪੈਦਾ ਕਰਨ, ਵੱਖ-ਵੱਖ ਇਨਪੁਟਸ (ਬੀਜ, ਖਾਦਾਂ, ਪਾਣੀ, ਨਦੀਨ ਤੇ ਕੀੜੇ ਮਾਰ ਦਵਾਈਆਂ, ਊਰਜਾ) ਦੀ ਕਿਸਾਨਾਂ ਤੱਕ ਪਹੁੰਚ ਯਕੀਨੀ ਬਣਾਉਣ, ਕਿਸਾਨਾਂ ਤੇ ਕਾਮਿਆਂ ਦੀ ਸਿਖਲਾਈ ਦੇ ਪ੍ਰਬੰਧ ਕਰਨ, ਸਮਾਜਿਕ ਅਸਮਾਨਤਾ ਘਟਾਉਣ ਅਤੇ ਹੋਰ ਖੇਤੀ ਤੇ ਇਸ ਨਾਲ ਸੰਬੰਧਿਤ ਕਿੱਤਿਆਂ ਦੀ ਉਪਜ ਤੇ ਨਫ਼ੇ ਵਧਾਉਣ ਵਰਗੇ ਵਿਸ਼ਿਆਂ ਵਿੱਚ ਅਗਵਾਈ ਕਰਨ ਤਾਂ ਜੋ ਸਰਵ-ਪੱਖੀ ਅਤੇ ਨਿਰੰਤਰ ਵਾਧੇ ਵੱਲ ਕਾਇਮ ਰਹਿਣ ਵਾਲਾ ਪੇਂਡੂ ਵਿਕਾਸ ਹੋ ਸਕੇ। ਪੰਚਾਇਤਾਂ ਕਿਸਾਨਾਂ ਨੂੰ ਪ੍ਰੇਰਿਤ ਕਰਕੇ ਸਾਂਝੇ ਤੌਰ 'ਤੇ ਉਨ੍ਹਾਂ ਕਾਰਜਾਂ ਵਿੱਚ ਵੀ ਅਗਵਾਈ ਕਰਨ ਜਿਨ੍ਹਾਂ ਵਾਸਤੇ ਲੋੜੀਂਦੀ ਕੋਸ਼ਿਸ਼ ਅਤੇ ਪੂੰਜੀ ਨਿਵੇਸ਼ ਕਰਨਾ ਇਕੱਲੇ-ਇਕੱਲੇ ਕਿਸਾਨਾਂ ਤੇ ਕਾਮਿਆਂ ਦੇ ਵੱਸ ਤੋਂ ਬਾਹਰ ਹੁੰਦਾ ਹੋਵੇ ਜਿਵੇਂ ਕਿ ਸਾਰੇ ਪਿੰਡ ਦੀ ਜ਼ਮੀਨ ਦੀ ਵਰਤੋਂ ਵਾਸਤੇ ਯੋਜਨਾ ਬਣਾ ਕੇ ਕਾਰਜ ਕਰਨੇ, ਸਿੰਚਾਈ ਵਾਸਤੇ ਪਾਣੀ ਦੀ ਸਾਂਝੇ ਤੌਰ 'ਤੇ ਵਰਤੋਂ ਕਰਨਾ, ਧਰਤੀ ਹੇਠਲੇ ਪਾਣੀ ਨੂੰ ਹੋਰ ਨੀਚੇ ਜਾਣੋਂ ਰੋਕਣਾ, ਨਵੀਆਂ ਖੇਤੀ-ਤਕਨੀਕਾਂ ਤੇ ਇਨਪੁਟਸ ਦਾ ਸਾਂਝੇ ਤੌਰ 'ਤੇ ਇੰਤਜ਼ਾਮ ਕਰਨਾ, ਉਪਜਾਂ ਦੀ ਸਾਂਝੇ ਤੌਰ 'ਤੇ ਢੋਅ-ਢੁਆਈ ਕਰਨਾ, ਲੋੜੀਂਦੇ ਸਟੋਰ ਬਣਾਉਣੇ ਤੇ ਇਨ੍ਹਾਂ ਦਾ ਪ੍ਰਬੰਧ ਕਰਨਾ, ਛੋਟੇ ਤੇ ਦਰਮਿਆਨੇ ਉਦਯੋਗ ਲਗਾਉਣਾ, ਫ਼ਸਲ ਬੀਮਾ ਸਕੀਮ ਦਾ ਫਾਇਦਾ ਲੈਣਾ, ਮੰਡੀਕਰਨ

ਵਿੱਚ ਸੁਧਾਰ ਕਰਨ ਦੀ ਕੋਸ਼ਿਸ਼ ਕਰਨਾ ਆਦਿ। ਪਿੰਡਾਂ ਵਿੱਚ ਹੀ ਉਪਲੱਬਧ ਕੱਚੇ ਮਾਲ ਦੇ ਆਧਾਰਿਤ ਉਦਯੋਗ ਵਧਾਉਣ ਨੂੰ ਉਤਸ਼ਾਹ ਦੇਣਾ ਚਾਹੀਦਾ ਹੈ। ਪੰਚਾਇਤਾਂ ਦੀ ਅਗਵਾਈ ਖਾਸ ਤੌਰ 'ਤੇ ਜ਼ਰੂਰੀ ਹੈ ਜਦ ਅਚਨਚੇਤ ਹੜ੍ਹਾਂ, ਗੜਿਆਂ, ਉਤਪਾਦਨਾਂ ਦੇ ਵਾਧੇ-ਘਾਟੇ, ਭਾਰੀ ਬਾਰਿਸ਼, ਕੀੜੇ ਜਾਂ ਬੀਮਾਰੀਆਂ ਦੇ ਹਮਲੇ ਆਦਿ ਕਰਕੇ ਖੇਤੀ ਤਬਾਹ ਹੋ ਜਾਵੇ।

ਪੇਂਡੂ ਵਿਕਾਸ ਅਤੇ ਖੇਤੀ ਵਿਕਾਸ ਦੇ ਕਾਰਜਾਂ ਵਿੱਚ ਫ਼ਸਲਾਂ ਦੀ ਰਹਿੰਦ-ਖੂੰਹਦ ਤੇ ਕੂੜਾ-ਕਰਕਟ ਅਤੇ ਪਸ਼ੂਆਂ ਦੇ ਗੋਬਰ ਆਦਿ ਦੀ ਸਹੀ ਸੰਭਾਲ ਦੀ ਵੀ ਬਹੁਤ ਮਹੱਤਤਾ ਹੈ। ਇਨ੍ਹਾਂ ਤੋਂ ਪੰਚਾਇਤਾਂ ਸਾਂਝੇ ਤੌਰ 'ਤੇ ਪਿੰਡ ਵਿੱਚ ਜੈਵਿਕ ਖਾਦ ਤੇ ਊਰਜਾ (ਗੈਸ) ਦੀਆਂ ਲੋੜਾਂ ਕਾਫੀ ਹੱਦ ਤੱਕ ਪੂਰੀਆਂ ਕਰਨ ਵਿੱਚ ਸਹਾਈ ਹੋ ਸਕਦੀਆਂ ਹਨ। ਇਸ ਦੇ ਨਾਲ-ਨਾਲ ਵਾਤਾਵਰਣ ਵੀ ਪ੍ਰਦੂਸ਼ਿਤ ਹੋਣ ਤੋਂ ਬਚ ਸਕਦਾ ਹੈ।

ਹਰ ਪਿੰਡ ਵਿੱਚ "ਖੇਤੀ ਵਿਕਾਸ ਸੈੱਲ" ਸਥਾਪਿਤ ਹੋਣੇ ਚਾਹੀਦੇ ਹਨ ਜਿਨ੍ਹਾਂ ਦੇ ਪ੍ਰਬੰਧਾਂ ਵਾਸਤੇ ਪੜ੍ਹੇ ਲਿਖੇ ਯੁਵਕਾਂ, ਪਿੰਡ ਪੱਧਰ ਦੇ ਖੇਤੀ ਪ੍ਰਸਾਰ ਮਾਹਿਰਾਂ, ਪੰਚਾਇਤੀ ਸਕੱਤਰਾਂ ਆਦਿ ਦੀ ਮਦਦ ਲਈ ਜਾ ਸਕਦੀ ਹੈ। ਇਹ ਸੈੱਲ ਪੇਂਡੂ ਵਿਕਾਸ ਦੀਆਂ ਸਕੀਮਾਂ, ਖੇਤੀ ਮਾਹਿਰਾਂ, ਕਿਸਾਨ ਸਿਖਲਾਈ ਕੇਂਦਰਾਂ, ਇਨਪੁਟਸ ਮੁਹੱਈਆ ਕਰਨ ਵਾਲੇ ਅਦਾਰਿਆਂ, ਪਿੰਡਾਂ ਵਿੱਚ ਖੇਤੀ ਤੋਂ ਬਾਹਰਲੀ ਮੁਲਾਜ਼ਮਤ ਦੇਣ ਵਾਲੇ ਅਦਾਰਿਆਂ, ਸੂਬੇ ਤੇ ਸੈਂਟਰਲ ਸਕੀਮਾਂ ਅਤੇ ਹੋਰ ਖੇਤੀ ਤੇ ਪੇਂਡੂ ਵਿਕਾਸ ਦੇ ਅਦਾਰਿਆਂ ਨਾਲ ਸੰਬੰਧ ਬਣਾ ਕੇ ਕਿਸਾਨਾਂ ਤੇ ਪਿੰਡ ਦੇ ਵਸਨੀਕਾਂ ਦਾ ਫਾਇਦਾ ਕਰ ਸਕਦੇ ਹਨ। ਅਸਲ ਵਿੱਚ ਇਹ ਸੈੱਲ ਪਿੰਡ ਵਿੱਚ ਜਾਣਕਾਰੀਆਂ ਦਾ ਸੈਂਟਰ ਬਣ ਸਕਦੇ ਹਨ।

ਹੁਣ ਸਮਾਂ ਹੈ ਕਿ ਪੇਂਡੂ ਵਿਕਾਸ ਦੇ ਮਾਹਿਰ ਤੇ ਖੇਤੀ ਪ੍ਰਬੰਧਕ ਆਪਸੀ ਤਾਲ-ਮੇਲ ਨਾਲ ਕਾਰਜ ਨੀਤੀਆਂ ਬਣਾਉਣ ਤਾਂ ਜੋ ਸਮੁੱਚੇ ਤੌਰ 'ਤੇ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਤੇ ਸਾਧਨ ਪੈਦਾ ਕਰਕੇ ਖੇਤੀ ਅਤੇ ਇਸ ਨਾਲ ਸੰਬੰਧਿਤ ਕਿੱਤਿਆਂ ਦੇ ਉਤਪਾਦਨ ਤੇ ਨਫ਼ੇ ਨੂੰ ਵਾਧੇ ਵੱਲ ਨਿਰੰਤਰ ਕਾਇਮ ਰੱਖਣ ਦੀ ਸਮਰੱਥਾ ਵਧਾਈ ਜਾਵੇ। ਵਿੱਤੀ-ਪ੍ਰਬੰਧਕਾਂ ਤੇ ਹੋਰ ਸਰਕਾਰੀ ਤੇ ਗ਼ੈਰ-ਸਰਕਾਰੀ ਵਿਕਾਸ ਕਰਨ ਵਾਲੇ ਅਦਾਰਿਆਂ ਨੂੰ ਚਾਹੀਦਾ ਹੈ ਕਿ ਉੱਚ-ਪ੍ਰਾਥਮਿਕਤਾ ਉਨ੍ਹਾਂ ਪੇਂਡੂ ਵਿਕਾਸ ਦੇ ਪ੍ਰੋਜੈਕਟਾਂ ਨੂੰ ਦੇਣ ਜਿਹੜੇ ਸਮੁੱਚੇ ਤੌਰ 'ਤੇ ਖੇਤੀ ਉਤਪਾਦਨ, ਉਪਜਾਂ ਦੀ ਸੰਭਾਲ ਅਤੇ ਨਫ਼ੇ ਵਧਾਉਣ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਘੱਟ ਕਰਨ ਅਤੇ ਕਿਸਾਨਾਂ ਤੇ ਹੋਰ ਪੇਂਡੂ ਕਾਮਿਆਂ ਵਾਸਤੇ ਪਿੰਡਾਂ ਵਿੱਚ ਹੀ ਲਾਹੇਵੰਦ ਗ਼ੈਰ-ਖੇਤੀ ਰੋਜ਼ਗਾਰ ਤੇ ਆਮਦਨ ਦੇ ਅਵਸਰ ਪੈਦਾ ਕਰਨ।

❖❖❖

# 20

# ਕਿਸਾਨਾਂ ਦੀ ਆਰਥਿਕ ਸਥਿਰਤਾ ਲਈ ਠੋਸ ਨੀਤੀਆਂ ਬਣਾਉ

ਪੰਜਾਬ ਵਿੱਚ ਖੇਤੀਬਾੜੀ ਖੇਤਰ ਦੇ ਵਿਕਾਸ, ਖੇਤੀ ਉਤਪਾਦਨ ਤੇ ਇਸ ਤੇ ਆਧਾਰਿਤ ਆਰਥਿਕਤਾ ਵਿੱਚ ਬੇਮਿਸਾਲ ਵਾਧੇ ਦੇ ਬਾਵਜੂਦ ਕਿਸਾਨ ਭਾਈਚਾਰਾ ਲੋੜਾਂ ਨਾਲੋਂ ਘੱਟ ਆਮਦਨ ਸੰਬੰਧਿਤ ਆਰਥਿਕ ਤਣਾਅ ਵਿੱਚ ਰਹਿ ਰਿਹਾ ਹੈ। ਅਸਲ ਵਿੱਚ ਪਿਛਲੇ ਸਮੇਂ ਦੌਰਾਨ ਸਰਕਾਰਾਂ ਤੇ ਨੀਤੀ-ਘਾੜਿਆਂ ਵੱਲੋਂ ਕਿਸਾਨਾਂ ਲਈ ਟਿਕਾਊ ਉੱਚ ਖੇਤੀ ਉਤਪਾਦਕਤਾ, ਮੁਨਾਫ਼ੇ ਤੇ ਆਮਦਨੀ ਦੀ ਪ੍ਰਾਪਤੀ ਅਤੇ ਕੁਦਰਤੀ ਸਰੋਤਾਂ ਦੀ ਸਾਂਭ-ਸੰਭਾਲ ਵਿਚਕਾਰ ਸੰਤੁਲਨ ਕਾਇਮ ਰੱਖਣ ਲਈ ਵਿਆਪਕ ਭਵਿੱਖਵਾਦੀ ਨੀਤੀਆਂ ਵਿਕਸਿਤ ਕਰਨ ਨੂੰ ਸਪੱਸ਼ਟ ਤੌਰ 'ਤੇ ਧਿਆਨ ਨਹੀਂ ਦਿੱਤਾ ਗਿਆ। ਨਤੀਜੇ ਵਜੋਂ ਖੇਤੀਬਾੜੀ ਆਧਾਰਿਤ ਆਰਥਿਕ ਵਿਕਾਸ ਵਿੱਚ ਗਿਰਾਵਟ ਆਉਂਦੀ ਗਈ ਹੈ। ਖੇਤੀ ਕਾਮਿਆਂ ਤੇ ਗ਼ੈਰ-ਖੇਤੀ ਕਾਮਿਆਂ ਦੀ ਆਮਦਨ ਵਿਚਕਾਰ ਪਾੜਾ ਵੀ ਵਧਦਾ ਗਿਆ ਹੈ। ਛੋਟੇ ਅਤੇ ਸੀਮਾਂਤ ਕਿਸਾਨ ਸਭ ਤੋਂ ਵੱਧ ਪੀੜਿਤ ਹਨ। ਇਹ ਸਮਝਿਆ ਜਾ ਰਿਹਾ ਹੈ ਕਿ ਕਿਸਾਨ ਭਾਈਚਾਰੇ ਦਾ ਆਰਥਿਕ ਸੁਧਾਰ ਕਰਨ ਵਾਸਤੇ ਸਰਕਾਰਾਂ ਵੱਲੋਂ ਨਾਕਾਫ਼ੀ ਯਤਨ ਹੀ ਖੇਤੀ ਸੰਕਟ ਦਾ ਕਾਰਨ ਬਣੇ ਹਨ।

ਕਿਸਾਨਾਂ ਨੂੰ ਆਪਣੀ ਆਮਦਨ ਵਧਾਉਣ ਵਾਸਤੇ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਵੇਂ ਕਿ ਜ਼ਮੀਨ ਦੀ ਹੋ ਰਹੀ ਵੰਡ ਕਰਕੇ ਛੋਟੇ ਕਿਸਾਨਾਂ ਦੀ ਗਿਣਤੀ ਦਾ ਵਧਣਾ, ਖੇਤੀ ਉਤਪਾਦਨ ਕਰਨ ਤੇ ਵੱਧ ਰਹੀਆਂ ਲਾਗਤਾਂ, ਆਧੁਨਿਕ ਤਕਨੀਕਾਂ ਦੀ ਕਿਸਾਨਾਂ (ਖਾਸ ਕਰਕੇ ਛੋਟੇ ਕਿਸਾਨ) ਤੱਕ ਪਹੁੰਚ ਦੀ ਘਾਟ, ਲੋੜ ਅਨੁਸਾਰ ਵਿੱਤੀ ਸਹਾਇਤਾ ਵਿੱਚ ਕਮੀ, ਅਕੁਸ਼ਲ ਮੰਡੀਕਰਨ ਪ੍ਰਣਾਲੀ, ਉਤਪਾਦਾਂ ਦੀ ਖਰਾਬੀ, ਕੀਮਤਾਂ ਵਿੱਚ ਉਤਰਾਅ-ਚੜ੍ਹਾਅ, ਪੇਂਡੂ ਖੇਤਰ ਵਿੱਚ ਗ਼ੈਰ-ਖੇਤੀ ਰੁਜ਼ਗਾਰਾਂ ਦੇ ਮੌਕਿਆਂ ਦੀ ਘਾਟ, ਅਚਨਚੇਤ ਕੁਦਰਤੀ ਤੇ ਗ਼ੈਰ-ਕੁਦਰਤੀ ਆਫ਼ਤਾਂ, ਆਲਮੀ ਮੰਡੀਆਂ ਨਾਲ ਮੁਕਾਬਲਾ, ਜਲਦੀ-ਜਲਦੀ ਸਰਕਾਰੀ ਨੀਤੀਆਂ ਵਿੱਚ ਬਦਲਾਅ ਆਦਿ। ਇਸ ਤੋਂ ਇਲਾਵਾ ਜਲਵਾਯੂ ਦੀ ਤਬਦੀਲੀ ਦੇ ਜ਼ੋਖ਼ਮ, ਪਾਣੀ ਦੀ ਉਪਲੱਬਧਤਾ (ਖਾਸ ਤੌਰ 'ਤੇ ਧਰਤੀ ਹੇਠਲਾ ਪਾਣੀ) ਦਾ ਘਟਦੇ ਜਾਣਾ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਅਤੇ ਵਾਤਾਵਰਣ ਦੀ ਸਿਹਤ ਵਿੱਚ ਵਧ ਰਿਹਾ ਵਿਗਾੜ ਕਿਸਾਨਾਂ ਦੀ ਆਮਦਨ ਵਾਧੇ ਵੱਲ ਕਾਇਮ ਰੱਖਣ ਵਿੱਚ ਗੰਭੀਰ ਸੰਕਟ ਪੈਦਾ ਕਰ ਸਕਦੇ ਹਨ।

ਸਰਕਾਰਾਂ ਵਾਸਤੇ ਮੁੱਖ ਪ੍ਰਸ਼ਨ ਇਹ ਹੈ ਕਿ ਕਿਸਾਨਾਂ ਲਈ ਸਥਿਰ ਆਮਦਨੀ ਪ੍ਰਾਪਤ ਕਰਨ ਅਤੇ ਉਨ੍ਹਾਂ ਦੀ ਲੋੜਾਂ ਨਾਲੋਂ ਘੱਟ ਆਮਦਨ ਸੰਬੰਧਿਤ ਤਣਾਅ ਨੂੰ ਘਟਾਉਣ ਲਈ ਨੀਤੀਗਤ ਵਾਤਾਵਰਣ ਕਿਵੇਂ ਬਣਾਇਆ ਜਾਵੇ। ਇਸ ਲਈ ਪਿਛਲੇ ਕੁੱਝ ਸਾਲਾਂ ਵਿੱਚ ਭਾਰਤ ਸਰਕਾਰ ਵੱਲੋਂ ਕਈ ਨਵੇਂ ਪ੍ਰੋਗਰਾਮ ਤੇ ਸਕੀਮਾਂ ਜਿਵੇਂ ਕਿ ਪ੍ਰਧਾਨ ਮੰਤਰੀ ਖੇਤੀ

ਸਿੰਚਾਈ ਯੋਜਨਾ, ਸੋਇਲ ਹੈਲਥ ਕਾਰਡ ਸਕੀਮ, ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ, ਨੈਸ਼ਨਲ ਮਿਸ਼ਨ ਫਾਰ ਸਸਟੇਨਏਬਲ ਐਗਰੀਕਲਚਰ, ਸਾਲ 2022 ਤੱਕ ਕਿਸਾਨਾਂ ਦੀ ਆਮਦਨੀ ਦੁੱਗਣੀ ਕਰਨਾ ਆਦਿ ਸਮੇਤ ਕਈ ਹੋਰ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ। ਅਸਲ ਵਿੱਚ ਖੇਤਰ ਨਿਸ਼ਚਿਤ (ਜਿਵੇਂ ਕਿ ਪੰਜਾਬ ਦੇ ਨੀਮ ਪਹਾੜੀ ਤੇ ਕੰਢੀ ਖੇਤਰ, ਕੇਂਦਰੀ ਖੇਤਰ, ਦੱਖਣ-ਪੱਛਮੀ ਖੇਤਰ, ਆਦਿ) ਚੁਣੌਤੀਆਂ ਆਧਾਰਿਤ ਥੋੜ੍ਹੇ ਸਮੇਂ ਤੇ ਲੰਮੇ ਸਮੇਂ ਦੀਆਂ ਕਾਰਜ ਨੀਤੀਆਂ ਨੂੰ ਲੋੜੀਂਦੀ ਗੰਭੀਰਤਾ ਨਾਲ ਲਾਗੂ ਕਰਨ ਨਾਲ ਹੀ ਕਿਸਾਨਾਂ ਦੀ ਆਮਦਨ ਵਾਧੇ ਵੱਲ ਕਾਇਮ ਰੱਖਣ ਦੀ ਸੰਭਾਵਨਾ ਵੱਧ ਸਕਦੀ ਹੈ।

ਇੱਕ ਪ੍ਰਮੁੱਖ ਚਿੰਤਾ ਇਹ ਹੈ ਕਿ ਕਿਸਾਨਾਂ ਦੀ ਆਮਦਨ ਵਧਾਉਣ ਲਈ ਸਰਕਾਰਾਂ ਵੱਲੋਂ ਸਮੁੱਚੀ ਖੇਤੀਬਾੜੀ ਪ੍ਰਣਾਲੀ (ਉਤਪਾਦਨ, ਵਾਢੀ ਤੋਂ ਬਾਅਦ ਉਤਪਾਦਾਂ ਦੇ ਪ੍ਰਬੰਧ ਅਤੇ ਮੰਡੀਕਰਨ) ਦੇ ਵਿਕਾਸ ਲਈ ਲੋੜੀਂਦੀ ਪੂੰਜੀ ਨਿਵੇਸ਼ ਕਰਨ ਵੱਲ ਪੂਰਾ ਧਿਆਨ ਨਹੀਂ ਦਿੱਤਾ ਜਾਂਦਾ ਰਿਹਾ। ਸਾਲ 1980 ਦੇ ਦਹਾਕੇ ਵਿੱਚ ਦੇਸ਼ ਦੀ ਜੀ.ਡੀ.ਪੀ. ਦੀ ਲਗਪਗ 4 ਪ੍ਰਤੀਸ਼ਤ ਪੂੰਜੀ ਖੇਤੀਬਾੜੀ ਖੇਤਰ ’ਤੇ ਲਗਾਈ ਗਈ ਜੋ ਮੌਜੂਦਾ ਦਹਾਕੇ ਵਿੱਚ 2 ਪ੍ਰਤੀਸ਼ਤ ਤੋਂ ਵੀ ਘੱਟ ਹੈ। ਇਹ ਵੀ ਨਿਰਾਸ਼ਾਜਨਕ ਹੈ ਕਿ ਭਾਰਤ ਖੇਤੀਬਾੜੀ ਖੋਜ ਤੇ ਵਿਕਾਸ ਵਾਸਤੇ ਖੇਤੀ ਜੀ.ਡੀ.ਪੀ. ਦਾ ਸਿਰਫ਼ 0.37 ਪ੍ਰਤੀਸ਼ਤ ਖ਼ਰਚਦਾ ਹੈ ਜਦਕਿ ਇਹ 2 ਪ੍ਰਤੀਸ਼ਤ ਤੋਂ ਵੱਧ ਹੋਣਾ ਚਾਹੀਦਾ ਹੈ ਤਾਂ ਜੋ ਬਹੁ-ਵਿਭਾਗੀ ਖੋਜ ਤੇ ਵਿਕਾਸ ਦੀਆਂ ਗਤੀਵਿਧੀਆਂ ਨੂੰ ਮਜ਼ਬੂਤ ਕਰਕੇ ਆਧੁਨਿਕ ਘੱਟ ਜੋਖਮ ਵਾਲੀਆਂ ਜਲਵਾਯੂ-ਅਨੁਕੂਲ ਤਕਨੀਕਾਂ ਦੇ ਵਿਕਾਸ ਨਾਲ ਖੇਤੀ ਉਤਪਾਦਨ, ਪ੍ਰੋਸੈਸਿੰਗ ਤੇ ਮੰਡੀਕਰਨ ਪ੍ਰਣਾਲੀਆਂ ਨੂੰ ਆਰਥਿਕ ਤੌਰ ’ਤੇ ਲਾਭਕਾਰੀ ਤੇ ਰੋਜ਼ਗਾਰ ਪੈਦਾ ਕਰਨ ਵਾਲੇ ਆਮਦਨ ਵਧਾਊ ਉਦਯੋਗਾਂ ਵਜੋਂ ਵਿਕਸਿਤ ਕੀਤਾ ਜਾਵੇ ਅਤੇ ਨਾਲ ਹੀ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ, ਪਾਣੀ ਦੀ ਉਪਲੱਬਧਤਾ ਅਤੇ ਵਾਤਾਵਰਣ ਦੀ ਸੰਭਾਲ ਵੀ ਕੀਤੀ ਜਾ ਸਕੇ।

ਸੱਭ ਤੋਂ ਆਸਾਨ ਤਰੀਕੇ ਨਾਲ ਕਿਸਾਨਾਂ ਦੀ ਆਮਦਨ ਵਧਾਉਣ ਵਾਸਤੇ ਲੋੜ ਹੈ ਕਿ ਖੇਤੀ ਉਤਪਾਦਨ, ਵਾਢੀ ਪਿੱਛੋਂ ਉਤਪਾਦਾਂ ਦੀ ਸੰਭਾਲ ਤੇ ਉਨ੍ਹਾਂ ਦੇ ਮੁੱਲ ਵਿੱਚ ਵਾਧਾ ਅਤੇ ਮੰਡੀਕਰਨ ਕਰਨ ਦੀ ਕੁਸ਼ਲਤਾ ਵਧਾਈ ਜਾਵੇ, ਖ਼ਰਚੇ ਘਟਾਏ ਜਾਣ ਅਤੇ ਉਚ-ਮੁਨਾਫ਼ੇ ਪ੍ਰਾਪਤ ਕੀਤੇ ਜਾਣ। ਇਸ ਲਈ ਇਨਪੁਟਸ (ਬੀਜ, ਪਾਣੀ, ਖਾਦਾਂ, ਨਦੀਨ ਤੇ ਕੀਟ ਨਾਸ਼ਕ ਦਵਾਈਆਂ), ਫਾਰਮ ਮਸ਼ੀਨਰੀ ਅਤੇ ਹੋਰ ਫ਼ਾਰਮ ਸਰੋਤਾਂ ਦੀ ਸੁਚੱਜੀ ਵਰਤੋਂ ਕਰਨ, ਸਹਿਕਾਰੀ ਖੇਤੀ, ਸੁਨਿਸ਼ਚਿਤ ਖੇਤੀ ਤੇ ਹੋਰ ਸਾਂਝੇ ਕਾਰਜ ਅਪਨਾਉਣ ਵਾਸਤੇ ਕਿਸਾਨਾਂ ਨੂੰ ਪ੍ਰੇਰਿਤ ਕਰਨਾ ਸਰਕਾਰ ਅਤੇ ਖੇਤੀ ਵਿਕਾਸ ਦੇ ਮਾਹਿਰਾਂ ਦੇ ਪ੍ਰਮੁੱਖ ਟੀਚੇ ਹੋਣੇ ਚਾਹੀਦੇ ਹਨ।

ਪੰਜਾਬ ਵਿੱਚ ਖੇਤੀ ਆਧਾਰਿਤ ਆਰਥਿਕਤਾ ਇਕ ਇਹੋ ਜਿਹੇ ਮੋੜ ਤੇ ਹੈ ਜਿੱਥੇ ਅਗਲਾ ਆਮਦਨ ਵਧਾਊ ਅੰਦੋਲਨ ਲਿਆਉਣ ਵਾਸਤੇ ਖੇਤੀ ਵਿਭਿੰਨਤਾ ਪ੍ਰਣਾਲੀ ਅਧੀਨ ਅਨਾਜ (ਖਾਸ ਕਰਕੇ ਝੋਨਾ ਤੇ ਕਣਕ) ਆਧਾਰਿਤ ਆਰਥਿਕ ਵਿਕਾਸ ਤੋਂ ਅੱਗੇ ਵਧ ਕੇ ਵਧੇਰੇ ਮੁਨਾਫ਼ੇ ਤੇ ਉੱਚ ਆਮਦਨ ਪੈਦਾ ਕਰਨ ਵਾਲੇ ਫਲ, ਸਬਜ਼ੀਆਂ, ਫੁੱਲ, ਖੁੰਬਾਂ, ਜੈਵਿਕ-ਭੋਜਨ, ਡੇਅਰੀ, ਪੋਲਟ੍ਰੀ, ਮੱਛੀ ਪਾਲਣ ਆਦਿ ਦੇ ਉਤਪਾਦਨ, ਪ੍ਰੋਸੈਸਿੰਗ ਅਤੇ ਮੰਡੀਕਰਨ ਨੂੰ ਵਿਸ਼ੇਸ਼ ਤਕਨਾਲੋਜੀਆਂ ਆਧਾਰਿਤ ਉਦਯੋਗਾਂ ਵਾਂਗ ਵਿਕਸਿਤ ਕਰਨਾ

ਪਏਗਾ। ਇਨ੍ਹਾਂ ਵਿਭਿੰਨ ਵਸਤੂਆਂ ਤੋਂ ਆਮਦਨ ਵਧਾਊ ਲਾਭਾਂ ਦੇ ਬਾਵਜੂਦ ਇਨ੍ਹਾਂ ਨੂੰ ਕਿਸਾਨਾਂ ਦੁਆਰਾ ਵੱਡੇ ਪੱਧਰ 'ਤੇ ਤਾਂ ਹੀ ਅਪਣਾਇਆ ਜਾ ਸਕੇਗਾ ਜਦੋਂ ਇਨ੍ਹਾਂ ਨੂੰ ਸਰਕਾਰੀ ਤੇ ਗ਼ੈਰ-ਸਰਕਾਰੀ ਅਦਾਰਿਆਂ ਵੱਲੋਂ ਨਾਸ਼ਵਾਨ ਤੇ ਗ਼ੈਰ-ਨਾਸ਼ਵਾਨ ਉਤਪਾਦਾਂ ਵਾਸਤੇ ਮੰਡੀਕਰਨ ਵਿੱਚ ਲੋੜੀਂਦੀ ਸਹਾਇਤਾ, ਮੰਡੀਆਂ ਵਿੱਚ ਜਾਇਜ਼ ਤੇ ਲਾਹੇਵੰਦ ਭਾਅ ਅਤੇ ਕਮਾਈ ਦੀ ਪ੍ਰਾਪਤੀ, ਕੀਮਤਾਂ ਦੀ ਅਸਥਿਰਤਾ (ਖਾਸ ਕਰਕੇ ਮੌਸਮੀ ਬਹੁਤਾਤ ਹੋਣ ਕਾਰਨ) ਤੋਂ ਰਾਹਤ, ਉਤਪਾਦਾਂ ਦੇ ਖ਼ਰਾਬੇ (ਜੋ ਲਗਪਗ 30 ਪ੍ਰਤੀਸ਼ਤ ਤੱਕ ਹੋ ਸਕਦੇ ਹਨ) ਘਟਾਉਣ ਵਾਸਤੇ ਗੁਦਾਮ, ਠੰਢੇ ਸਟੋਰ, ਉਤਪਾਦਨ ਤੋਂ ਮੰਡੀਆਂ ਤੱਕ ਠੰਢੀ-ਕੜੀ, ਕਿਸਾਨਾਂ ਦੀ ਵਿਸ਼ੇਸ਼ ਟ੍ਰੇਨਿੰਗ, ਖੇਤੀਬਾੜੀ ਖੇਤਰ ਵਿੱਚ ਆਰਥਿਕ ਉਦਾਰੀਕਰਨ ਨੀਤੀ ਵਾਲਾ ਵਾਤਾਵਰਣ ਤੇ ਹੋਰ ਸਹੂਲਤਾਂ ਦਾ ਮਿਲਣਾ ਯਕੀਨੀ ਬਣਾਇਆ ਜਾਵੇਗਾ।

ਇਸ ਤੋਂ ਇਲਾਵਾ ਕਿਸਾਨਾਂ ਦੀ ਆਮਦਨ ਨੂੰ ਹੋਰ ਵਧਾਉਣ ਵਾਸਤੇ, ਪੰਜਾਬ ਨੂੰ ਕਿਸਾਨਾਂ ਦੇ ਉਦਯੋਗਾਂ ਨਾਲ ਸੰਬੰਧ ਵਧਾਉਣ ਲਈ ਇੱਕ ਮੁਹਿੰਮ ਸ਼ੁਰੂ ਕਰਨੀ ਜ਼ਰੂਰੀ ਹੈ ਤਾਂ ਜੋ ਆਰਥਿਕ ਤੌਰ 'ਤੇ ਲਾਭਦਾਇਕ "ਉੱਚ ਉਤਪਾਦਨ, ਐਗਰੋ-ਪ੍ਰੋਸੈਸਿੰਗ ਤੇ ਵੈਲਯੂ ਐਡੀਸ਼ਨ" ਆਧਾਰਿਤ ਅੰਦੋਲਨ ਪੈਦਾ ਕੀਤਾ ਜਾਵੇ। ਇਸ ਲਈ ਫਾਜ਼ਿਲਕਾ, ਲਾਢੋਵਾਲ (ਲੁਧਿਆਣਾ), ਫਗਵਾੜਾ ਅਤੇ ਸਮਰਾਲਾ ਵਿਖੇ ਮੈਗਾ ਫੂਡ ਪਾਰਕ ਸਥਾਪਿਤ ਕਰਨ ਦੇ ਨਾਲ-ਨਾਲ ਪੰਜਾਬ ਨੂੰ ਆਪਣੇ ਪੇਂਡੂ ਖੇਤਰਾਂ ਵਿੱਚ ਆਮਦਨ ਵਧਾਊ ਛੋਟੇ ਤੇ ਦਰਮਿਆਨੇ ਮਿਆਰ ਦੀਆਂ ਐਗ੍ਰੋ-ਪ੍ਰੋਸੈਸਿੰਗ ਇਕਾਈਆਂ ਅਤੇ ਕਿਸਾਨਾਂ ਦੇ ਸਵੈ-ਸਹਾਇਤਾ ਐਗਰੋ-ਪ੍ਰੋਸੈਸਿੰਗ ਸੰਗਠਨਾਂ ਨੂੰ ਬਹੁਤ ਵੱਡੇ ਪੈਮਾਨੇ ਤੇ ਵਿਕਸਿਤ ਕਰਨ ਦੀ ਲੋੜ ਹੈ।

ਬਹੁਤੇ ਕਿਸਾਨ ਪਰਿਵਾਰਾਂ (ਖਾਸ ਕਰਕੇ ਛੋਟੇ ਕਿਸਾਨ) ਦੀ ਕੇਵਲ ਖੇਤੀਬਾੜੀ ਵਿੱਚੋਂ ਆਮਦਨੀ ਜ਼ਰੂਰਤਾਂ ਨਾਲੋਂ ਘੱਟ ਰਹਿੰਦੀ ਹੈ। ਇਨ੍ਹਾਂ ਕਿਸਾਨਾਂ ਦੀ ਆਮਦਨ ਨੂੰ ਵਧਾਉਣ ਲਈ ਗ਼ੈਰ-ਖੇਤੀਬਾੜੀ ਰੁਜ਼ਗਾਰ ਦੇ ਖੇਤਰ ਵੱਡੇ ਸਰੋਤ ਬਣ ਸਕਦੇ ਹਨ। ਇਸ ਵਾਸਤੇ ਸਰਕਾਰ ਵੱਲੋਂ ਪਿੰਡਾਂ ਵਿੱਚ ਗ਼ੈਰ-ਖੇਤੀ ਰੁਜ਼ਗਾਰ ਵਧਾਊ ਛੋਟੇ ਤੇ ਦਰਮਿਆਨੇ ਮਿਆਰ ਦੀਆਂ ਉਦਯੋਗਿਕ ਇਕਾਈਆਂ ਤੇ ਸਰਵਿਸ ਸੈਂਟਰ ਸਥਾਪਿਤ ਕਰਨੇ ਜ਼ਰੂਰੀ ਹਨ। ਨਾਲ ਹੀ ਨਾਲ ਕਿਸਾਨ ਪਰਿਵਾਰਾਂ ਨੂੰ ਮਾਲੀ ਸਹਾਇਤਾ (ਖਾਸ ਤੌਰ 'ਤੇ ਸ਼ੁਰੂ ਕਰਨ ਵਾਸਤੇ) ਤੇ ਮੰਡੀਕਰਨ ਸਹਾਇਤਾ ਅਤੇ ਹੋਰ ਪ੍ਰੇਰਣਾ ਦੇ ਕੇ ਘਰ-ਘਰ ਵਿੱਚ ਛੋਟੇ ਪੈਮਾਨੇ ਦੀਆਂ ਵਸਤਾਂ ਦੇ ਵਪਾਰਕ ਉਤਪਾਦਨ ਕਰਨ ਨੂੰ ਗ਼ੈਰ-ਖੇਤੀ ਆਮਦਨ ਵਧਾਊ ਮੌਕਿਆਂ ਵਜੋਂ ਉਭਾਰਿਆ ਜਾਣਾ ਚਾਹੀਦਾ ਹੈ।

ਸੱਚਾਈ ਇਹ ਹੈ ਕਿ ਕਿਸਾਨਾਂ ਨੂੰ ਉਨ੍ਹਾਂ ਦੀਆਂ ਉੱਪਜਾਂ ਦੇ ਲਾਹੇਵੰਦ ਭਾਅ ਮਿਲਣ ਨੂੰ ਯਕੀਨੀ ਕੀਤੇ ਬਿਨਾਂ ਕਿਸਾਨਾਂ ਦੀ ਆਮਦਨੀ ਵਾਧੇ ਵੱਲ ਕਾਇਮ ਰੱਖਣਾ ਅਤੇ ਲੋੜਾਂ ਨਾਲੋਂ ਘੱਟ ਆਮਦਨ ਸੰਬੰਧਿਤ ਐਗਰੇਰੀਅਨ ਸੰਕਟ ਤੋਂ ਰਾਹਤ ਪਾਉਣ ਦਾ ਸੁਪਨਾ ਸਹਿਜ ਇਕ ਸੁਪਨਾ ਹੀ ਰਹੇਗਾ। ਅਸਲ ਵਿੱਚ ਕਿਸਾਨਾਂ ਦੀ ਆਮਦਨ ਵਾਧੇ ਵੱਲ ਕਾਇਮ ਰੱਖਣ ਵਾਸਤੇ ਸਮੁੱਚੀ ਮੰਡੀਕਰਨ ਪ੍ਰਣਾਲੀ ਦੀ ਆਧੁਨਿਕਤਾ, ਉਤਪਾਦਾਂ ਦੇ ਮੁੱਲ ਨਿਰਧਾਰਨ ਵਿਧੀ ਦਾ ਕਿਸਾਨ ਪੱਖੀ ਹੋਣਾ, ਜਿਣਸਾਂ ਦੇ ਲਾਹੇਵੰਦ ਭਾਅ ਨਾਲ ਮੁਸ਼ਕਿਲਾਂ ਰਹਿਤ ਖਰੀਦ ਅਤੇ ਉਤਪਾਦਾਂ ਦੇ ਖ਼ਰਾਬੇ (ਖਾਸ ਕਰਕੇ ਨਾਸ਼ਵਾਨ ਵਸਤਾਂ) ਘਟਾਉਣ ਵਾਸਤੇ

ਲੋੜੀਂਦੀਆਂ ਸਹੂਲਤਾਂ ਆਦਿ ਬਹੁਤ ਵੱਡੇ ਯੋਗਦਾਨ ਪਾ ਸਕਦੇ ਹਨ। ਸਰਕਾਰ ਦੀ ਮੌਜੂਦਾ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਨੀਤੀ ਵੱਲੋਂ ਟਿਕਾਊ ਉੱਚ ਮੁਨਾਫ਼ੇ ਤੇ ਆਮਦਨੀ ਪ੍ਰਾਪਤ ਕਰਨ ਵਿੱਚ ਬਹੁਤੀ ਸਹਾਇਤਾ ਨਹੀਂ ਮਿਲੀ। ਕਈ ਵਾਰ ਅਧਿਕਾਰਿਤ ਐਮ.ਐਸ.ਪੀ. ਬਹੁਤ ਸਾਰੀਆਂ ਫ਼ਸਲਾਂ ਦੇ ਉਤਪਾਦਨ ਕਰਨ ਦੀ ਲਾਗਤ ਨਾਲੋਂ ਵੀ ਘੱਟ ਹੁੰਦੀ ਹੈ। ਇਸ ਵਾਸਤੇ ਕਿਸਾਨਾਂ ਵੱਲੋਂ ਮੰਗ ਕੀਤੀ ਜਾ ਰਹੀ ਸਵਾਮੀਨਾਥਨ ਦੀ ਸਿਫਾਰਿਸ਼ ਅਨੁਸਾਰ ਘੱਟੋ-ਘੱਟ ਸਮਰਥਨ ਮੁੱਲ ਉਤਪਾਦਨ ਕਰਨ ਤੇ ਕੁੱਲ ਲਾਗਤ ਨਾਲੋਂ 50 ਪ੍ਰਤੀਸ਼ਤ ਵੱਧ ਅਤੇ ਖਰੀਦ ਮੁੱਲ ਵਿੱਚ ਮਹਿੰਗਾਈ ਵਿੱਚ ਵਾਧਾ, ਸਰਕਾਰ ਦੁਆਰਾ ਸਵੀਕਾਰ ਕਰਕੇ ਸਾਰੀਆਂ ਫ਼ਸਲਾਂ (ਨਾ ਸਿਰਫ਼ ਕਣਕ ਤੇ ਝੋਨਾ) ਲਈ ਕਾਨੂੰਨ ਲਾਗੂ ਕੀਤਾ ਜਾਣਾ ਚਾਹੀਦਾ ਹੈ। ਨਿਰਧਾਰਿਤ ਐਮ.ਐਸ.ਪੀ. ਤੋਂ ਖਰੀਦ ਕੀਮਤਾਂ ਦੀ ਘਾਟ ਦਾ ਭੁਗਤਾਨ ਸਰਕਾਰੀ ਅਦਾਰਿਆਂ ਰਾਹੀਂ ਕਿਸਾਨਾਂ ਨੂੰ ਦਿੱਤਾ ਜਾਣਾ ਚਾਹੀਦਾ ਹੈ। ਈ-ਮੰਡੀਆਂ ਦੀ ਸਥਾਪਨਾ ਤੇ ਆਨਲਾਈਨ ਮੰਡੀਕਰਨ ਦੇ ਵਿਕਾਸ ਕਰਨ ਨਾਲ ਕਿਸਾਨ ਦਲਾਲਾਂ ਤੋਂ ਬੱਚ ਕੇ ਮੁਨਾਫ਼ੇ ਅਤੇ ਆਮਦਨ ਵਧਾ ਸਕਦੇ ਹਨ।

ਕਈ ਵਾਰ ਕੁਦਰਤੀ ਜਾਂ ਗ਼ੈਰ-ਕੁਦਰਤੀ ਆਫ਼ਤਾਂ ਦੇ ਅਚਨਚੇਤ ਹਮਲੇ ਕਿਸਾਨੀ ਤੇ ਕਿਸਾਨਾਂ ਦੀ ਆਰਥਿਕਤਾ ਨੂੰ ਵੱਡੀ ਢਾਅ ਲਾ ਕੇ ਖੇਤੀਬਾੜੀ ਸੰਕਟ ਦਾ ਸਰੋਤ ਬਣ ਜਾਂਦੇ ਹਨ। ਲੋੜ ਹੈ ਕਿ ਕਿਸਾਨੀ ਤੇ ਕਿਸਾਨਾਂ ਦੀ ਆਰਥਿਕ ਸਥਿਰਤਾ ਕਾਇਮ ਰੱਖਣ ਵਾਸਤੇ ਸਰਕਾਰਾਂ ਵੱਲੋਂ ਆਫ਼ਤਾਂ ਆਉਣ ਤੋਂ ਪਹਿਲਾਂ ਹੀ ਸੂਬਾ, ਖੇਤਰ ਅਤੇ ਪਿੰਡ ਪੱਧਰ 'ਤੇ ਇਨ੍ਹਾਂ ਆਫ਼ਤਾਂ ਤੇ ਰੋਕ ਲਗਾਉਣ ਵਾਸਤੇ ਜਾਂ ਇਨ੍ਹਾਂ ਦੇ ਮਾੜੇ ਅਸਰ ਨੂੰ ਘਟਾਉਣ ਬਾਰੇ ਕਾਰਜ-ਨੀਤੀਆਂ ਬਣਾਈਆਂ ਜਾਣ ਅਤੇ ਅਚਾਨਕ ਬਿਪਤਾ ਆਉਣ ਤੇ ਹਫ਼ੜਾ-ਦਫ਼ੜੀ ਤੋਂ ਬਿਨਾਂ ਪੀੜਤ ਲੋਕਾਂ ਨੂੰ ਜਲਦੀ ਤੋਂ ਜਲਦੀ ਰਾਹਤ (ਮਾਲੀ ਸਹਾਇਤਾ, ਬਦਲਵੀਆਂ ਫ਼ਸਲਾਂ ਦੇ ਬੀਜ, ਖਾਦਾਂ ਆਦਿ) ਪਹੁੰਚਾਉਣ ਦੀਆਂ ਕਾਰਵਾਈਆਂ ਕਰਕੇ ਕਿਸਾਨਾਂ ਦੇ ਆਰਥਿਕ ਨੁਕਸਾਨ ਘਟਾਏ ਜਾਣ। ਅਸਲ ਵਿੱਚ ਕਿਸਾਨਾਂ ਦੀ ਆਰਥਿਕ ਸਥਿਰਤਾ ਕਾਇਮ ਰੱਖਣ ਵਾਸਤੇ ਆਫ਼ਤਾਂ ਨਿਸ਼ਚਿਤ ਪ੍ਰਬੰਧ ਕਰਨਾ, ਖੇਤੀਬਾੜੀ ਬੀਮਾ ਵਿਧੀ ਨੂੰ ਕਿਸਾਨ ਹਿੱਤ ਲਾਗੂ ਕਰਨਾ, ਪ੍ਰਭਾਵਿਤ ਕਿਸਾਨੀ ਤੇ ਕਿਸਾਨਾਂ ਨੂੰ ਤੁਰੰਤ ਰਾਹਤ ਪਹੁੰਚਾਉਣਾ ਅਤੇ ਉਨ੍ਹਾਂ ਦੇ ਆਰਥਿਕ ਪੁਨਰਵਾਸ ਦੀ ਵਿਵਸਥਾ ਕਰਨਾ ਖੇਤੀਬਾੜੀ ਅਤੇ ਪੇਂਡੂ ਵਿਕਾਸ ਪ੍ਰਤੀਕਿਰਿਆਵਾਂ ਦੇ ਮਹੱਤਵਪੂਰਨ ਹਿੱਸੇ ਹੋਣੇ ਚਾਹੀਦੇ ਹਨ। ਇਸ ਤਰ੍ਹਾਂ ਕਿਸਾਨਾਂ ਦੀ ਅਚਾਨਕ ਆਰਥਿਕ ਅਸਥਿਰਤਾ ਦੇ ਸੰਕਟ ਨੂੰ ਜਲਦੀ ਤੋਂ ਜਲਦੀ ਠੱਲ੍ਹ ਪਾਈ ਜਾ ਸਕਦੀ ਹੈ।

ਇਸ ਸਮੇਂ ਕਿਸਾਨਾਂ ਦੀ ਆਮਦਨ ਵਧਾਉਣ ਤੇ ਆਰਥਿਕਤਾ ਸੁਧਾਰਨ ਵਾਸਤੇ ਕਈ ਤਰ੍ਹਾਂ ਦੇ ਸੁਝਾਅ ਦਿੱਤੇ ਜਾ ਸਕਦੇ ਹਨ। ਪਰ ਚਿੰਤਾ ਇਹ ਹੈ ਕਿ ਕੀ ਸਰਕਾਰ ਰਿਵਾਇਤੀ ਖੇਤੀਬਾੜੀ ਆਧਾਰਿਤ ਆਰਥਿਕਤਾ ਤੋਂ ਅੱਗੇ ਵਧ ਕੇ ਸਮੁੱਚੀ ਖੇਤੀਬਾੜੀ ਪ੍ਰਣਾਲੀ (ਉਤਪਾਦਨ, ਪ੍ਰੋਸੈਸਿੰਗ ਤੇ ਮੰਡੀਕਰਨ) ਵਿੱਚ ਅਤੇ ਰੁਜ਼ਗਾਰ ਵਧਾਊ ਮੌਕਿਆਂ ਵਿੱਚ ਬੁਨਿਆਦੀ ਢਾਂਚਾਗਤ ਸੁਧਾਰ ਕਰਨ ਤੇ ਕਿਸਾਨਾਂ ਨੂੰ ਲੋੜ ਨਾਲੋਂ ਘੱਟ ਆਮਦਨ ਸੰਬੰਧਿਤ ਖੇਤੀਬਾੜੀ ਸੰਕਟ ਉੱਪਰ ਠੱਲ੍ਹ ਪਾਉਣ ਨੂੰ ਠੇਸ ਪਹੁੰਚਾ ਰਹੇ ਮੁੱਦਿਆਂ ਨੂੰ ਗੰਭੀਰਤਾ ਨਾਲ ਜਲਦੀ ਸੰਬੋਧਿਤ ਕਰੇਗੀ? ❖❖❖

# 21

# ਸ਼ਹਿਰੀ ਖ਼ੁਰਾਕ ਸੁਰੱਖਿਆ ’ਚ ਸ਼ਹਿਰੀ ਖੇਤੀਬਾੜੀ ਦੀ ਭੂਮਿਕਾ

ਵਿਸ਼ਵ ਵਿੱਚ ਸ਼ਹਿਰੀ ਆਬਾਦੀ ਬੜੀ ਤੇਜ਼ੀ ਨਾਲ ਵਧਦੀ ਜਾ ਰਹੀ ਹੈ ਅਤੇ ਇੱਕੀਵੀਂ ਸਦੀ ਨੂੰ ਸ਼ਹਿਰੀ-ਦੁਨੀਆਂ ਦੇ ਰੂਪ ਵਿੱਚ ਵੇਖਿਆ ਜਾਣ ਲੱਗਾ ਹੈ। ਸੰਯੁਕਤ ਰਾਸ਼ਟਰ ਦੀਆਂ ਰਿਪੋਰਟਾਂ ਅਨੁਸਾਰ ਵਿਕਾਸ ਕਰ ਰਹੇ ਦੇਸ਼ਾਂ ਵਿੱਚ ਤਾਂ ਸ਼ਹਿਰੀ ਆਬਾਦੀ ਦਿਹਾਤੀ ਆਬਾਦੀ ਨਾਲੋਂ ਸੰਨ 2008 ਵਿੱਚ ਹੀ ਵਧ ਗਈ ਸੀ ਅਤੇ ਉਮੀਦ ਕੀਤੀ ਜਾ ਰਹੀ ਹੈ ਕਿ ਸਾਰੀ ਦੁਨੀਆ ਦੀ ਸ਼ਹਿਰੀ ਇਲਾਕਿਆਂ (ਸ਼ਹਿਰਾਂ ਤੇ ਕਸਬਿਆਂ ਦੇ ਅੰਦਰ ਅਤੇ ਇਨ੍ਹਾਂ ਦੇ ਆਲੇ-ਦੁਆਲੇ ਬਾਹਰਵਾਰ ਨਾਲ ਲਗਦੇ ਖੇਤਰ) ਵਿਚਲੀ ਆਬਾਦੀ ਮੌਜੂਦਾ ਲਗਪਗ 350 ਕਰੋੜ ਤੋਂ ਵਧ ਕੇ 2050 ਤੱਕ ਤਕਰੀਬਨ ਦੋ ਗੁਣਾ ਹੋ ਜਾਵੇਗੀ ਜਿਸ ਨਾਲ ਵਿਸ਼ਵ ਪੱਧਰ ’ਤੇ ਖ਼ੁਰਾਕੀ ਵਸਤਾਂ ਦੀ ਮੰਗ ਲਗਪਗ 70 ਪ੍ਰਤੀਸ਼ਤ ਵਧ ਜਾਵੇਗੀ।

ਸਨ 1901 ਦੌਰਾਨ ਭਾਰਤ ਦੀ ਕੁੱਲ ਆਬਾਦੀ ਵਿੱਚੋਂ ਲਗਪਗ 11 ਪ੍ਰਤੀਸ਼ਤ ਸ਼ਹਿਰੀ ਇਲਾਕਿਆਂ ਵਿੱਚ ਸੀ ਜੋ 2011 ਵਿੱਚ ਵਧ ਕੇ 31 ਪ੍ਰਤੀਸ਼ਤ ਹੋ ਗਈ ਅਤੇ ਸੰਯੁਕਤ ਰਾਸ਼ਟਰ ਦੀ ਰਿਪੋਰਟ ਅਨੁਸਾਰ 2030 ਤੱਕ ਇਹ 41 ਪ੍ਰਤੀਸ਼ਤ ਹੋ ਜਾਣ ਦੀ ਉਮੀਦ ਹੈ। ਪੰਜਾਬ ਦੇ ਸ਼ਹਿਰੀ ਇਲਾਕਿਆਂ ਵਿੱਚ ਆਬਾਦੀ ਵਧਦੇ ਜਾਣ ਦੀ ਸਥਿਤੀ ਵੀ ਇਸੇ ਤਰ੍ਹਾਂ ਹੀ ਹੈ ਅਤੇ ਉਮੀਦ ਕੀਤੀ ਜਾ ਰਹੀ ਹੈ ਕਿ 2030 ਤੱਕ ਰਾਜ ਵਿੱਚ ਲਗਪਗ 47 ਪ੍ਰਤੀਸ਼ਤ ਲੋਕ ਸ਼ਹਿਰੀ ਇਲਾਕਿਆਂ ਵਿੱਚ ਰਹਿ ਰਹੇ ਹੋਣਗੇ।

ਸ਼ਹਿਰੀ ਆਬਾਦੀ ਦੇ ਲਗਾਤਾਰ ਵਧਦੇ ਜਾਣ ਦੇ ਨਾਲ-ਨਾਲ ਸ਼ਹਿਰੀ ਵਸਨੀਕਾਂ ਵਾਸਤੇ ਕਈ ਤਰ੍ਹਾਂ ਦੀਆਂ ਚੁਣੌਤੀਆਂ ਵੀ ਵਧਦੀਆਂ ਜਾਂਦੀਆਂ ਹਨ। ਖ਼ਾਸ ਤੌਰ ’ਤੇ ਖ਼ੁਰਾਕੀ ਵਸਤਾਂ ਦੀ ਲੋੜੀਂਦੀ ਸੁਰੱਖਿਅਕ ਉਪਲੱਬਧਤਾ ਕਾਇਮ ਰੱਖਣਾ, ਦਿਹਾਤੀ ਖੇਤੀ ਉਤਪਾਦਕਾਂ ਤੋਂ ਸ਼ਹਿਰੀ ਖਪਤਕਾਰਾਂ ਤੱਕ ਖ਼ੁਰਾਕੀ ਵਸਤਾਂ ਦੀ ਪਹੁੰਚ ਕਰਨ ਦੇ ਵਧਦੇ ਖਰਚੇ, ਸੀਮਤ ਜ਼ਮੀਨ ਤੇ ਪਾਣੀ ਦੇ ਵਸੀਲਿਆਂ ’ਤੇ ਵਧਦਾ ਦਬਾਅ, ਗੰਦੇ ਸੀਵਰੇਜ਼ ਪਾਣੀ ਨਾਲ ਫ਼ਸਲਾਂ ਦੀ ਸਿੰਚਾਈ ਅਤੇ ਸ਼ਹਿਰਾਂ ਵਿਚਲੀ ਰਹਿੰਦ-ਖੂੰਹਦ ਜਮ੍ਹਾ ਹੋਣ ਨਾਲ ਹਾਨੀਕਾਰਕ ਤੱਤਾਂ ਤੇ ਜੀਵਾਣੂਆਂ ਦਾ ਜ਼ਮੀਨ, ਪਾਣੀ, ਹਵਾ ਤੇ ਖ਼ੁਰਾਕੀ ਵਸਤਾਂ ਵਿੱਚ ਜਮ੍ਹਾ ਹੁੰਦੇ ਜਾਣਾ, ਕਈ ਤਰ੍ਹਾਂ ਦੀਆਂ ਮਨੁੱਖੀ ਤੇ ਜਾਨਵਰਾਂ ਦੀਆਂ ਬੀਮਾਰੀਆਂ ਦਾ ਫੈਲਣਾ ਅਤੇ ਕਈ ਹੋਰ ਸਮਾਜਿਕ ਤੇ ਆਰਥਿਕ ਚਿੰਤਾਵਾਂ ਵਧਦੀਆਂ ਜਾ ਰਹੀਆਂ ਹਨ।

ਸ਼ਹਿਰੀ ਵਸਨੀਕਾਂ ਵਾਸਤੇ ਤੇਜ਼ੀ ਨਾਲ ਵਧਦੀਆਂ ਖ਼ੁਰਾਕੀ ਵਸਤਾਂ ਦੀਆਂ ਲੋੜਾਂ ਨਾਲੋਂ ਇਨ੍ਹਾਂ ਦੀ ਉਪਲੱਬਧਤਾ ਦੀ ਘਾਟ ਨੂੰ ਪੂਰਾ ਕਰਨਾ, ਬੁਨਿਆਦੀ ਸਹੂਲਤਾਂ ਤੇ

ਸੇਵਾਵਾਂ ਉੱਪਰ ਵਧਦੇ ਦਬਾਅ ਨਾਲ ਨਜਿੱਠਣਾ ਆਦਿ ਮੁਸ਼ਕਿਲ ਵਿਸ਼ੇ ਬਣਦੇ ਜਾ ਰਹੇ ਹਨ। ਭਵਿੱਖ ਵਿੱਚ ਲੋੜੀਂਦਾ ਅਨਾਜ, ਜਲਦੀ ਨਸ਼ਟ ਹੋ ਜਾਣ ਵਾਲੀਆਂ ਸਬਜ਼ੀਆਂ, ਫਲ, ਦੁੱਧ ਆਦਿ ਅਤੇ ਹੋਰ ਖੇਤੀਬਾੜੀ ਨਾਲ ਸੰਬੰਧਿਤ ਵਸਤਾਂ ਦਾ ਦਿਹਾਤੀ ਤੇ ਦੂਰ-ਦੁਰਾਡੇ ਖੇਤਰਾਂ ਵਿੱਚ ਉਤਪਾਦਨ ਕਰਕੇ ਸ਼ਹਿਰੀ ਖਪਤਕਾਰਾਂ ਤੱਕ ਪ੍ਰਭਾਵਸ਼ਾਲੀ ਢੰਗਾਂ ਤੇ ਪ੍ਰਬੰਧਾਂ ਨਾਲ ਲੋੜੀਂਦੀ ਮਾਤਰਾ ਵਿੱਚ ਪਹੁੰਚਾਉਣ ਵਿੱਚ ਕਈ ਚੁਣੌਤੀਆਂ ਆ ਸਕਦੀਆਂ ਹਨ ਜਿਵੇਂ ਕਿ ਢੋ-ਢੁਆਈ ’ਤੇ ਵਧਦੇ ਜਾ ਰਹੇ ਖਰਚੇ, ਉਤਪਾਦਕਾਂ ਤੋਂ ਖਪਤਕਾਰਾਂ ਤੱਕ ਖ਼ੁਰਾਕੀ ਵਸਤਾਂ ਦੀ ਗੁਣਵੱਤਾ ਕਾਇਮ ਰੱਖਣਾ, ਸਹੀ ਤਰ੍ਹਾਂ ਦੇ ਲੋੜੀਂਦੇ ਸਟੋਰਾਂ ਦੀ ਘਾਟ, ਮੰਡੀਕਰਨ ਤੇ ਵੰਡ-ਵੰਡਾਈ ਵਿੱਚ ਮੁਸ਼ਕਿਲਾਂ ਆਦਿ। ਇਸ ਦੇ ਨਾਲ-ਨਾਲ ਸ਼ਹਿਰਾਂ ਦੇ ਆਲੇ-ਦੁਆਲੇ ਜ਼ਮੀਨ ਦੀ ਸਹੀ ਵਰਤੋਂ ਯੋਜਨਾ ਲਾਗੂ ਨਾ ਹੋਣ ਕਾਰਨ ਉਦਯੋਗਿਕ ਇਕਾਈਆਂ ਜਾਂ ਰਿਹਾਇਸ਼ੀ ਕਲੋਨੀਆਂ ਦੀ ਸਥਾਪਨਾ ਹੁੰਦੇ ਜਾਣ ਨਾਲ ਇਨ੍ਹਾਂ ਇਲਾਕਿਆਂ ਵਿੱਚ ਕਾਫੀ ਉਪਜਾਊ ਜ਼ਮੀਨਾਂ ਖੇਤੀ ਹੇਠੋਂ ਨਿਕਲਦੀਆਂ ਜਾ ਰਹੀਆਂ ਹਨ ਜਿਸ ਕਰਕੇ ਸ਼ਹਿਰੀ ਲੋਕਾਂ ਨੂੰ ਖ਼ੁਰਾਕੀ ਵਸਤਾਂ ਦੀ ਪਹੁੰਚ ਵੀ ਘੱਟ ਸਕਦੀ ਹੈ।

ਅਸਲ ਵਿੱਚ, ਆਉਂਦੇ ਸਮੇਂ ਦੌਰਾਨ ਸ਼ਹਿਰੀ ਇਲਾਕਿਆਂ ਵਿਚਲੇ ਵਾਤਾਵਰਣ ਦੀ ਸਹੀ ਸੰਭਾਲ ਕਰਦੇ ਹੋਏ ਸ਼ਹਿਰੀ ਲੋਕਾਂ ਦੀਆਂ ਲੋੜੀਂਦੀਆਂ ਖ਼ੁਰਾਕੀ ਵਸਤਾਂ ਦੀ ਸੁਰੱਖਿਅਤ ਉਪਲੱਬਧਤਾ ਲਗਾਤਾਰ ਕਾਇਮ ਰੱਖਣਾ ਗੰਭੀਰ ਸਮੱਸਿਆ ਬਣਦੀ ਜਾ ਰਹੀ ਹੈ। ਇਸ ਵਾਸਤੇ ਲੋੜ ਹੈ ਕਿ ਪਰੰਪਰਿਕ ਤੌਰ ’ਤੇ ਕੀਤੀ ਜਾ ਰਹੀ ਖ਼ੁਰਾਕੀ ਵਸਤਾਂ ਦੀ ਸ਼ਹਿਰਾਂ ਵਿੱਚ ਪਹੁੰਚ ਕਰਕੇ ਸਮੁੱਚੀਆਂ ਖ਼ੁਰਾਕੀ ਲੋੜਾਂ ਜਾਂ ਇਨ੍ਹਾਂ ਦਾ ਕੁਝ ਹਿੱਸਾ ਮੁਹੱਈਆ ਕਰਨ ਦੀਆਂ ਨੀਤੀਆਂ ਵਿੱਚ ਬਦਲਾਅ ਲਿਆਂਦਾ ਜਾਵੇ। ਸ਼ਹਿਰਾਂ ਅੰਦਰ ਤੇ ਸ਼ਹਿਰਾਂ ਦੁਆਲੇ ਬਾਹਰਵਾਰ ਲਗਦੇ ਖੇਤਰਾਂ ਵਿੱਚ ਸਥਾਨਕ ਤੌਰ ’ਤੇ ਉਪਲੱਬਧ ਸਾਧਨਾਂ, (ਜ਼ਮੀਨ, ਪਾਣੀ, ਰਹਿੰਦ-ਖੂੰਹਦ, ਮਾਨਵ ਸਰੋਤ ਆਦਿ) ਦੀਆਂ ਲੋੜਾਂ ਦੀ ਕਾਫੀ ਹੱਦ ਤੱਕ ਸਥਾਨਕ ਸ਼ਹਿਰੀ ਖੇਤੀ ਤੋਂ ਪੂਰਤੀ ਕੀਤੀ ਜਾ ਸਕਦੀ ਹੈ। ਸ਼ਹਿਰਾਂ ਦੇ ਅੰਦਰ ਘਰਾਂ ਵਿੱਚ ਖਾਲੀ ਜਗ੍ਹਾ, ਛੱਤਾਂ, ਟੈਰਸਾਂ, ਪਲਾਟਾਂ ਆਦਿ ਵਿੱਚ ਰਸੋਈ-ਬਗੀਚੀਆਂ, ਸੁਰੱਖਿਅਤ ਬਾਗਬਾਨੀ, ਵਰਟੀਕਲ ਬਗੀਚੀ ਆਦਿ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਸਬਜ਼ੀਆਂ, ਖੁੰਬਾਂ ਤੇ ਹੋਰ ਖ਼ੁਰਾਕੀ ਫ਼ਸਲਾਂ ਪੈਦਾ ਕਰਨ ਨਾਲ ਉਤਪਾਦਕਾਂ ਦੀ ਸਵੈ-ਖਪਤ ਵਾਸਤੇ ਕਾਫੀ ਹੱਦ ਤੱਕ ਸੰਤੁਸ਼ਟੀ ਹੋ ਸਕਦੀ ਹੈ। ਸ਼ਹਿਰੋਂ ਬਾਹਰਵਾਰ ਨਾਲ ਲੱਗਦਿਆਂ ਖੇਤੀ ਇਲਾਕਿਆਂ ਵਿੱਚ ਆਧੁਨਿਕ ਤਕਨੀਕਾਂ ਨਾਲ ਅਰਧ ਜਾਂ ਪੂਰੇ ਲਾਹੇਵੰਦ ਵਪਾਰ ਤੇ ਉਦਯੋਗਿਕ ਤੌਰ ’ਤੇ ਸਬਜ਼ੀਆਂ, ਫਲ, ਅਨਾਜ, ਖੁੰਬਾਂ, ਸ਼ਹਿਦ ਆਦਿ ਪੈਦਾ ਕਰਨ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਭਾਵੇਂ ਸਾਡੇ ਸ਼ਹਿਰਾਂ ਦੇ ਅੰਦਰ ਤੇ ਸ਼ਹਿਰੋਂ ਬਾਹਰਵਾਰ ਦੇ ਇਲਾਕਿਆਂ ਵਿੱਚ ਕਈ ਵਸਨੀਕ ਆਪਣੀ ਸਵੈ-ਖਪਤ ਜਾਂ ਸਥਾਨਕ ਮੰਡੀਕਰਨ ਵਾਸਤੇ ਅਸੰਗਠਿਤ ਤੌਰ ’ਤੇ ਖ਼ੁਰਾਕੀ ਵਸਤਾਂ ਪੈਦਾ ਕਰ ਰਹੇ ਹਨ ਅਤੇ ਇਹ ਯਤਨ ਉਨ੍ਹਾਂ ਵਾਸਤੇ ਬਹੁਤ ਵਿਲੱਖਣ ਨਾ ਜਾਪਦੇ ਹੋਣ ਪਰ

ਤੇਜ਼ੀ ਨਾਲ ਵਧਦੀਆਂ ਸ਼ਹਿਰੀ ਆਬਾਦੀ ਦੀਆਂ ਖ਼ੁਰਾਕੀ ਲੋੜਾਂ ’ਤੇ ਖ਼ੁਰਾਕੀ ਮਹਿੰਗਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਅਸੰਗਠਿਤ, ਸਾਦੀ ਅਤੇ ਰਵਾਇਤੀ ਸ਼ਹਿਰੀ-ਖੇਤੀ ਤੋਂ ਬਦਲ ਕੇ ਇਸ ਨੂੰ ਸ਼ਹਿਰਾਂ ਵਿੱਚ ਖ਼ੁਰਾਕੀ ਸੁਰੱਖਿਆ ਕਾਇਮ ਰੱਖ ਸਕਣ ਵਾਲੀ ਲਾਭ ਪ੍ਰਦਾਤਾ ਵਧਾਊ, ਉਤਪਾਦਨ, ਡੱਬਾਬੰਦੀ ਤੇ ਮੰਡੀਕਰਨ ਦੀ ਪ੍ਰਣਾਲੀ ਨੂੰ ਉਦਯੋਗਾਂ ਵਾਂਗ ਅਪਣਾਏ ਜਾਣ ਨੂੰ ਉਤਸ਼ਾਹਿਤ ਕਰਨ ਦੀ ਖ਼ਾਸ ਮਹੱਤਤਾ ਹੈ।

ਵਿਸ਼ਵ ਪੱਧਰ ’ਤੇ ਵੀ ਸ਼ਹਿਰੀ ਇਲਾਕਿਆਂ ਵਿਚਲੀ ਖੇਤੀਬਾੜੀ ਪ੍ਰਣਾਲੀ ਰਾਹੀਂ ਸ਼ਹਿਰੀ ਵਸਨੀਕਾਂ ਵਾਸਤੇ ਭਰੋਸੇਮੰਦ ਤੇ ਸੁਰੱਖਿਅਤ ਖ਼ੁਰਾਕੀ ਵਸਤਾਂ ਦੀ ਉਪਲੱਬਧਤਾ ਕਾਇਮ ਰੱਖਣ ਨੂੰ ਮਹੱਤਤਾ ਦਿੱਤੀ ਜਾ ਰਹੀ ਹੈ। ਇਕ ਅਨੁਮਾਨ ਅਨੁਸਾਰ ਵਿਸ਼ਵ ਵਿੱਚ ਲਗਪਗ 80 ਕਰੋੜ ਲੋਕ ਸ਼ਹਿਰੀ ਖੇਤੀਬਾੜੀ ਦੀਆਂ ਸਰਗਰਮੀਆਂ ਵਿੱਚ ਸ਼ਾਮਿਲ ਹਨ ਜਿਸ ਤੋਂ 15-20 ਪ੍ਰਤੀਸ਼ਤ ਖੁਰਾਕ ਸ਼ਹਿਰੀ ਲੋਕਾਂ ਵਾਸਤੇ ਉਪਲੱਬਧ ਹੋ ਰਹੀ ਹੈ। ਸੰਯੁਕਤ ਰਾਸ਼ਟਰ ਦੇ ਖੁਰਾਕ ਤੇ ਖੇਤੀਬਾੜੀ ਸੰਸਥਾ ਵਲੋਂ ਵੀ ਆਪਣੇ ਮੈਂਬਰ ਦੇਸ਼ਾਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ ਤਾਂ ਜੋ ਉਹ ਸ਼ਹਿਰੀ ਖੇਤੀਬਾੜੀ ਨੂੰ ਆਪਣੇ ਰਸਮੀ ਖੇਤੀਬਾੜੀ ਪ੍ਰਣਾਲੀ ਦਾ ਹਿੱਸਾ ਬਣਾਏ ਜਾਣ ਨੂੰ ਮਹੱਤਵ ਦੇਣ।

ਸਾਡੇ ਦੇਸ਼ ਵਿੱਚ ਖੇਤੀਬਾੜੀ ਸੰਬੰਧੀ ਸਰਕਾਰੀ ਤੇ ਗ਼ੈਰ-ਸਰਕਾਰੀ ਨੀਤੀਆਂ ਮੁੱਖ ਤੌਰ ’ਤੇ ਦਿਹਾਤੀ ਇਲਾਕਿਆਂ ਵਿਚਲੀ ਖੇਤੀਬਾੜੀ ਦੇ ਵਿਕਾਸ ਵਾਸਤੇ ਹੀ ਕੇਂਦਰਿਤ ਹੋਣ ਕਰਕੇ ਸ਼ਹਿਰੀ ਖੇਤੀ ਦੀ ਭੂਮਿਕਾ ਨੂੰ ਸ਼ਹਿਰੀ ਵਸਨੀਕਾਂ ਵਾਸਤੇ ਖ਼ੁਰਾਕੀ ਵਸਤਾਂ ਦੀ ਸਾਰੀ ਜਾਂ ਕੁੱਝ ਹਿੱਸਾ ਸੁਰੱਖਿਅਤ ਉਪਲੱਬਧਤਾ ਕਾਇਮ ਰੱਖ ਸਕਣ ਅਤੇ ਖ਼ੁਰਾਕੀ ਮਹਿੰਗਾਈ ਵਧਦੇ ਜਾਣ ’ਤੇ ਰੋਕ ਲਗਾਉਣ ਵਿੱਚ ਪੂਰੀ ਤਰ੍ਹਾਂ ਸਵੀਕਾਰ ਨਹੀਂ ਕੀਤਾ ਗਿਆ। ਪਰ ਪਿਛਲੇ ਕੁਝ ਸਮੇਂ ਤੋਂ ਖੇਤੀ ਨੀਤੀਆਂ ਬਣਾਉਣ ਵਾਲੇ ਤੇ ਖੇਤੀਬਾੜੀ ਵਿਕਾਸ ਦੇ ਅਦਾਰੇ ਇਹ ਅਨੁਭਵ ਕਰਨ ਲੱਗੇ ਹਨ ਕਿ ਆਉਂਦੇ ਸਮੇਂ ਵਿੱਚ ਦੇਸ਼ ਦੀ ਵਧਦੀ ਜਾ ਰਹੀ ਆਬਾਦੀ ਦੀਆਂ ਖ਼ੁਰਾਕੀ ਵਸਤਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਪਹਿਲਾਂ ਤੋਂ ਹੀ ਸੁੰਗੜਦੀ ਜਾ ਰਹੀ ਦਿਹਾਤੀ ਖੇਤੀ ਹੇਠਲੀ ਉਪਜਾਊ ਜ਼ਮੀਨ ਅਤੇ ਦੁਰਲਭ ਪਾਣੀ ਦੇ ਸਰੋਤਾਂ ਉੱਪਰ ਦਬਾਅ ਹੋਰ ਵੀ ਵਧਦਾ ਜਾਵੇਗਾ। ਇਸ ਵਾਸਤੇ ਇਹ ਸੋਚਿਆ ਜਾ ਰਿਹਾ ਹੈ ਕਿ ਭਵਿੱਖ ਵਿੱਚ ਸਿਰਫ਼ ਦਿਹਾਤੀ ਖੇਤੀ ਤੋਂ ਹੀ ਖ਼ੁਰਾਕੀ ਵਸਤਾਂ ਦੀ ਸ਼ਹਿਰਾਂ ਵਿੱਚ ਪਹੁੰਚ ਕਰਕੇ ਸ਼ਹਿਰੀ ਵਸਨੀਕਾਂ ਵਾਸਤੇ ਖੁਰਾਕ ਦੀ ਸੁਰੱਖਿਅਤ ਉਪਲੱਬਧਤਾ ਲਗਾਤਾਰ ਕਾਇਮ ਰੱਖਣੀ ਇਕ ਪ੍ਰਮੁੱਖ ਚਿੰਤਾ ਹੋਵੇਗੀ। ਇਸ ਦੇ ਮੱਦੇਨਜ਼ਰ ਭਾਰਤ ਸਰਕਾਰ ਵਲੋਂ ਵੀ ਰਾਸ਼ਟਰ ਪੱਧਰ ’ਤੇ ਸ਼ਹਿਰੀ ਇਲਾਕਿਆਂ ਵਿੱਚ ਖ਼ੁਰਾਕੀ ਵਸਤਾਂ ਪੈਦਾ ਕਰਨ ਨੂੰ ਉਤਸ਼ਾਹਿਤ ਕਰਨ ਦੀ ਰਸਮੀ ਤੌਰ ’ਤੇ ਸ਼ੁਰੂਆਤ ਕੀਤੀ ਗਈ ਹੈ। ਇਸ ਯਤਨ ਅਧੀਨ ਭਾਰਤ ਵਿੱਚ ਗਿਆਰ੍ਹਵੀਂ ਪੰਜ ਸਾਲਾ ਯੋਜਨਾ ਉਪਚਾਰਕ ਤੌਰ ’ਤੇ ਕਈ ਸ਼ਹਿਰਾਂ ਵਿੱਚ 'ਸਬਜ਼ੀਆਂ ਦੀ ਘਣੀ ਖੇਤੀ' ਸਕੀਮ ਚਲਾਈ ਗਈ ਸੀ ਤਾਂ ਕਿ ਸ਼ਹਿਰੀ ਇਲਾਕਿਆਂ ਵਿੱਚ ਸਬਜ਼ੀਆਂ ਦਾ ਉਤਪਾਦਨ ਵਧਾਇਆ

ਜਾਵੇ, ਸ਼ਹਿਰੀ ਵਾਤਾਵਰਣ ਵਿੱਚ ਇਨ੍ਹਾਂ ਵਾਸਤੇ ਉਤਪਾਦਨ-ਕੁਸ਼ਲਤਾ ਵਧਾਊ ਤਕਨਾਲੋਜੀ ਵਿਕਾਸ ਕੀਤੀ ਜਾਵੇ ਅਤੇ ਸ਼ਹਿਰੀ ਵਸਨੀਕਾਂ ਵਾਸਤੇ (ਖ਼ਾਸ ਤੌਰ ’ਤੇ ਗਰੀਬ ਕਾਮੇ) ਆਮਦਨ ਵਧਾਊ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ। ਇਸ ਸਕੀਮ ਦੀ ਸਫਲਤਾ ਨੂੰ ਵੇਖਦੇ ਹੋਏ ਸ਼ਹਿਰੀ ਖੇਤੀਬਾੜੀ ਨੂੰ 12ਵੀ ਪੰਜ ਸਾਲਾ ਯੋਜਨਾ ਵਿੱਚ ਵੀ ਉਤਸ਼ਾਹਿਤ ਕੀਤਾ ਗਿਆ ਹੈ। ਹਾਲ ਹੀ ਵਿੱਚ ਰਾਸ਼ਟਰੀ ਖੇਤੀ ਵਿਗਿਆਨ ਦੀ ਅਕੈਡਮੀ ਵਲੋਂ ਵੀ ਸ਼ਹਿਰੀ ਵਾਤਾਵਰਣ ਵਿੱਚ ਬਾਗ਼ਬਾਨੀ, ਸਬਜ਼ੀਆਂ ਆਦਿ ਦੀ ਕਾਸ਼ਤ ਕਰਨ ਦੀ ਸਿਫਾਰਸ਼ ਕੀਤੀ ਗਈ ਹੈ।

ਇਸ ਤਰ੍ਹਾਂ ਸ਼ਹਿਰੀ ਇਲਾਕਿਆਂ ਵਿੱਚ ਖੇਤੀਬਾੜੀ ਦੇ ਵਿਕਾਸ ਹੋਣ ਨਾਲ ਸ਼ਹਿਰਾਂ ਵਿਚਲੇ ਖਪਤਕਾਰ ਵੀ ਸ਼ਹਿਰਾਂ ਵਿੱਚ ਖੇਤੀਬਾੜੀ ਰਾਹੀਂ ਪੈਦਾ ਕਰਕੇ ਕਾਫੀ ਮਾਤਰਾ ਵਿੱਚ ਤਾਜ਼ਾ ਖ਼ੁਰਾਕੀ ਵਸਤਾਂ ਆਪਣੀ ਸਵੈ-ਖਪਤ ਵਾਸਤੇ ਜਾਂ ਸਥਾਨਕ ਦੁਕਾਨਾਂ, ਮੰਡੀਆਂ, ਸੁਪਰ-ਬਜ਼ਾਰਾਂ ਅਤੇ ਡੱਬਾਬੰਦੀ ਉਦਯੋਗਾਂ ਤੱਕ ਤੇਜ਼ੀ ਨਾਲ ਪਹੁੰਚ ਕਰਕੇ ਕਮਾਈ ਕਰ ਸਕਦੇ ਹਨ। ਸ਼ਹਿਰੀ ਉਤਪਾਦਕਾਂ ਤੇ ਖਪਤਕਾਰਾਂ ਦੀ ਆਪਸ ਵਿੱਚ ਨਜ਼ਦੀਕੀ ਹੋਣ ਕਰਕੇ ਕਈ ਬੁਨਿਆਦੀ ਸਹੂਲਤਾਂ ’ਤੇ ਦਬਾਅ ਘਟ ਸਕਦਾ ਹੈ, ਖ਼ੁਰਾਕੀ ਵਸਤਾਂ ਦੇ ਉਜਾੜੇ ਘਟਾਏ ਜਾ ਸਕਦੇ ਹਨ, ਦਿਹਾਤੀ ਦੂਰ-ਦੁਰਾਡੇ ਖੇਤਰਾਂ ਵਿੱਚੋਂ ਢੋ-ਢੁਆਈ ’ਤੇ ਖਰਚੇ ਘਟਣ ਨਾਲ ਖ਼ੁਰਾਕੀ ਮਹਿੰਗਾਈ ਤੇ ਕਾਫੀ ਹੱਦ ਤੱਕ ਰੋਕ ਲੱਗ ਸਕਦੀ ਹੈ ਅਤੇ ਸ਼ਹਿਰੀ ਖੇਤੀ ਉਤਪਾਦਕਾਂ ’ਤੇ ਖਪਤਕਾਰਾਂ ਦੀ ਆਰਥਿਕ ਹਾਲਤ ਵੀ ਸੁਧਰ ਸਕਦੀ ਹੈ। ਸ਼ਹਿਰੀ ਖ਼ੁਰਾਕੀ ਉਤਪਾਦਨ ਸ਼ਹਿਰਾਂ ਵਿੱਚ ਖ਼ੁਰਾਕੀ ਵਸਤਾਂ ’ਚ ਅਚਨਚੇਤ ਕਮੀਆਂ ਆਉਣ ਵੇਲੇ ਖੁਰਾਕ ਦੀ ਉਪਲੱਬਧਤਾ ਕਾਇਮ ਰੱਖਣ ਵਿੱਚ ਸਹਾਈ ਹੋ ਸਕਦਾ ਹੈ।

ਸ਼ਹਿਰੀ ਇਲਾਕਿਆਂ ਵਿੱਚ ਖ਼ੁਰਾਕੀ ਵਸਤਾਂ ਪੈਦਾ ਕਰਨ ਦੀਆਂ ਸਰਗਰਮੀਆਂ ਵਧਣ ਕਰਕੇ ਕਈ ਤਰ੍ਹਾਂ ਦੇ ਖੁਰਾਕ ਸੰਬੰਧਿਤ ਛੋਟੀਆਂ ਤੇ ਦਰਮਿਆਨੇ ਆਕਾਰ ਦੀਆਂ ਉਦਯੋਗਿਕ ਇਕਾਈਆਂ (ਸੰਦਾਂ ਦਾ ਨਿਰਮਾਣ, ਡੱਬਾਬੰਦ ਪਦਾਰਥ ਬਣਾਉਣਾ, ਜੈਵਿਕ ਖਾਦਾਂ, ਕੀਟਨਾਸ਼ਕ ਦਵਾਈਆਂ ਆਦਿ ਤਿਆਰ ਕਰਨਾ, ਪਾਣੀ ਦੀ ਸਫਾਈ ਕਰਨਾ, ਰਸਾਇਣਿਕ ਤੇ ਜੈਵਿਕ ਰਹਿੰਦ-ਖੂੰਹਦ ਦੇ ਪ੍ਰਬੰਧ ਆਦਿ) ਦੇ ਵਿਕਾਸ ਹੋਣ ਨਾਲ ਹੁਨਰਮੰਦ ਤੇ ਗ਼ੈਰ-ਹੁਨਰੀ ਸ਼ਹਿਰੀ ਵਸਨੀਕਾਂ ਤੇ ਕਾਮਿਆਂ ਵਾਸਤੇ ਰੁਜ਼ਗਾਰ ਦੇ ਮੌਕੇ ਪੈਦਾ ਹੁੰਦੇ ਹਨ, ਸਥਾਨਕ ਆਰਥਿਕਤਾ ਵਿੱਚ ਸੁਧਾਰ ਹੁੰਦਾ ਹੈ ਅਤੇ ਵਾਤਾਵਰਣ ਵਿੱਚ ਪ੍ਰਦੂਸ਼ਣ ਘਟਣ ਕਰਕੇ ਮਨੁੱਖੀ ਸਿਹਤ ਸਹੀ ਰੱਖਣ ਵਿੱਚ ਵੀ ਮਦਦ ਮਿਲਦੀ ਹੈ।

ਭਾਵੇਂ ਸ਼ਹਿਰੀ ਇਲਾਕਿਆਂ ਵਿੱਚ ਖੇਤੀਬਾੜੀ ਰਾਹੀਂ ਖ਼ੁਰਾਕੀ ਵਸਤਾਂ ਪੈਦਾ ਕਰਨ ਦੀ ਕਾਫੀ ਮਹੱਤਤਾ ਹੈ ਪਰ ਹਾਲ ਦੇ ਸਮੇਂ ਖ਼ੁਰਾਕੀ ਫ਼ਸਲਾਂ ਦਾ ਸ਼ਹਿਰੀ ਵਾਤਾਵਰਣ ਵਿੱਚ ਉਤਪਾਦਨ, ਲਾਭ ਪ੍ਰਦਾਤਾ ਅਤੇ ਗੁਣਵੱਤਾ ਵਾਧੇ ਵੱਲ ਕਾਇਮ ਰੱਖਣ ਵਾਸਤੇ ਤਕਨਾਲੋਜੀ ਵਿੱਚ ਆਧੁਨਿਕਤਾ ਲਿਆਉਣ ਲਈ ਖੋਜ ਅਤੇ ਵਿਕਾਸ

ਦੀਆਂ ਸੰਸਥਾਵਾਂ ਅਤੇ ਸਰਕਾਰੀ ਤੇ ਗ਼ੈਰ-ਸਰਕਾਰੀ ਅਦਾਰਿਆਂ ਵਲੋਂ ਬਹੁਤ ਘੱਟ ਧਿਆਨ ਦਿੱਤਾ ਜਾ ਰਿਹਾ ਹੈ। ਅਸਲ ਵਿੱਚ ਸ਼ਹਿਰੀ ਇਲਾਕਿਆਂ ਵਿਚਲੀ ਖੇਤੀਬਾੜੀ ਤੇ ਖ਼ਾਸ ਤੌਰ 'ਤੇ ਖ਼ੁਰਾਕੀ ਫ਼ਸਲਾਂ ਪੈਦਾ ਕਰਨ ਦੀਆਂ ਸਰਗਰਮੀਆਂ ਦਿਹਾਤੀ ਖੇਤੀਬਾੜੀ ਨਾਲੋਂ ਵੱਖਰੇ ਤਰ੍ਹਾਂ ਦੇ ਢੰਗ ਅਤੇ ਪ੍ਰਬੰਧ ਪ੍ਰਣਾਲੀ ਆਪਣਾ ਕੇ ਕੀਤੀਆਂ ਜਾਂਦੀਆਂ ਹਨ। ਸ਼ਹਿਰਾਂ ਦੇ ਅੰਦਰਲੇ ਵਾਤਾਵਰਣ 'ਤੇ ਉਪਲੱਬਧ ਸਾਧਨਾਂ (ਬਹੁਤ ਘੱਟ ਜ਼ਮੀਨ, ਸਿੰਚਾਈ ਯੋਗ ਸਾਫ ਪਾਣੀ ਦੀ ਘਾਟ, ਸੰਘਣੀ ਆਬਾਦੀ, ਮਾਨਵ ਸਰੋਤ ਆਦਿ) ਤਹਿਤ ਖ਼ੁਰਾਕੀ ਫ਼ਸਲਾਂ ਪੈਦਾ ਕਰਨ ਅਤੇ ਉਪਜਾਂ ਦੀ ਡੱਬਾਬੰਦੀ ਤੇ ਵੰਡ-ਵੰਡਾਈ ਕਰਨ ਵਾਸਤੇ ਅਲੱਗ ਤਰ੍ਹਾਂ ਦੀਆਂ ਤਕਨੀਕਾਂ ਦੇ ਵਿਕਾਸ ਦੀ ਲੋੜ ਹੈ। ਸ਼ਹਿਰੋਂ ਬਾਹਰਵਾਰ ਨਾਲ ਲਗਦੇ ਖੇਤਰ ਵਿਚਲੀਆਂ ਖੇਤੀ ਇਕਾਈਆਂ ਵਿੱਚ ਫ਼ਸਲਾਂ ਉਪਜਾਉਣ ਵਾਸਤੇ ਦਿਹਾਤੀ ਖੇਤੀ ਵਾਸਤੇ ਸਿਫਾਰਸ਼ ਕੀਤੀ ਤਕਨਾਲੋਜੀ ਵਿੱਚ ਸਥਾਨਕ ਜ਼ਮੀਨ ਤੇ ਪਾਣੀ ਦੇ ਅਨੁਕੂਲ ਅਤੇ ਫ਼ਸਲ ਨਿਸ਼ਚਿਤ ਬਦਲਾਅ ਕਰਕੇ ਤਕਨੀਕਾਂ ਦੇ ਵਿਕਾਸ ਦੀ ਲੋੜ ਹੈ। ਵਿਸ਼ੇਸ਼ ਤੌਰ 'ਤੇ ਸ਼ਹਿਰਾਂ ਦੇ ਅੰਦਰ ਅਤੇ ਸ਼ਹਿਰਾਂ ਦੇ ਆਲੇ-ਦੁਆਲੇ ਨਾਲ ਲਗਦੀ ਜ਼ਮੀਨ, ਪਾਣੀ (ਖ਼ਾਸ ਤੌਰ 'ਤੇ ਸੀਵਰੇਜ਼ ਵਾਲਾ ਪਾਣੀ), ਵਾਤਾਵਰਣ ਅਤੇ ਸ਼ਹਿਰੀ ਵਸਨੀਕਾਂ ਦੀਆਂ ਮੰਗਾਂ ਦੇ ਅਨੁਕੂਲ ਫ਼ਸਲਾਂ ਦੀ ਚੋਣ ਅਤੇ ਉਨ੍ਹਾਂ ਦੀ ਉਤਪਾਦਨ-ਕੁਸ਼ਲਤਾ ਅਤੇ ਗੁਣਵੱਤਾ ਵਧਾਉਣ, ਇਨਪੁਟਸ (ਖਾਦਾਂ, ਕੀਟਨਾਸ਼ਕ ਦਵਾਈਆਂ, ਪਾਣੀ, ਬੀਜ, ਊਰਜਾ) ਦੀ ਕੁਸ਼ਲ ਵਰਤੋਂ, ਸ਼ਹਿਰੀ ਰਹਿੰਦ-ਖੂੰਹਦ (ਜੈਵਿਕ ਤੇ ਰਸਾਇਣਿਕ) ਦੀ ਸੰਭਾਲ, ਸੀਵਰੇਜ ਪਾਣੀ ਦੀ ਵਰਤੋਂ, ਸਮੇਂ-ਸਮੇਂ 'ਤੇ ਪਾਣੀ ਤੇ ਜ਼ਮੀਨ ਦੀ ਪਰਖ, ਪ੍ਰਦੂਸ਼ਣ ਨਿਯੰਤ੍ਰਣ ਅਤੇ ਹੋਰ ਸੰਬੰਧਿਤ ਕਾਰਵਾਈਆਂ ਵਾਸਤੇ ਲੋੜੀਂਦੀਆਂ ਤਕਨੀਕਾਂ ਦੇ ਵਿਕਾਸ ਕਰਨ ਦੀ ਲੋੜ ਹੈ।

ਸਰਕਾਰੀ ਤੇ ਗ਼ੈਰ-ਸਰਕਾਰੀ ਖੇਤੀ ਵਿਕਾਸ ਦੇ ਅਦਾਰਿਆਂ, ਖੇਤੀ ਪਸਾਰ ਕਰਨ ਵਾਲੀਆਂ ਸੰਸਥਾਵਾਂ, ਨਗਰ-ਨਿਗਮ ਅਤੇ ਹੋਰ ਸਮਾਜਿਕ ਸੇਵਾ ਦੇਣ ਵਾਲੇ ਸੰਗਠਨਾਂ ਨੂੰ ਚਾਹੀਦਾ ਹੈ ਕਿ ਉਹ ਸ਼ਹਿਰਾਂ ਦੇ ਅੰਦਰ ਤੇ ਸ਼ਹਿਰੋਂ ਬਾਹਰਵਾਰ ਇਲਾਕਿਆਂ ਵਿੱਚ ਵੱਖ-ਵੱਖ ਖ਼ੁਰਾਕੀ ਫ਼ਸਲਾਂ ਉਪਜਾਉਣ ਤੇ ਉਨ੍ਹਾਂ ਦੀ ਉਤਪਾਦਨ-ਕੁਸ਼ਲਤਾ ਵਧਾਉਣ, ਨੈੱਟ ਤੇ ਗਰੀਨ ਹਾਊਸਾਂ ਵਿੱਚ ਸੁਰੱਖਿਅਤ ਖੇਤੀ ਕਰਨ, ਫ਼ਸਲਾਂ ਦੀ ਲਾਹੇਵੰਦੀ ਅਤੇ ਗੁਣਵੱਤਾ ਵਧਾਉਣ, ਇਨਪੁਟਸ ਦੀ ਕੁਸ਼ਲ ਵਰਤੋਂ ਕਰਨ, ਫ਼ਸਲਾਂ ਦੀ ਵਾਢੀ ਪਿੱਛੋਂ ਉਪਜਾਂ ਦੀ ਸਾਂਭ-ਸੰਭਾਲ ਤੇ ਮੁੱਲ ਵਧਾਊ ਯਤਨ ਕਰਨ, ਡੱਬਾਬੰਦ, ਮੰਡੀਕਰਨ ਅਤੇ ਹੋਰ ਸ਼ਹਿਰੀ ਖੇਤੀ ਸੰਬੰਧਿਤ ਮਸਲਿਆਂ ਬਾਰੇ ਉਤਪਾਦਕਾਂ ਨੂੰ ਤਕਨੀਕੀ ਜਾਣਕਾਰੀ ਤੇ ਸਿਖਲਾਈ ਦੇਣ ਵਿੱਚ ਸਹਾਈ ਹੋਣ। ਇਸ ਦੇ ਨਾਲ-ਨਾਲ ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਫ਼ਸਲਾਂ ਦੇ ਬੀਜ, ਪਨੀਰੀਆਂ, ਖਾਦਾਂ, ਕੀਟਨਾਸ਼ਕ ਦਵਾਈਆਂ, ਪਾਣੀ ਤੇ ਹੋਰ ਸੇਵਾਵਾਂ ਸ਼ਹਿਰੀ ਖੇਤੀ ਕਰਨ ਵਾਲਿਆਂ ਨੂੰ ਮੁਹੱਈਆ ਕਰਨ ਦੇ ਇੰਤਜ਼ਾਮ ਕਰਨ ਤਾਂ ਕਿ ਸ਼ਹਿਰੀ ਵਸਨੀਕ ਸ਼ਹਿਰੀ-ਖੇਤੀ ਅਪਨਾਉਣਾ ਲਗਾਤਾਰ ਕਾਇਮ ਰੱਖ ਸਕਣ।

ਸ਼ਹਿਰੀ ਇਲਾਕਿਆਂ ਵਿੱਚ ਖੇਤੀਬਾੜੀ ਰਾਹੀਂ ਖ਼ੁਰਾਕੀ ਵਸਤਾਂ ਪੈਦਾ ਕਰਨ ਸਮੇਂ ਕਈ ਤਰ੍ਹਾਂ ਦੀਆਂ ਸਾਵਧਾਨੀਆਂ ਵੀ ਬਹੁਤ ਜ਼ਰੂਰੀ ਹਨ। ਅਸਲ ਵਿੱਚ ਅਣਉਚਿੱਤ ਅਪਣਾਏ ਜਾਂਦੇ ਸ਼ਹਿਰੀ ਖੇਤੀਬਾੜੀ ਦੇ ਢੰਗ, ਜ਼ਮੀਨ, ਪਾਣੀ (ਖ਼ਾਸ ਕਰਕੇ ਗੰਦਾ ਸੀਵਰੇਜ਼ ਪਾਣੀ), ਜੈਵਿਕ ਤੇ ਰਸਾਇਣਕ ਰਹਿੰਦ-ਖੂੰਹਦ ਦੀ ਸੰਭਾਲ ਕਰਨ ਦੇ ਅਕੁਸ਼ਲ ਪ੍ਰਬੰਧ, ਬਹੁਤ ਜ਼ਿਆਦਾ ਵਰਤੇ ਜਾਂਦੇ ਕੀਟਨਾਸ਼ਕ ਜ਼ਹਿਰ, ਖਾਦਾਂ ਦੀ ਅਕੁਸ਼ਲ ਵਰਤੋਂ, ਸੀਵਰੇਜ਼ ਪਾਣੀ ਨਾਲ ਫ਼ਸਲਾਂ ਦੀ ਸਿੰਚਾਈ ਅਤੇ ਹੋਰ ਗੰਦੇ ਰਹਿੰਦ-ਖੂੰਹਦ ਕਰਕੇ ਫ਼ਸਲਾਂ ਦੇ ਉਤਪਾਦਨ ਤੇ ਗੁਣਵੱਤਾ ਵਿੱਚ ਗਿਰਾਵਟ ਅਤੇ ਮਨੁੱਖੀ ਸਿਹਤ ਵਿੱਚ ਵਿਗਾੜ ਆਉਂਦੇ ਜਾਣ ਦੇ ਖ਼ਤਰੇ ਚਿੰਤਾ ਦੇ ਵਿਸ਼ੇ ਬਣਦੇ ਜਾ ਰਹੇ ਹਨ। ਮੁੱਖ ਖ਼ਤਰਾ ਆਸਾਨੀ ਨਾਲ ਮਿਲ ਸਕਦੇ ਸੀਵਰੇਜ਼ ਪਾਣੀ ਨਾਲ ਸਿੰਚਾਈ ਕਰਕੇ ਖ਼ੁਰਾਕੀ ਵਸਤਾਂ (ਖਾਸ ਤੌਰ ’ਤੇ ਪੱਤੇਦਾਰ ਸਬਜ਼ੀਆਂ) ਵਿੱਚ ਮਨੁੱਖੀ ਬੀਮਾਰੀਆਂ ਪੈਦਾ ਕਰਨ ਵਾਲੇ ਸੂਖਮ-ਜੀਵਾਣੂ, ਕੀਟਾਣੂ ਅਤੇ ਕੀੜੇ (ਨੀਮਾਟੋਡ ਤੇ ਹੁਕਵਾਰਮ) ਮੁਸ਼ਕਲਾਂ ਪੈਦਾ ਕਰਦੇ ਹਨ। ਇਹ ਸਮੱਸਿਆਵਾਂ ਪੰਜਾਬ ਦੇ ਕਈ ਸ਼ਹਿਰਾਂ ਵਿੱਚ ਆ ਰਹੀਆਂ ਹਨ ਜਿਨ੍ਹਾਂ ਦੇ ਨਕਾਰਾਤਮਕ ਪ੍ਰਭਾਵਾਂ ਨੂੰ ਘਟਾਉਣ ਵਾਸਤੇ ਖੇਤੀਬਾੜੀ ਵਿਕਾਸ ਦੇ ਅਦਾਰੇ, ਨਗਰ-ਨਿਗਮ, ਸਿਹਤ ਤੇ ਵਾਤਾਵਰਣ ਵਿਭਾਗ ਅਤੇ ਯੂਨੀਵਰਸਿਟੀਆਂ ਨੂੰ ਆਪਸੀ ਸਹਿਯੋਗ ਨਾਲ ਲੋੜੀਂਦੀਆਂ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ।

ਮੌਜੂਦਾ ਸਮੇਂ ਵਿੱਚ ਭਾਵੇਂ ਸ਼ਹਿਰੀ ਇਲਾਕਿਆਂ ਵਿੱਚ ਖੇਤੀ ਸਰਗਰਮੀਆਂ ਦਾ ਸ਼ਹਿਰੀ ਵਸਨੀਕਾਂ ਵਾਸਤੇ ਖ਼ੁਰਾਕੀ ਵਸਤਾਂ ਦੀ ਸੁਰੱਖਿਆ ਤੇ ਉਪਲੱਬਧਤਾ ਕਾਇਮ ਰੱਖਣ ਵਿੱਚ ਬਹੁਤ ਘੱਟ ਗੁੰਜਾਇਸ਼ ਹੋਵੇ ਪਰ ਭਵਿੱਖ ਵਿੱਚ ਸ਼ਹਿਰਾਂ ਵਿੱਚ ਲਗਾਤਾਰ ਵਧਦੀ ਜਾ ਰਹੀ ਖ਼ੁਰਾਕੀ ਵਸਤਾਂ ਦੀ ਮੰਗ ਦੀ ਤੇਜ਼ੀ ਨਾਲ ਪੂਰਤੀ ਕਰਨ, ਸਾਰਾ ਸਾਲ ਰੁਜ਼ਗਾਰ ਦੇ ਮੌਕੇ ਪੈਦਾ ਕਰਨ, ਸਹੀ ਵਾਤਾਵਰਣ ਕਾਇਮ ਰੱਖਣ, ਪ੍ਰਦੂਸ਼ਣ ਘਟਾਉਣ ਅਤੇ ਸ਼ਹਿਰੀ ਵਸਨੀਕਾਂ ਦੇ ਆਰਥਿਕ ਹਾਲਾਤ ਸੁਧਾਰਨ ਵਾਸਤੇ ਸ਼ਹਿਰੀ ਇਲਾਕਿਆਂ ਵਿਚਲੀ ਖੇਤੀਬਾੜੀ ਵਲੋਂ ਮਹੱਤਵਪੂਰਨ ਹਿੱਸਾ ਪਾਉਣ ਦੀ ਸਮਰੱਥਾ ਹੈ। ਰਾਜ ਦੇ ਖੇਤੀਬਾੜੀ ਵਿਭਾਗ ਅੰਦਰ ਵੱਖਰੇ ਡਾਇਰੈਕਟੋਰੇਟ ਦੀ ਲੋੜ ਹੈ ਜੋ ਸ਼ਹਿਰਾਂ ਵਿੱਚ ਅਤੇ ਉਨ੍ਹਾਂ ਦੇ ਆਲ-ਦੁਆਲੇ ਤੇਜ਼ੀ ਨਾਲ ਵਧ ਰਹੇ ਖੇਤੀਬਾੜੀ ਅਤੇ ਹਾਈਟੈੱਕ ਖੇਤੀਬਾੜੀ ਤਕਨਾਲੋਜੀ ਆਧਾਰਿਤ ਉਤਪਾਦਨ, ਉਤਪਾਦਨ-ਕੁਸ਼ਲਤਾ, ਲੋੜੀਂਦੇ ਇਨਪੁਟਸ (ਬੀਜ, ਖਾਦ, ਕੀਟਨਾਸ਼ਕ, ਉਪਕਰਣਾਂ ਆਦਿ) ਦਾ ਪ੍ਰਬੰਧ, ਗੁਣਵੱਤਾ ਨਿਯੰਤਰਣ, ਮਾਰਕੀਟਿੰਗ ਆਦਿ ਦੇ ਪ੍ਰਸਾਰ ਬਾਰੇ ਲੋੜੀਂਦੀ ਤਕਨੀਕੀ ਸੇਧ ਪ੍ਰਦਾਨ ਕਰ ਸਕੇ।

ਲੋੜ ਹੈ ਕਿ ਸ਼ਹਿਰੀ ਯੋਜਨਾਕਾਰ, ਸ਼ਹਿਰੀ ਖੇਤੀ ਵਿਕਾਸ ਸੰਬੰਧਿਤ ਅਦਾਰੇ ਅਤੇ ਉਤਪਾਦਕ ਖ਼ੁਰਾਕੀ ਫ਼ਸਲਾਂ ਦੇ 'ਉਤਪਾਦਨ-ਡੱਬਾਬੰਦੀ ਮੰਡੀਕਰਨ ਤੇ ਵੰਡ-ਵੰਡਾਈ' ਪ੍ਰਣਾਲੀ ਨੂੰ ਲਾਹੇਵੰਦ ਵਪਾਰ ਵਾਂਗ ਅਪਣਾਏ ਜਾਣ ਨੂੰ ਉਤਸ਼ਾਹਿਤ ਕਰਨ। ਇਸ ਵਾਸਤੇ ਇਹ ਜ਼ਰੂਰੀ ਹੈ ਕਿ ਸ਼ਹਿਰੀ ਪ੍ਰਸ਼ਾਸਨ ਵਲੋਂ ਸ਼ਹਿਰੀ ਇਲਾਕਿਆਂ

ਵਿੱਚ ਖਾਲੀ ਪਈ ਜ਼ਮੀਨ ਜਾਂ ਜਗ੍ਹਾ ਵਿੱਚ ਖ਼ੁਰਾਕੀ ਫ਼ਸਲਾਂ ਉਪਜਾਉਣ ਵਾਸਤੇ ਮਨਜ਼ੂਰੀ ਦਿੱਤੀ ਜਾਵੇ, ਸ਼ਹਿਰੀ ਖੇਤੀ ਉਤਪਾਦਕਾਂ ਵਾਸਤੇ ਮਾਲੀ, ਤਕਨੀਕੀ, ਇਨਪੁਟਸ ਆਦਿ ਉਪਲੱਬਧ ਕਰਨ ਦੇ ਇੰਤਜ਼ਾਮ ਕੀਤੇ ਜਾਣ, ਸੀਵਰਜ ਦੇ ਪਾਣੀ ਦੀ ਸਫਾਈ ਕਰਨ ਤੇ ਪ੍ਰਦੂਸ਼ਣ ਨਿਯੰਤ੍ਰਣ ਯਕੀਨੀ ਬਣਾਈ ਜਾਵੇ, ਆਧੁਨਿਕ ਵੰਡ-ਵੰਡਾਈ ਤੇ ਮੰਡੀਕਰਨ ਪ੍ਰਣਾਲੀ ਸਥਾਪਤ ਕੀਤੀ ਜਾਵੇ, ਖ਼ੁਰਾਕ ਡੱਬਾਬੰਦੀ ਉਦਯੋਗ ਨੂੰ ਉਤਸ਼ਾਹਿਤ ਕੀਤਾ ਜਾਵੇ ਅਤੇ ਹੋਰ ਬੁਨਿਆਦੀ ਸਹੂਲਤਾਂ ਤੇ ਸੇਵਾਵਾਂ ਮੁਹੱਈਆ ਕੀਤੀਆਂ ਜਾਣ। ਸ਼ਹਿਰੀ ਇਲਾਕਿਆਂ ਵਿਚਲੀ ਖੇਤੀਬਾੜੀ ਦੇ ਸਮੁੱਚੇ ਤੌਰ 'ਤੇ ਪ੍ਰਬੰਧ ਕਰਨ ਵਾਸਤੇ ਸਰਕਾਰੀ ਖੇਤੀਬਾੜੀ ਡਾਇਰੈਕਟੋਰੇਟ ਤਹਿਤ ਸ਼ਹਿਰੀ ਖੇਤੀ ਬਾਰੇ ਇਕ ਵੱਖਰਾ ਵਿਭਾਗ ਸਥਾਪਿਤ ਹੋਣਾ ਚਾਹੀਦਾ ਹੈ। ਰਾਜ ਸਰਕਾਰ ਦੇ ਖੇਤੀਬਾੜੀ ਨਾਲ ਸੰਬੰਧਿਤ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਸ਼ਹਿਰੀ ਖੇਤੀਬਾੜੀ ਰਾਹੀਂ ਖ਼ੁਰਾਕੀ ਫ਼ਸਲਾਂ ਦੇ ਉਤਪਾਦਨ-ਪ੍ਰਾਸੈਸਿੰਗ ਮੰਡੀਕਰਨ ਤੇ ਵੰਡ-ਵੰਡਾਈ ਪ੍ਰਣਾਲੀ ਨੂੰ ਰਾਜ ਦੀਆਂ ਸੰਬੰਧਿਤ ਨੀਤੀਆਂ ਨਾਲ ਜੋੜਿਆ ਜਾਵੇ ਤਾਂ ਜੋ ਇਹ ਪ੍ਰਣਾਲੀ ਰਾਸ਼ਟਰੀ ਖ਼ੁਰਾਕ ਸਪਲਾਈ ਤੇ ਵੰਡ-ਵੰਡਾਈ ਪ੍ਰਣਾਲੀ ਦਾ ਅਹਿਮ ਹਿੱਸਾ ਬਣ ਸਕੇ ਅਤੇ ਸ਼ਹਿਰੀ ਵਸਨੀਕ ਖ਼ੁਰਾਕੀ ਵਸਤਾਂ ਦੀ ਸੁਰੱਖਿਅਕ ਉਪਲੱਬਧਤਾ ਅਤੇ ਆਰਥਿਕਤਾ ਪੱਖੋਂ ਉਚਿੱਤ ਲਾਭ ਲੈ ਸਕਣ।

❖❖❖

# 22

# ਸਮੇਂ ਦੀ ਲੋੜ ਹੈ ਖੇਤੀਬਾੜੀ ਸਿੱਖਿਆ ਦਾ ਆਧੁਨਿਕੀਕਰਨ

ਆਜ਼ਾਦੀ ਮਿਲਣ ਤੋਂ ਬਾਅਦ ਖੇਤੀ ਸਿੱਖਿਆ ਨੇ ਭਾਰਤ ਦੇ ਖੇਤੀ ਖੇਤਰ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਪਿਛਲੇ ਛੇ ਦਹਾਕਿਆਂ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਕਿਸਾਨ ਸਹਿਯੋਗੀ ਨੀਤੀਆਂ ਨਾਲ ਖੇਤੀ ਖੇਤਰ ਵਿੱਚ ਵਧਦੇ ਪੂੰਜੀ ਨਿਵੇਸ਼ ਕਰਕੇ ਦੇਸ਼ ਵਿੱਚ ਖੇਤੀ ਸਿੱਖਿਆ ਪ੍ਰਣਾਲੀ ਦਾ ਬਹੁਤ ਵਿਕਾਸ ਹੋਇਆ ਹੈ। ਇਸ ਸਮੇਂ ਭਾਰਤ ਵਿੱਚ ਤਰ੍ਹੇਟ (63) ਸੂਬਾ ਪੱਧਰੀ ਐਗਰੀਕਲਚਰਲ ਯੂਨੀਵਰਸਿਟੀਆਂ, ਤਿੰਨ ਕੇਂਦਰੀ ਐਗਰੀਕਲਚਰਲ ਯੂਨੀਵਰਸਿਟੀਆਂ, ਚਾਰ ਡੀਮਡ ਯੂਨੀਵਰਸਿਟੀਆਂ, 100 ਤੋਂ ਵੱਧ ਭਾਰਤੀ ਖੇਤੀਬਾੜੀ ਪ੍ਰੀਸ਼ਦ ਦੇ ਕੋਔਰਡੀਨੇਟਡ ਪ੍ਰੋਜੈਕਟ, 660 ਤੋਂ ਵੱਧ ਕ੍ਰਿਸ਼ੀ ਵਿਗਿਆਨ ਕੇਂਦਰ ਅਤੇ 300 ਤੋਂ ਵੱਧ ਕਾਲਜ ਅਤੇ ਹੋਰ ਜਨਤਕ ਤੇ ਨਿਜੀ ਅਦਾਰੇ/ਵਿਭਾਗ ਖੇਤੀਬਾੜੀ ਸਿੱਖਿਆ ਪ੍ਰਦਾਨ ਕਰ ਰਹੇ ਹਨ। ਪੰਜਾਬ ਵਿੱਚ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਖੇਤੀਬਾੜੀ ਸਿੱਖਿਆ, ਖੋਜ ਅਤੇ ਵਿਸਥਾਰ ਸਿੱਖਿਆ ਪ੍ਰਦਾਨ ਕਰਨ ਵਾਲੀ ਇਕ ਮੁੱਖ ਸੰਸਥਾ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਾਲਜ ਖੇਤੀਬਾੜੀ ਸਿੱਖਿਆ ਪ੍ਰਦਾਨ ਕਰ ਰਹੇ ਹਨ।

ਇਸ ਪ੍ਰਣਾਲੀ ਦੇ ਵਿਕਾਸ ਨਾਲ ਖੇਤੀ ਮਾਹਿਰ, ਖੇਤੀ ਵਿਗਿਆਨੀ, ਉੱਦਮੀ, ਸਿਖਲਾਈ ਪ੍ਰਾਪਤ ਕਿਸਾਨ ਤੇ ਹੋਰ ਖੇਤੀ ਪ੍ਰਬੰਧਾਂ ਦੀ ਜਾਣਕਾਰੀ ਰੱਖਣ ਵਾਲੇ ਮਨੁੱਖੀ ਸਰੋਤ ਦਾ ਨਿਰਮਾਣ ਸੰਭਵ ਹੋਇਆ ਹੈ। ਖੇਤੀ ਪ੍ਰਬੰਧ ਤਕਨੀਕਾਂ ਦੇ ਪ੍ਰਸਾਰ ਨਾਲ ਜਿੱਥੇ ਦੇਸ਼ ਵਿੱਚ ਖੇਤੀ ਉਤਪਾਦਨ ਅਤੇ ਇਸ ਦੇ ਆਧਾਰਿਤ ਕਿਸਾਨਾਂ ਦੀ ਮਾਲੀ ਹਾਲਤ ਸੁਧਾਰਨ ਵਿੱਚ ਸਹਾਇਤਾ ਮਿਲੀ ਹੈ ਉੱਥੇ ਹਰਾ ਇਨਕਲਾਬ ਲਿਆਉਣ ਤੇ ਦੇਸ਼ ਦੇ ਆਰਥਿਕ ਵਿਕਾਸ ਦੀ ਨੀਂਹ ਰੱਖਣ ਵਿੱਚ ਵੀ ਮਦਦ ਮਿਲੀ ਹੈ। ਇਸ ਸੰਬੰਧ ਵਿੱਚ ਸੂਬਿਆਂ ਵੱਲੋਂ ਸਥਾਪਤ ਐਗਰੀਕਲਚਰਲ ਯੂਨੀਵਰਸਿਟੀਆਂ ਜਿਵੇਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਕਾਲਜ ਅਤੇ ਹੋਰ ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਵੱਲੋਂ ਪਾਏ ਗਏ ਯੋਗਦਾਨ ਨੂੰ ਸਲਾਹਿਆ ਜਾਂਦਾ ਰਿਹਾ ਹੈ ਪਰ ਉਪਲੱਬਧੀਆਂ ਦੇ ਬਾਵਜੂਦ ਦੇਸ਼ ਦੀ ਖੇਤੀ ਸਿੱਖਿਆ ਪ੍ਰਣਾਲੀ ਦਾ ਫਿਰ ਤੋਂ ਆਧੁਨਿਕੀਕਰਨ ਕਰਨ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ। ਮੌਜੂਦਾ ਖੇਤੀ ਸਿੱਖਿਆ ਪ੍ਰਣਾਲੀ ਦਾ ਪੱਧਰ ਖੇਤੀ ਆਧਾਰਿਤ ਅਰਥ-ਵਿਵਸਥਾ ਦਾ ਵਿਕਾਸ ਕਰਨ, ਮੁਨਾਫ਼ਾ ਵਧਾਉਣ ਵਾਲੀਆਂ ਤਕਨੀਕਾਂ ਵਿਕਸਤ ਕਰਨ, ਕਿਸਾਨਾਂ (ਖ਼ਾਸ ਤੌਰ 'ਤੇ ਛੋਟੇ ਕਿਸਾਨਾਂ) ਤੇ ਨੌਜਵਾਨਾਂ ਨੂੰ ਖੇਤੀ ਤੋਂ ਬਾਹਰ ਰੁਜ਼ਗਾਰ ਜਾਂ ਸਵੈ-ਰੁਜ਼ਗਾਰ ਦੇ ਮੌਕਿਆਂ ਦਾ ਲਾਭ ਲੈਣ ਲਈ ਯੋਗ ਸਿਖਲਾਈ ਤੇ ਵਿੱਦਿਆ ਪ੍ਰਦਾਨ ਕਰਨ ਅਤੇ ਆਰਥਿਕ ਤੇ ਸਮਾਜਿਕ ਲੋੜਾਂ ਅਨੁਸਾਰ ਅਨੁਕੂਲਤਾ ਕਾਇਮ ਰੱਖਣ ਲਈ ਢੁੱਕਵਾਂ

ਨਹੀਂ ਜਾਪਦਾ। ਕਈ ਸਾਲਾਂ ਤੋਂ ਦੇਸ਼ ਦੀ ਕੁੱਲ ਘਰੇਲੂ ਆਰਥਿਕਤਾ ਵਿੱਚ ਖੇਤੀ ਖੇਤਰ ਦਾ ਹਿੱਸਾ ਵੀ ਘਟਦਾ ਜਾ ਰਿਹਾ ਹੈ।

ਅਸਲ ਵਿੱਚ ਵਰਤਮਾਨ ਖੇਤੀ ਸਿੱਖਿਆ ਪ੍ਰਣਾਲੀ ਨੂੰ ਲੋੜੀਂਦੀ ਗੁਣਵੱਤਾ ਵਾਲੀ ਵਿੱਦਿਆ, ਖੋਜ ਕਾਰਜਾਂ ਅਤੇ ਵਿਗਿਆਨਕ ਤੇ ਤਕਨੀਕੀ ਤਰੱਕੀ ਅਨੁਸਾਰ ਅਰਥ-ਵਿਵਸਥਾ ਨੂੰ ਉਤਸ਼ਾਹਿਤ ਕਰਨ ਤੇ ਸਮਰਥਨ ਦੇਣ ਲਈ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ ਕਈ ਸਾਲਾਂ ਤੋਂ ਜ਼ਿਆਦਾਤਰ ਐਗਰੀਕਲਚਰਲ ਯੂਨੀਵਰਸਿਟੀਆਂ ਵੱਲੋਂ ਗੰਭੀਰ ਵਿੱਤੀ ਸੰਕਟ ਦਾ ਸਾਹਮਣਾ ਕੀਤੇ ਜਾਣ ਕਰਕੇ ਇਹ ਸੰਸਥਾਵਾਂ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਨੂੰ ਵਿਕਸਤ ਕਰਨ ਅਤੇ ਖੋਜ ਦੇ ਉੱਚ ਪੱਧਰ ਕਾਇਮ ਰੱਖਣ ਵਿੱਚ ਅਸਫ਼ਲ ਹੋ ਰਹੀਆਂ ਹਨ। ਖੇਤੀ ਸਿੱਖਿਆ ਪ੍ਰਣਾਲੀ ਵਾਲੇ ਪਾਸੇ ਉੱਚ ਯੋਗਤਾ ਅਤੇ ਵਿਗਿਆਨਕ ਉਪਲੱਬਧੀਆਂ ਪ੍ਰਾਪਤ ਮਾਹਿਰਾਂ, ਖੋਜੀਆਂ, ਵਿਗਿਆਨੀਆਂ ਤੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ, ਜਿਸ ਕਰਕੇ ਇਸ ਖੇਤਰ ਲਈ ਚੁਣੌਤੀਆਂ ਵਧਦੀਆਂ ਜਾ ਰਹੀਆਂ ਹਨ। ਖੇਤੀ ਸਿੱਖਿਆ, ਖੋਜ ਦੀ ਗੁਣਵੱਤਾ ਅਤੇ ਇਸ ਵੱਲੋਂ ਖੇਤੀ ਖੇਤਰ ਨੂੰ ਸਮਰਥਨ ਦੇਣ ਦੀ ਸਮਰੱਥਾ ਦਾ ਪੱਧਰ ਵੀ ਘਟਦਾ ਜਾ ਰਿਹਾ ਹੈ। ਸੰਸਾਰ ਦੇ ਵਿਕਸਤ ਦੇਸ਼ਾਂ ਦੇ ਸਿੱਖਿਆ ਅਤੇ ਖੋਜ ਗੁਣਵੱਤਾ ਦੇ ਮਾਪਦੰਡਾਂ ਨਾਲ ਮੇਲ ਕਾਇਮ ਰੱਖਣਾ ਵੀ ਅਸੰਭਵ ਹੋ ਰਿਹਾ ਹੈ। ਇੱਥੋਂ ਤੱਕ ਕਿ ਦੇਸ਼ ਦੀਆਂ ਕਈ ਐਗਰੀਕਲਚਰਲ ਯੂਨੀਵਰਸਿਟੀਆਂ, ਜਿਨ੍ਹਾਂ ਨੇ ਹਰਾ ਇਨਕਲਾਬ ਲਿਆਉਣ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਸੀ, ਵਿੱਚ ਵੀ ਵਿੱਦਿਆ ਤੇ ਖੋਜ ਖੇਤਰ ਲਗਪਗ ਖੜੋਤ ਦਾ ਸ਼ਿਕਾਰ ਹਨ।

ਨੀਤੀਆਂ ਬਣਾਉਣ ਵਾਲਿਆਂ, ਖੇਤੀ ਮਾਹਿਰਾਂ, ਵਿਗਿਆਨੀਆਂ ਅਤੇ ਖੇਤੀ ਸੰਬੰਧਿਤ ਅਦਾਰਿਆਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਚੁਣੌਤੀਆਂ ਵੱਲ ਧਿਆਨ ਦੇਣ। ਉਹ ਖੇਤੀ ਸਿੱਖਿਆ ਪ੍ਰਣਾਲੀ ਅਤੇ ਖੇਤੀ ਖੇਤਰ ਨਾਲ ਸੰਬੰਧਿਤ ਕਾਰਜ ਨੀਤੀਆਂ ਦਾ ਪੁਨਰ-ਨਿਰਮਾਣ ਕਰਕੇ ਇਸ ਖੇਤਰ ਦੇ ਆਧੁਨਿਕੀਕਰਨ ਵਿੱਚ ਲੋੜੀਂਦਾ ਸਹਿਯੋਗ ਦੇਣ। ਜੇ ਸਾਡੀ ਖੇਤੀ ਸਿੱਖਿਆ ਪ੍ਰਣਾਲੀ ਅਤੇ ਖੇਤੀ ਖੇਤਰ ਨੇ ਫਿਰ ਤੋਂ ਖੇਤੀ ਆਧਾਰਿਤ ਆਰਥਿਕ ਅਤੇ ਸਮਾਜਿਕ ਵਿਕਾਸ ਦਾ ਸਾਧਨ ਬਣਨਾ ਹੈ ਤਾਂ ਮੌਜੂਦਾ ਪ੍ਰਣਾਲੀ ਨੂੰ ਖੇਤੀ ਸੰਬੰਧਿਤ ਮਸਲਿਆਂ ਤੇ ਚੁਣੌਤੀਆਂ ਨੂੰ ਧਿਆਨ ਵਿੱਚ ਰੱਖਦਿਆਂ ਖੇਤੀ ਸਿੱਖਿਆ ਪ੍ਰਦਾਨ ਕਰਨ ਦੇ ਪੱਧਰ ’ਚ ਸੁਧਾਰ ਲਿਆਉਣਾ ਪਵੇਗਾ। ਖੇਤੀ ਨਾਲ ਸੰਬੰਧਿਤ ਆਧੁਨਿਕ ਤਕਨੀਕਾਂ ਦਾ ਵਿਕਾਸ ਕਰਨ ਦੀਆਂ ਕੋਸ਼ਿਸ਼ਾਂ ਨੂੰ ਜਾਰੀ ਰੱਖਣਾ ਵੀ ਜ਼ਰੂਰੀ ਹੈ। ਭਵਿੱਖ ਦੀਆਂ ਆਰਥਿਕ ਅਤੇ ਸਮਾਜਿਕ ਲੋੜਾਂ ਅਨੁਸਾਰ ਲੋੜੀਂਦੀਆਂ ਕਾਰਜ ਨੀਤੀਆਂ ਲਾਗੂ ਕੀਤੇ ਜਾਣ ਦੀ ਵੀ ਲੋੜ ਹੈ। ਐਗਰੀਕਲਚਰਲ ਯੂਨੀਵਰਸਿਟੀਆਂ ਵਿੱਚ ਮਾਲੀ ਸਹਾਇਤਾ, ਬੁਨਿਆਦੀ ਸਹੂਲਤਾਂ ਅਤੇ ਯੋਗ ਵਿਗਿਆਨੀਆਂ ਦੀ ਘਾਟ ਨਹੀਂ ਹੋਣ ਦੇਣੀ ਚਾਹੀਦੀ। ਨੀਵੇਂ ਪੱਧਰ ਦੀ ਖੇਤੀ ਸਿੱਖਿਆ ਪ੍ਰਦਾਨ ਕਰਨ ਵਾਲੇ ਅਦਾਰੇ ਬੰਦ ਕਰ ਦੇਣੇ ਚਾਹੀਦੇ ਹਨ। ਭਵਿੱਖ ਵਿੱਚ ਖੇਤੀ ਸਿੱਖਿਆ ਦੀ ਗੁਣਵੱਤਾ ਦਰਮਿਆਨੇ ਤੇ ਲੰਮੇ ਸਮੇਂ ਦੀਆਂ ਕਾਰਜ ਨੀਤੀਆਂ

ਨਾਲ ਉੱਚ ਖੇਤੀ ਉਤਪਾਦਨ ਕਾਇਮ ਰੱਖਣ, ਉਪਜਾਂ ਦੀ ਸੰਭਾਲ, ਪ੍ਰੋਸੈਸਿੰਗ, ਮੰਡੀਕਰਨ, ਆਧੁਨਿਕ ਖੇਤੀ ਪ੍ਰਬੰਧ ਤਕਨੀਕਾਂ ਨੂੰ ਕਿਸਾਨਾਂ, ਉਦਯੋਗਾਂ ਤੇ ਹੋਰ ਖੇਤੀ ਸੰਬੰਧਿਤ ਅਦਾਰਿਆਂ ਤੱਕ ਪਹੁੰਚਾਉਣ, ਨੌਜਵਾਨਾਂ ਨੂੰ ਖੇਤੀ ਤੋਂ ਬਾਹਰਲੇ ਰੁਜ਼ਗਾਰ ਲੈਣ ਦੇ ਕਾਬਲ ਬਣਾਉਣ, ਕਿਸਾਨਾਂ ਤੇ ਪੇਂਡੂ ਭਾਈਚਾਰੇ ਦੀ ਆਰਥਿਕ ਵਿਵਸਥਾ ਦਾ ਵਿਕਾਸ ਕਰਨ, ਸੈਰ ਸਪਾਟਾ ਤੇ ਸਮਾਜਿਕ ਲੋੜਾਂ ਅਨੁਕੂਲ ਸਿੱਖਿਆ ਪ੍ਰਦਾਨ ਕਰਨ ਦੀਆਂ ਚੁਣੌਤੀਆਂ ਦੇ ਹੱਲ ’ਤੇ ਵੀ ਨਿਰਭਰ ਕਰੇਗੀ। ਇਸ ਲਈ ਜ਼ਰੂਰੀ ਹੈ ਕਿ ਖੇਤੀ ਸਿੱਖਿਆ ਪ੍ਰਣਾਲੀ ਵੱਲੋਂ ਤਿਆਰ ਕੀਤੇ ਜਾ ਰਹੇ ਵਿਦਿਆਰਥੀ ਨਵੀਆਂ ਤਕਨੀਕਾਂ ਦਾ ਲਾਭ ਉਠਾਉਣ ਤਾਂ ਜੋ ਉਹ ਖੇਤੀ ਉਤਪਾਦਨ, ਕਿਸਾਨ ਤੇ ਨੌਜਵਾਨਾਂ ਦੀ ਆਮਦਨ ਵਧਾਉਣ, ਸਮਾਜਿਕ ਵਿਕਾਸ ਤੇ ਕੁਦਰਤੀ ਸਾਧਨਾਂ (ਜ਼ਮੀਨ, ਪਾਣੀ, ਵਾਤਾਵਰਣ) ਦੀ ਸਾਂਭ-ਸੰਭਾਲ ਯਕੀਨੀ ਬਣਾਉਣ ਵਿੱਚ ਆਪਣਾ ਬਣਦਾ ਯੋਗਦਾਨ ਪਾ ਸਕਣ। ਖੇਤੀ ਵਿੱਚ ਵਿਸ਼ਵ ਪੱਧਰ ’ਤੇ ਵਿਗਿਆਨਕ ਤਰੱਕੀ ਅਤੇ ਵਧ ਰਹੇ ਮੁਕਾਬਲੇ ਕਰਕੇ ਇਹ ਜ਼ਰੂਰੀ ਹੈ ਕਿ ਸਾਡੇ ਦੇਸ਼ ਦੀ ਸਿੱਖਿਆ ਕੌਮਾਂਤਰੀ ਪੱਧਰ ਦੇ ਗੁਣਵੱਤਾ ਵਾਲੇ ਮਾਪਦੰਡਾਂ ਅਤੇ ਵਿਗਿਆਨਕ ਸੋਚ ਦੀ ਹਾਣੀ ਬਣੇ।

ਖੇਤੀ ਸਿੱਖਿਆ ਦੇ ਆਧੁਨਿਕੀਕਰਨ ਲਈ ਜ਼ਰੂਰੀ ਹੈ ਕਿ ਤਿਆਰ ਕੀਤੇ ਜਾ ਰਹੇ ਵਿਦਿਆਰਥੀ ਅਤੇ ਮਨੁੱਖੀ ਸਰੋਤ ਵਿਸ਼ਵ ਪੱਧਰ ਦੇ ਲੋੜੀਂਦੇ ਬੁਨਿਆਦੀ ਵਿਸ਼ਿਆਂ ਦਾ ਗਿਆਨ ਪ੍ਰਾਪਤ ਕਰਨ ਦੇ ਨਾਲ-ਨਾਲ ਖੇਤੀ ਸਥਿਰਤਾ, ਉਪਜਾਂ ਦੀ ਗੁਣਵੱਤਾ ਦੇ ਮਾਪਦੰਡਾਂ, ਕੁਦਰਤੀ ਸਾਧਨਾਂ ਦੀ ਸੰਭਾਲ, ਖੇਤੀ ਵਪਾਰ, ਆਧੁਨਿਕ ਮੰਡੀਕਰਨ, ਵਿਸ਼ਵ ਵਪਾਰ ਸੰਗਠਨ (WTO), ਵਿਸ਼ਵ ਜਲਵਾਯੂ ਵਿੱਚ ਆ ਰਹੇ ਬਦਲਾਅ, ਊਰਜਾ ਕੁਸ਼ਲ ਖੇਤੀ, ਸੂਚਨਾ ਤਕਨਾਲੋਜੀ, ਭੂਗੋਲਿਕ ਜਾਣਕਾਰੀ ਪ੍ਰਣਾਲੀ, ਖ਼ੁਰਾਕ, ਪੋਸ਼ਣ ਤੇ ਸਿਹਤ ਜਿਹੇ ਵਿਸ਼ਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਨੂੰ ਤਰਜੀਹ ਦੇਣ। ਵੱਖ-ਵੱਖ ਸਮਾਜਿਕ ਵਿਗਿਆਨ ਦੇ ਵਿਸ਼ਿਆਂ, ਸਕਾਰਾਤਮਕ ਦ੍ਰਿਸ਼ਟੀਕੋਣ, ਦੇਸ਼ ਦੇ ਖ਼ੁਰਾਕ ਅਤੇ ਆਰਥਿਕ ਮਸਲਿਆਂ ਜਿਹੇ ਵਿਸ਼ਿਆਂ ਬਾਰੇ ਜਾਣਕਾਰੀ ਵੀ ਜ਼ਰੂਰੀ ਹੈ। ਸਮੁੱਚੇ ਤੌਰ ’ਤੇ ਖੇਤੀ ਸਿੱਖਿਆ ਦੌਰਾਨ ਦੇਸ਼, ਖੇਤਰੀ, ਪੇਂਡੂ ਵਿਕਾਸ ਤੇ ਪੇਂਡੂ ਭਾਈਚਾਰੇ ਦੀਆਂ ਸਮੱਸਿਆਵਾਂ ਬਾਰੇ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ। ਪੇਂਡੂ ਸਕੂਲਾਂ ਵਿੱਚ ਖੇਤੀ ਸਿੱਖਿਆ ਦਾ ਵਿਸ਼ਾ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਖੇਤੀ ਨੂੰ ਪੇਸ਼ੇ ਤੇ ਸਵੈ-ਰੁਜ਼ਗਾਰ ਵਜੋਂ ਅਪਨਾਉਣ ਲਈ ਪ੍ਰੇਰਿਤ ਕੀਤਾ ਜਾ ਸਕੇ।

ਖੇਤੀ ਸਿੱਖਿਆ ਪ੍ਰਣਾਲੀ ਦੇ ਆਧੁਨਿਕੀਕਰਨ ਵਿੱਚ ਵੱਖ-ਵੱਖ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੁੱਢਲੀਆਂ ਸਹੂਲਤਾਂ ਦੀ ਘਾਟ ਦੇ ਨਾਲ ਹੀ ਤੇਜ਼ੀ ਨਾਲ ਹੋ ਰਹੀ ਵਿਗਿਆਨਿਕ ਉੱਨਤੀ ਅਤੇ ਖੇਤੀ ਵਿੱਦਿਆ ਅਤੇ ਖੋਜ ’ਤੇ ਖ਼ਰਚੇ ਵੀ ਵਧਦੇ ਜਾ ਰਹੇ ਹਨ। ਇਹ ਜ਼ਰੂਰੀ ਹੈ ਕਿ ਵੱਖ-ਵੱਖ ਵਿਸ਼ਿਆਂ ਦੇ ਵਿਗਿਆਨੀ, ਮਾਹਿਰ, ਵਿਦਿਆਰਥੀ, ਕਿਸਾਨਾਂ ਅਤੇ ਹੋਰ ਖੇਤੀ ਨਾਲ ਸੰਬੰਧਿਤ ਸੰਸਥਾਵਾਂ ਆਪਸ ਵਿੱਚ ਇੱਕ-ਦੂਜੇ ਨਾਲ ਵਿਚਾਰ-ਵਟਾਂਦਰਾ, ਤਕਨੀਕੀ ਤਾਲਮੇਲ, ਸਾਧਨਾਂ ਦੀ ਸਾਂਝੀ ਵਰਤੋਂ ਅਤੇ

ਹੋਰ ਭਾਗੀਦਾਰੀਆਂ ਵਧਾਉਣ ਦਾ ਯਤਨ ਕਰਨ।ਦੇਸ਼-ਵਿਦੇਸ਼ ਵਿੱਚ ਵਿਗਿਆਨਕ ਸਾਂਝ ਪੈਦਾ ਕਰਨ ਨਾਲ ਖ਼ਰਚੇ ਘਟ ਸਕਦੇ ਹਨ ਅਤੇ ਤਕਨੀਕੀ ਵਿੱਦਿਆ ਦੇਣ ਅਤੇ ਉੱਨਤੀ ਕਰਨ ਦੀ ਗਤੀਸ਼ੀਲਤਾ ਵਧ ਸਕਦੀ ਹੈ। ਨੀਤੀ ਨਿਰਮਾਤਾਵਾਂ ਅਤੇ ਵਿੱਤੀ ਪ੍ਰਬੰਧਕਾਂ ਨੂੰ ਚਾਹੀਦਾ ਹੈ ਕਿ ਵਿਗਿਆਨਕ ਵਿਚਾਰ-ਵਟਾਂਦਰੇ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਇਸ ਤਰ੍ਹਾਂ ਦੇਸ਼ ਵਿੱਚ ਹੀ ਵਿਸ਼ਵ ਮਾਪਦੰਡਾਂ ’ਤੇ ਪੂਰੀਆਂ ਉੱਤਰਦੀਆਂ ਉਪਜਾਂ ਤੇ ਤਿਆਰ ਵਸਤਾਂ ਪੈਦਾ ਹੋ ਸਕਣਗੀਆਂ ਜੋ ਬਹੁਕੌਮੀ ਕੰਪਨੀਆਂ ਦੀਆਂ ਵਸਤਾਂ ਨਾਲ ਮੁਕਾਬਲਾ ਕਰਨ ਦੇ ਯੋਗ ਹੋਣਗੀਆਂ। ਇਸ ਨਾਲ ਸਾਡੇ ਕਿਸਾਨ ਉਦਾਰੀਕਰਨ, ਵਿਸ਼ਵ ਵਪਾਰ ਸੰਗਠਨ ਅਤੇ ਵਿਦੇਸ਼ੀ ਪੂੰਜੀ ਨਿਵੇਸ਼ ਦੀਆਂ ਸਕੀਮਾਂ ਆਉਣ ਦੇ ਖ਼ਤਰਿਆਂ ਦਾ ਸਾਹਮਣਾ ਕਰ ਸਕਣਗੇ।

ਆਉਣ ਵਾਲੇ ਸਮੇਂ ਵਿੱਚ ਖੇਤੀ ਸਿੱਖਿਆ ਪ੍ਰਣਾਲੀ ਅਤੇ ਵੱਖ-ਵੱਖ ਉਦਯੋਗਾਂ ਦੀ ਇੱਕ-ਦੂਜੇ ’ਤੇ ਨਿਰਭਰਤਾ ਵਧ ਰਹੀ ਹੈ ਕਿਉਂਕਿ ਖੇਤੀ ਖੇਤਰ ਵਿੱਚ ਮਸ਼ੀਨਾਂ ਦੀ ਵਰਤੋਂ ਜ਼ਰੂਰੀ ਹੁੰਦੀ ਜਾ ਰਹੀ ਹੈ। ਕੌਮੀ ਪੱਧਰ ’ਤੇ ਖੇਤੀ ਸੰਬੰਧਿਤ ਉਦਯੋਗਾਂ ਦਾ ਵਿਸਤਾਰ ਹੋ ਰਿਹਾ ਹੈ। ਖੇਤੀ ਉਪਜਾਂ ਦੀ ਸੰਭਾਲ ਅਤੇ ਉੱਚ ਗੁਣਵੱਤਾ ਵਾਲੀਆਂ ਵਸਤਾਂ ਤਿਆਰ ਕਰਨ ਅਤੇ ਆਧੁਨਿਕ ਮੰਡੀਆਂ ਲਈ ਮਸ਼ੀਨਾਂ ਦੀ ਵਰਤੋਂ ਵਧ ਰਹੀ ਹੈ। ਉਦਯੋਗ ਆਪਣੀਆਂ ਵਸਤਾਂ ਦੇ ਉਤਪਾਦਨ ਅਤੇ ਗੁਣਵੱਤਾ ਵਧਾਉਣ ਵਾਸਤੇ ਯੂਨੀਵਰਸਿਟੀਆਂ ਵਿੱਚ ਖੋਜ ਨੂੰ ਮਾਲੀ ਸਹਾਇਤਾ ਨਾਲ ਆਪਣੀਆਂ ਸਮੱਸਿਆਵਾਂ ਦੇ ਹੱਲ ਲੱਭ ਕੇ ਜ਼ਿਆਦਾ ਉਤਪਾਦਨ ਤੇ ਮੁਨਾਫ਼ੇ ਲੈ ਸਕਦੇ ਹਨ। ਯੂਨੀਵਰਸਿਟੀਆਂ ਉਦਯੋਗਾਂ ਵਿਚਲੇ ਕਾਮਿਆਂ ਦੀ ਸਿਖਲਾਈ ਕਰ ਸਕਦੀਆਂ ਹਨ। ਉਦਯੋਗਾਂ ਵਿੱਚ ਕੰਮ ਕਰ ਰਹੇ ਵਿਗਿਆਨੀ ਖੇਤੀ ਸਿੱਖਿਆ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਬਦਲ ਸਕਦੇ ਹਨ ਜਿਸ ਨਾਲ ਸਿਖਲਾਈ ਪ੍ਰਾਪਤ ਵਿਅਕਤੀ ਉਦਯੋਗਾਂ ਵਿੱਚ ਰੁਜ਼ਗਾਰ ਪ੍ਰਾਪਤ ਕਰ ਸਕਦੇ ਹਨ। ਪੂੰਜੀ ਦੀ ਘਾਟ ਨਾਲ ਜੂਝ ਰਹੀਆਂ ਵਿੱਦਿਅਕ ਸੰਸਥਾਵਾਂ ਦੀ ਮਾਲੀ ਮਦਦ ਵੀ ਕੀਤੀ ਜਾ ਸਕਦੀ ਹੈ।

ਇੰਟਰਨੈਟ ਰਾਹੀਂ ਨਵੇਂ ਨਵੇਂ ਵਿਗਿਆਨਕ ਗਿਆਨ ਪਰਦਾਨ ਕਰਨ ਅਤੇ ਪ੍ਰਾਪਤ ਕਰਨ ਵਿੱਚ ਨਕਲੀ-ਬੁੱਧੀ (Artificial intelligence), ਵਰਚੁਅਲ-ਸਿੱਖਿਆ, ਡਿਜੀਟਲ-ਕੋਰਸਵੇਅਰ ਅਤੇ ਇੰਟਰ-ਐਕਟਿਵ ਮਲਟੀ-ਮੀਡੀਆ ਤਕਨੀਕਾਂ ਦੀ ਖੇਤੀਬਾੜੀ ਸਿੱਖਿਆ, ਖੋਜ ਅਤੇ ਵਿਕਾਸ-ਗਤੀਵਿਧੀਆਂ ਦਾ ਹਿੱਸਾ ਬਣਨਾ ਚਾਹੀਦਾ ਹੈ। ਇਸ ਸੱਭ ਨੂੰ ਪ੍ਰਾਪਤ ਕਰਨ ਲਈ ਬੁਨਿਆਦੀ ਵਿਗਿਆਨ, ਆਧੁਨਿਕ ਤਕਨਾਲੋਜੀਆਂ (ਬਾਇਓ-ਟੈਕਨਾਲੋਜੀ, ਨੈਨੋ-ਟੈਕਨੋਲੋਜੀ, ਭੂਗੋਲਿਕ ਜਾਣਕਾਰੀ ਪ੍ਰਣਾਲੀ ਆਦਿ), ਵਿਦਿਆਰਥੀਆਂ ਅਤੇ ਗ੍ਰੈਜੂਏਟਾਂ ਦਾ ਉਦਯੋਗਿਕ ਸੰਪਰਕ, ਸਮਾਜਿਕ ਵਿਗਿਆਨ, ਸੰਚਾਰ ਟੈਕਨਾਲੋਜੀ ਆਦਿ ਖੇਤੀਬਾੜੀ ਸਿੱਖਿਆ ਦੇ ਜ਼ਰੂਰੀ ਹਿੱਸੇ ਹੋਣੇ ਚਾਹੀਦੇ ਹਨ। ਇਸ ਸੂਚਨਾ ਤਕਨਾਲੋਜੀ ਦੇ ਯੁੱਗ ਵਿੱਚ ਆਨ-ਲਾਈਨ ਵਿਚਾਰ-ਵਟਾਂਦਰੇ ਲਈ ਸਿਸਟਮ ਅਤੇ ਵਰਚੁਅਲ ਸਕੂਲਾਂ ਦਾ ਨਿਰਮਣ ਵੀ ਕੀਤਾ ਜਾਣਾ ਚਾਹੀਦਾ ਹੈ।

ਵਰਤਮਾਨ ਖੇਤੀ ਸਿੱਖਿਆ ਪ੍ਰਣਾਲੀ ਦੇ ਆਧੁਨਿਕੀਕਰਨ ਵਿੱਚ ਸਭ ਤੋਂ ਵੱਡੀ

ਚੁਣੌਤੀ ਇਹ ਹੈ ਕਿ ਕਈ ਐਗਰੀਕਲਚਰਲ ਯੂਨੀਵਰਸਿਟੀਆਂ ਤੇ ਹੋਰ ਸਿੱਖਿਆ ਸੰਸਥਾਵਾਂ ਗੰਭੀਰ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੀਆਂ ਹਨ। ਭਾਵੇਂ ਖੇਤੀ ਸਿੱਖਿਆ ਦਾ ਵਿਸ਼ਾ ਸੂਬਿਆਂ ਹੇਠ ਆਉਂਦਾ ਹੈ ਪਰ ਇਸ ਦੇ ਬਾਵਜੂਦ ਸੂਬਾ ਸਰਕਾਰਾਂ ਜ਼ਰੂਰੀ ਵਿੱਤੀ ਲੋੜਾਂ ਪੂਰੀਆਂ ਨਹੀਂ ਕਰਦੀਆਂ ਜਿਸ ਕਰਕੇ ਇਨ੍ਹਾਂ ਵਿੱਦਿਅਕ ਸੰਸਥਾਵਾਂ ਵਿੱਚ ਆਧੁਨਿਕ ਗਿਆਨ ਪ੍ਰਦਾਨ ਕਰਨ ਤੇ ਤਕਨੀਕਾਂ ਦਾ ਵਿਕਾਸ ਕਰਨ ਦੀ ਸਮਰੱਥਾ ਘਟਦੀ ਜਾ ਰਹੀ ਹੈ। ਸਰਕਾਰ ਅਤੇ ਵਿੱਤੀ ਪ੍ਰਬੰਧਕਾਂ ਨੂੰ ਚਾਹੀਦਾ ਹੈ ਕਿ ਐਗਰੀਕਲਚਰਲ ਯੂਨੀਵਰਸਿਟੀਆਂ ਨੂੰ ਕਰਮਚਾਰੀਆਂ ਦੀਆਂ ਤਨਖ਼ਾਹਾਂ, ਸਿੱਖਿਆ ਪ੍ਰਦਾਨ ਕਰਨ ਅਤੇ ਖੋਜ ਕਰਨ ਦੇ ਕਾਰਜਾਂ ਵਾਸਤੇ ਮਿੱਥੀ ਹੋਈ ਰਾਸ਼ੀ ਲਗਾਤਾਰ ਮਿਲਣੀ ਯਕੀਨੀ ਬਣਾਉਣ ਤਾਂ ਜੋ ਇਨ੍ਹਾਂ ਸੰਸਥਾਵਾਂ ਵਿੱਚ ਉੱਚ ਯੋਗਤਾ ਪ੍ਰਾਪਤ ਮਾਹਿਰ, ਵਿਗਿਆਨੀ ਤੇ ਉੱਚ ਯੋਗਤਾ ਵਾਲੇ ਵਿਦਿਆਰਥੀ ਆਕਰਸ਼ਿਤ ਕੀਤੇ ਜਾ ਸਕਣ। ਭਾਵੇਂ ਭਾਰਤ ਸਰਕਾਰ ਵੀ ਯੂਨੀਵਰਸਿਟੀਆਂ ਨੂੰ ਕਾਫ਼ੀ ਹੱਦ ਤੱਕ ਮਾਲੀ ਸਹਾਇਤਾ ਪ੍ਰਦਾਨ ਕਰਦੀ ਹੈ ਪਰ ਖੇਤੀ ਸਿੱਖਿਆ ਸੂਬਿਆਂ ਦੀ ਜ਼ਿੰਮੇਵਾਰੀ ਹੋਣ ਕਾਰਨ ਸੂਬਾ ਸਰਕਾਰਾਂ ਨੂੰ ਇਨ੍ਹਾਂ ਸੰਸਥਾਵਾਂ ਨੂੰ ਪੂਰੀ ਆਰਥਿਕ ਮਦਦ ਦੇਣੀ ਚਾਹੀਦੀ ਹੈ। ਹੁਣ ਸਮਾਂ ਆ ਗਿਆ ਹੈ ਕਿ ਨੀਤੀਆਂ ਬਣਾਉਣ ਵਾਲੇ ਤੇ ਵਿੱਤੀ ਪ੍ਰਬੰਧਕ ਇਸ ਗੱਲ ਨੂੰ ਸਮਝਣ ਕਿ ਸਰਕਾਰ ਵੱਲੋਂ ਲੋੜੀਂਦੇ ਪੂੰਜੀ ਨਿਵੇਸ਼ ਤੋਂ ਬਿਨਾਂ ਯੂਨੀਵਰਸਿਟੀਆਂ ਦੇ ਮਾਹਿਰਾਂ ਅਤੇ ਵਿਗਿਆਨੀਆਂ ਕੋਲੋਂ ਉੱਚ ਗੁਣਵੱਤਾ ਵਾਲੇ ਵਿਦਿਆਰਥੀ ਤੇ ਮਨੁੱਖੀ ਸਰੋਤਾਂ ਦਾ ਵਿਕਾਸ ਕਰਨ ਤੇ ਖੇਤੀ ਆਧਾਰਿਤ ਅਰਥ-ਵਿਵਸਥਾ ਕਾਇਮ ਰੱਖਣ ਦੀ ਆਸ ਨਹੀਂ ਰੱਖੀ ਜਾ ਸਕਦੀ। ਸਮੇਂ ਦੀ ਲੋੜ ਹੈ ਕਿ ਸੂਬਾ ਅਤੇ ਕੌਮੀ ਪੱਧਰ ਦੀਆਂ ਖੇਤੀ ਨੀਤੀਆਂ ਦਾ ਇੱਕ ਹਿੱਸਾ ਖੇਤੀ ਸਿੱਖਿਆ ਪ੍ਰਣਾਲੀ ਲਈ ਯਕੀਨੀ ਬਣਾਇਆ ਜਾਵੇ ਤਾਂ ਜੋ ਇਸ ਪ੍ਰਣਾਲੀ ਦੇ ਵਿਕਾਸ ਤੇ ਆਧੁਨਿਕੀਕਰਨ ਵਾਸਤੇ ਲੋੜੀਂਦੀ ਪੂੰਜੀ ਤੇ ਹੋਰ ਸਹੂਲਤਾਂ ਦਾ ਮਿਲਣਾ ਯਕੀਨੀ ਬਣਾਇਆ ਜਾ ਸਕੇ। ਖੇਤੀ ਸਿੱਖਿਆ ਦੇ ਆਧੁਨਿਕੀਕਰਨ ਲਈ ਸੂਝਵਾਨ ਵਿਗਿਆਨੀਆਂ, ਮਾਹਿਰਾਂ, ਸਰਕਾਰੀ ਅਗਵਾਈ, ਵਿੱਤੀ ਪ੍ਰਬੰਧਕਾਂ, ਨਿੱਜੀ-ਸਰਕਾਰੀ ਖੇਤਰ ਦੀ ਭਾਈਵਾਲੀ ਦੇ ਨਾਲ ਹੀ ਵੱਖ-ਵੱਖ ਵਿਸ਼ਿਆਂ ਦੇ ਵਿਭਾਗਾਂ ਦੇ ਸਹਿਯੋਗ ਤੇ ਸਮਰਥਨ ਦੀ ਲੋੜ ਹੈ। ਪੰਜਾਬ ਸਰਕਾਰ ਵਲੋਂ ਖੇਤੀਬਾੜੀ ਸਿੱਖਿਆ ਅਤੇ ਖੋਜ ਦੇ ਮਿਆਰ ਨੂੰ ਬਿਹਤਰ ਬਣਾਉਣ ਅਤੇ ਨਿਯਮਤ ਕਰਨ ਲਈ "ਪੰਜਾਬ ਸਟੇਟ ਕੌਂਸਲ ਫਾਰ ਹਾਇਰ ਐਜੂਕੇਸ਼ਨ ਐਕਟ (2017)" ਨੂੰ ਪ੍ਰਭਾਵਸ਼ਾਲੀ ਅਤੇ ਪੇਸ਼ੇਵਰ ਤਰੀਕੇ ਨਾਲ ਲਾਗੂ ਕਰਨ ਦੀ ਲੋੜ ਹੈ।

❖❖❖

# 23

# ਖੇਤੀਬਾੜੀ ਆਧੁਨਿਕੀਕਰਨ ਲਈ ਗਤੀਸ਼ੀਲ ਨੀਤੀ ਦੀ ਜ਼ਰੂਰਤ

ਪੰਜਾਬ ਵਿੱਚ ਖ਼ਾਸ ਕਰ ਅਤੇ ਦੇਸ਼ ਵਿੱਚ ਆਮ ਤੌਰ ’ਤੇ ਖੇਤੀਬਾੜੀ ਇਕ ਚੁਰਾਹੇ ’ਤੇ ਪਹੁੰਚ ਗਈ ਹੈ ਜਿਥੇ ਇਸ ਨੂੰ ਵਿਗਿਆਨ, ਤਕਨਾਲੋਜੀ ਅਤੇ ਅਤੀ-ਆਧੁਨਿਕ ਨਵੀਨਤਾਵਾਂ ਦੇ ਆਧਾਰ ’ਤੇ ਆਧੁਨਿਕੀਕਰਨ ਕਰ ਕੇ ਬਦਲਣ ਦੀ ਜ਼ਰੂਰਤ ਹੈ ਤਾਂ ਜੋ ਆਧੁਨਿਕ ਖੇਤੀਬਾੜੀ ਆਧਾਰਿਤ ਕਿਸਾਨ ਭਾਈਚਾਰੇ ਦੇ ਆਰਥਿਕ ਅਤੇ ਹੋਰ ਸੰਬੰਧਿਤ ਹਿੱਤਾਂ ਦੀ ਪੂਰਤੀ ਕੀਤੀ ਜਾਵੇ ਅਤੇ ਕੁਦਰਤੀ ਸਰੋਤਾਂ (ਜ਼ਮੀਨ, ਪਾਣੀ ਅਤੇ ਵਾਤਾਵਰਣ) ਦੀ ਸੰਭਾਲ ਕਰਦੇ ਹੋਏ ਉੱਚ-ਉਤਪਾਦਕਤਾ, ਲਾਭ ਅਤੇ ਆਮਦਨੀ ਵਾਧੇ ਵੱਲ ਕਾਇਮ ਰੱਖਣੀ ਯਕੀਨੀ ਬਣਾਈ ਜਾ ਸਕੇ।

ਮੁੱਖ ਸਵਾਲ ਇਹ ਹੈ ਕਿ ਸਹੀ ਨੀਤੀਗਤ ਵਾਤਾਵਰਨ ਕਿਵੇਂ ਬਣਾਇਆ ਜਾਵੇ ਜਿਸ ਅਧੀਨ ਕਿਸਾਨੀ (ਖਾਸ ਕਰ ਛੋਟੇ ਪੱਧਰ ਦੇ ਕਿਸਾਨ) ਲਈ ਖੇਤੀਬਾੜੀ ਵਿੱਚ ਤਕਨੀਕੀ ਅਤੇ ਆਰਥਿਕ ਗਤੀਸ਼ੀਲਤਾ ਨੂੰ ਵਾਧੇ ਵੱਲ ਕਾਇਮ ਰੱਖਿਆ ਜਾਵੇ ਅਤੇ ਕਿਸਾਨਾਂ ਨੂੰ ਲੋੜਾਂ ਨਾਲੋਂ ਘੱਟ ਆਮਦਨੀ ਸੰਬੰਧਿਤ ਤਣਾਅ ਤੋਂ ਬਾਹਰ ਲਿਆਂਦਾ ਜਾਵੇ। ਇਸ ਕਰਕੇ ਭਾਰਤ ਸਰਕਾਰ ਵੱਲੋਂ ਕਿਸਾਨ ਭਾਈਚਾਰੇ ਦੀ ਆਰਥਿਕ ਸਥਿਤੀ ਵਿੱਚ ਸੁਧਾਰ ਲਿਆਉਣ ਲਈ ਕਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਜਿਵੇਂ ਕਿ “ਨੈਸ਼ਨਲ ਮਿਸ਼ਨ ਆਨ ਸਸਟੇਨੇਬਲ ਐਗਰੀਕਲਚਰ”, “ਨੈਸ਼ਨਲ ਮਿਸ਼ਨ ਆਨ ਸੋਇਲ ਹੈਲਥ ਕਾਰਡ”, “ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ”, “ਪ੍ਰਧਾਨ ਮੰਤਰੀ ਅੰਨ ਦਾਤਾ ਸੁਰੱਖਿਆ ਅਭਿਆਨ”, “ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ (ਮਨਰੇਗਾ)”, “ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ”। ਸਾਲ 2022 ਤੱਕ ਖੇਤੀ ਤੋਂ ਆਮਦਨੀ ਨੂੰ ਦੁੱਗਣਾ ਕਰਨ ਅਤੇ ਜੈਵਿਕ-ਖੇਤੀ, ਬਾਗਬਾਨੀ ਅਤੇ ਜੰਗਲਾਂ ਦਾ ਵਿਸਥਾਰ ਕਰਨ ਵਾਲੀਆਂ ਅਤੇ ਹੋਰ ਸਕੀਮਾਂ ਨੂੰ ਬਹੁਤ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਪਰ ਇਨ੍ਹਾਂ ਸਕੀਮਾਂ ਦਾ ਅਜੇ ਤਕ ਕਿਸਾਨਾਂ ਦੀ ਆਮਦਨੀ ਵਾਧੇ ਵਲ ਕਾਇਮ ਰੱਖਣ, ਨੌਜਵਾਨਾਂ ਨੂੰ ਖੇਤੀਬਾੜੀ ਵੱਲ ਆਕਰਸ਼ਿਤ ਕਰਨ ਅਤੇ ਕਿਸਾਨ ਦੇ ਕਲਿਆਣ ਪਖੋਂ ਜ਼ਮੀਨੀ ਪੱਧਰ ’ਤੇ ਬਹੁਤਾ ਲਾਭ ਨਜ਼ਰ ਨਹੀਂ ਆ ਰਿਹਾ।

ਇਹ ਨਿਰਾਸ਼ਾਜਨਕ ਹੈ ਕਿ ਪੰਜਾਬ ਵਲੋਂ ਅਜੇ ਤੱਕ ਵਿਗਿਆਨ, ਤਕਨੋਲੋਜੀ ਅਤੇ ਨਵੀਨਤਾਵਾਂ ਆਧਾਰਿਤ ਗਤੀਸ਼ੀਲ ਥੋੜ੍ਹੇ ਸਮੇਂ ਅਤੇ ਲੰਮੇ ਸਮੇਂ ਦੀਆਂ ਖੇਤੀਬਾੜੀ ਨੀਤੀਆਂ ਅਤੇ ਕਾਰਜ ਯੋਜਨਾਵਾਂ (ਖਾਸ ਤੌਰ ’ਤੇ ਖੇਤਰ ਵਿਸ਼ੇਸ਼) ਤਿਆਰ ਨਹੀਂ ਕੀਤੀਆਂ ਗਈਆਂ ਜਿਸ ਕਰਕੇ ਕਿਸਾਨ ਭਾਈਚਾਰੇ ਲਈ ਟਿਕਾਊ ਉੱਚ ਆਰਥਿਕ ਲਾਭ ਪ੍ਰਾਪਤ ਕਰਨ ਲਈ ਨਵੀਂਆਂ ਤਕਨਾਲੋਜੀਆਂ ਦਾ ਪ੍ਰਸਾਰ ਨਹੀਂ ਕੀਤਾ ਜਾ ਰਿਹਾ ਅਤੇ ਕਿਸਾਨਾਂ

ਦੀ ਆਰਥਿਕਤਾ ’ਤੇ ਮਾੜਾ ਅਸਰ ਪੈ ਰਿਹਾ ਹੈ। ਛੋਟੀ ਕਿਸਾਨੀ ਅਤੇ ਬਰਾਨੀ ਇਲਾਕਿਆਂ ਵਿੱਚ ਕਿਸਾਨ ਸਭ ਤੋਂ ਵੱਧ ਪ੍ਰਭਾਵਤ ਹਨ। ਇਸ ਲਈ ਲੋੜ ਹੈ ਕਿ ਪੰਜਾਬ ਵਿੱਚ ਸਰਕਾਰ, ਨੀਤੀ ਨਿਰਮਾਤਾ ਅਤੇ ਵਿਕਾਸ ਮਾਹਿਰ ਚੁਣੌਤੀਆਂ ਦੇ ਸੰਭਾਵਿਤ ਗੰਭੀਰ ਪ੍ਰਭਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਬਦਲਦੀ ਅਸਮਾਜਿਕ-ਆਰਥਿਕ ਜ਼ਰੂਰਤਾਂ ਸਮਝ ਕੇ ਖੇਤੀਬਾੜੀ ਆਧੁਨਿਕੀਕਰਨ-ਨੀਤੀ ਵਾਲਾ ਵਾਤਾਵਰਣ (ਖਾਸ ਤੌਰ ’ਤੇ ਖੇਤਰ ਵਿਸ਼ੇਸ਼) ਤਿਆਰ ਕਰਨ। ਇਹ ਚੁਣੌਤੀਆਂ ਹਨਃ ਖੇਤੀ ਖੋਜ, ਸਿੱਖਿਆ ਅਤੇ ਇਸ ਨਾਲ ਸੰਬੰਧਿਤ ਸੰਸਥਾਵਾਂ ਦੇ ਆਧੁਨੀਕੀਕਰਨ ਲਈ ਲੋੜੀਂਦੇ ਪੂੰਜੀ ਨਿਵੇਸ਼ ਦੀ ਘਾਟ, ਖੇਤੀ ਆਧਾਰਿਤ ਮੁਨਾਫਿਆਂ ਦੇ ਵਾਧੇ ਦੀ ਦਰ ਵਿੱਚ ਗਿਰਾਵਟ ਅਤੇ ਕਿਸਾਨਾਂ ਲਈ ਲੋੜ ਨਾਲੋਂ ਘੱਟ ਆਮਦਨੀ ਸੰਬੰਧੀ ਵਧ ਰਹੇ ਆਰਥਿਕ ਤਣਾਅ (ਆਤਮ ਹੱਤਿਆ ਵੀ), ਖੇਤੀ ਉਤਪਾਦਨ ਕਰਨ ਲਈ ਵਧ ਰਹੇ ਖਰਚੇ, ਕਿਸਾਨਾਂ ਦੀਆਂ ਜ਼ਮੀਨਾਂ ਵਿੱਚ ਹੋ ਰਹੀ ਵੰਡ, ਭਰੋਸੇਯੋਗ ਅਤੇ ਲਾਭਦਾਇਕ ਮੰਡੀਕਰਨ ਪ੍ਰਣਾਲੀ (ਝੋਨਾ ਅਤੇ ਕਣਕ ਤੋਂ ਇਲਾਵਾ) ਦੀ ਘਾਟ, ਜ਼ਮੀਨ ਅਤੇ ਪਾਣੀ ਦੇ ਸਰੋਤਾਂ ਦੇ ਨਿਘਾਰ ਅਤੇ ਵਾਤਾਵਰਣ ਵਿੱਚ ਪੈ ਰਹੇ ਵਿਗਾੜ, ਤੇਜ਼ੀ ਨਾਲ ਵਧ ਰਿਹਾ ਸ਼ਹਿਰੀਕਰਨ, ਉੱਭਰ ਰਹੀ ਵਿਸ਼ਵ ਆਰਥਿਕਤਾ, ਪੇਂਡੂ ਖੇਤਰਾਂ ਵਿੱਚ ਰੁਜ਼ਗਾਰ (ਖ਼ਾਸ ਕਰ ਗ਼ੈਰ-ਖੇਤੀ ਰੁਜ਼ਗਾਰ) ਦੇ ਮੌਕਿਆਂ ਦੀ ਘਾਟ, ਨੌਜਵਾਨਾਂ ਦੀ ਖੇਤੀਬਾੜੀ ਨੂੰ ਪੇਸ਼ੇ ਵਜੋਂ ਅਪਨਾਉਣ ਵਿੱਚ ਘਟਦੀ ਜਾ ਰਹੀ ਦਿਲਚਸਪੀ, ਤਕਨਾਲੋਜੀ ਆਧਾਰਿਤ ਸੁਨਿਸ਼ਚਿਤ (Precision) ਖੇਤੀ ਅਤੇ ਖੇਤੀ-ਵਿਭਿੰਨਤਾ ਨੂੰ ਉਤਸ਼ਾਹਿਤ ਕਰਨਾ, ਵਿਸ਼ਵ ਵਪਾਰ ਸੰਗਠਨ (WTO) ਅਤੇ ਬੌਧਿਕ ਜਾਇਦਾਦ ਅਧਿਕਾਰ (Intellectual Property Rights) ਦੇ ਪ੍ਰਭਾਵ, ਸਰਕਾਰ ਦੀਆਂ ਤੇਜ਼ੀ ਨਾਲ ਬਦਲ ਰਹੀਆਂ ਖੇਤੀਬਾੜੀ ਸੰਬੰਧੀ ਨੀਤੀਆਂ ਦੇ ਪ੍ਰਭਾਵ ਅਤੇ ਖੇਤੀਬਾੜੀ ਭਾਈਚਾਰੇ ਅਤੇ ਪੇਂਡੂ ਅਬਾਦੀ ਦੀਆਂ ਵੱਖ-ਵੱਖ ਸਮਾਜਿਕ ਤੇ ਆਰਥਿਕ ਜ਼ਰੂਰਤਾਂ ਆਦਿ। ਭਵਿੱਖ ਵਿੱਚ ਮੌਸਮ ਵਿੱਚ ਤਬਦੀਲੀ ਦੇ ਸੰਭਵ ਪ੍ਰਭਾਵ ਕਰਕੇ ਆਰਥਿਕ ਵਿਕਾਸ ਨੂੰ ਵਧਾਉਣ ਲਈ ਮੁਸ਼ਕਿਲਾਂ ਹੋਰ ਗੰਭੀਰ ਹੋ ਸਕਦੀਆਂ ਹਨ।

ਇਨ੍ਹਾਂ ਗੁੰਝਲਦਾਰ ਚੁਣੌਤੀਆਂ ਦੇ ਪਰਭਾਵਾਂ ਦਾ ਸਾਹਮਣਾ ਕਰਨ ਲਈ ਅਤੇ ਹੋਰ ਉੱਭਰ ਰਹੀਆਂ ਨਵੀਆਂ ਸਮੱਸਿਆਵਾਂ ਦੇ ਹੱਲ ਲਈ ਭਵਿੱਖਵਾਦੀ ਨੀਤੀਗਤ ਵਾਤਾਵਰਣ ਅਤੇ ਪ੍ਰੋਤਸਾਹਨ ਦੀ ਜ਼ਰੂਰਤ ਹੈ ਜਿਸ ਦੇ ਤਹਿਤ ਜਲਵਾਯੂ-ਲਚਕੀਲੀਆਂ ਅਤੀ-ਆਧੁਨਿਕ ਤਕਨੀਕਾਂ ਦੇ ਨਾਲ ਸਮੁੱਚੀ ਖੇਤੀਬਾੜੀ ਪ੍ਰਣਾਲੀ (ਉਤਪਾਦਨ, ਵਾਢੀ ਤੋਂ ਬਾਅਦ ਉਤਪਾਦ ਦੇ ਪ੍ਰਬੰਧਨ ਅਤੇ ਮੰਡੀਕਰਨ) ਦਾ ਆਧੁਨਿਕੀਕਰਨ ਕਰਕੇ ਇਸ ਨੂੰ ਤਕਨਾਲੋਜੀ ਆਧਾਰਿਤ ਉੱਚ ਉਤਪਾਦਨ, ਉਤਪਾਦਨ-ਕੁਸ਼ਲ, ਆਰਥਿਕ ਤੌਰ ’ਤੇ ਲਾਭਕਾਰੀ, ਜਲਵਾਯੂ ਅਨੁਕੂਲ, ਵਾਤਾਵਰਣ ਪੱਖੋਂ ਕੁਸ਼ਲ, ਵਿਸ਼ਵ ਪਧਰ ’ਤੇ ਪ੍ਰਤੀਯੋਗੀ, ਕੁਦਰਤੀ-ਸਰੋਤਾਂ (ਜ਼ਮੀਨ, ਪਾਣੀ ਅਤੇ ਵਾਤਾਵਰਣ) ਦੀ ਸੰਭਾਲ ਕਰਨ ਯੋਗ ਅਤੇ ਰੁਜ਼ਗਾਰ ਪੈਦਾ ਕਰਨ ਵਾਲੇ ਉੱਦਮ ਦੇ ਤੌਰ ’ਤੇ ਵਿਕਸਤ ਕੀਤਾ ਜਾਵੇ। ਅਸਲ ਵਿੱਚ ਖੇਤੀਬਾੜੀ ਪ੍ਰਣਾਲੀ ਨੂੰ ਇੱਕ ਕਿੱਤੇ ਦੇ ਰੂਪ ਵਿੱਚ ਅਤੇ ਕਿਸਾਨਾਂ ਨੂੰ ਕਿੱਤਾ ਕਰਨ ਵਾਲੇ

ਵਜੋਂ ਵਿਕਸਤ ਕੀਤਾ ਜਾਣਾ ਚਾਹੀਦਾ ਹੈ।

ਕੋਵਿਡ-ਮਹਾਂਮਾਰੀ ਦੌਰਾਨ ਆਮ ਲੋਕਾਂ ਅਤੇ ਵੱਡੇ ਪੱਧਰ 'ਤੇ ਕਿਸਾਨੀ ਤੇ ਬਹੁਤ ਮਾੜਾ ਅਸਰ ਪਿਆ ਹੈ ਅਤੇ ਕਿਸਾਨਾਂ ਦੀ ਆਮਦਨ ਘਟਦੇ ਜਾਣ ਕਰਕੇ ਖੇਤੀ ਆਰਥਿਕ ਵਿਕਾਸ ਦੀ ਸਮੁੱਚੀ ਦਰ ਬਹੁਤ ਘਟਦੀ ਜਾ ਰਹੀ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਸਰਕਾਰ ਵਲੋਂ ਖੇਤੀਬਾੜੀ ਸੈਕਟਰ, ਖੇਤੀਬਾੜੀ ਖੋਜ ਅਤੇ ਵਿਕਾਸ ਲਈ ਨਿਵੇਸ਼ ਜ਼ਰੂਰ ਵਧਾਇਆ ਜਾਵੇ ਤਾਂ ਜੋ ਕਿਸਾਨਾਂ (ਖਾਸ ਕਰ ਛੋਟੇ ਕਿਸਾਨ) ਦੀ ਤਕਨੀਕੀ, ਵਿਤੀ, ਸਿਖਲਾਈ, ਲਾਭਕਾਰੀ ਮੰਡੀਕਰਨ ਆਦਿ ਸਮਰੱਥਾ ਵਧਾਈ ਜਾਵੇ ਅਤੇ ਉਹ ਉੱਚ ਉਤਪਾਦਕਤਾ ਅਤੇ ਲਾਭਕਾਰੀ ਆਮਦਨੀ ਪ੍ਰਾਪਤ ਕਰਨ ਯੋਗ ਬਣ ਸਕਣ ਅਤੇ ਲੋੜ ਤੋਂ ਘੱਟ ਆਮਦਨ ਦੇ ਸੰਕਟ ਤੋਂ ਇਕ ਵੱਡੀ ਰਾਹਤ ਪ੍ਰਾਪਤ ਕਰ ਸਕਣ।

ਸਮੁੱਚੀ ਖੇਤੀਬਾੜੀ ਦੇ ਵਿਕਾਸ ਬਾਰੇ ਨੀਤੀਗਤ ਪ੍ਰਕਿਰਿਆਵਾਂ ਵਿੱਚ ਅਤੇ ਵਿਸ਼ੇਸ਼ ਤੌਰ 'ਤੇ ਇਨ੍ਹਾਂ ਨਾਲ ਜੁੜੇ ਫੈਸਲੇ ਲੈਣ ਵਿੱਚ ਛੋਟੇ ਤੇ ਵੱਡੇ ਕਿਸਾਨਾਂ ਅਤੇ ਪੇਂਡੂ ਨੌਜਵਾਨਾਂ ਦੀ ਸਰਗਰਮ ਭਾਗੀਦਾਰੀ ਯਕੀਨੀ ਹੋਣੀ ਚਾਹੀਦੀ ਹੈ। ਇਸ ਦੇ ਨਾਲ-ਨਾਲ ਖੇਤੀਬਾੜੀ ਆਧੁਨਿਕੀਕਰਨ ਨੂੰ ਕੁਦਰਤੀ ਸਰੋਤਾਂ ਦੀ ਉਤਪਾਦਕਤਾ ਵਿੱਚ ਸੁਧਾਰ ਕਰਨ, ਖੇਤੀਬਾੜੀ ਸਿੱਖਿਆ ਅਤੇ ਖੋਜ ਪ੍ਰਣਾਲੀਆਂ ਨੂੰ ਸੁਧਾਰ ਕੇ ਗ਼ੈਰ-ਹੁਨਰ ਨੌਜਵਾਨਾਂ ਤੇ ਗਰੈਜੂਏਟਾਂ ਨੂੰ ਹੁਨਰਮੰਦ ਤੇ ਉੱਦਮੀ ਬਣਾਉਣ ਅਤੇ ਦਿਹਾਤੀ ਖੇਤਰ ਵਿੱਚ ਗ਼ੈਰ-ਖੇਤੀ ਉੱਦਮਾਂ ਦਾ ਪ੍ਰਬੰਧਨ ਕਰਨ ਵੱਲ ਜ਼ੋਰ ਦੇਣਾ ਵੀ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਭਵਿੱਖ ਵਿੱਚ ਖੇਤੀਬਾੜੀ ਪ੍ਰਣਾਲੀ ਦੇ ਸਮੁੱਚੇ ਤੋਰ 'ਤੇ ਵਿਕਾਸ ਹੋਣ ਨਾਲ ਕਿਸਾਨਾਂ ਲਈ ਸਤਿਕਾਰਯੋਗ ਲਾਭਕਾਰੀ ਆਮਦਨ, ਖੁਰਾਕ, ਪੋਸ਼ਣ ਅਤੇ ਆਮਦਨੀ ਸਥਿਰਤਾ ਯਕੀਨੀ ਬਣਾਏ ਜਾ ਸਕਦੇ ਹਨ ਅਤੇ ਉਨ੍ਹਾਂ ਨੂੰ ਲੋੜਾਂ ਨਾਲੋਂ ਘੱਟ ਆਮਦਨੀ ਨਾਲ ਜੁੜੇ ਤਣਾਅ ਤੋਂ ਕਾਫੀ ਹਦ ਤਕ ਰਾਹਤ ਦੁਆਈ ਜਾ ਸਕਦੀ ਹੈ।

ਖੇਤੀਬਾੜੀ ਆਧੁਨਿਕੀਕਰਨ ਦੀਆਂ ਨੀਤੀਆਂ ਤੇ ਕਾਰਜ ਯੋਜਨਾਵਾਂ ਨੂੰ ਅਮਲੀ ਤੌਰ 'ਤੇ ਕਿਸਾਨਾਂ ਦੇ ਖੇਤ ਪੱਧਰ 'ਤੇ ਲਾਗੂ ਕਰਨ ਲਈ, ਅੰਤਰ-ਅਨੁਸ਼ਾਸਨੀ ਖੋਜ ਅਤੇ ਵਿਕਾਸ ਮਾਹਿਰਾਂ ਦੇ ਆਪਸੀ ਤਾਲਮੇਲ ਨਾਲ ਵੱਖ-ਵੱਖ ਖੇਤਰਾਂ, ਵੱਖ-ਵੱਖ ਕਿਸਮ ਦੀਆਂ ਜ਼ਮੀਨਾਂ ਅਤੇ ਫਾਰਮ ਦੇ ਖੇਤਰਫਲਾਂ (2.5 ਹੈਕਟੇਅਰ ਤੋਂ ਘੱਟ, 5 ਹੈਕਟੇਅਰ, 10 ਹੈਕਟੇਅਰ ਅਤੇ 10 ਹੈਕਟੇਅਰ ਤੋਂ ਵੱਧ) ਦੇ ਅਨੁਕੂਲ ਵਿਭਿੰਨ ਫ਼ਸਲਾਂ ਤੇ ਫ਼ਸਲੀ-ਪ੍ਰਣਾਲੀਆਂ ਤੋਂ ਵੱਧ ਤੋਂ ਵੱਧ ਮੁਨਾਫਾ ਅਤੇ ਆਮਦਨ ਪੈਦਾ ਕਰਨ ਵਸਤੇ ਫ਼ਸਲਾਂ ਦੇ ਉਤਪਾਦਨ, ਸੁਰੱਖਿਆ, ਵਾਢੀ ਤੋਂ ਬਾਅਦ ਦੇ ਪ੍ਰਬੰਧਨ, ਪ੍ਰੋਸੈਸਿੰਗ ਅਤੇ ਮੰਡੀਕਰਨ ਆਦਿ ਲਈ ਕੀਤੀਆਂ ਗਈਆਂ ਸਾਰੀਆਂ ਪ੍ਰਬੰਧਨ ਸਿਫਾਰਸ਼ਾਂ ਅਤੇ ਲੋੜੀਂਦੀਆਂ ਤਕਨੀਕਾਂ ਨੂੰ ਇਕ ਪੈਕੇਜ ਵਿੱਚ ਜੋੜ ਕੇ ਮਾਡਲ ਵਿਕਸਤ ਕਰਨੇ ਚਾਹੀਦੇ ਹਨ ਜਿਨ੍ਹਾਂ ਨੂੰ ਕਿਸਾਨ ਅਪਣਾਅ ਸਕਦੇ ਹੋਣ।

❖❖❖

# 24
# ਕਾਰਜਕਾਰੀ ਅਤੇ ਲੋੜੀਂਦੀਆਂ ਕਾਰਜ ਯੋਜਨਾਵਾਂ

ਪੰਜਾਬ ਦੀ ਖੇਤੀਬਾੜੀ ਦੇ ਆਧੁਨਿਕੀਕਰਨ ਲਈ ਖੇਤਰ-ਵਿਸ਼ੇਸ਼ ਤਕਨਾਲੋਜੀ ਆਧਾਰਿਤ ਖੇਤੀ-ਵਿਕਾਸ ਯੋਜਨਾਵਾਂ ਲਾਗੂ ਕਰਨ ਲਈ ਠੋਸ ਯਤਨ ਕੀਤੇ ਜਾਣੇ ਚਾਹੀਦੇ ਹਨ। ਇਸ ਲਈ ਸਰਕਾਰ ਵਲੋਂ ਸਵੈ-ਨਿਰਭਰ ਬੁਨਿਆਦੀ ਢਾਂਚੇ ਅਤੇ ਸੰਸਥਾਵਾਂ ਦਾ ਵਿਸਥਾਰ ਕਰਨਾ ਪਏਗਾ ਤਾਂ ਜੋ ਕਿਸਾਨ ਭਾਈਚਾਰੇ (ਖ਼ਾਸ ਕਰ ਛੋਟੇ ਕਿਸਾਨ) ਦੀ ਸਮੁੱਚੀ ਖੇਤੀ ਪ੍ਰਣਾਲੀ ਦੇ ਵਿਕਾਸ ਵਾਸਤੇ ਤਕਨਾਲੋਜੀ, ਵਿੱਤੀ ਸਹਾਇਤਾ, ਮੰਡੀਕਰਨ, ਰੁਜ਼ਗਾਰ ਅਤੇ ਆਮਦਨ ਵਧਾਉਣ ਦੇ ਮੌਕਿਆਂ ਤੱਕ ਲੋੜ ਅਨੁਸਾਰ ਬਰਾਬਰਤਾ ਨਾਲ ਪਹੁੰਚ ਹੋ ਸਕੇ। ਇਸ ਲਈ, ਕਿਸਾਨਾਂ, ਖੋਜ ਅਤੇ ਵਿਕਾਸ ਅਦਾਰਿਆਂ, ਰਾਜ ਦੇ ਵੱਖ-ਵੱਖ ਵਿਕਾਸ-ਵਿਭਾਗਾਂ, ਵਿੱਤੀ ਪ੍ਰਬੰਧਕਾਂ, ਇਨਪੁਟਸ (ਬੀਜ, ਖਾਦਾਂ, ਪਾਣੀ, ਕੀਟਨਾਸ਼ਕ, ਮਸ਼ੀਨਰੀ)- ਸਪਲਾਈ ਪ੍ਰਣਾਲੀਆਂ, ਐਗਰੋ-ਪ੍ਰੋਸੈਸਿੰਗ ਉਦਯੋਗਾਂ, ਰੁਜ਼ਗਾਰ ਪੈਦਾ ਕਰਨ ਵਾਲੇ ਅਦਾਰਿਆਂ, ਵੱਖ-ਵੱਖ ਰਾਸ਼ਟਰੀ ਯੋਜਨਾਵਾਂ, ਜਾਣਕਾਰੀ ਅਤੇ ਸੰਚਾਰ ਤਕਨਾਲੋਜੀ ਅਤੇ ਹੋਰ ਪੇਂਡੂ ਖੇਤਰਾਂ ਵਿੱਚ ਖੇਤੀ ਆਧਾਰਿਤ ਆਰਥਿਕ ਵਿਕਾਸ ਨਾਲ ਜੁੜੇ ਅਦਾਰਿਆਂ ਵਿਚਕਾਰ ਵਧੇਰੇ ਤਾਲਮੇਲ ਦੀ ਲੋੜ ਹੈ।

ਉਮੀਦ ਕੀਤੀ ਜਾ ਸਕਦੀ ਹੈ ਕਿ ਪ੍ਰਸਤਾਵਿਤ ਖੇਤੀਬਾੜੀ ਆਧੁਨਿਕੀਕਰਨ ਕਾਰਜ ਯੋਜਨਾਵਾਂ ਨੂੰ ਖੇਤਰ ਵਿਸ਼ੇਸ਼ ਲੋੜਾਂ ਅਨੁਸਾਰ ਲਾਗੂ ਕਰਨ ਨਾਲ ਨੀਤੀ, ਤਕਨਾਲੋਜੀ, ਮਾਰਕਿਟ ਅਤੇ ਖੇਤੀ-ਭਾਈਚਾਰੇ ਵਿਚਲੇ ਪਾੜੇ ਘਟ ਸਕਣਗੇ ਜਿਸ ਨਾਲ ਵਿਆਪਕ ਤੌਰ ’ਤੇ ਉੱਚ ਖੇਤੀ ਉਤਪਾਦਕਤਾ, ਮੁਨਾਫਾ ਅਤੇ ਆਮਦਨੀ ਵਾਧੇ ਵੱਲ ਕਾਇਮ ਰੱਖਣ ਲਈ ਅਤੇ ਖੇਤੀਬਾੜੀ ਆਧਾਰਿਤ ਆਰਥਿਕ ਵਿਕਾਸ ਦੀ ਪ੍ਰਾਪਤੀ ਲਈ ਰਾਹ ਪੱਧਰਾ ਹੋਏਗਾ। ਐਗਰੀਕਲਚਰਲ ਯੂਨੀਵਰਸਿਟੀ, ਤਕਨਾਲੋਜੀ ਪੈਦਾ ਕਰਨ ਵਾਲਿਆਂ ਤੇ ਪ੍ਰਸਾਰਕਾਂ, ਵੱਖ-ਵੱਖ ਸਰਕਾਰੀ ਤੇ ਗ਼ੈਰ-ਸਰਕਾਰੀ ਵਿਕਾਸ ਵਿਭਾਗਾਂ ਅਤੇ ਵਿਤੀ ਪ੍ਰਬੰਧਕਾਂ ਵਲੋਂ ਸਫਲ ਆਧੁਨਿਕ ਤਕਨਾਲੋਜੀ, ਸਹਾਇਤਾ ਸੇਵਾਵਾਂ, ਅਤੇ ਹੋਰ ਸਹੂਲਤਾਂ ਪ੍ਰਦਾਨ ਕਰਨ ਲਈ ਯੋਗਦਾਨ ਬਹੁਤ ਜ਼ਰੂਰੀ ਹੈ।

ਲੋੜ ਹੈ ਕਿ ਇਨ੍ਹਾਂ ਵੱਖ-ਵੱਖ ਕਾਰਜ ਯੋਜਨਾਵਾਂ ਨੂੰ ਲਗਪਗ ਇਕੋ ਹੀ ਸਮੇਂ ਅਪਣਾਇਆ ਜਾਵੇ ਤਾਂ ਜੋ ਸਮੁੱਚੀ ਖੇਤੀਬਾੜੀ ਪ੍ਰਣਾਲੀ (ਉਤਪਾਦਨ, ਵਾਢੀ ਤੋਂ ਬਾਅਦ ਪ੍ਰਬੰਧਨ, ਪ੍ਰੋਸੈਸਿੰਗ ਅਤੇ ਮਾਰਕਿਟਿੰਗ) ਨੂੰ ਆਰਥਿਕ ਸੰਕਟ ਤੋਂ ਉਭਾਰ ਕੇ ਕਿਸਾਨੀ ਤੇ ਕਿਸਾਨਾਂ (ਵਿਸ਼ੇਸ਼ ਤੌਰ ’ਤੇ ਛੋਟੇ ਕਿਸਾਨ) ਦੀ ਆਮਦਨੀ ਨੂੰ ਲਗਾਤਾਰ ਵਾਧੇ ਵਲ ਕਾਇਮ ਰੱਖਿਆ ਜਾਵੇ ਅਤੇ ਕਿਸਾਨ-ਭਾਈਚਾਰੇ ਨੂੰ ਲੋੜ ਨਾਲੋਂ ਘੱਟ ਆਮਦਨੀ ਨਾਲ ਜੁੜੇ ਤਣਾਅ ਤੋਂ ਕਾਫੀ ਹੱਦ ਤੱਕ ਬਾਹਰ ਲਿਆਂਦਾ ਜਾ ਸਕੇ।

## 1. ਖੇਤਰ-ਵਿਸ਼ੇਸ਼ ਆਧੁਨਿਕੀਕਰਨ ਯੋਜਨਾਵਾਂ ਬਣਾਉਣਾ ਇੱਕ ਮੁੱਢਲੀ ਜ਼ਰੂਰਤ

ਖੇਤੀ ਆਧੁਨਿਕੀਕਰਨ ਦੀਆਂ ਯੋਜਨਾਵਾਂ ਨੂੰ ਵੱਖ-ਵੱਖ ਖੇਤਰਾਂ ਨਿਸ਼ਚਿਤ ਬਣਾਉਣਾ ਤੇ ਲਾਗੂ ਕਰਨਾ ਇਕ ਮੁੱਢਲੀ ਜ਼ਰੂਰਤ ਹੋਣੀ ਚਾਹੀਦੀ ਹੈ ਕਿਉਂਕਿ ਵੱਖ-ਵੱਖ ਖੇਤਰਾਂ ਵਿੱਚ ਧਰਤੀ ਦਾ ਧਰਾਤਲ, ਮਿੱਟੀ ਦੀਆਂ ਵਿਸ਼ੇਸ਼ਤਾਵਾਂ, ਪਾਣੀ ਦੀ ਉਪਲੱਬਧਤਾ, ਧਰਤੀ ਹੇਠਲੇ ਪਾਣੀ ਦੀ ਕੁਆਲਿਟੀ, ਕੀੜਿਆਂ ਤੇ ਰੋਗਾਂ ਦੀਆਂ ਸਮੱਸਿਆਵਾਂ, ਕੁਦਰਤੀ ਸਰੋਤਾਂ (ਜ਼ਮੀਨ ਅਤੇ ਪਾਣੀ) ਦੀ ਖੇਤੀ ਉਤਪਾਦਨ ਸਮਰੱਥਾ, ਖੇਤੀ ਆਧਾਰਿਤ ਆਰਥਿਕ ਵਿਕਾਸ-ਘਟਾਊ ਸੀਮਾਵਾਂ, ਬੁਨਿਆਦੀ ਢਾਂਚੇ ਦੀਆਂ ਲੋੜਾਂ, ਖੇਤੀ ਆਧਾਰਿਤ ਉਦਯੋਗੀਕਰਨ ਦੀਆਂ ਸੰਭਾਵਨਾਵਾਂ, ਖਤਰੇ, ਮਾਰਕਿਟ ਪ੍ਰਣਾਲੀ ਅਤੇ ਕਿਸਾਨ ਭਾਈਚਾਰੇ ਤੇ ਲੋਕਾਂ ਦੀਆਂ ਸਮਾਜਿਕ ਤੇ ਆਰਥਿਕ ਜ਼ਰੂਰਤਾਂ ਵਿੱਚ ਮਹੱਤਵਪੂਰਨ ਅੰਤਰ ਹੋ ਸਕਦਾ ਹੈ।

ਅਸਲ ਵਿੱਚ ਖੇਤੀ ਉਤਪਾਦਕਤਾ ਤੇ ਉਤਪਾਦਨ ਅਤੇ ਇਸ ਆਧਾਰਿਤ ਸਾਰੇ ਪੰਜਾਬ ਵਿਚਲੇ ਵੱਖ-ਵੱਖ ਖੇਤਰਾਂ ਦੀ ਅਰਥ ਵਿਵਸਥਾ ਨੂੰ ਬਰਾਬਰਤਾ ਦੇ ਨਾਲ ਵਾਧੇ ਵੱਲ ਕਾਇਮ ਰੱਖਣ ਲਈ ਗਤੀਸ਼ੀਲ, ਨਵੀਨਤਾਕਾਰੀ ਤੇ ਭਵਿੱਖਤ ਯੋਜਨਾਬੰਦੀ ਕਰਨ ਅਤੇ ਅਤੀ-ਆਧੁਨਿਕ ਤਕਨਾਲੋਜੀਆਂ ਦੇ ਵਿਕਾਸ ਲਈ ਖੇਤਰ-ਵਿਸ਼ੇਸ਼ ਉਤਪਾਦਨ, ਵਾਢੀ ਤੋਂ ਬਾਅਦ ਦੇ ਪ੍ਰਬੰਧਨ, ਪ੍ਰੋਸੈਸਿੰਗ, ਮੰਡੀਕਰਨ, ਸਥਾਨਕ ਕਿਸਾਨ ਭਾਈਚਾਰੇ ਤੇ ਖਪਤਕਾਰਾਂ ਦੇ ਅੰਤਰ-ਸੰਬੰਧ ਦੀ ਸਮਝ ਮਹੱਤਵਪੂਰਨ ਹੈ।

ਵੱਖ-ਵੱਖ ਖੇਤਰਾਂ ਵਿੱਚ ਫ਼ਸਲਾਂ/ਖੇਤੀ ਉਤਪਾਦਕਤਾ ਅਤੇ ਮੁਨਾਫੇ ਦੇ ਪੱਖੋਂ ਸੰਭਵ ਉੱਚ-ਕੁਸ਼ਲਤਾ ਅਤੇ ਘੱਟ-ਕੁਸ਼ਲਤਾ ਵਾਲੇ ਖੇਤਰਾਂ ਦੀ ਪਛਾਣ/ਡੀਮਰਾਕੇਸ਼ਨ ਅਨੁਸਾਰ ਹੀ ਖੇਤੀ ਆਧਾਰਿਤ ਆਰਥਿਕ ਵਿਕਾਸ ਦੀਆਂ ਯੋਜਨਾਵਾਂ ਅਤੇ ਆਮਦਨੀ ਵਧਾਉਣ ਵਾਲੀਆਂ ਗਤੀਵਿਧੀਆਂ ਵਿਕਸਤ ਕਰਨ ਦੀ ਲੋੜ ਹੈ। ਹਰ ਖੇਤਰ ਦੇ ਕਿਸਾਨਾਂ ਅਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਨੂੰ ਨੀਤੀ ਨਿਰਮਾਣ ਅਤੇ ਲਾਗੂ ਕਰਨ ਦੀਆਂ ਪ੍ਰਕਿਰਿਆਵਾਂ ਦੇ ਪੱਧਰਾਂ ਵਿੱਚ ਜ਼ਰੂਰੀ ਸ਼ਾਮਲ ਕਰਨਾ ਚਾਹੀਦਾ ਹੈ।

ਪੰਜਾਬ ਵਿੱਚ ਪੰਜ ਵੱਖ-ਵੱਖ ਖੇਤੀ-ਵਾਤਾਵਰਣਿਕ ਖੇਤਰ ਹਨ (ਨਕਸ਼ਾ ਵੇਖੋ), ਜਿਵੇ ਕਿ:

**ਖੇਤਰ**-1: ਸਾਲਾਨਾ ਵਰਖਾ 900-1500 ਮਿਲੀਮੀਟਰ, ਨੀਵੀਆਂ ਸ਼ਿਵਾਲਿਕ ਪਹਾੜੀਆਂ, ਪਾਣੀ ਨਾਲ ਜ਼ਮੀਨ ਦੀ ਬਹੁਤ ਜ਼ਿਆਦਾ ਕਟੌਤੀ, ਬਰਾਨੀ ਖੇਤੀ, ਬਹੁਤ ਘੱਟ ਫ਼ਸਲਾਂ।

**ਖੇਤਰ**-2: ਸਾਲਾਨਾ ਵਰਖਾ 800 ਤੋਂ 900 ਮਿਲੀਮੀਟਰ, ਅਰਧ ਪੱਧਰੀ ਜ਼ਮੀਨ, ਦਰਮਿਆਨੀ ਸੁੱਕੀ ਅਤੇ ਥੋੜ੍ਹੀ ਨਮੀ, ਮੌਸਮੀ ਚੋਅ, ਜ਼ਮੀਨ ਜਿਆਦਾਤਰ ਰੇਤਲੀ ਬਜਰੀ ਅਤੇ ਛੋਟੇ ਛੋਟੇ ਪੱਥਰਾਂ ਨਾਲ ਮਿਲਾਵਟ ਵਾਲੀ ਅਤੇ ਘੱਟ ਉਪਜਾਊ ਸ਼ਕਤੀ, ਬਰਾਨੀ ਖੇਤੀ, ਸੀਮਤ ਸਿੰਚਾਈ ਨਾਲ ਖੇਤੀਬਾੜੀ।

**ਖੇਤਰ**-3: ਸਾਲਾਨਾ ਵਰਖਾ 400 ਤੋਂ 900 ਮਿਲੀਮੀਟਰ, ਕੇਂਦਰੀ ਅਰਧ-ਸੁੱਕਾ ਖੇਤਰ, ਜ਼ਮੀਨ ਪੱਧਰੀ ਅਤੇ ਦਰਮਿਆਨੀ ਉਪਜਾਊ ਸ਼ਕਤੀ ਵਾਲੀ, ਨਹਿਰੀ ਅਤੇ ਟਿਊਬ-

ਖੇਤੀਬਾੜੀ ਨਿਰਭਰ ਹੋਣ ਕਰਕੇ ਖੇਤੀਬਾੜੀ ਉਤਪਾਦਨ ਵਾਧੇ ਵਲ ਕਾਇਮ ਰੱਖਣਾ ਜਰੂਰੀ ਹੈ ਤਾਂ ਕਿ ਖੁਰਾਕੀ ਸੁਰੱਖਿਆ ਦੇ ਨਾਲ-ਨਾਲ ਕਿਸਾਨਾਂ ਦੀ ਆਰਥਿਕ ਸੁੱਰਖਿਆ ਕਾਇਮ ਰਹੇ ਤੇ ਉਦਯੋਗਿਕ ਵਰਤੋਂ ਲਈ ਕੱਚਾ ਮਾਲ, ਜਾਨਵਰਾਂ ਲਈ ਖੁਰਾਕ ਅਤੇ ਹੋਰ ਜ਼ਰੂਰਤਾਂ ਦੀ ਪੂਰਤੀ ਹੋ ਸਕੇ। ਇਸ ਤੋਂ ਇਲਾਵਾ ਮੌਸਮ ਵਿੱਚ ਤਬਦੀਲੀ ਆਉਣ ਨਾਲ 2050 ਤੱਕ ਭਾਰਤ ਵਿੱਚ ਖੇਤੀਬਾੜੀ ਦੀ ਸਮਰੱਥਾ ਵਿੱਚ 40 ਪ੍ਰਤੀਸ਼ਤ ਗਿਰਾਵਟ ਆਉਣ ਦੀ ਸੰਭਾਵਨਾ ਹੈ ਜਿਸ ਨਾਲ ਖੁਰਾਕ ਅਤੇ ਹੋਰ ਖੇਤੀ ਪਦਾਰਥਾਂ ਦੀ ਘਾਟ ਹੋਣ ਦੀ ਉਮੀਦ ਕੀਤੀ ਜਾ ਸਕਦੀ ਹੈ। ਇਸ ਵੇਲੇ ਭਾਰਤ ਵਿੱਚ ਅਨਾਜ (ਕਣਕ-ਝੋਨੇ) ਦਾ ਉਤਪਾਦਨ ਲਗਪਗ 260 ਮਿਲੀਅਨ ਟਨ ਤੋਂ ਵੱਧ, ਦਾਲਾਂ ਦਾ 24 ਮਿਲੀਅਨ ਟਨ ਅਤੇ ਕੁੱਲ ਖੁਰਾਕੀ ਅਨਾਜ ਦਾ ਲਗਪਗ 296 ਮਿਲੀਅਨ ਟਨ ਅਤੇ ਕਪਾਹ ਦਾ 35 ਮਿਲੀਅਨ ਟਨ ਹੈ। ਇਕ ਅਨੁਮਾਨ ਅਨੁਸਾਰ ਸਾਲ 2050 ਤੱਕ ਕਣਕ-ਝੋਨਾ ਦੀ ਮੰਗ ਲਗਪਗ 359 ਮਿਲੀਅਨ ਟਨ, ਦਾਲਾਂ ਦੀ 46 ਮਿਲੀਅਨ ਟਨ, ਕੁੱਲ ਅਨਾਜ ਦੀ 405 ਮਿਲੀਅਨ ਟਨ ਅਤੇ ਕਪਾਹ ਦੀ 120 ਮਿਲੀਅਨ ਟਨ ਹੋਵੇਗੀ। ਤੇਲ ਬੀਜਾਂ ਅਤੇ ਦਾਲਾਂ ਦੇ ਉਤਪਾਦਨ ਵਿੱਚ ਵੀ ਲਾਜ਼ਮੀ ਵਾਧਾ ਹੋਣਾ ਚਾਹੀਦਾ ਹੈ ਕਿਉਂਕਿ ਭਾਰਤ ਸਾਲਾਨਾ 14 ਤੋਂ 15 ਮਿਲੀਅਨ ਟਨ ਖਾਣ ਵਾਲੇ ਤੇਲ ਅਤੇ 4 ਤੋਂ 5 ਮਿਲੀਅਨ ਟਨ ਦਾਲਾਂ ਦੂਜੇ ਦੇਸ਼ਾਂ ਤੋਂ ਮੰਗਵਾ ਰਿਹਾ ਹੈ। ਖ਼ੁਰਾਕੀ ਅਤੇ ਆਰਥਿਕ ਸੁਰੱਖਿਆ ਕਾਇਮ ਰੱਖਣ ਲਈ ਲੋੜ ਹੈ ਕਿ ਬਹੁ-ਅਨੁਸ਼ਾਸਨੀ ਖੋਜ (ਇਥੋਂ ਤਕ ਕਿ ਜੈਨੇਟਿਕ-ਸੋਧ ਤਕਨੀਕਾਂ ਅਪਣਾਅ ਕੇ ਵੀ) ਅਤੇ ਵਿਕਾਸ ਦੀਆਂ ਗਤੀਵਿਧੀਆਂ ਨੂੰ ਮਜ਼ਬੂਤ ਕਰ ਕੇ ਤਕਨਾਲੋਜੀਆਂ ਪੈਦਾ ਕੀਤੀਆਂ ਜਾਣ ਜੋ ਜ਼ਮੀਨ, ਪਾਣੀ ਅਤੇ ਵਾਤਾਵਰਣ ਦੀ ਸੰਭਾਲ ਕਰਦੇ ਹੋਏ ਖੇਤੀ ਉਤਪਾਦਨ ਵਧਾਉਣ ਦੀ ਸਮਰੱਥਾ ਨੂੰ ਵਧਾਉਣ। ਵਾਸਤਵ ਵਿੱਚ ਜਿਵੇਂ ਜਿਵੇਂ ਉਤਪਾਦਨ ਦੇ ਕੁਦਰਤੀ ਸਰੋਤ (ਜ਼ਮੀਨ, ਪਾਣੀ, ਜੈਵ ਵਿਭਿੰਨਤਾ) ਸੁੰਗੜਦੇ ਜਾ ਰਹੇ ਹਨ, ਘੱਟ ਤੋਂ ਘੱਟ ਜ਼ਮੀਨ, ਪਾਣੀ ਅਤੇ ਹੋਰ ਨਿਵੇਸ਼ਾਂ (ਖਾਦ, ਕੀਟਨਾਸ਼ਕਾਂ, ਊਰਜਾ) ਦੀ ਵਰਤੋਂ ਨਾਲ ਵੱਧ ਤੋਂ ਵੱਧ ਉਤਪਾਦਨ ਕਰਦੇ ਜਾਣ ਨੂੰ ਕਾਇਮ ਰੱਖਣ ਦੀ ਲੋੜ ਹੋਏਗੀ।

### 3. ਪੌਸ਼ਟਿਕ ਖੁਰਾਕ ਸੁਰੱਖਿਆ ਲਈ ਬਾਗਬਾਨੀ ਆਧੁਨਿਕੀਕਰਨ ਦੀ ਲੋੜ

ਕਿਉਂਕਿ ਅਨਾਜ ਆਧਾਰਿਤ ਖੇਤੀ-ਆਰਥਿਕ ਵਿਕਾਸ ਵਿੱਚ ਗਿਰਾਵਟ ਆਈ ਹੈ, ਇਸ ਕਰਕੇ ਪੰਜਾਬ ਸਰਕਾਰ ਅਤੇ ਖੇਤੀਬਾੜੀ ਆਧੁਨਿਕੀਕਰਨ ਨੀਤੀ ਨਿਰਮਾਤਾਵਾਂ ਨੂੰ ਸਥਾਨਿਕ (ਜ਼ਮੀਨ ਅਤੇ ਪਾਣੀ)-ਅਨੁਕੂਲਤਾ ਦੇ ਆਧਾਰ ’ਤੇ ਆਮਦਨੀ ਵਧਾਉਣ, ਪੌਸ਼ਟਿਕ ਤੌਰ ’ਤੇ ਭਰਪੂਰ ਰੁਜ਼ਗਾਰ ਪੈਦਾ ਕਰਨ ਅਤੇ ਵੱਧ ਮੁੱਲ ਵਾਲੇ ਫਲ ਅਤੇ ਸਬਜ਼ੀਆਂ ਦੀ ਕਾਸ਼ਤ ਦੇ ਉਤਪਾਦਨ ਵੱਲ ਧਿਆਨ ਦੇਣ ਦੀ ਲੋੜ ਹੈ। ਭਾਰਤ ਵਿੱਚ 2018-19 ਦੌਰਾਨ ਫਲ ਅਤੇ ਸਬਜ਼ੀਆਂ ਦਾ ਉਤਪਾਦਨ ਲਗਪਗ 320 ਮਿਲੀਅਨ ਟਨ ਸੀ ਜਦ ਕਿ ਇਕ ਅਨੁਮਾਨ ਅਨੁਸਾਰ ਸਾਲ 2050 ਤੱਕ ਇਨ੍ਹਾਂ ਦੀ ਮੰਗ ਲਗਪਗ 650 ਮਿਲੀਅਨ ਟਨ ਹੋਵੇਗੀ।

ਇਸ ਵੇਲੇ ਪੰਜਾਬ ਵਿੱਚ ਫ਼ਸਲਾਂ ਹੇਠ ਕੁੱਲ ਰਕਬੇ ਵਿੱਚੋਂ ਫਲ ਅਤੇ ਸਬਜ਼ੀਆਂ ਦੇ

ਉਤਪਾਦਨ ਅਧੀਨ ਸਿਰਫ 4 ਪ੍ਰਤੀਸ਼ਤ ਹੈ ਜਦ ਕਿ ਸਾਰੇ ਭਾਰਤ ਦੇ ਪੱਧਰ ’ਤੇ ਇਹ 8 ਪ੍ਰਤੀਸ਼ਤ ਤੋਂ ਵੀ ਜ਼ਿਆਦਾ ਹੈ। ਖੁਰਾਕ, ਪੋਸ਼ਣ ਅਤੇ ਆਮਦਨੀ ਸਥਿਰਤਾ ਦੀ ਪ੍ਰਾਪਤੀ ਲਈ ਵੱਧ ਰਹੀਆਂ ਮੰਗਾਂ ਦੇ ਮੱਦੇਨਜ਼ਰ ਪੰਜਾਬ ਨੂੰ ਅਗਲੇ ਪੰਜ ਸਾਲਾਂ ਵਿੱਚ ਘੱਟੋ ਘੱਟ 10 ਪ੍ਰਤੀਸ਼ਤ ਰਕਬੇ ਨੂੰ ਫਲਾਂ ਅਤੇ ਸਬਜ਼ੀਆਂ ਦੇ ਉਤਪਾਦਨ ਅਧੀਨ ਲਿਆਉਣ ਦਾ ਟੀਚਾ ਰੱਖਣਾ ਚਾਹੀਦਾ ਹੈ। ਇਹ ਸੁਨਿਸ਼ਚਿਤ ਕਰਨ ਲਈ ਕਿ ਆਧੁਨਿਕ ਬਾਗਬਾਨੀ ਇੱਕ ਟਿਕਾਊ ਅਤੇ ਵਿਵਹਾਰਕ ਕਿੱਤਾ ਬਣ ਜਾਵੇ, ਕਿਸਾਨ ਭਾਈਚਾਰੇ ਨੂੰ ਪ੍ਰੋਤਸਾਹਨ (ਤਕਨੀਕੀ, ਵਿੱਤੀ, ਵਿਸ਼ੇਸ਼ ਹੁਨਰ ਵਿਕਾਸ, ਆਦਿ) ਦੇਣ ਦੀ ਜ਼ਰੂਰਤ ਹੈ ਤਾਂ ਜੋ ਉਹ ਫਲਾਂ ਅਤੇ ਸਬਜ਼ੀਆਂ ਦੇ ਉਤਪਾਦਨ-ਪ੍ਰਬੰਧਨ, ਪ੍ਰੋਸੈਸਿੰਗ ਅਤੇ ਮੰਡੀਕਰਨ ਨੂੰ ਆਧੁਨਿਕ ਤਕਨੀਕਾਂ ਆਧਾਰਿਤ ਉੱਚ ਉਤਪਾਦਕ, ਲਾਭਕਾਰੀ ਅਤੇ ਰੁਜ਼ਗਾਰ ਪੈਦਾ ਕਰਨ ਵਾਲੇ ਕਿੱਤੇ ਵਜੋਂ ਵਿਕਸਤ ਕਰਨ। ਇਸ ਲਈ ਇਨ੍ਹਾਂ ਨਾਸ਼ਵਾਨ ਫ਼ਸਲਾਂ ਦੇ ਉਤਪਾਦਨ, ਵਾਢੀ ਤੋਂ ਬਾਅਦ ਦੇ ਪ੍ਰਬੰਧਨ, ਬਰਬਾਦੀ ਹੋਣ ਨੂੰ ਘਟਾਉਣ ਅਤੇ ਮੰਡੀਕਰਨ ਲਈ ਵਿਸ਼ੇਸ਼ ਲੋੜਾਂ ਆਧਾਰਿਤ ਬੁਨਿਆਦੀ ਸਹੂਲਤਾਂ (ਆਧੁਨਿਕ ਮੰਡੀ-ਢਾਂਚਾ, ਏਕੀਕ੍ਰਿਤ ਕੋਲਡ-ਚੇਨ, ਕੋਲਡ ਸਟੋਰੇਜ, ਢੋਅ-ਢੁਆਈ ਆਦਿ) ਨੂੰ ਸੁਧਾਰਨ ਵੱਲ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।

ਬਾਗਬਾਨੀ ਖੇਤਰ ਨੂੰ ਸੰਪੂਰਨ ਤੌਰ ’ਤੇ ਵਿਕਸਤ ਕਰਨ ਦੀ ਜ਼ਰੂਰਤ ਹੈ ਤਾਂ ਕਿ ਬਾਗਬਾਨੀ ਸੈਕਟਰ ਦੇ ਸਾਰੇ ਬਾਗਬਾਨੀ ਉਤਪਾਦਾਂ (ਫਲ, ਸਬਜ਼ੀਆਂ, ਫੁੱਲ, ਚਿਕਿਤਸਕ ਪੌਦਿਆਂ ਦੀਆਂ ਫ਼ਸਲਾਂ) ਦੇ ਉਤਪਾਦਨ ਨੂੰ ਵਧਾਇਆ ਜਾਵੇ, ਪੋਸ਼ਣ ਸੁਰੱਖਿਆ ਅਤੇ ਕਿਸਾਨਾਂ ਦੀ ਆਮਦਨੀ ਵਿੱਚ ਸੁਧਾਰ ਕੀਤਾ ਜਾਵੇ, ਆਧੁਨਿਕ ਵਿਗਿਆਨਕ ਤਕਨਾਲੋਜੀ ਦਾ ਵਿਕਾਸ ਅਤੇ ਪ੍ਰਸਾਰ ਹੋਵੇ ਅਤੇ ਰੁਜ਼ਗਾਰ ਪੈਦਾ ਕਰਨ ਦੇ ਮੌਕੇ ਪੈਦਾ ਕੀਤੇ ਜਾ ਸਕਣ। ਇਸ ਲਈ ਪੰਜਾਬ ਐਗਰੀਕਲਚਰਲ ਯੁਨੀਵਰਸਿਟੀ, ਸੂਬੇ ਦੇ ਬਾਗਬਾਨੀ ਨਾਲ ਸੰਬੰਧਿਤ ਵਿਭਾਗ ਅਤੇ ਕੇਂਦਰੀ ਯੋਜਨਾਵਾਂ ਜਿਵੇਂ ਕਿ ਰਾਸ਼ਟਰੀ ਬਾਗਬਾਨੀ ਮਿਸ਼ਨ ਅਤੇ ਹੋਰ ਸੰਸਥਾਵਾਂ ਦੁਆਰਾ ਕਾਫੀ ਚੰਗੀ ਖੋਜ ਅਤੇ ਵਿਕਾਸ ਹੋ ਰਿਹਾ ਹੈ। ਇਸ ਸਮੇਂ ਪੰਜਾਬ ਵਿੱਚ ਸੈਂਟਰ ਆਫ਼ ਐਕਸੇਲੈਂਸ ਕਰਤਾਰਪੁਰ ਵਿਖੇ ਸਬਜ਼ੀਆਂ ਲਈ, ਹੁਸ਼ਿਆਰਪੁਰ ਵਿਖੇ ਫਲਾਂ ਲਈ ਅਤੇ ਜਲੰਧਰ ਵਿਖੇ ਆਲੂਆਂ ਲਈ ਹਨ। ਇਸੇ ਤਰ੍ਹਾਂ ਦੇ ਖੇਤਰ ਬਾਕੀ ਫਲਾਂ (ਲੀਚੀ, ਅਮਰੂਦ, ਬੇਰ, ਅੰਗੂਰ, ਅੰਬ, ਨਾਸ਼ਪਾਤੀ, ਆੜੂ ਤੇ ਆਂਵਲਾ) ਅਤੇ ਸਬਜ਼ੀਆਂ ਲਈ ਵਿਕਸਤ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਆਧੁਨਿਕ ਸਹੂਲਤਾਂ ਦੇ ਨਾਲ ਵਿਸ਼ਵ ਪੱਧਰੀ ਉਤਪਾਦਨ, ਪ੍ਰੋਸੈਸਿੰਗ ਅਤੇ ਮਾਰਕੀਟਿੰਗ ਤਕਨਾਲੋਜੀ ਵਿਕਾਸ ਕਰਕੇ ਪ੍ਰਦਰਸ਼ਤ ਕੀਤੀ ਜਾਵੇ।

ਭਾਵੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਰਾਜ ਦੇ ਬਾਗਬਾਨੀ ਵਿਭਾਗ ਅਤੇ ਕੇਂਦਰੀ ਯੋਜਨਾਵਾਂ ਜਿਵੇਂ ਕਿ ਰਾਸ਼ਟਰੀ ਬਾਗਬਾਨੀ ਮਿਸ਼ਨ ਅਤੇ ਹੋਰ ਸੰਸਥਾਵਾਂ ਵਿਖੇ ਕਾਫੀ ਚੰਗੀ ਖੋਜ ਅਤੇ ਵਿਕਾਸ ਹੋ ਰਿਹਾ ਹੈ ਪਰ ਫਿਰ ਵੀ ਬਾਗਬਾਨੀ ਦੇ ਆਧੁਨਿਕੀਕਰਨ ਲਈ ਜਲਵਾਯੂ ਲੱਚਕੀਲ ਫ਼ਸਲਾਂ ਦੀਆਂ ਕਿਸਮਾਂ ਤਿਆਰ ਕਰਨ ਅਤੇ ਫ਼ਸਲ, ਜ਼ਮੀਨ, ਪਾਣੀ,

ਖਾਦ, ਕੀਟਨਾਸ਼ਕਾਂ ਅਤੇ ਮਸ਼ੀਨਾਂ ਦੇ ਕੁਸ਼ਲ ਪ੍ਰਬੰਧਨਾਂ ਲਈ ਆਧੁਨਿਕ ਤਕਨੀਕਾਂ ਵਿਕਸਤ ਕਰਨ ਨੂੰ ਪਹਿਲ ਦੇਣੀ ਚਾਹੀਦੀ ਹੈ। ਇਸ ਦੇ ਨਾਲ-ਨਾਲ ਮੁੱਲ ਵਧਾਉਣ, ਪੱਕਣ ਦੇ ਮਾਪਦੰਡਾਂ ਨੂੰ ਸੋਧਣ, ਵਾਢੀ ਦੀਆਂ ਤਕਨੀਕਾਂ, ਸਟੋਰੇਜ, ਕੋਲਡ-ਚੇਨਜ਼, ਗਰੇਡਿੰਗ ਅਤੇ ਪੈਕਜਿੰਗ, ਦੂਰ ਦੀਆਂ ਮੰਡੀਆਂ ਵੱਲ ਢੋਅ-ਢੁਆਈ ਅਤੇ ਹੋਰ ਸੰਬੰਧਿਤ ਖੇਤਰਾਂ ਲਈ ਆਧੁਨਿਕ ਤਕਨੀਕਾਂ ਵਿਕਸਤ ਕਰਨ ਦੀ ਜ਼ਰੂਰਤ ਹੈ। ਬਾਗਬਾਨੀ ਦੇ ਉਤਪਾਦਾਂ ਦੀ ਬਰਬਾਦੀ (ਜੋ ਲਗਪਗ 30 ਪ੍ਰਤੀਸ਼ਤ ਤਕ ਹੋ ਸਕਦੀ ਹੈ) ਨੂੰ ਘਟਾਉਣ ਲਈ ਪ੍ਰੋਸੈਸਿੰਗ ਉਦਯੋਗ ਅਤੇ ਕੋਲਡ-ਸਟੋਰੇਜ ਸਹੂਲਤਾਂ ਦਾ ਵਿਕਾਸ ਬਹੁਤ ਮਹੱਤਵਪੂਰਨ ਹੈ।

ਬਾਗਬਾਨੀ ਦਾ ਆਧੁਨਿਕੀਕਰਨ ਕਰਨ ਵਾਸਤੇ ਸੰਬੰਧਿਤ ਕਿਸਾਨਾਂ ਨੂੰ ਵਾਢੀ ਤੋਂ ਪਹਿਲਾਂ ਅਤੇ ਵਾਢੀ ਤੋਂ ਬਾਅਦ ਉਤਪਾਦਾਂ ਦੀ ਸੰਭਾਲ, ਨਰਸਰੀ ਦੇ ਪਰਬੰਧਨ, ਕਾਸ਼ਤ ਦੇ ਤਰੀਕਿਆਂ, ਨੈੱਟ-ਹਾਊਸ ਤੇ ਗ੍ਰੀਨ-ਹਾਊਸ ਵਿੱਚ ਉੱਚ-ਤਕਨੀਕ ਉਤਪਾਦਨ, ਨੁਕਸਾਨਦੇਹ ਕੀਟ ਕੰਟਰੋਲ, ਵਾਢੀ ਪ੍ਰਕਿਰਿਆ, ਪੱਕਣ ਦੀ ਅਵਸਥਾ, ਕੁਆਲਟੀ ਕੰਟਰੋਲ ਅਤੇ ਨਾਸ਼ਵਾਨ ਉਤਪਾਦਾਂ ਦੀ ਮੰਡੀਕਰਨ ਬਾਰੇ ਵਿਸ਼ੇਸ਼ ਸਿਖਲਾਈ ਮੁਹੱਈਆ ਕਰਵਾਉਣ ਦੀ ਵੀ ਜ਼ਰੂਰਤ ਹੈ।

ਚੰਗੀ ਕੁਆਲਿਟੀ ਦੇ ਬੀਜਾਂ ਅਤੇ ਸਿਹਤਮੰਦ ਪਨੀਰੀ ਦੀ ਉਪਲੱਬਧਤਾ ਇੱਕ ਮੁੱਢਲੀ ਜ਼ਰੂਰਤ ਹੈ। ਰਾਜ ਵਿੱਚ ਵੇਚੇ ਗਏ ਬੀਜਾਂ ਦੀ ਸਹੀ ਪ੍ਰਮਾਣਿਕਤਾ ਨੂੰ ਯਕੀਨੀ ਬਣਾਉਣ ਲਈ ਇੱਕ ਵੱਖਰੀ ਬੀਜ ਨੀਤੀ ਤਿਆਰ ਕਰਨ ਦੀ ਲੋੜ ਹੈ। ਵਧੇਰੇ ਪੈਦਾਵਾਰ ਦੇਣ ਵਾਲੀਆਂ ਕਿਸਮਾਂ/ਹਾਈਬ੍ਰਿਡਾਂ ਦੇ ਬੀਜ ਉਤਪਾਦਨ ਕਰਨ ਦੀ ਵਿਧੀ ਨੂੰ ਮਜ਼ਬੂਤ ਕਰਨ ਲਈ "ਪਲਾਂਟਿੰਗ ਮੈਟੀਰੀਅਲ ਅਤੇ ਨਰਸਰੀ ਐਕਟ 1961" ਵਿੱਚ ਸੋਧ ਕਰ ਕੇ ਕਿਸਾਨਾਂ ਨੂੰ ਬਿਮਾਰੀ ਰਹਿਤ ਬਿਜਾਈ ਸਮੱਗਰੀ ਉਪਲੱਬਧ ਕਰਵਾਈ ਜਾ ਸਕਦੀ ਹੈ। ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਐਸੋਸੀਏਸ਼ਨਾਂ ਬਣਾਉਣੀਆਂ ਚਾਹੀਦੀਆਂ ਹਨ ਤਾਂ ਜੋ ਉਹ ਇਨ੍ਹਾਂ ਉਤਪਾਦਾਂ ਦੇ ਉਤਪਾਦਨ ਅਤੇ ਮੰਡੀਕਰਨ ਜੋਖਮ ਤੋਂ ਮੁਕਤ ਹੋ ਸਕਣ।

### 4. ਮੰਡੀਆਂ ਵਿੱਚ ਸਵੀਕਾਰਤ ਉਤਪਾਦਨ ਕਰਨ ਦੀ ਜ਼ਰੂਰਤ

ਜਦੋਂ ਲੋਕਾਂ ਦੀਆਂ ਖੁਰਾਕ ਖਾਣ ਦੀਆਂ ਆਦਤਾਂ ਬਦਲਦੀਆਂ ਜਾ ਰਹੀਆਂ ਹਨ ਅਤੇ ਘਰੇਲੂ ਤੇ ਵਿਸ਼ਵ ਮੰਡੀ ਵਿੱਚ ਗੁਣਵੱਤਾ ਪ੍ਰਤੀ ਜਾਗਰੂਕਤਾ ਵਧ ਰਹੀ ਹੈ, ਪੰਜਾਬ ਵਿੱਚ ਆਧੁਨਿਕੀਕਰਨ ਨੀਤੀਆਂ ਦੇ ਅਧੀਨ ਖੇਤੀ ਆਰਥਿਕ ਪੁਨਰ ਸੁਰਜੀਤ ਕਰਨਾ ਖੇਤੀ ਉਤਪਾਦਾਂ ਦਾ ਉਤਪਾਦਨ (ਉਤਪਾਦਾਂ ਦੀਆਂ ਕਿਸਮਾਂ, ਮਾਤਰਾ, ਗੁਣਵੱਤਾ ਅਤੇ ਕੀਮਤਾਂ ਦੇ ਸੰਦਰਭ ਵਿੱਚ) ਖਪਤਕਾਰਾਂ ਦੀਆਂ ਲੋੜਾਂ ਅਤੇ ਮੰਡੀਆਂ ਦੁਆਰਾ ਮੰਗ ਮੁਤਾਬਿਕ ਕਰਨਾ ਬਹੁਤ ਮਹੱਤਵਪੂਰਨ ਹੈ। ਇਸ ਤੋਂ ਇਲਾਵਾ ਜਦੋਂ ਕਿ ਅਨਾਜ (ਮੁੱਖ ਤੌਰ 'ਤੇ ਝੋਨਾ-ਕਣਕ) ਆਧਾਰਿਤ ਆਰਥਿਕ ਵਿਕਾਸ ਦੀ ਦਰ ਘਟ ਰਹੀ ਹੈ ਅਤੇ ਝੋਨਾ ਤੇ ਕਣਕ ਵੇਚਣ ਵਿੱਚ ਮੁਸ਼ਕਿਲਾਂ ਵਧ ਰਹੀਆਂ ਹਨ ਅਗਲਾ ਖੇਤੀਬਾੜੀ ਆਧਾਰਿਤ ਆਰਥਿਕ ਇਨਕਲਾਬ ਉੱਚ-ਮੁੱਲ ਵਾਲੀਆਂ ਫ਼ਸਲਾਂ ਅਤੇ ਹੋਰ ਗ਼ੈਰ-ਅਨਾਜ (Non-food grain) ਉਤਪਾਦਾਂ ਦੀ ਮੰਗ ਅਤੇ ਆਮਦਨੀ ਆਧਾਰਿਤ ਆਉਣਾ ਚਾਹੀਦਾ ਹੈ। ਕੁੱਝ ਉਤਪਾਦਾਂ ਜਿਵੇਂ ਤਾਜ਼ੇ

ਅਤੇ ਪ੍ਰੋਸੈਸਡ ਫਲ ਅਤੇ ਸਬਜ਼ੀਆਂ, ਬਾਸਮਤੀ ਚਾਵਲ, ਫੁੱਲਾਂ ਦੀ ਖੇਤੀ, ਸੋਇਆਬੀਨ ਉਤਪਾਦ, ਸ਼ਹਿਦ, ਮਸ਼ਰੂਮ (ਖੁੰਬਾਂ), ਆਦਿ ਨੂੰ "ਅਤੀ ਫੋਕਸ ਆਈਟਮਾਂ" ਵਜੋਂ ਮੰਨਿਆ ਜਾ ਸਕਦਾ ਹੈ ਅਤੇ ਨਿਰਯਾਤ ਲਈ ਅੱਗੇ ਵਧਾਇਆ ਜਾ ਸਕਦਾ ਹੈ। ਜੈਵਿਕ ਖੇਤੀ ਉਤਪਾਦਨ ਦੇ ਤੇਜ਼ੀ ਨਾਲ ਵਿਸਥਾਰ ਕਾਰਨ ਪ੍ਰਭਾਵੀ ਪ੍ਰਮਾਣੀਕਰਨ ਦੇ ਪ੍ਰਸਤਾਵਿਤ ਮਾਪਦੰਡਾਂ (ਖੇਤ ਤੋਂ ਖਪਤਕਾਰ) ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ।

ਅਸਲ ਵਿੱਚ ਵੱਖ-ਵੱਖ ਫ਼ਸਲਾਂ ਅਤੇ ਉਨ੍ਹਾਂ ਦੀਆਂ ਕਿਸਮਾਂ ਦੀ ਚੋਣ ਅਤੇ ਉਨ੍ਹਾਂ ਦੇ ਉਤਪਾਦਨ (ਮਾਤਰਾ ਅਤੇ ਗੁਣਵਤਾ) ਦੀਆਂ ਯੋਜਨਾਵਾਂ ਮੰਡੀਆਂ ਦੀ ਮੰਗ ਅਨੁਸਾਰ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਫ਼ਸਲਾਂ ਤੇ ਕਿਸਮਾਂ ਦੇ ਹੇਠ ਰਕਬਾ ਅਤੇ ਉਨ੍ਹਾਂ ਦੇ ਉਤਪਾਦਨ ਨੂੰ ਵਧਾਉਣ ਜਾਂ ਘਟਾਉਣ ਵੱਲ ਤਰਜੀਹ ਦੇਣੀ ਚਾਹੀਦੀ ਹੈ ਜਿਨ੍ਹਾਂ ਦੇ ਉਤਪਾਦਾਂ (ਤਾਜ਼ੇ ਅਤੇ ਪ੍ਰੋਸੈਸਡ) ਦੀ ਘਰੇਲੂ ਅਤੇ ਵਿਸ਼ਵ ਮੰਡੀਆਂ ਵਿੱਚ ਸਵੀਕਾਰਤਾ ਅਤੇ ਵਿਕਰੀ ਹੋ ਸਕੇ। ਇਸ ਨਾਲ ਕਈ ਫ਼ਸਲਾਂ ਦੇ ਵਧੇਰੇ ਉਤਪਾਦਨ ਹੋ ਜਾਣ ਦੇ ਨਾਲ ਗਲੱਟ (ਖ਼ਾਸਕਰ ਨਾਸ਼ਵਾਨ ਸਬਜ਼ੀਆਂ, ਫਲ, ਆਦਿ) ਪੈਦਾ ਹੋਣ ਅਤੇ ਦੂਜੀਆਂ ਕਈ ਫ਼ਸਲਾਂ ਦੀ ਘਾਟ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਵਿੱਚ ਸਹਾਇਤਾ ਮਿਲੇਗੀ, ਉਤਪਾਦਾਂ ਦੀ ਬਰਬਾਦੀ ਘਟੇਗੀ, ਲਾਭਕਾਰੀ ਮੰਡੀਆਂ ਦੀ ਭਾਲ ਕਰਨ ਵਿੱਚ ਮੁਸ਼ਕਿਲਾਂ ਘਟਣਗੀਆਂ, ਕਿਸਾਨਾਂ ਦੇ ਲਾਭ ਅਤੇ ਆਮਦਨੀ ਵਿੱਚ ਵਾਧਾ ਹੋਏਗਾ ਅਤੇ ਉਨ੍ਹਾਂ ਉੱਪਰ ਆਰਥਿਕ ਤਣਾਉ ਘਟ ਜਾਵੇਗਾ। ਸਰਕਾਰ ਅਤੇ ਖੇਤੀਬਾੜੀ ਨਾਲ ਜੁੜੇ ਵਿਭਾਗਾਂ (ਉਤਪਾਦਨ ਤੋਂ ਲੈ ਕੇ ਮੰਡੀਕਰਨ ਤੱਕ) ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਨੂੰ ਖੇਤਰ-ਨਿਸ਼ਚਿਤ ਵਿਸ਼ੇਸ਼ ਸੇਧ (ਤਕਨੀਕੀ, ਵਿਤੀ, ਸਿਖਲਾਈ ਆਦਿ) ਦੇਣ ਅਤੇ ਉਨ੍ਹਾਂ ਦੀ ਸਹਾਇਤਾ ਕਰਨ ਲਈ ਇਹ ਵੀ ਦੱਸਣ ਕਿ ਖਪਤਕਾਰਾਂ, ਬਜ਼ਾਰਾਂ ਅਤੇ ਉਦਯੋਗਾਂ ਦੁਆਰਾ ਮੰਗੀਆਂ ਵਿਸ਼ੇਸ਼ਤਾਵਾਂ ਅਨੁਸਾਰ ਭਵਿੱਖ ਵਿੱਚ ਵਧੇਰੇ ਝਾੜ ਦੇਣ ਵਾਲੀਆਂ ਫ਼ਸਲਾਂ ਅਤੇ ਉਨ੍ਹਾਂ ਦੀਆਂ ਕਿਸਮਾਂ ਦੇ ਵਿਕਾਸ ਵੱਲ ਵੀ ਧਿਆਨ ਹੋਣਾ ਚਾਹੀਦਾ ਹੈ।

ਇਸ ਸਮੇਂ ਇੰਟਰਨੈੱਟ ਨਾਲ ਜੁੜੇ ਖੇਤਰ/ਗ੍ਰਾਮ ਪੱਧਰੀ "ਮੰਡੀਕਰਨ-ਉਤਸ਼ਾਹਿਤ ਕਰਨ ਸੈੱਲ ਅਤੇ "ਮਾਰਕੀਟ ਇੰਟੈਲੀਜੈਂਸ ਸੈੱਲ" ਦੀ ਸਥਾਪਨਾ ਕਰਨ ਦੀ ਲੋੜ ਹੈ ਤਾਂ ਕਿ ਪੰਜਾਬ ਦੇ ਅਨੁਕੂਲਤਾ ਵਾਲੀਆਂ ਖੇਤੀ ਜਿਣਸਾਂ, ਖਾਸ ਕਰਕੇ ਫਲ, ਸਬਜ਼ੀਆਂ ਅਤੇ ਹੋਰ ਉਤਪਾਦਾਂ ਲਈ, ਵੱਖ-ਵੱਖ ਭਾਰਤੀ ਰਾਜਾਂ ਅਤੇ ਅੰਤਰਰਾਸ਼ਟਰੀ ਮੰਡੀਆਂ ਦੀ ਮੰਗ, ਭਵਿੱਖੀ ਜ਼ਰੂਰਤਾਂ ਦੇ ਤਾਜ਼ਾ ਰੁਝਾਨਾਂ, ਲੋੜੀਂਦੀ ਵਸਤੂ-ਵਿਸ਼ੇਸ਼ ਗੁਣਵੱਤਾ ਦੇ ਘਰੇਲੂ ਤੇ ਵਿਦੇਸ਼ੀ ਮਿਆਰ ਅਤੇ ਹੋਰ ਸੰਬੰਧਿਤ ਜਾਣਕਾਰੀ ਤੇਜ਼ੀ ਨਾਲ ਕਿਸਾਨਾਂ ਅਤੇ ਹੋਰ ਖੇਤੀਬਾੜੀ ਨਾਲ ਸੰਬੰਧਿਤ ਵਿਭਾਗਾਂ ਤੱਕ ਪਹੁੰਚਾਈ ਜਾ ਸਕੇ।

## 5. ਉੱਚ ਗੁਣਵੱਤਾ ਵਾਲੇ ਖੇਤੀਬਾੜੀ ਉਤਪਾਦਨ- ਸਮੇਂ ਦੀ ਮੰਗ

ਹੁਣ ਸਮਾਂ ਆ ਗਿਆ ਹੈ ਜਦ ਪੰਜਾਬ ਵਿੱਚ ਖੇਤੀਬਾੜੀ ਦੇ ਆਧੁਨਿਕ ਵਿਕਾਸ ਕਰਨ ਦਾ ਮੁੱਖ ਉਦੇਸ਼ ਸਿਰਫ ਖੇਤੀ ਉਤਪਾਦਨ ਵਧਾਉਣ ਤੱਕ ਹੀ ਸੀਮਿਤ ਨਹੀਂ ਰਹਿਣਾ ਚਾਹੀਦਾ ਸਗੋਂ ਇਸ ਦੇ ਨਾਲ-ਨਾਲ ਉੱਚ-ਉਤਪਾਦਕਤਾ, ਉੱਚ-ਗੁਣਵੱਤਾ, ਪੋਸ਼ਣ-

ਸੁਰੱਖਿਆ ਅਤੇ ਉੱਚ-ਆਮਦਨੀ ਕਾਇਮ ਰੱਖਣ ਵਾਲਾ ਖੇਤੀਬਾੜੀ-ਇਨਕਲਾਬ ਲਿਆਉਣ ਦੀ ਜ਼ਰੂਰਤ ਹੈ। ਅਸਲ ਵਿੱਚ ਦੇਸ਼ ਵਿੱਚ ਹਰੀ ਕ੍ਰਾਂਤੀ ਦੇ ਯੁੱਗ ਦੌਰਾਨ ਉਤਪਾਦਾਂ ਦੀ ਗੁਣਵੱਤਾ ਅਤੇ ਪੋਸ਼ਣ-ਸੁਰੱਖਿਆ ਨੂੰ ਕਾਇਮ ਰੱਖਣ ਨੂੰ ਲੋੜੀਂਦੀ ਮਹੱਤਤਾ ਨਾ ਦਿੱਤੇ ਜਾਣ ਕਾਰਨ ਭਾਰਤੀ ਲੋਕਾਂ ਵਿੱਚ ਅੰਦਰੋ ਅੰਦਰ ਕੁਪੋਸ਼ਣ ਅਤੇ ਪ੍ਰਦੂਸ਼ਿਤ-ਭੋਜਨ ਨੇ ਮਾਨਵ-ਸਿਹਤ ਸੰਬੰਧਿਤ ਗੰਭੀਰ ਮਾੜਾ ਰੂਪ ਧਾਰਨ ਕਰ ਲਿਆ ਹੈ। ਦੇਸ਼ ਵਿੱਚ ਹਰ ਸਾਲ ਖੇਤੀ ਉਤਪਾਦਨ ਵਿੱਚ ਵਾਧਾ ਹੁੰਦੇ ਜਾਣ ਨੂੰ ਅਤੇ ਮੌਜੂਦਾ 295 ਮਿਲੀਅਨ ਟਨ ਤੋਂ ਵੱਧ ਅਨਾਜ ਅਤੇ 320 ਮਿਲੀਅਨ ਟਨ ਤੋਂ ਵੱਧ ਫਲ ਅਤੇ ਸਬਜ਼ੀਆਂ ਦੇ ਰਿਕਾਰਡ ਉਤਪਾਦਨ ਹੋਣ ਨੂੰ ਉਦੋਂ ਤੱਕ ਇੱਕ ਵੱਡੀ ਪ੍ਰਾਪਤੀ ਨਹੀਂ ਮੰਨਿਆ ਜਾ ਸਕਦਾ ਜਦੋਂ ਤਕ ਭਾਰਤ ਵਿੱਚ ਤਕਰੀਬਨ 20 ਕਰੋੜ ਲੋਕ ਖੁਰਾਕ ਅਤੇ ਪੋਸ਼ਣ ਸੰਬੰਧੀ ਗੰਭੀਰ ਅਸੁਰੱਖਿਅਤਾ ਤੋਂ ਪੀੜਤ ਹਨ। ਸਨ 2020 ਦੀ ਰੀਪੋਰਟ ਦੇ ਅਨੁਸਾਰ ਭੁੱਖ-ਮਰੀ ਦੇ ਵੱਡੀ ਪੱਧਰ ’ਤੇ ਫੈਲਾਅ ਵਿੱਚ ਭਾਰਤ ਵਿਸ਼ਵ ਦੇ 107 ਦੇਸ਼ਾਂ ਵਿੱਚੋਂ 94ਵੇਂ ਸਥਾਨ ’ਤੇ ਹੈ ਜੋ ਬੰਗਲਾਦੇਸ਼, ਪਾਕਿਸਤਾਨ ਅਤੇ ਨੇਪਾਲ ਤੋਂ ਕਾਫੀ ਪਿੱਛੇ ਹੈ। ਸੰਯੁਕਤ ਰਾਸ਼ਟਰ ਦੇ ਖੁਰਾਕ ਅਤੇ ਖੇਤੀਬਾੜੀ ਸੰਗਠਨ (FAO) ਦੀ ਇੱਕ ਰਿਪੋਰਟ ਅਨੁਸਾਰ ਭਾਰਤ ਦੀ ਲਗਪਗ 15 ਪ੍ਰਤੀਸ਼ਤ ਆਬਾਦੀ ਕੁਪੋਸ਼ਣ ਤੋਂ ਪ੍ਰਭਾਵਤ ਹੈ। ਵੱਖ-ਵੱਖ ਰਿਪੋਰਟਾਂ ਦੇ ਅਨੁਸਾਰ ਭਾਰਤ ਵਿੱਚ ਤਕਰੀਬਨ 33 ਪ੍ਰਤੀਸ਼ਤ ਬਾਲਗ ਆਬਾਦੀ ਗੰਭੀਰ ਊਰਜਾ ਦੀ ਘਾਟ ਤੋਂ ਗ੍ਰਸਤ ਹੈ, ਲਗਪਗ 49 ਪ੍ਰਤੀਸ਼ਤ ਬੱਚੇ ਘੱਟ ਭਾਰ ਵਾਲੇ ਹਨ ਅਤੇ 20 ਪ੍ਰਤੀਸ਼ਤ ਬੱਚਿਆਂ ਦੀ ਪੋਸ਼ਣ ਦੀ ਸਥਿਤੀ ਬਹੁਤ ਮਾੜੀ ਹੈ। ਪੰਜਾਬ ਦੀ ਪੇਂਡੂ ਬਾਲਗ ਆਬਾਦੀ (ਖਾਸ ਤੌਰ ’ਤੇ ਛੋਟੇ ਕਿਸਾਨ) ਜ਼ਿਆਦਾ ਤਰ ਊਰਜਾ ਦੀ ਘਾਟ ਨਾਲ ਜੂਝ ਰਹੀ ਹੈ। ਇਸ ਲਈ ਖੇਤੀ ਆਧੁਨਿਕੀਕਰਨ ਦੀ ਯੋਜਨਾ ਅਧੀਨ ਖੁਰਾਕ ਤੇ ਪੋਸ਼ਣ ਸੁਰੱਖਿਅਤਾ ਨੂੰ ਯਕੀਨੀ ਬਣਾਉਣ ਵਾਸਤੇ ਅਨਾਜ (ਝੋਨਾ ਅਤੇ ਕਣਕ) ਦੇ ਉਤਪਾਦਨ ਵਧਾਉਣ ਦੇ ਨਾਲ-ਨਾਲ ਵਧੀਆ ਕੁਆਲਿਟੀ ਵਾਲੀਆਂ ਅਨਾਜ ਦੀਆਂ ਕਿਸਮਾਂ ਅਤੇ ਪੌਸ਼ਟਿਕ (ਪ੍ਰੋਟੀਨ, ਖਣਿਜ, ਵਿਟਾਮਿਨ,ਆਦਿ ਭਰਪੂਰ) ਸਬਜ਼ੀਆਂ, ਫਲ, ਖਾਣ ਵਾਲੇ ਤੇਲਬੀਜ, ਮਸ਼ਰੂਮ (ਖੁੰਬਾਂ) ਆਦਿ ਦਾ ਵੱਡੇ ਪੱਧਰ ’ਤੇ ਉਤਪਾਦਨ ਕਰਨਾ ਜ਼ਰੂਰੀ ਹਿਸਾ ਹੋਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਇਹ ਤੱਥ ਹੈ ਕਿ ਜ਼ਿਆਦਾ ਤਰ ਖਪਤਕਾਰ, ਮੰਡੀਆਂ, ਉਦਯੋਗ ਅਤੇ ਨਿਰਯਾਤ ਕਰਨ ਵਾਲੇ ਅਦਾਰੇ ਉਤਪਾਦਾਂ ਦੀ ਗੁਣਵੱਤਾ (ਪ੍ਰੋਟੀਨ, ਖਣਿਜ, ਵਿਟਾਮਿਨ, ਆਦਿ, ਅਤੇ ਖਾਸ ਕਰ ਨੁਕਸਾਨਦਾਇਕ ਕੀਟਨਾਸ਼ਕਾਂ ਦੀ ਰਹਿੰਦ ਖੂੰਹਦ) ਬਾਰੇ ਵਧੇਰੇ ਜਾਗਰੂਕ ਅਤੇ ਚਿੰਤਤ ਹੁੰਦੇ ਜਾ ਰਹੇ ਹਨ। ਕਈ ਦੇਸ਼ ਖੇਤੀ ਉਤਪਾਦਾਂ ਦੀ ਗੁਣਵੱਤਾ ਨਿਰਧਾਰਤ ਕਰਨ ਤੋਂ ਬਿਨਾਂ ਆਯਾਤ ਨਹੀਂ ਕਰਦੇ। ਪੰਜਾਬ ਵਿੱਚ ਖੇਤੀਬਾੜੀ ਆਧੁਨਿਕੀਕਰਨ ਦੀਆਂ ਯੋਜਨਾਵਾਂ ਨੂੰ ਇਸ ਤੱਥ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਕੀਟਨਾਸ਼ਕਾਂ, ਖਾਦਾਂ ਅਤੇ ਹੋਰ ਖੇਤੀ ਰਸਾਇਣਾਂ ਦੀ ਅਕੁਸ਼ਲ ਵਰਤੋਂ ਕਾਰਨ ਕੀਟਨਾਸ਼ਕਾਂ ਦੇ ਰਹਿੰਦ-ਖੂੰਹਦ ਅਤੇ ਹੋਰ ਜ਼ਹਿਰੀਲੇ ਤੱਤਾਂ ਦੇ ਖੇਤੀ ਉਤਪਾਦਾਂ ਵਿੱਚ ਵਧਦੇ ਜਾਣ ਕਾਰਨ ਖੁਰਾਕੀ ਉਤਪਾਦਾਂ ਦੀ ਗੁਣਵੱਤਾ ਵਿੱਚ ਗਿਰਾਵਟ ਆਉਣ ਦੀ ਸਮੱਸਿਆ ਚਿੰਤਾਜਨਕ ਬਣਦੀ ਜਾ ਰਹੀ ਹੈ।

ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ ਉਨ੍ਹਾਂ ਫ਼ਸਲਾਂ ਅਤੇ ਕਿਸਮਾਂ ਦੀ ਕਾਸ਼ਤ ਕੀਤੀ ਜਾਵੇ ਜਿਨ੍ਹਾਂ ਦੇ ਉਤਪਾਦਾਂ (ਤਾਜ਼ੇ ਜਾਂ ਪ੍ਰੋਸੈੱਸਡ) ਦੀ ਗੁਣਵੱਤਾ ਉਪਭੋਗਤਾ, ਉਦਯੋਗ ਅਤੇ ਨਿਰਯਾਤ ਕਰਨ ਵਾਲੇ ਅਦਾਰਿਆਂ ਨੂੰ ਸਵੀਕਾਰ ਹੋਵੇ। ਅਸਲ ਵਿੱਚ ਆਧੁਨਿਕ ਖੋਜ ਨੂੰ ਵਿੱਤੀ ਮਦਦ ਦੇ ਨਾਲ ਉਤਸ਼ਾਹਿਤ ਕਰਨ ਦੀ ਜ਼ਰੂਰਤ ਹੈ ਤਾਂ ਜੋ ਰਵਾਇਤੀ ਤਕਨੀਕਾਂ ਦੁਆਰਾ ਅਤੇ ਅਤੀ-ਆਧੁਨਿਕ ਤਕਨਾਲੋਜੀਆਂ (ਬਾਇਓ-ਟੈਕਨਾਲੋਜੀ, ਨੈਨੋ-ਟੈਕਨਾਲੋਜੀ, ਜੈਨੇਟਿਕ ਇੰਜੀਨੀਅਰਿੰਗ ਆਦਿ) ਦੁਆਰਾ ਉੱਚ-ਉਤਪਾਦਕਤਾ ਅਤੇ ਉੱਚ ਗੁਣਵੱਤਾ (ਪ੍ਰੋਟੀਨ, ਖਣਿਜ, ਵਿਟਾਮਿਨ, ਆਦਿ ਅਤੇ ਖਾਸ ਕਰ ਨੁਕਸਾਨਦਾਇਕ ਕੀਟਨਾਸ਼ਕ ਮੁਕਤ) ਵਾਲੀਆਂ ਫ਼ਸਲਾਂ ਅਤੇ ਉਨ੍ਹਾਂ ਦੀਆਂ ਕਿਸਮਾਂ ਦਾ ਵਿਕਾਸ ਕੀਤਾ ਜਾਵੇ ਜਿਨ੍ਹਾਂ ਦੇ ਉਤਪਾਦਾਂ ਦੇ ਗੁਣ ਉਪਭੋਗਤਾ, ਮੰਡੀਆਂ, ਨਿਰਯਾਤ ਕਰਨ ਵਾਲੇ ਅਦਾਰਿਆਂ ਅਤੇ ਉਦਯੋਗਾਂ ਨੂੰ ਸਵੀਕਾਰ ਹੋਣ।

ਅਗਲਾ ਤਕਨਾਲੋਜੀ ਆਧਾਰਿਤ ਹਰਾ ਇਨਕਲਾਬ ਸਰਕਾਰ ਵਲੋਂ ਲੋੜੀਂਦੀ ਮਾਲੀ, ਤਕਨੀਕੀ ਤੇ ਹੁਨਰ-ਵਿਕਾਸ ਦੀ ਸਹਾਇਤਾ ਨਾਲ ਖੇਤੀ-ਉਤਪਾਦਾਂ ਦੀ ਗੁਣਵੱਤਾ ਬਾਰੇ ਚੇਤਨਾ ਆਧਾਰਿਤ ਹੋਣਾ ਚਾਹੀਦਾ ਹੈ ਤਾਂ ਕਿ ਘਰੇਲੂ ਅਤੇ ਵਿਸ਼ਵ ਮੰਡੀਆਂ ਵਿੱਚ ਉਤਪਾਦਾਂ ਦੀ ਸਵੀਕ੍ਰਿਤੀ ਆਧਾਰਿਤ ਕਿਸਾਨਾਂ ਦੀ ਆਮਦਨ ਵਧਾਈ ਜਾ ਸਕੇ। ਇਸ ਲਈ ਲੋੜ ਹੈ ਕਿ ਕਿਸਾਨਾਂ, ਉੱਦਮੀਆਂ ਅਤੇ ਵਪਾਰੀਆਂ ਨੂੰ ਮੰਡੀ-ਲੋੜੀਂਦੇ ਗੁਣਵੱਤਾ ਮਾਪਦੰਡਾਂ ਬਾਰੇ ਸਿਖਲਾਈ ਦਿੱਤੀ ਜਾਵੇ ਤਾਂ ਕਿ ਉਹ ਉੱਚ ਗੁਣਵੱਤਾ ਦੇ ਉਤਪਾਦ ਪੈਦਾ ਕਰਕੇ ਮੰਡੀਆਂ ਵਿੱਚ ਵੱਧ ਤੋਂ ਵੱਧ ਲਾਭ/ਕੀਮਤਾਂ ਪ੍ਰਾਪਤ ਕਰ ਸਕਣ। ਇਸ ਦੇ ਨਾਲ-ਨਾਲ ਵੱਖ-ਵੱਖ ਖੇਤਰਾਂ ਵਿੱਚ ਅਤੀ-ਆਧੁਨਿਕ ਗੁਣਵੱਤਾ ਪਰਖ ਪਰਯੋਗਸ਼ਾਲਾਵਾਂ ਸਥਾਪਿਤ ਕਰ ਕੇ ਕਿਸਾਨਾਂ ਨੂੰ ਉਤਪਾਦਾਂ ਦੀ ਗੁਣਵੱਤਾ ਕਾਇਮ ਰੱਖਣ ਲਈ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ। ਇਸ ਤਰ੍ਹਾਂ ਪੰਜਾਬ ਭਰੋਸੇਯੋਗ ਕੁਆਲਿਟੀ-ਉਤਪਾਦ ਕਰਨ ਵਾਲਾ ਸੂਬਾ ਹੋਣ ਕਰਕੇ ਪ੍ਰਸਿੱਧ ਹੋਵੇਗਾ, ਮੁਕਾਬਲੇ ਦੀਆਂ ਮੰਡੀਆਂ ਵਿੱਚ ਉਤਪਾਦਾਂ ਦੀ ਮੰਗ ਨੂੰ ਵਧਾਉਣ ਵਿੱਚ ਮਦਦ ਹੋਏਗੀ ਅਤੇ ਬਦਲੇ ਵਿੱਚ ਕਿਸਾਨੀ ਤੋਂ ਆਮਦਨੀ ਵਧਾਈ ਜਾ ਸਕੇਗੀ।

## 6. ਜਲਵਾਯੂ ਸਮਾਰਟ ਖੇਤੀ ਨੂੰ ਉਤਸ਼ਾਹਿਤ ਕਰਨ ਦਾ ਸਮਾਂ

ਖੇਤੀਬਾੜੀ ਆਧੁਨਿਕੀਕਰਨ ਨੀਤੀ ਬਣਾਉਣ ਵੇਲੇ ਜਲਵਾਯੂ, ਖੇਤੀਬਾੜੀ ਅਤੇ ਆਰਥਿਕ ਵਿਕਾਸ ਦੇ ਵਿਚਕਾਰ ਗੂੜ੍ਹੇ ਸੰਬੰਧਾਂ ਬਾਰੇ ਖਾਸ ਨੋਟਿਸ ਲੈਣਾ ਜ਼ਰੂਰੀ ਹੈ। ਭਾਰਤ ਵਿੱਚ ਮੌਸਮੀ ਤਬਦੀਲੀ ਬਾਰੇ ਅੰਤਰ-ਸਰਕਾਰੀ ਪੈਨਲ ਅਨੁਸਾਰ ਤਾਪਮਾਨ ਵਿੱਚ ਸਾਲ 2050 ਤੱਕ 0.88-3.16 ਡਿਗਰੀ ਸੈਂਟੀਗਰੇਡ ਅਤੇ 21 ਵੀਂ ਸਦੀ ਦੇ ਅੰਤ ਤੱਕ 1.56-5.8 ਡਿਗਰੀ ਸੈਂਟੀਗਰੇਡ ਵਾਧਾ ਹੋਣ ਦਾ ਅਨੁਮਾਨ ਹੈ। ਜਲਵਾਯੂ ਪਰਿਵਰਤਨ ਨਾਲ ਸੰਬੰਧਿਤ ਜਿਵੇਂ ਹੜ੍ਹ, ਸੋਕਾ, ਤੂਫਾਨ, ਬੀਮਾਰੀਆਂ ਅਤੇ ਕੀੜੇ-ਮਕੌੜਿਆਂ ਦੇ ਹਮਲੇ ਅਤੇ ਹੋਰ ਸਮੱਸਿਆਵਾਂ ਦੀ ਬਾਰੰਬਾਰਤਾ ਵਧ ਜਾਣ ਕਰਕੇ ਖੇਤੀਬਾੜੀ ਉਤਪਾਦਕਤਾ ਅਤੇ ਮੁਨਾਫੇ ਵਿੱਚ ਵਾਧਾ ਕਰਨ, ਫ਼ਸਲ ਦੀ ਵਾਢੀ ਤੋਂ ਬਾਅਦ ਉਤਪਾਦਾਂ ਦੇ ਕੁਸ਼ਲ ਪ੍ਰਬੰਧਨ, ਪ੍ਰੋਸੈਸਿੰਗ ਅਤੇ ਮੰਡੀਕਰਨ ਵਿੱਚ ਆ ਰਹੀਆਂ ਬਹੁਤ ਸਾਰੀਆਂ ਮੁਸ਼ਕਿਲਾਂ ਨਾਲ ਨਜਿਠਣਾ

ਖੇਤੀ ਖੋਜ ਸੰਸਥਾਵਾਂ ਅਤੇ ਕਿਸਾਨਾਂ (ਖਾਸ ਕਰਕੇ ਛੋਟੇ ਅਤੇ ਸੀਮਾਂਤ ਕਿਸਾਨ) ਲਈ ਸਭ ਤੋਂ ਵੱਡੀਆਂ ਚੁਣੌਤੀਆਂ ਬਣਦੀਆਂ ਜਾ ਰਹੀਆਂ ਹਨ। ਮੌਸਮ ਵਿੱਚ ਤਬਦੀਲੀ ਆਉਣ ਨਾਲ ਸੰਭਾਵਨਾ ਹੈ ਕਿ 2050 ਤੱਕ ਭਾਰਤ ਵਿੱਚ ਖੇਤੀਬਾੜੀ ਦੀ ਸਮਰੱਥਾ ਵਿੱਚ 40 ਪ੍ਰਤੀਸ਼ਤ ਤਕ ਗਿਰਾਵਟ ਆ ਜਾਵੇ ਜਿਸ ਨਾਲ ਖੁਰਾਕ ਅਤੇ ਹੋਰ ਖੇਤੀ ਪਦਾਰਥਾਂ ਦੀ ਘਾਟ ਹੋ ਸਕਦੀ ਹੈ। ਇੱਕ ਅਨੁਮਾਨ ਹੈ ਕਿ ਤਾਪਮਾਨ ਵਿੱਚ 2 ਡਿਗਰੀ ਸੈਂਟੀਗਰੇਡ ਦੇ ਵਾਧੇ ਅਤੇ ਮੌਨਸੂਨ ਵਿੱਚ ਪਰਿਵਰਤਨ ਦੇ ਨਤੀਜੇ ਵਜੋਂ ਖੁਰਾਕ ਦੇ ਉਤਪਾਦਨ ਵਿੱਚ 15-40 ਪ੍ਰਤੀਸ਼ਤ ਅਤੇ ਬਾਰਿਸ਼ ’ਤੇ ਨਿਰਭਰ ਖੇਤਰਾਂ ਵਿੱਚ ਖੇਤੀ ਉਤਪਾਦਕਤਾ ਵਿੱਚ 50 ਪ੍ਰਤੀਸ਼ਤ ਤੱਕ ਗਿਰਾਵਟ ਹੋ ਸਕਦੀ ਹੈ। ਜਲਵਾਯੂ ਤਬਦੀਲੀ ਦੇ ਖੇਤੀਬਾੜੀ ’ਤੇ ਮਾੜੇ ਪ੍ਰਭਾਵਾਂ ਨੂੰ ਘੱਟ ਤੋਂ ਘੱਟ ਕਰਨ ਲਈ ਸਰਕਾਰ ਅਤੇ ਵਿੱਤੀ ਪ੍ਰਬੰਧਕਾਂ ਨੂੰ ਉਨ੍ਹਾਂ ਪ੍ਰੋਜੈਕਟਾਂ ਲਈ ਨਿਵੇਸ਼ ਵਧਾਉਣ ’ਤੇ ਵਧੇਰੇ ਤਰਜੀਹ ਦੇਣੀ ਚਾਹੀਦੀ ਹੈ ਜੋ ਜਲਵਾਯੂ ਨਿਰੋਧਕ ਤਕਨਾਲੋਜੀ ਪੈਦਾ ਕਰਨ ਲਈ ਬੁਨਿਆਦੀ ਸਹੂਲਤਾਂ ਦਾ ਵਿਸਤਾਰ ਕਰਨ।

ਖੇਤੀਬਾੜੀ ਦੇ ਆਧੁਨਿਕੀਕਰਨ ਕਾਰਜ ਯੋਜਨਾਵਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉੱਚ ਖੇਤੀਬਾੜੀ ਉਤਪਾਦਕਤਾ ਤੇ ਲਾਭ ਵਿੱਚ ਵਾਧਾ ਅਤੇ ਜਲਵਾਯੂ ਤਬਦੀਲੀ ਦੇ ਮਾੜੇ ਪ੍ਰਭਾਵਾਂ ਵਿੱਚ ਕਮੀ ਇੱਕੋ ਸਮੇਂ ਹੀ ਕੀਤੇ ਜਾ ਸਕਣ। ਇਸ ਲਈ ਬਹੁ-ਅਨੁਸ਼ਾਸਨੀ ਖੋਜ ਅਤੇ ਵਿਕਾਸ ਦੇ ਯਤਨਾਂ ਨਾਲ ਖੇਤਰ ਨਿਸ਼ਚਿਤ ਫ਼ਸਲਾਂ, ਪਾਣੀ, ਖਾਦ ਅਤੇ ਕੀਟ ਪ੍ਰਬੰਧਨ ਤਕਨਾਲੋਜੀਆਂ ਤਿਆਰ ਕਰਨ ਦੀ ਲੋੜ ਹੈ ਜੋ ਮੌਸਮ ਦੀ ਤਬਦੀਲੀ ਨਾਲ ਜੁੜੇ ਜੋਖਮਾਂ ਦੇ ਮਾੜੇ ਪ੍ਰਭਾਵਾਂ ਨੂੰ ਸਹਿ ਕੇ ਖੇਤੀ-ਆਰਥਿਕ ਵਿਕਾਸ ਨੂੰ ਯਕੀਨੀ ਵਾਧੇ ਵਲ ਰੱਖ ਸਕਣ। ਮੌਸਮ ਅਨੁਕੂਲ ਫ਼ਸਲਾਂ ਦੀਆਂ ਕਿਸਮਾਂ ਵਿਕਸਤ ਕਰਨ ਦੀ ਵੀ ਜ਼ਰੂਰਤ ਹੈ।

ਅਸਲ ਵਿੱਚ, ਆਧੁਨਿਕ ਤਕਨਾਲੋਜੀ ਆਧਾਰਿਤ ਜਲਵਾਯੂ ਅਨੁਕੂਲ ਖੇਤੀਬਾੜੀ ਦਾ ਨਿਰਮਾਣ ਕਰਨ ਦੀ ਜ਼ਰੂਰਤ ਹੈ ਤਾਂ ਜੋ ਖੇਤੀ ਉੱਪਰ ਮੌਸਮੀ ਤਬਦੀਲੀ ਦੇ ਨੁਕਸਾਨ ਦੇ ਪਰਭਾਵਾਂ ਨੂੰ ਘਟਾਇਆ ਜਾ ਸਕੇ ਅਤੇ ਉੱਚ ਖੇਤੀ ਉਤਪਾਦਕਤਾ, ਪੋਸ਼ਣ ਅਤੇ ਆਮਦਨੀ ਵਾਧੇ ਵੱਲ ਕਾਇਮ ਰੱਖੇ ਜਾ ਸਕਣ। ਖੇਤੀਬਾੜੀ ਆਧੁਨਿਕੀਕਰਨ ਨੀਤੀਆਂ ਦੇ ਅਧੀਨ ਕਿਸਾਨ ਭਾਈਚਾਰੇ ਦਾ ਸ਼ਕਤੀਕਰਨ (ਤਕਨੀਕੀ, ਵਿੱਤੀ, ਸਿਖਲਾਈ ਆਦਿ) ਦੀ ਜ਼ਰੂਰਤ ਹੈ ਤਾਂ ਜੋ ਉਹ ਜਲਵਾਯੂ ਪਰਿਵਰਤਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਸਮਰੱਥ ਬਣ ਸਕਣ ਅਤੇ ਉੱਚ ਖੇਤੀ ਉਤਪਾਦਕਤਾ, ਮੁਨਾਫੇ ਅਤੇ ਆਮਦਨੀ ਨੂੰ ਯਕੀਨੀ ਵਾਧੇ ਵੱਲ ਬਣਾਈ ਰੱਖਣ।

ਇੱਕ ਵਿਆਪਕ ਖੇਤੀ ਜੋਖਮ ਪ੍ਰਬੰਧਨ ਨੀਤੀ ਦੀ ਲੋੜ ਹੈ ਤਾਂ ਕਿ ਕਿਸਾਨਾਂ ਨੂੰ ਵੱਖ-ਵੱਖ ਕਿਸਮ ਦੇ ਖੇਤੀ ਜੋਖਮਾਂ ਦੇ ਅਚਨਚੇਤ ਸੰਕਟ ਜਿਹੀਆਂ ਸਥਿਤੀਆਂ ਤੋਂ ਤੇਜ਼ੀ ਨਾਲ ਬਚਾਉਣ, ਆਰਥਿਕ ਨੁਕਸਾਨ (ਉਤਪਾਦਨ ਤੋਂ ਮਾਰਕੀਟਿੰਗ ਤੱਕ) ਨੂੰ ਘਟਾਉਣ, ਰਾਹਤ ਦੀ ਪਹੁੰਚ, ਖੇਤੀ ਪੁਨਰਵਾਸ ਕਰਨ ਆਦਿ ਲਈ ਬਹੁ-ਅਨੁਸ਼ਾਸਨੀ ਕੋਸ਼ਿਸ਼ਾਂ ਨੂੰ ਯਕੀਨੀ ਬਣਾਇਆ ਜਾ ਸਕੇ।

## 7. ਜ਼ਮੀਨ ਅਤੇ ਪਾਣੀ ਦੀ ਸਹੀ ਸੰਭਾਲ- ਇੱਕ ਬੁਨਿਆਦੀ ਜ਼ਰੂਰਤ

ਪੰਜਾਬ ਵਿੱਚ ਖੇਤੀਬਾੜੀ ਆਧੁਨਿਕੀਕਰਨ ਦੇ ਯੋਜਨਾਕਾਰਾਂ ਦੁਆਰਾ ਜਿਸ ਗੱਲ ਵਲ ਸੱਭ ਤੋਂ ਵੱਧ ਧਿਆਨ ਦੇਣ ਦੀ ਲੋੜ ਹੈ ਉਹ ਹੈ ਉੱਚ ਉਤਪਾਦਕਤਾ, ਮੁਨਾਫਾਖੋਰੀ, ਆਮਦਨੀ ਅਤੇ ਖੇਤੀਬਾੜੀ ਆਧਾਰਿਤ ਆਰਥਿਕ ਵਿਕਾਸ ਨੂੰ ਵਾਧੇ ਵਲ ਕਾਇਮ ਰੱਖਣ ਵਿੱਚ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਨਿਰੰਤਰ ਗਿਰਾਵਟ ਅਤੇ ਜਲ ਸਰੋਤਾਂ (ਖਾਸ ਕਰਕੇ ਧਰਤੀ ਹੇਠਲਾ ਪਾਣੀ) ਦੇ ਘੱਟਦੇ ਜਾਣ ਕਾਰਨ ਪੈਦਾ ਹੋ ਰਹੇ ਸੰਕਟ ਜੋ ਸਭ ਤੋਂ ਵੱਡਾ ਖ਼ਤਰਾ ਬਣਦੇ ਜਾ ਰਹੇ ਹਨ। ਅਸਲ ਵਿੱਚ ਸਾਡੇ ਦੇਸ਼ ਵਿੱਚ ਜ਼ਮੀਨ ਅਤੇ ਪਾਣੀ ਅਤੇ ਨਿਵੇਸ਼ਾਂ (ਪਾਣੀ, ਖਾਦਾਂ, ਕੀਟਨਾਸ਼ਕ ਤੇ ਊਰਜਾ) ਦੀ ਗ਼ੈਰ-ਯੋਜਨਾਬੱਧ ਅਤੇ ਅਕੁਸ਼ਲ ਵਰਤੋਂ ਦੀਆਂ ਗਤੀਵਿਧੀਆਂ ਨੂੰ ਨਿਯੰਤਰਿਤ ਕਰਨ ਲਈ ਕੋਈ ਨਿਯਮਬੱਧ ਪ੍ਰਣਾਲੀ ਨਹੀਂ ਹੈ ਜਿਸ ਕਰਕੇ ਇਨ੍ਹਾਂ ਸਰੋਤਾਂ ਦਾ ਨਿਘਾਰ ਹੋ ਰਿਹਾ ਹੈ। ਪਿਛਲੇ ਕਈ ਦਹਾਕਿਆਂ ਤੋਂ ਉਪਲੱਬਧ ਜ਼ਮੀਨ ਅਤੇ ਪਾਣੀ ਦੀ ਖੇਤੀਬਾੜੀ ਉਤਪਾਦਨ-ਸਮਰੱਥਾ ਅਤੇ ਇਨ੍ਹਾਂ ਦੀ ਫ਼ਸਲ ਸੰਬੰਧੀ ਅਨੁਕੂਲਤਾ ਦੀ ਪਰਵਾਹ ਕੀਤੇ ਬਿਨਾਂ ਤੀਬਰ (Intensive) ਫ਼ਸਲੀ ਪ੍ਰਣਾਲੀਆਂ (ਮੁੱਖ ਤੌਰ ’ਤੇ ਝੋਨਾ ਆਧਾਰਿਤ ਫ਼ਸਲਾਂ) ਨੂੰ ਅਪਣਾਏ ਜਾਣ ਦੇ ਨਤੀਜੇ ਵਜੋਂ ਜ਼ਮੀਨ ਦੀਆਂ ਰਸਾਇਣਕ, ਭੌਤਿਕ ਅਤੇ ਜੈਵਿਕ ਵਿਸ਼ੇਸ਼ਤਾਵਾਂ ਵਿੱਚ ਤਬਦੀਲੀ ਆ ਰਹੀ ਹੈ ਅਤੇ ਖੇਤੀ ਉਤਪਾਦਕਤਾ ਅਤੇ ਮੁਨਾਫੇ ਨੂੰ ਸੀਮਿਤ ਰੱਖਣ ਜਾਂ ਘਟਾਉਣ ਵਾਲੀਆਂ ਗੁੰਝਲਦਾਰ ਸਮੱਸਿਆਵਾਂ ਵਧ ਰਹੀਆਂ ਹਨ। ਜ਼ਮੀਨ ਦੀ ਉਤਪਾਦਨ-ਸਮਰੱਥਾ ਵਿੱਚ ਗਿਰਾਵਟ ਆ ਰਹੀ ਹੈ। ਪੰਜਾਬ ਵਿੱਚ 22 ਲੱਖ ਹੈਕਟੇਅਰ ਤੋਂ ਵੱਧ ਜ਼ਮੀਨ ਦਾ ਨਿਘਾਰ ਹੋ ਰਿਹਾ ਹੈ, ਬਹੁ-ਖੁਰਾਕੀ ਤੱਤਾਂ ਦੀ ਘਾਟ ਵਧ ਰਹੀ ਹੈ, ਜ਼ਮੀਨ ਦੀ ਹੇਠਲੀ ਸਤਿਹ ਵਾਲੀ ਮਿੱਟੀ ਸਖਤ ਹੋ ਰਹੀ ਹੈ ਅਤੇ ਕਈ ਖੇਤਰਾਂ ਵਿੱਚ ਸੇਮ ਤੇ ਕੱਲਰ ਵਧ ਰਹੇ ਹਨ। ਧਰਤੀ ਹੇਠਲੇ ਪਾਣੀ ਦਾ ਪੱਧਰ ਨੀਚੇ (ਹਰ ਸਾਲ 30 ਤੋਂ 70 ਸੈਂਟੀਮੀਟਰ) ਜਾ ਰਿਹਾ ਹੈ ਜਿਸ ਕਰਕੇ ਸਿੰਚਾਈ ਲਈ ਪਾਣੀ ਦੀ ਉਪਲੱਬਧਤਾ ਘਟ ਰਹੀ ਹੈ। “ਕੇਂਦਰੀ ਧਰਤੀ ਹੇਠਲੇ ਪਾਣੀ-ਬੋਰਡ” ਦੇ 2016 ਦੇ ਅੰਕੜਿਆਂ ਅਨੁਸਾਰ ਪੰਜਾਬ ਦੇ 138 ਬਲਾਕਾਂ ਵਿਚੋਂ 110 ਦਾ ਲਗਪਗ 14 ਲੱਖ ਪੰਪਾਂ ਦੁਆਰਾ ਵੱਧ ਪਾਣੀ ਖਿੱਚੇ ਜਾਣ ਨਾਲ ਸ਼ੋਸ਼ਣ ਜਾਰੀ ਹੈ, ਜੋ ਖੇਤੀਬਾੜੀ ਆਧਾਰਿਤ ਆਰਥਿਕ ਵਿਕਾਸ ਲਈ ਇਕ ਵੱਡੀ ਚੁਣੌਤੀ ਹੈ। ਇਸ ਤੋਂ ਇਲਾਵਾ, ਖਾਦਾਂ, ਕੀਟਨਾਸ਼ਕ, ਬਗੈਰ ਸੋਧੇ ਗੰਦੇ ਨਾਲਿਆਂ ਤੇ ਉਦਯੋਗਿਕ-ਪ੍ਰਦੂਸ਼ਿਤ ਪਾਣੀ ਨਾਲ ਫ਼ਸਲਾਂ ਦੀ ਸਿੰਚਾਈ, ਪਾਣੀ, ਕੋਲਾ ਆਧਾਰਿਤ ਥਰਮਲ ਬਿਜਲੀ ਉਤਪਾਦਨ, ਫ਼ਸਲਾਂ ਦੀ ਰਹਿੰਦ-ਖੂੰਹਦ ਦਾ ਸਾੜਨਾ ਅਤੇ ਹੋਰ ਖੇਤੀ ਰਸਾਇਣਾਂ ਦੀ ਅੰਨ੍ਹੇਵਾਹ ਵਰਤੋਂ ਕਰਨ ਨਾਲ ਜ਼ਮੀਨ, ਪਾਣੀ, ਪੌਦਿਆਂ ਅਤੇ ਵਾਤਾਵਰਣ ਵਿੱਚ ਜ਼ਹਿਰੀਲੇ ਪਦਾਰਥ/ਰਸਾਇਣ ਜਮ੍ਹਾਂ ਹੁੰਦੇ ਜਾਣ ਕਰਕੇ ਗੰਭੀਰ ਪ੍ਰਦੂਸ਼ਣ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ।ਇਨ੍ਹਾਂ ਸਮੱਸਿਆਵਾਂ ਕਰਕੇ ਜ਼ਮੀਨ ਵਿੱਚ ਨਿਘਾਰ ਅਤੇ ਪਾਣੀ ਦੀ ਘਾਟ ਦੀਆਂ ਪ੍ਰਕਿਰਿਆਵਾਂ ਖੇਤੀਬਾੜੀ ਉਤਪਾਦਨ ਸਮਰੱਥਾ ਉੱਪਰ ਹਾਵੀ ਹੁੰਦੀਆਂ ਜਾ ਰਹੀਆਂ ਹਨ ਜਿਸ ਕਰਕੇ ਉੱਚ ਖੇਤੀਬਾੜੀ ਉਤਪਾਦਕਤਾ, ਉਤਪਾਦਨ ਕੁਸ਼ਲਤਾ,

ਮੁਨਾਫੇ ਅਤੇ ਖੇਤੀ ਆਰਥਿਕ ਵਿਕਾਸ ਨੂੰ ਯਕੀਨੀ ਵਾਧੇ ਵੱਲ ਕਾਇਮ ਰੱਖਣਾ ਲਗਪਗ ਅਸੰਭਵ ਹੋ ਰਿਹਾ ਹੈ।

ਆਧੁਨਿਕੀਕਰਨ ਕਾਰਵਾਈ ਯੋਜਨਾਵਾਂ ਹੇਠ ਮੁੱਖ ਲੋੜ ਹੈ ਕਿ ਸਹੀ ਗਤੀਸ਼ੀਲ ਭਵਿੱਖਤ ਨੀਤੀਆਂ ਅਤੇ ਕਾਰਜ ਯੋਜਨਾਵਾਂ ਬਣਾਈਆਂ ਜਾਣ ਜੋ ਜ਼ਮੀਨ ਪਤਨ ਅਤੇ ਪਾਣੀ ਘਟਦੇ ਜਾਣ ’ਤੇ ਰੋਕ ਲਗਾਉਣ, ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਅਤੇ ਇਨਪੁਟਸ ਦੀ ਕੁਸ਼ਲ ਵਰਤੋਂ ਕਰਨ ਨੂੰ ਉਤਸ਼ਾਹਿਤ ਕਰਨ। ਇਸ ਸੰਬੰਧ ਵਿੱਚ ਭਾਰਤ ਸਰਕਾਰ ਵੱਲੋਂ ਰਾਸ਼ਟਰੀ ਜਲ ਨੀਤੀ, ਰਾਸ਼ਟਰੀ ਮਿਸ਼ਨ ਆਨ ਸਸਟੇਨੇਬਲ ਐਗਰੀਕਲਚਰ, ਰਾਸ਼ਟਰੀ ਮਿਸ਼ਨ ਆਨ ਜ਼ਮੀਨ-ਸਿਹਤ ਕਾਰਡ ਅਤੇ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ, ਆਦਿ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਪੰਜਾਬ ਸਰਕਾਰ ਵਲੋਂ ਧਰਤੀ ਹੇਠਲੇ ਪਾਣੀ ਦੇ ਘਟਦੇ ਜਾਣ ਨੂੰ ਰੋਕਣ ਲਈ ਸਾਲ 2009 ਤੋਂ Punjab Preservation of Sub-soil Water Act, (ਜਿਸ ਅਨੁਸਾਰ 10 ਜੂਨ ਤੋਂ ਪਹਿਲਾਂ ਝੋਨੇ ਦੀ ਬਿਜਾਈ ਦੀ ਮਨਾਹੀ ਹੈ) ਲਾਗੂ ਕੀਤਾ ਗਿਆ ਹੈ ਜਿਸ ਨਾਲ ਧਰਤੀ ਹੇਠਲੇ ਪਾਣੀ ਦੀ ਸਤਿਹ ਨੂੰ ਨੀਚੇ ਜਾਣ ਤੋਂ ਕੁੱਝ ਹੱਦ ਤੱਕ ਠੱਲ੍ਹ ਪਾਈ ਜਾ ਸਕੀ ਹੈ।

ਆਧੁਨਿਕ ਖੇਤੀਬਾੜੀ ਦੇ ਆਧਾਰ ’ਤੇ ਆਰਥਿਕਤਾ ਵਾਧੇ ਵੱਲ ਕਾਇਮ ਰੱਖਣ ਵਾਸਤੇ ਬਹੁ-ਅਨੁਸ਼ਾਸਨੀ ਖੋਜ, ਵਿਕਾਸ ਅਤੇ ਸੰਬੰਧਿਤ ਸੰਸਥਾਵਾਂ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਹੈ ਤਾਂ ਕਿ ਖੇਤਰ-ਨਿਸ਼ਚਿਤ ਜਲਵਾਯੂ ਅਨੁਕੂਲ ਤਕਨਾਲੋਜੀਆਂ ਤਿਆਰ ਕਰ ਕੇ ਉਪਲੱਬਧ ਜ਼ਮੀਨ ਅਤੇ ਪਾਣੀ ਦੀ ਖੇਤੀ-ਉਤਪਾਦਨ ਸਮਰੱਥਾ ਵਾਧੇ ਵੱਲ ਕਾਇਮ ਰੱਖੀ ਜਾਵੇ, ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਸੁਧਾਰ ਕਰਨ ਵਾਸਤੇ ਜੈਵਿਕ ਮਾਦੇ ਦਾ ਨਿਰਮਾਣ ਕੀਤਾ ਜਾਵੇ, ਵੱਖ-ਵੱਖ ਫ਼ਸਲਾਂ ਅਤੇ ਫ਼ਸਲੀ ਪ੍ਰਣਾਲੀਆਂ ਹੇਠ ਇਨਪੁਟਸ (ਪਾਣੀ, ਖਾਦਾਂ, ਕੀਟਨਾਸ਼ਕ ਅਤੇ ਊਰਜਾ) ਦੀ ਵਰਤੋਂ-ਕੁਸ਼ਲਤਾ ਵਧਾਈ ਜਾਵੇ, ਜ਼ਮੀਨ ਦੀਆਂ ਰਸਾਇਣਕ, ਭੌਤਿਕ ਅਤੇ ਜੈਵਿਕ ਵਿਸ਼ੇਸ਼ਤਾਵਾਂ ਨੂੰ ਸੁਧਾਰਿਆ ਜਾਵੇ, ਵੱਖ-ਵੱਖ ਫ਼ਸਲਾਂ ਵਿੱਚ ਪਾਣੀ ਦੀ ਵਰਤੋਂ-ਕੁਸ਼ਲਤਾ ਵਧਾਉਣ ਵਾਸਤੇ ਤਕਨਾਲੋਜੀਆਂ ਤਿਆਰ ਕੀਤੀਆਂ ਜਾਣ ਤਾਂ ਜੋ ਖੇਤੀਬਾੜੀ ਉਤਪਾਦਨ ਅਤੇ ਨਿਘਾਰ ਪ੍ਰਕਿਰਿਆਵਾਂ ਦੇ ਵਿਚਕਾਰ ਸੰਤੁਲਨ ਪੈਦਾ ਕੀਤਾ ਜਾ ਸਕੇ। ਇਹ ਸਮਝਣਾ ਜ਼ਰੂਰੀ ਹੈ ਕਿ ਜਿਸ ਤਰ੍ਹਾਂ ਜੈਨੇਟਿਕ ਕ੍ਰਾਂਤੀ ਨੇ ਪਿਛਲੇ ਬਹੁਤ ਸਾਰੇ ਦਹਾਕਿਆਂ ਦੌਰਾਨ ਦੇਸ਼ ਦੀਆਂ ਵਧ ਰਹੀਆਂ ਖੁਰਾਕੀ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕੀਤੀ ਹੈ, ਉਸੇ ਤਰ੍ਹਾਂ ਆਧੁਨਿਕ ਤਕਨਾਲੋਜੀਆਂ ਦੇ ਨਾਲ ਜ਼ਮੀਨ, ਪਾਣੀ ਅਤੇ ਇਨਪੁਟਸ ਦੀ ਕੁਸ਼ਲ ਵਰਤੋਂ ਕਰ ਕੇ ਵੱਖ-ਵੱਖ ਫ਼ਸਲਾਂ ਦੀ ਆਰਥਿਕ-ਉਤਪਾਦਕਤਾ ਅਤੇ ਮੁਨਾਫੇ ਵਾਧੇ ਵੱਲ ਕਾਇਮ ਰੱਖਣਾ ਭਵਿੱਖ ਵਿੱਚ ਖੇਤੀਬਾੜੀ ਆਧੁਨਿਕੀਕਰਨ ਯੋਜਨਾਵਾਂ ਦਾ ਟੀਚਾ ਹੋਣਾ ਚਾਹੀਦਾ ਹੈ।

ਕੁਦਰਤੀ ਸਰੋਤਾਂ (ਜ਼ਮੀਨ, ਪਾਣੀ ਅਤੇ ਵਾਤਾਵਰਣ) ਦੀ ਸੰਭਾਲ ਅਤੇ ਖੇਤੀ ਉਤਪਾਦਨ ਵਿਚਕਾਰ ਟਿਕਾਊ ਸੰਤੁਲਨ ਬਣਾਈ ਰੱਖਣ ਵਾਲੀ ਖੇਤੀਬਾੜੀ (Conservation Agriculture) ਅਪਨਾਉਣ ਨੂੰ ਉਤਸ਼ਾਹਿਤ ਕਰਨਾ ਤਕਨਾਲੋਜੀ

ਆਧਾਰਿਤ ਖੇਤੀਬਾੜੀ ਆਧੁਨਿਕੀਕਰਨ ਦਾ ਇਕ ਅਨਿੱਖੜਵਾਂ ਅੰਗ ਹੋਣਾ ਚਾਹੀਦਾ ਹੈ। ਇਸ ਸਿਸਟਮ ਦੇ ਮੁੱਖ ਉਦੇਸ਼ਾਂ ਵਿੱਚ ਕੁਦਰਤੀ ਸਰੋਤਾਂ ਭਾਵ ਜ਼ਮੀਨ, ਪਾਣੀ ਅਤੇ ਵਾਤਾਵਰਣ ਨੂੰ ਨੁਕਸਾਨ ਪਹੁੰਚਾਏ ਬਗੈਰ ਸਦਾ ਲਈ ਉੱਚ ਖੇਤੀ ਉਤਪਾਦਨ ਨੂੰ ਵਾਧੇ ਵੱਲ ਕਾਇਮ ਰੱਖਣਾ; ਜ਼ਮੀਨ ਦੀ ਸਿਹਤ (ਰਸਾਇਣਕ, ਭੌਤਿਕ ਅਤੇ ਜੈਵਿਕ ਗੁਣ) ਵਿੱਚ ਸੁਧਾਰ ਕਰਨਾ; ਜ਼ਮੀਨ ਤੇ ਪਾਣੀ ਦੀ ਅਨੁਕੂਲਤਾ ਆਧਾਰਿਤ ਵਿਭਿੰਨ ਫ਼ਸਲਾਂ ਦੀ ਚੋਣ ਕਰਨਾ; ਜ਼ਮੀਨ ਵਿੱਚ ਜੈਵਿਕ ਪਦਾਰਥ ਨੂੰ ਵਧਾਉਣ ਅਤੇ ਮਿੱਟੀ ਦੀ ਬਣਤਰ ਦੀ ਸੰਭਾਲ ਕਰਨ ਨੂੰ ਉਤਸ਼ਾਹਿਤ ਕਰਨਾ; ਪਾਣੀ ਦੀ ਬੱਚਤ ਕਰਨਾ; ਇਨਪੁਟਸ (ਖਾਦਾਂ, ਪਾਣੀ, ਕੀਟਨਾਸ਼ਕ ਅਤੇ ਮਸ਼ੀਨਰੀ) ਦੀ ਕੁਸ਼ਲ ਵਰਤੋਂ ਕਰਨਾ; ਖੇਤ ਨੂੰ ਘੱਟ ਤੋਂ ਘੱਟ ਵਾਹੁਣਾ; ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਜ਼ਮੀਨ ਵਿੱਚ ਹੀ ਰੱਖਣਾ ਜਾਂ ਵਾਹੁਣਾ ਆਦਿ ਸ਼ਾਮਲ ਹਨ।

ਪੰਜਾਬ ਵਿੱਚ ਮਿੱਟੀ ਪਰਖ ਪ੍ਰਯੋਗਸ਼ਾਲਾਵਾਂ ਅਤੇ ਵਿਸਥਾਰ ਸੇਵਾਵਾਂ ਨੂੰ ਲਾਜ਼ਮੀ ਤੌਰ 'ਤੇ ਇਹ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਹਰੇਕ ਕਿਸਾਨ ਨੂੰ "ਮਿੱਟੀ ਟੈਸਟ ਕਾਰਡ" ਮਿਲੇ ਜਿਸ ਦੁਆਰਾ ਕਿਸਾਨ ਨੂੰ ਉਪਲੱਬਧ ਜ਼ਮੀਨ ਅਤੇ ਪਾਣੀ ਦੇ ਸਰੋਤਾਂ ਦੀ ਖੇਤੀ ਉਤਪਾਦਨ ਸਮਰੱਥਾ, ਮਿੱਟੀ ਅਤੇ ਪਾਣੀ ਦੀ ਅਨੁਕੂਲਤਾ ਆਧਾਰਿਤ ਫ਼ਸਲੀ ਪ੍ਰਣਾਲੀਆਂ ਦੀ ਚੋਣ, ਨਿਘਰਦੀ ਜ਼ਮੀਨ (ਜਿਵੇਂ ਕਿ ਕੱਲਰ ਵਾਲੀ ਜ਼ਮੀਨ) ਤੇ ਪਾਣੀ ਦੇ ਸੁਧਾਰ ਕਰਨ ਅਤੇ ਹੋਰ ਸੰਬੰਧਿਤ ਮੁੱਦਿਆਂ ਬਾਰੇ ਜਾਣਕਾਰੀ ਦੇਣ ਵਿੱਚ ਅਤੇ ਜ਼ਮੀਨ ਅਤੇ ਪਾਣੀ ਦੀ ਪ੍ਰਤੀ ਯੂਨਿਟ ਆਮਦਨੀ ਵਧਾਉਣ ਲਈ ਪ੍ਰਭਾਵਸ਼ਾਲੀ ਫ਼ਸਲ, ਖਾਦ, ਪਾਣੀ, ਊਰਜਾ, ਆਦਿ ਦੀ ਕੁਸ਼ਲ ਵਰਤੋਂ ਕਰਨ ਦੀਆਂ ਪ੍ਰਕਿਰਿਆਵਾਂ ਵਿੱਚ ਕਿਸਾਨਾਂ ਦੀ ਸਹਾਇਤਾ ਹੋ ਸਕੇ।

### 8. ਉੱਚ ਮੁਨਾਫਾ ਕਾਇਮ ਰੱਖਣ ਲਈ ਲੋੜ ਹੈ ਉਤਪਾਦਨ ਕੁਸ਼ਲਤਾ ਵਧਾਉਣ ਦੀ

ਪੰਜਾਬ ਵਿੱਚ ਖੇਤੀਬਾੜੀ ਹੁਣ ਅਜਿਹੇ ਪੜਾਅ 'ਤੇ ਪਹੁੰਚ ਗਈ ਹੈ, ਜਿੱਥੇ ਹਰ ਸਾਲ ਉਤਪਾਦਨ ਵਿੱਚ ਵਾਧੇ ਦੇ ਬਾਵਜੂਦ ਮੁਨਾਫੇ ਘਟਦੇ ਜਾਣ ਕਰਕੇ ਖੇਤੀ ਆਰਥਿਕ ਪੱਖ ਤੋਂ ਲਗਾਤਾਰ ਗ਼ੈਰ-ਲਾਭਦਾਇਕ ਕਿੱਤਾ ਬਣਦੀ ਜਾ ਰਹੀ ਹੈ। ਇਸ ਲਈ ਇਹ ਮਹੱਤਵਪੂਰਨ ਹੈ ਕਿ ਆਧੁਨਿਕੀਕਰਨ ਦੀਆਂ ਪ੍ਰਕਿਰਿਆਵਾਂ ਵਿੱਚ ਸਮੁੱਚੀ ਖੇਤੀਬਾੜੀ ਪ੍ਰਣਾਲੀ ਦੀਆਂ ਵੱਖ-ਵੱਖ ਗਤੀਵਿਧੀਆਂ (ਫ਼ਸਲਾਂ ਉਪਜਾਉਣ, ਉਤਪਾਦਨ ਕਰਨ, ਫ਼ਸਲਾਂ ਦੀ ਵਾਢੀ ਤੋਂ ਪਹਿਲਾਂ ਤੇ ਵਾਢੀ ਤੋਂ ਬਾਅਦ ਦੇ ਪ੍ਰਬੰਧਨ ਅਤੇ ਮੰਡੀਕਰਨ) ਵਿੱਚ ਕੁਸ਼ਲਤਾ ਵਧਾਉਣ ਲਈ ਆਧੁਨਿਕ ਤਕਨਾਲੋਜੀਆਂ ਦਾ ਵਿਕਾਸ ਅਤੇ ਮੌਜੂਦਾ ਤਕਨੀਕਾਂ ਨੂੰ ਸੁਧਾਰਨ ਦਾ ਬਹੁਤ ਵੱਡਾ ਹਿੱਸਾ ਹੋਣਾ ਜ਼ਰੂਰੀ ਹੋਵੇ ਤਾਂ ਜੋ ਖਰਚਿਆਂ ਨੂੰ ਘਟਾਉਣਾ, ਕਿਸਾਨਾਂ ਦੇ ਲਾਭ ਵਾਧੇ ਵੱਲ ਕਾਇਮ ਰੱਖਣਾ ਅਤੇ ਨਾਲ-ਨਾਲ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣਾ ਭਵਿੱਖ ਵਿੱਚ ਖੇਤੀਬਾੜੀ ਦਾ ਮੁੱਖ ਟੀਚਾ ਬਣਨ।ਅਸਲ ਵਿੱਚ ਜਦ ਕੁਦਰਤੀ ਸਰੋਤ (ਜ਼ਮੀਨ,ਪਾਣੀ, ਵਾਤਾਵਰਣ) ਸੁੰਗਰੜਦੇ ਜਾ ਰਹੇ ਹਨ, ਪ੍ਰਤੀ ਯੂਨਿਟ ਵਰਤੇ ਗਏ ਜ਼ਮੀਨ, ਪਾਣੀ, ਖਾਦਾਂ, ਕੀਟਨਾਸ਼ਕ, ਮਸ਼ੀਨਾਂ, ਮਜ਼ਦੂਰੀ ਆਦਿ ਤੋਂ ਵਿਭਿੰਨ ਫ਼ਸਲਾਂ ਦੀ ਵੱਧ ਤੋਂ ਵੱਧ ਉਤਪਾਦਨ ਪੈਦਾ ਕਰਨ ਲਈ ਤਕਨੀਕਾਂ ਵਿਕਸਤ

ਕਰਨ ਦੀ ਜ਼ਰੂਰਤ ਹੈ ਤਾਂ ਜੋ ਉਤਪਾਦਨ ਲਈ ਲਾਗਤਾਂ ਘਟਾ ਕੇ ਮੁਨਾਫਾ ਵਾਧੇ ਵੱਲ ਕਾਇਮ ਰੱਖਿਆ ਜਾ ਸਕੇ।

ਆਧੁਨਿਕ ਖੇਤੀ ਵਿੱਚ ਇਨਪੁਟਸ ਦੀ ਕੁਸ਼ਲ ਵਰਤੋਂ ਯਕੀਨੀ ਹੋਣੀ ਚਾਹਦੀ ਹੈ। ਵੱਖ-ਵੱਖ ਰਿਪੋਰਟਾਂ ਦੇ ਅਨੁਸਾਰ ਖਾਦਾਂ ਦੀ ਵਰਤੋਂ ਦੀ ਕੁਸ਼ਲਤਾ ਬਹੁਤ ਘੱਟ (ਨਾਈਟ੍ਰੋਜਨ 35 ਪ੍ਰਤੀਸ਼ਤ, ਫਾਸਫੋਰਸ 15-20 ਪ੍ਰਤੀਸ਼ਤ, ਪੋਟਾਸ਼ੀਅਮ 70-80 ਪ੍ਰਤੀਸ਼ਤ, ਛੋਟੇ ਤੱਤ 5 ਪ੍ਰਤੀਸ਼ਤ) ਹੈ ਅਤੇ ਉਸ ਨੂੰ ਵਧਾਉਣਾ ਬਹੁਤ ਜ਼ਰੂਰੀ ਹੈ। ਕੀਟਨਾਸ਼ਕਾਂ ਦੀ ਵਰਤੋਂ ਦੀ ਕੁਸ਼ਲਤਾ ਘੱਟ (ਲਗਪਗ 80-90 ਪ੍ਰਤੀਸ਼ਤ ਕੀਟਨਾਸ਼ਕ ਟੀਚੇ ਦੇ ਖੇਤਰ ਤੱਕ ਨਹੀਂ ਪਹੁੰਚਦੇ) ਹੋਣ ਕਰਕੇ ਇਹ ਜ਼ਮੀਨ, ਪਾਣੀ ਤੇ ਵਾਤਾਵਰਣ ਵਿੱਚ ਪ੍ਰਦੂਸ਼ਣ ਦਾ ਸਰੋਤ ਬਣ ਜਾਂਦੇ ਹਨ।

"ਪਾਣੀ-ਸੰਕਟ" ਵਰਗੀ ਸਥਿਤੀ (ਖਾਸ ਕਰਕੇ ਧਰਤੀ ਹੇਠਲੇ ਪਾਣੀ ਦੀ) ਦੀ ਗੰਭੀਰਤਾ ਨੂੰ ਵੇਖਦਿਆਂ ਰਾਜ ਸਰਕਾਰਾਂ ਨੂੰ ਲਾਜ਼ਮੀ ਤੌਰ 'ਤੇ ਕਿਸਾਨਾਂ ਨੂੰ ਉਪਲੱਬਧ ਪਾਣੀ ਦੀ ਕੁਸ਼ਲਤਾ ਨਾਲ ਵਰਤੋਂ (ਪ੍ਰਤੀ ਯੂਨਿਟ ਪਾਣੀ ਨਾਲ ਵਧੇਰੇ ਉਤਪਾਦਨ) ਕਰਨ ਲਈ ਉਤਸ਼ਾਹਿਤ ਕਰਨ ਵੱਲ ਉੱਚ ਤਰਜੀਹ ਦੇਣੀ ਚਾਹੀਦੀ ਹੈ। ਸਿੰਚਾਈ ਦੀ ਰਵਾਇਤੀ ਘੱਟ ਕੁਸ਼ਲ ਖੁਲ੍ਹੀ-ਸਿੰਚਾਈ (40 ਪ੍ਰਤੀਸ਼ਤ ਤੋਂ ਘੱਟ ਕੁਸ਼ਲਤਾ) ਤੋਂ ਬਦਲ ਕੇ ਖੇਲਾਂ ਵਿੱਚ ਸਿੰਚਾਈ (50-55 ਪ੍ਰਤੀਸ਼ਤ ਕੁਸ਼ਲਤਾ), ਉੱਚ ਕੁਸ਼ਲ ਫੁਹਾਰਾ ਸਿੰਚਾਈ (70 ਤੋਂ 75 ਪ੍ਰਤੀਸ਼ਤ ਕੁਸ਼ਲਤਾ) ਅਤੇ ਤੁਪਕਾ ਸਿੰਚਾਈ (90 ਤੋਂ 95 ਪ੍ਰਤੀਸ਼ਤ ਕੁਸ਼ਲਤਾ) ਦਾ ਵਿਸਥਾਰ ਕਰਨ ਨਾਲ ਪਾਣੀ ਬਚਾਅ ਕੇ ਉਤਪਾਦਨ ਤੇ ਖਰਚੇ ਘਟਾਏ ਜਾ ਸਕਦੇ ਹਨ ਅਤੇ ਮੁਨਾਫਾ ਵਧਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਆਧੁਨਿਕ ਊਰਜਾ-ਕੁਸ਼ਲ ਖੇਤੀ-ਸੰਦਾਂ/ਮਸ਼ੀਨਾਂ (ਜਿਵੇਂ ਕਿ ਲੇਜ਼ਰ ਲੈਂਡ ਲੈਵਲਰ, ਬੀਜ ਤੇ ਖਾਦ ਪੋਰਨ ਵਾਲੀ ਡਰਿਲ, ਮਸ਼ੀਨੀ-ਕੀਟਨਾਸ਼ਕ ਸਪਰੇਅਰ, ਰੋਟਾਵੇਟਰ ਆਦਿ) ਦੀ ਸਹੀ ਚੋਣ ਕਰਕੇ ਉਤਪਾਦਨ-ਕੁਸ਼ਲਤਾ ਅਤੇ ਲਾਭ ਤੇ ਆਮਦਨੀ ਵਧਾਏ ਜਾ ਸਕਦੇ ਹਨ। ਸਾਂਝੇ ਸੇਵਾ ਕੇਂਦਰਾਂ ਅਤੇ ਸਾਜ਼ੋ-ਸਾਮਾਨ ਦੀ ਵਰਤੋਂ ਨੂੰ ਰਾਜ ਸਰਕਾਰ ਦੁਆਰਾ ਵੱਡੇ ਪੱਧਰ 'ਤੇ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਕੁਸ਼ਲ ਖੇਤੀ ਉਤਪਾਦਨ ਨੂੰ ਵਧਾਉਣ ਲਈ ਮਸ਼ੀਨੀਕਰਨ ਅਤੇ ਸਵੈ-ਚਾਲਨ (Automation) ਮੁੱਖ ਕਾਰਕ ਹਨ। ਇਸ ਲਈ ਘੱਟ ਊਰਜਾ (Energy) ਦੀ ਜ਼ਰੂਰਤ ਵਾਲੇ ਉਪਕਰਣਾਂ ਜਿਵੇਂ ਕਿ ਜ਼ੀਰੋ ਟਿਲੇਜ ਡਰਿੱਲ, ਸੀਡ-ਕਮ-ਖਾਦ ਡਰਿੱਲ, ਪੌਦ (Seedling) ਲਾਉਣ ਵਾਲੇ ਪਲਾਂਟਰ, ਲੇਜ਼ਰ ਲੈਵਲਰ, ਮਕੈਨੀਕਲ ਕੀਟਨਾਸ਼ਕ ਸਪਰੇਅਰ, ਫਰਟੀਗੇਸ਼ਨ, ਰੋਟਾਵੇਟਰ, ਤੁਪਕਾ ਅਤੇ ਫੁਹਾਰਾ ਸਿੰਚਾਈ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਹੁਣ ਸਮਾਂ ਹੈ ਕਿ ਜੈਵਿਕ ਅਤੇ ਸਿੰਥੈਟਿਕ ਰਸਾਇਣਾਂ ਦੀ ਏਕੀਕ੍ਰਿਤ ਵਰਤੋਂ ਨੂੰ ਵਧੇਰੇ ਤਰਜੀਹ ਦਿੱਤੀ ਜਾਵੇ। ਇਸ ਤਕਨਾਲੋਜੀ ਦੇ ਨਾਲ ਸਥਾਨਿਕ ਜ਼ਮੀਨ, ਪਾਣੀ ਅਤੇ ਵਾਤਾਵਰਣ ਦੀ ਸੰਭਾਲ ਕਰਦੇ ਹੋਏ ਖੇਤੀ ਉਤਪਾਦਕਤਾ ਅਤੇ ਉਤਪਾਦਨ ਕੁਸ਼ਲਤਾ

ਵਧਾਉਣ, ਉਤਪਾਦਨ ਕਰਨ ਲਈ ਲਾਗਤਾਂ ਘਟਾਉਣ, ਪ੍ਰਦੂਸ਼ਣ ਕਾਬੂ ਕਰਨ ਅਤੇ ਕਿਸਾਨਾਂ ਦੀ ਆਮਦਨੀ ਵਧਾਉਣ ਵਿੱਚ ਮਦਦ ਹੋ ਸਕਦੀ ਹੈ। ਜੈਵਿਕ-ਰਸਾਇਣਕ ਏਕੀਕ੍ਰਿਤ ਦੀਆਂ ਖੇਤੀ-ਪ੍ਰਣਾਲੀਆਂ ਅਧੀਨ ਜੈਵਿਕ-ਖਾਦਾਂ (ਦੇਸੀ-ਖਾਦ, ਹਰੀ ਖਾਦ, ਫ਼ਸਲਾਂ ਦੀ ਰਹਿੰਦ ਖੂੰਹਦ, ਜੈਵਿਕ-ਖਾਦ, ਜੈਵਿਕ-ਕੀਟਨਾਸ਼ਕਾਂ, ਜੈਵਿਕ-ਵਿਗਿਆਨਕ ਕੀਟ-ਨਿਯੰਤਰਣ ਅਦਾਰੇ ਫ਼ਸਲੀ ਵਿਭਿੰਨਤਾ ਆਦਿ) ਅਤੇ ਲੋੜ ਅਨੁਸਾਰ ਰਸਾਇਣਕ ਖਾਦ, ਕੀਟਨਾਸ਼ਕਾਂ, ਆਦਿ ਦੀ ਏਕੀਕ੍ਰਿਤ ਅਤੇ ਕੁਸ਼ਲ ਵਰਤੋਂ ਕਰਨ ਦੀ ਸਿਫਾਰਿਸ਼ ਕੀਤੀ ਜਾ ਰਹੀ ਹੈ। ਰਸਾਇਣਕ ਕੀਟਨਾਸ਼ਕਾਂ-ਜੈਵਿਕ ਏਕੀਕ੍ਰਿਤ ਪ੍ਰਬੰਧਨ (ਆਈ ਪੀ ਐਮ) ਕਰਨ ਨਾਲ ਕਪਾਹ ਅਤੇ ਸਬਜ਼ੀਆਂ ਵਿੱਚ ਰਸਾਇਣਕ ਕੀਟਨਾਸ਼ਕਾਂ ਦੀ ਵਰਤੋਂ ਨੂੰ 50 ਪ੍ਰਤੀਸ਼ਤ ਅਤੇ ਹੋਰ ਫ਼ਸਲਾਂ ਤੇ 100 ਪ੍ਰਤੀਸ਼ਤ ਤੱਕ ਘਟਾਉਣ ਵਿੱਚ ਸਹਾਇਤਾ ਕਰ ਸਕਦਾ ਹੈ। ਰਸਾਇਣਕ ਖਾਦਾਂ ਅਤੇ ਜੈਵਿਕ ਖਾਦਾਂ ਦਾ ਏਕੀਕ੍ਰਿਤ ਪ੍ਰਬੰਧਨ (INM) ਫ਼ਸਲਾਂ ਦੇ ਝਾੜ 'ਤੇ ਸਕਾਰਾਤਮਕ ਪ੍ਰਭਾਵਾਂ ਦੇ ਨਾਲ-ਨਾਲ ਨਾਈਟ੍ਰੋਜਨ ਵਾਲੀ ਖਾਦ ਦੇ ਸਿਫਾਰਸ਼ ਕੀਤੇ ਪੱਧਰ ਦੇ 40-50 ਪ੍ਰਤੀਸ਼ਤ ਦੀ ਬੱਚਤ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ। ਅਜਿਹੀ ਗਤੀਸ਼ੀਲ ਬਾਇਓਕੈਮੀਕਲ-ਖੇਤੀ ਪ੍ਰਣਾਲੀ ਅਤੇ ਕੁਸ਼ਲ ਇਨਪੁਟਸ (ਖਾਦਾਂ, ਕੀਟਨਾਸ਼ਕਾਂ ਕੀਟਨਾਸ਼ਕ ਆਦਿ) ਦੀ ਵਰਤੋਂ ਆਧਾਰਿਤ ਖੇਤੀ-ਉਤਪਾਦਨ ਕਰਨ ਲਈ ਘੱਟ ਰਸਾਇਣਕ ਨਿਵੇਸ਼ਾਂ ਦੇ ਨਾਲ ਸਥਿਰ ਉੱਚ ਖੇਤੀ ਉਤਪਾਦਕਤਾ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਜ਼ਮੀਨ ਵਿੱਚ ਜੈਵਿਕ ਮਾਦਾ ਵਧਾਉਣ, ਉਸਦੇ ਭੌਤਿਕ, ਰਸਾਇਣਕ ਅਤੇ ਜੈਵਿਕ ਗੁਣਾਂ ਨੂੰ ਸੁਧਾਰਨ ਅਤੇ ਵਾਤਾਵਰਣ ਦੇ ਪ੍ਰਦੂਸ਼ਣ 'ਤੇ ਕਾਬੂ ਪਾਉਣ ਵਿੱਚ ਵੀ ਸਹਾਇਤਾ ਮਿਲਦੀ ਹੈ।

## 9. ਸੁਨਿਸ਼ਚਿਤ ਖੇਤੀਬਾੜੀ- ਸਮੇਂ ਦੀ ਲੋੜ

ਖੇਤੀਬਾੜੀ ਆਧੁਨਿਕੀਕਰਨ ਨੀਤੀਆਂ ਦੇ ਤਹਿਤ ਰਵਾਇਤੀ ਖੇਤੀ ਤੋਂ ਬਦਲ ਕੇ ਅਤੀ ਆਧੁਨਿਕ ਤਕਨੀਕਾਂ ਆਧਾਰਿਤ ਸੁਨਿਸ਼ਚਿਤ ਖੇਤੀ (Precision farming) ਨੂੰ ਅਪਨਾਉਣਾ ਜ਼ਰੂਰੀ ਹਿੱਸਾ ਹੋਣਾ ਚਾਹੀਦਾ ਹੈ। ਇਸ ਦਾ ਮੁੱਖ ਉਦੇਸ਼ ਖੇਤਰ-ਨਿਸ਼ਚਿਤ ਅਤੇ ਸਥਾਨਕ ਜ਼ਮੀਨ, ਪਾਣੀ ਅਤੇ ਵਾਤਾਵਰਣ ਦੀ ਅਨੁਕੂਲਤਾ ਆਧਾਰਿਤ ਆਧੁਨਿਕ ਸੂਖਮ-ਪ੍ਰਬੰਧਨ ਤਕਨੀਕਾਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਅਪਣਾਅ ਕੇ ਵਿਭਿੰਨ ਫ਼ਸਲਾਂ ਦੀ ਉਤਪਾਦਕਤਾ, ਉਤਪਾਦਨ-ਕੁਸ਼ਲਤਾ ਅਤੇ ਲਾਭ ਲਗਾਤਾਰ ਵਾਧੇ ਵੱਲ ਕਾਇਮ ਰੱਖਣਾ ਅਤੇ ਨਾਲ-ਨਾਲ ਜ਼ਮੀਨ, ਪਾਣੀ ਅਤੇ ਵਾਤਾਵਰਣ ਦੀ ਸੰਭਾਲ ਕਰਨਾ ਹੈ। ਸੁਨਿਸ਼ਚਿਤ ਖੇਤੀਬਾੜੀ ਪ੍ਰਣਾਲੀ ਖੇਤਰ ਵਿੱਚ ਅਤੇ ਖੇਤ ਵਿੱਚਲੀ ਜ਼ਮੀਨ ਦੇ ਭੌਤਿਕ, ਰਸਾਇਣਕ ਅਤੇ ਜੈਵਿਕ ਗੁਣਾਂ ਅਤੇ ਖੇਤੀ-ਉਤਪਾਦਨ ਸਮਰੱਥਾ ਵਿੱਚ ਅੰਤਰ ਅਤੇ ਪਾਣੀ ਦੀ ਉਪਲੱਬਧਤਾ ਨੂੰ ਸਮਝ ਕੇ ਸਥਾਨ-ਨਿਸ਼ਚਿਤ ਇਨਪੁਟਸ (ਪਾਣੀ, ਖਾਦਾਂ, ਕੀਟਨਾਸ਼ਕ ਅਤੇ ਊਰਜਾ/ਮਸ਼ੀਨਰੀ) ਦੀ ਸਹੀ ਵਰਤੋਂ ਕਰਕੇ ਲਾਗਤਾਂ ਘਟਾਉਣ ਅਤੇ ਕਿਸਾਨਾਂ ਦੀ ਆਮਦਨੀ ਵਾਧੇ ਵੱਲ ਕਾਇਮ ਰੱਖਣ ਨੂੰ ਉਤਸ਼ਾਹਿਤ ਕਰਦੀ ਹੈ। ਇਸ ਸਭ ਤੋਂ ਉੱਪਰ ਸਮੁੱਚੇ ਤੌਰ 'ਤੇ ਸੁਨਿਸ਼ਚਿਤ ਖੇਤੀਬਾੜੀ ਦਾ ਉਦੇਸ਼ ਆਧੁਨਿਕ ਤਕਨੀਕਾਂ ਦੀ

ਵਰਤੋਂ ਕਰਕੇ ਸਮੁੱਚੀ ਖੇਤੀਬਾੜੀ ਪ੍ਰਣਾਲੀ (ਉਤਪਾਦਨ, ਫ਼ਸਲ ਦੀ ਵਾਢੀ ਤੋਂ ਬਾਅਦ ਪ੍ਰਬੰਧਨ, ਪ੍ਰੋਸੈਸਿੰਗ ਤੇ ਮੰਡੀਕਰਨ) ਨੂੰ ਆਰਥਿਕ-ਲਾਭਕਾਰੀ ਅਤੇ ਰੁਜ਼ਗਾਰ ਪੈਦਾ ਕਰਨ ਵਾਲੇ ਉੱਦਮ ਵਾਂਗ ਵਿਕਸਤ ਕਰਨਾ ਹੈ। ਆਧੁਨਿਕ ਸੁਨਿਸ਼ਚਿਤ ਖੇਤੀਬਾੜੀ ਪ੍ਰਣਾਲੀ ਦੇ ਮਹੱਤਵਪੂਰਨ ਭਾਗ ਹਨः (ੳ) ਖੇਤੀਬਾੜੀ ਆਧਾਰਿਤ ਆਰਥਿਕਤਾ ਵਾਧੇ ਵੱਲ ਕਾਇਮ ਰੱਖਣ ਲਈ ਜੈਨੇਟਿਕ, ਤਕਨਾਲੋਜੀ ਅਤੇ ਜਾਣਕਾਰੀ ਤਕਨੀਕਾਂ ਦੀ ਵਿਆਪਕ ਵਰਤੋਂ, (ਅ) ਸਥਾਨਕ ਜ਼ਮੀਨ, ਪਾਣੀ ਤੇ ਵਾਤਾਵਰਣ ਦੇ ਅਨੁਕੂਲ ਉੱਚ ਉਤਪਾਦਨ ਤੇ ਉੱਚ ਗੁਣਵੱਤਾ ਵਾਲੀਆਂ ਫ਼ਸਲਾਂ/ਕਿਸਮਾਂ ਦੀ ਚੋਣ, (ੲ) ਖਪਤਕਾਰਾਂ ਦੇ ਸਵੀਕਾਰਯੋਗ ਅਤੇ ਮੰਡੀ (ਘਰੇਲੂ ਅਤੇ ਵਿਸ਼ਵ) ਦੀ ਮੰਗ ਅਨੁਸਾਰ ਖੇਤੀ ਉਤਪਾਦਾਂ (ਤਾਜ਼ੇ ਅਤੇ ਪ੍ਰੋਸੈਸਡ) ਦਾ ਉਤਪਾਦਨ, (ਸ) ਫ਼ਸਲ ਦੀ ਵਾਢੀ ਤੋਂ ਬਾਅਦ ਹੋਣ ਵਾਲੇ ਨੁਕਸਾਨ/ਬਰਬਾਦੀ ਦੀ ਰੋਕਥਾਮ, (ਹ) ਉੱਚ ਕੀਮਤ ਵਾਲੇ ਖੇਤੀਬਾੜੀ/ਬਾਗਬਾਨੀ ਦੇ ਕੁਸ਼ਲ ਪ੍ਰਬੰਧਨ, (ਕ) ਏਕੀਕ੍ਰਿਤ ਜ਼ਮੀਨ-ਸਿਹਤ ਪ੍ਰਬੰਧਨ (ISHM), ਰਸਾਇਣਕ ਖਾਦਾਂ ਅਤੇ ਜੈਵਿਕ ਸਰੋਤਾਂ (ਜੈਵਿਕ ਖਾਦ, ਹਰੀ ਖਾਦ, ਫ਼ਸਲਾਂ ਦੀ ਰਹਿੰਦ ਖੂੰਹਦ ਆਦਿ) ਦੀ ਵਰਤੋਂ, (ਖ) ਏਕੀਕ੍ਰਿਤ ਕੀਟ ਪ੍ਰਬੰਧਨ (IPM) ਜਿਵੇਂ ਕਿ ਕੀਟ-ਰੋਧਕ ਕਿਸਮਾਂ ਦੀ ਕਾਸ਼ਤ, ਕੁਦਰਤੀ ਬਾਇਉਕੰਟਰੋਲ, ਜੀਵਾਣੂ, ਜੈਵਿਕ-ਕੀਟਨਾਸ਼ਕਾਂ, ਰਸਾਇਣਕ ਕੀਟਨਾਸ਼ਕਾਂ, ਸਭਿਆਚਾਰਕ ਅਭਿਆਸਾਂ ਅਤੇ ਹੋਰ ਗ਼ੈਰ-ਰਸਾਇਣਕ ਤਰੀਕਿਆਂ ਦੀ ਵਰਤੋਂ ਅਤੇ (ਗ) ਖੇਤੀ-ਉਤਪਾਦਨ ਅਤੇ ਕੁਦਰਤੀ ਸਰੋਤਾਂ (ਜ਼ਮੀਨ, ਪਾਣੀ ਅਤੇ ਵਾਤਾਵਰਣ) ਦੇ ਨਿਘਾਰ ਦੇ ਵਿਚਕਾਰ ਸੰਤੁਲਨ ਕਾਇਮ ਰੱਖਣਾ ਆਦਿ।

ਸੁਨਿਸ਼ਚਿਤ ਖੇਤੀ ਤਕਨੀਕ ਨੂੰ ਕਿਸਾਨਾਂ ਦੇ ਖੇਤ ਪੱਧਰ ’ਤੇ ਅਪਨਾਉਣ ਲਈ ਫ਼ਸਲ-ਅਨੁਕੂਲ ਖੇਤਰ ਅਤੇ ਸਥਾਨਕ-ਅਨੁਕੂਲਤਾ ਆਧਾਰਿਤ ਵੰਨ-ਸੁਵੰਨ ਫ਼ਸਲਾਂ ਦੀ ਉੱਚ ਉਤਪਾਦਕਤਾ ਅਤੇ ਵੱਧ ਤੋਂ ਵੱਧ ਮੁਨਾਫਾ ਕਾਇਮ ਰੱਖਣ ਲਈ ਮਿੱਟੀ ਪਰਖ ਸੇਵਾਵਾਂ ਨੂੰ ਕਿਸਾਨ ਭਾਈਚਾਰੇ ਦੇ ਸਭ ਤੋਂ ਭਰੋਸੇਮੰਦ ਸਲਾਹਕਾਰ ਬਣਨਾ ਚਾਹੀਦਾ ਹੈ। ਇਸ ਦੇ ਇਲਾਵਾ ਵੱਖ-ਵੱਖ ਕਿਸਮ ਦੀਆਂ ਜ਼ਮੀਨਾਂ ਦੀ ਖੇਤੀ-ਉਤਪਾਦਨ ਕਰਨ ਦੀ ਸਮਰੱਥਾ ਅਤੇ ਪਾਣੀ ਦੀ ਉਪਲੱਬਧਤਾ ਆਧਾਰਿਤ ਵਿਭਿੰਨ ਫ਼ਸਲਾਂ ਤੇ ਫ਼ਸਲੀ-ਪ੍ਰਣਾਲੀਆਂ ਤੋਂ ਵੱਧ ਤੋਂ ਵੱਧ ਮੁਨਾਫਾ ਅਤੇ ਆਮਦਨ ਪੈਦਾ ਕਰਨ ਵਸਤੇ ਕੀਤੀਆਂ ਗਈਆਂ ਸਾਰੀਆਂ ਫ਼ਸਲਾਂ, ਜ਼ਮੀਨ ਅਤੇ ਇਨਪੁਟ ਪ੍ਰਬੰਧਨ ਸਿਫਾਰਿਸ਼ਾਂ ਨੂੰ ਇਕ ਪੈਕੇਜ ਵਿੱਚ ਜੋੜ ਕੇ ਮਾਡਲ ਤਿਆਰ ਕਰਕੇ ਵਿਕਸਤ ਕਰਨੇ ਚਾਹੀਦੇ ਹਨ ਜਿਨ੍ਹਾਂ ਨੂੰ ਅਪਣਾਅ ਕੇ ਕਿਸਾਨ ਆਪਣੀ ਆਮਦਨੀ ਲਗਾਤਾਰ ਵਾਧੇ ਵੱਲ ਕਾਇਮ ਰੱਖ ਸਕਣ। ਸੁਨਿਸ਼ਚਿਤ ਖੇਤੀ ਪ੍ਰਣਾਲੀ ਨੂੰ ਵੱਡੇ ਪੱਧਰ ’ਤੇ ਅਪਨਾਉਣ ਲਈ ਲੋੜੀਂਦੇ ਬੁਨਿਆਦੀ ਢਾਂਚੇ ਤੇ ਸਹੂਲਤਾਂ ਪੈਦਾ ਕਰਨ, ਸੰਸਥਾਗਤ ਸਹਾਇਤਾ, ਸੇਵਾਵਾਂ ਅਤੇ ਸਰਕਾਰ ਦੀਆਂ ਕਿਸਾਨੀ ਤੇ ਕਿਸਾਨੀ ਪੱਖੀ ਨੀਤੀਆਂ ਦੀ ਲੋੜ ਹੈ।

### 10. ਉੱਚ-ਤਕਨੀਕੀ ਖੇਤੀ

ਉੱਚ-ਤਕਨੀਕੀ (High-Tech) ਫ਼ਸਲ ਉਤਪਾਦਨ ਤਕਨਾਲੋਜੀ ਹੇਠ ਸੁਰੱਖਿਅਤ

ਕਾਸ਼ਤ ਕਰਨ ਲਈ ਪੌਲੀ/ਨੈੱਟ-ਹਾਊਸਾਂ, ਪਲਾਸਟਿਕ ਦੀਆਂ ਸੁਰੰਗਾਂ, ਕੱਚ-ਹਾਊਸਾਂ (Glass houses), ਲੰਬਕਾਰੀ (Vertical) ਖੇਤੀ, ਹਾਈਡ੍ਰੋਪੋਨਿਕਸ, ਜੈਨੇਟਿਕ ਤੌਰ 'ਤੇ ਸੋਧੀਆਂ ਹੋਈਆਂ ਫ਼ਸਲਾਂ (GMO), ਮਾਈਕਰੋ-ਪ੍ਰਸਾਰ (Propagation), ਸੂਖਮ-ਸਿੰਚਾਈ, ਫਰਟੀਗੇਸ਼ਨ (ਸਿੰਚਾਈ ਵਾਲੇ ਪਾਣੀ ਦੇ ਨਾਲ-ਨਾਲ ਖਾਦ-ਘੋਲ), ਵਾਇਰਸ ਰੋਗਾਂ ਦੀ ਜਲਦੀ ਪਛਾਣ ਲਈ ਆਧੁਨਿਕ ਤਕਨੀਕਾਂ ਦੀ ਵਰਤੋਂ, ਕੁਆਲਿਟੀ ਨਿਯੰਤਰਣ ਆਦਿ ਪ੍ਰਣਾਲੀਆਂ ਸ਼ਾਮਲ ਹਨ। ਉੱਚ-ਤਕਨੀਕ ਨਾਲ ਕਾਸ਼ਤ ਕੀਤੀਆਂ ਫ਼ਸਲਾਂ ਬਾਰਿਸ਼, ਉੱਚ ਜਾਂ ਘੱਟ ਤਾਪਮਾਨ, ਠੰਡ, ਤੂਫਾਨ (ਹਵਾ, ਮੀਂਹ, ਗੜੇ) ਅਤੇ ਮੌਸਮ ਦੀਆਂ ਹੋਰ ਸਥਿਤੀਆਂ ਤੋਂ ਸੁਰੱਖਿਅਤ ਰੱਖੀਆਂ ਜਾ ਸਕਦੀਆਂ ਹਨ। ਫ਼ਸਲਾਂ ਦੀ ਸੁਰੱਖਿਆ ਰੋਸ਼ਨੀ-ਪਾਰਦਰਸ਼ੀ ਪੌਲੀ ਵਿਨਾਇਲ-ਕਲੋਰਾਈਡ (ਪੀ ਵੀ ਸੀ) ਸ਼ੀਟ, ਲਚਕਦਾਰ ਜਾਂ ਕਠੋਰ ਪਲਾਸਟਿਕ ਸ਼ੀਟ ਜਾਂ ਕੱਚ-ਹਾਊਸਾਂ ਨਾਲ ਹੋ ਸਕਦੀ ਹੈ। ਨਮੀ ਅਤੇ ਤਾਪਮਾਨ ਨੂੰ ਕੰਟਰੋਲ ਕਰਨ ਲਈ ਇਨ੍ਹਾਂ ਸਾਰੀਆਂ ਪ੍ਰਣਾਲੀਆਂ ਨੂੰ ਸਹੀ ਹਵਾਦਾਰ ਕਰਨ ਦੀ ਜ਼ਰੂਰਤ ਹੈ। ਫ਼ਸਲਾਂ ਜਾਂ ਜ਼ਮੀਨ ਵਿੱਚ (ਖੇਤੀਬਾੜੀ ਦੀਆਂ ਸਿਫਾਰਸ਼ਾਂ ਅਨੁਸਾਰ) ਜਾਂ ਰੇਤ/ਬੱਜਰੀ/ਨਾਰੀਅਲ-ਕੂੜੇ ਭਰੇ ਬੈਗਾਂ/ਗਮਲਿਆਂ ਵਿੱਚ ਜਾਂ ਨਾਰੀਅਲ-ਕੂੜੇ ਤੋਂ ਬਣਾਈਆਂ ਇੱਟਾਂ ਵਿੱਚ ਉਗਾਈਆਂ ਜਾਂਦੀਆਂ ਹਨ ਜਿਨ੍ਹਾਂ ਵਿੱਚ ਪੌਸ਼ਟਿਕ ਤੱਤਾਂ ਦੇ ਘੋਲ ਵਾਲਾ ਪਾਣੀ ਪਾਇਆ ਜਾਂਦਾ ਹੈ ਅਤੇ ਸਿੰਚਾਈ ਸਪ੍ਰਿੰਕਲਰ ਜਾਂ ਡਰਿਪ ਜਾਂ ਫਰਟੀਗੇਸ਼ਨ ਪ੍ਰਣਾਲੀ ਦੁਆਰਾ ਕੀਤੀ ਜਾਂਦੀ ਹੈ।

ਕਿਸਾਨਾਂ/ਕਿਸਾਨ-ਸਮੂਹਾਂ ਨੂੰ ਵਿੱਤੀ, ਤਕਨੀਕੀ ਅਤੇ ਹੋਰ ਸੇਵਾਵਾਂ ਦੇ ਸਮਰਥਨ ਦੇ ਕੇ ਉੱਚ ਮੁੱਲ ਵਾਲੀਆਂ ਫ਼ਸਲਾਂ ਦੀ ਕੱਚ-ਹਾਊਸਾਂ ਵਿੱਚ ਕਾਸ਼ਤ ਕਰਨ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ। ਕੱਚ-ਘਰਾਂ ਦੀਆਂ ਆਧੁਨਿਕ ਸਥਿਤੀਆਂ ਪੌਦੇ ਦੇ ਵੱਧ ਤੋਂ ਵੱਧ ਵਿਕਾਸ ਅਤੇ ਵਧੇਰੇ ਉਤਪਾਦਕਤਾ ਲਈ ਸੋਧਿਆ ਵਾਤਾਵਰਣ (ਤਾਪਮਾਨ, ਨਮੀ ਅਤੇ ਕਾਰਬਨ ਡਾਈਆਕਸਾਈਡ ਦਾ ਏਕੀਕ੍ਰਿਤ ਨਿਯੰਤਰਣ) ਪ੍ਰਦਾਨ ਕਰਦੀਆਂ ਹਨ। ਉੱਚ ਗੁਣਵੱਤਾ ਵਾਲੇ ਉਤਪਾਦ ਕੁਆਲਿਟੀ ਪ੍ਰਤੀ ਜਾਗਰੂਕ ਬਜ਼ਾਰਾਂ ਵਿੱਚ ਉੱਚੀਆਂ ਕੀਮਤਾਂ ਪ੍ਰਾਪਤ ਕਰਦੇ ਹਨ ਪਰ ਇਸ ਤਕਨੀਕ ਦੇ ਅਧੀਨ ਵਧੇਰੇ ਖਰਚ ਕਰਨਾ ਸਮੱਸਿਆ ਹੈ।

ਪੰਜਾਬ ਵਿੱਚ ਕਿਸਾਨਾਂ ਨੂੰ ਘੱਟ ਕੀਮਤ ਵਾਲੀਆਂ ਨੈੱਟ-ਹਾਊਸਾਂ ਅਤੇ ਪਲਾਸਟਿਕ ਦੀਆਂ ਸੁਰੰਗਾਂ ਹੇਠ ਜ਼ਮੀਨ ਵਿੱਚ ਫ਼ਸਲਾਂ ਦੀ ਕਾਸ਼ਤ, ਉੱਚ-ਮੁੱਲ ਵਾਲੀਆਂ ਫ਼ਸਲਾਂ ਜਿਵੇਂ ਕਿ ਬੈਂਗਣ, ਭਿੰਡੀ, ਟਮਾਟਰ, ਮਿਰਚਾਂ, ਖੀਰੇ, ਖਰਬੂਜੇ, ਕੁਝ ਵਿਦੇਸ਼ੀ ਸਬਜ਼ੀਆਂ, ਫੁੱਲ, ਆਦਿ ਉਪਜਾਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਤਜਰਬੇ ਦਰਸਾਉਂਦੇ ਹਨ ਕਿ ਇਸ ਤਕਨੀਕ ਨਾਲ ਕਾਸ਼ਤ ਸਬਜ਼ੀਆਂ ਦੀਆਂ ਫ਼ਸਲਾਂ ਲਗਪਗ 15 ਦਿਨ ਪਹਿਲਾਂ ਪੱਕਦੀਆਂ ਹਨ ਅਤੇ ਝਾੜ ਵੀ ਕਾਫੀ ਜ਼ਿਆਦਾ ਦਿੰਦੀਆਂ ਹਨ। ਉਦਾਹਰਣ ਵਜੋਂ ਖੁੱਲ੍ਹੇ ਖੇਤਾਂ ਵਿੱਚ ਟਮਾਟਰ ਦੀ ਫ਼ਸਲ ਦਾ ਝਾੜ ਲਗਪਗ 30 ਟਨ ਪ੍ਰਤੀ ਹੈਕਟੇਅਰ ਤੱਕ ਪਹੁੰਚਦਾ ਹੈ ਪਰ ਇਸ ਤਕਨੀਕ ਦੁਆਰਾ ਝਾੜ ਵਿੱਚ ਕਈ ਗੁਣਾਂ ਵਾਧਾ ਕੀਤਾ ਜਾ ਸਕਦਾ ਹੈ।

ਫ਼ਸਲਾਂ ਉਪਜਾਉਣ ਦੀਆਂ ਇਨ੍ਹਾਂ ਪ੍ਰਣਾਲੀਆਂ ਵਿਚ, ਏਕੀਕ੍ਰਿਤ (Integrated)

ਪੌਸ਼ਟਿਕ ਪ੍ਰਬੰਧਨ (ਆਈ.ਐੱਨ.ਐੱਮ.), ਏਕੀਕ੍ਰਿਤ ਕੀਟਪ੍ਰਬੰਧਨ (ਆਈ.ਪੀ.ਐਮ.) ਅਤੇ ਜੀਵਕੀਟ-ਨਿਯੰਤਰਣ ਏਜੰਟਾਂ ਦੀ ਵਰਤੋਂ ਵਾਤਾਵਰਣ ਕੁਸ਼ਲ ਉਤਪਾਦਨ ਲਈ ਸਿਫਾਰਸ਼ ਕੀਤੀ ਜਾਂਦੀ ਹੈ। ਜ਼ਮੀਨ 'ਚੋਂ ਪੈਦਾ ਹੋਣ ਵਾਲੀਆਂ ਕੁਝ ਬੀਮਾਰੀਆਂ ਨੂੰ ਕਾਬੂ ਕਰਨ ਲਈ ਚੰਗੀ ਤਰ੍ਹਾਂ ਗਲੀ ਹੋਈ ਜੈਵਿਕ-ਖਾਦ ਦੀ ਵਰਤੋਂ ਕਰਨ ਦੀ ਰਿਪੋਰਟ ਕੀਤੀ ਗਈ ਹੈ। ਕਿਉਂਕਿ ਕੀੜੇਮਾਰ ਦਵਾਈਆਂ ਦੀ ਵਰਤੋਂ ਘੱਟ ਹੈ, ਇਸ ਲਈ ਉਪਜ ਵਿੱਚ ਕੀੜੇਮਾਰ ਦਵਾਈਆਂ ਕਾਰਨ ਪ੍ਰਦੂਸ਼ਣ/ਰਹਿੰਦ-ਖੂੰਹਦ ਨੂੰ ਵੀ ਘੱਟ ਕੀਤਾ ਜਾ ਸਕਦਾ ਹੈ।

ਸਰਕਾਰ ਨੂੰ ਕਿਸਾਨਾਂ, ਪੇਂਡੂ ਨੌਜਵਾਨਾਂ ਅਤੇ ਉੱਦਮੀਆਂ ਨੂੰ ਹਾਈ-ਟੈਕ ਉਤਪਾਦਨ ਪ੍ਰਣਾਲੀ ਅਪਨਾਉਣ ਲਈ ਲੋੜੀਂਦਾ ਬੁਨਿਆਦੀ ਢਾਂਚਾ ਬਣਾਉਣ ਲਈ ਲੋੜੀਂਦੀ ਸਹਾਇਤਾ (ਤਕਨੀਕੀ, ਵਿੱਤੀ, ਬਿਜਲੀ ਦੀ ਸਪਲਾਈ, ਇਨਪੁਟਸ ਆਦਿ) ਅਤੇ ਹੋਰ ਸਹੂਲਤਾਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ। ਕਿਸਾਨਾਂ ਨੂੰ ਹਾਈ-ਟੈਕ ਖੇਤੀ ਪ੍ਰਣਾਲੀਆਂ ਦੀ ਸਥਾਪਨਾ, ਸੰਚਾਲਨ ਅਤੇ ਰੱਖ-ਰਖਾਵ, ਫ਼ਸਲਾਂ ਦੀ ਚੋਣ, ਪ੍ਰਬੰਧਨ ਦੇ ਤਰੀਕਿਆਂ, ਸਿੰਚਾਈ, ਕੀੜੇ ਅਤੇ ਬਿਮਾਰੀਆਂ ਦੇ ਨਿਯੰਤਰਣ, ਸਹੀ ਤਾਪਮਾਨ, ਨਮੀ ਅਤੇ ਰੌਸ਼ਨੀ, ਮੰਡੀਕਰਨ ਆਦਿ ਦੇ ਪ੍ਰਬੰਧਨ ਬਾਰੇ ਵਿਸ਼ੇਸ਼ ਸਿਖਲਾਈ ਪ੍ਰਦਾਨ ਕਰਨ ਦੇ ਪ੍ਰਬੰਧ ਕਰਨ ਚਾਹੀਦੇ ਹਨ।

ਜਦੋਂ ਪੌਦੇ ਜ਼ਮੀਨ ਵਿੱਚ ਉਗਾਉਣੇ ਹਨ ਤਾਂ ਮਿੱਟੀ ਤੋਂ ਪੈਦਾ ਹੋਣ ਵਾਲੀਆਂ ਬੀਮਾਰੀਆਂ, ਕੀੜਿਆਂ ਅਤੇ ਪਰਜੀਵਾਂ (ਜਿਵੇਂ ਕਿ ਨੈਮਾਟੋਡਜ਼) ਤੋਂ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਖਤ ਚੌਕਸੀ ਦੀ ਲੋੜ ਹੁੰਦੀ ਹੈ। ਸਮੂਹਿਕ ਤੌਰ ’ਤੇ ਵਿੱਤ, ਇਨਪੁਟਸ, ਫ਼ਸਲ ਬੀਮਾ, ਅਤੇ ਪ੍ਰਬੰਧਨ, ਉਤਪਾਦਨ, ਕੁਆਲਟੀ ਕੰਟਰੋਲ ਅਤੇ ਮੰਡੀਕਰਨ ਦਾ ਪ੍ਰਬੰਧ ਕਰਨ ਲਈ ਕਿਸਾਨ ਐਸੋਸੀਏਸ਼ਨਾਂ ਦੇ ਵਿਕਾਸ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

## 11. ਆਧੁਨਿਕ ਖੇਤੀ ਵਿੱਚ ਡਿਜੀਟਲ ਜਾਣਕਾਰੀ ਤਕਨੀਕ ਦੀ ਵਰਤੋਂ

ਆਧੁਨਿਕ ਖੇਤੀਬਾੜੀ ਕਾਰਜ ਯੋਜਨਾਵਾਂ ਵਿੱਚ ਡਿਜੀਟਲ ਤਕਨਾਲੋਜੀ ਦੀ ਵਰਤੋਂ ਖੇਤੀਬਾੜੀ ਖੇਤਰ ਵਿੱਚ ਆਮ ਤੌਰ ’ਤੇ ਅਤੇ ਸੁਨਿਸ਼ਚਿਤ-ਖੇਤੀ ਪ੍ਰਣਾਲੀ ਵਿੱਚ ਖਾਸ ਤੌਰ ’ਤੇ ਮਹੱਤਵਪੂਰਨ ਹਿੱਸਾ ਬਣਦੀ ਜਾ ਰਹੀ ਹੈ। ਇਸ ਤਕਨੀਕ ਦੁਆਰਾ ਪੈਦਾ ਕੀਤੀ ਜਾਣਕਾਰੀ ਖੇਤੀਬਾੜੀ ਦਾ ਵਿਕਾਸ ਕਰਨ ਵਸਤੇ ਖੇਤਰ-ਵਿਸ਼ੇਸ਼ ਅਤੇ ਸਥਾਨਕ (ਜ਼ਮੀਨ ਤੇ ਪਾਣੀ)-ਅਨੁਕੂਲਤਾ ਆਧਾਰਿਤ ਜਲਵਾਯੂ-ਲਚਕੀਲੀਆਂ ਜੋਖਮ-ਮੁਕਤ ਸੂਖਮ-ਪ੍ਰਬੰਧਨ ਤਕਨੀਕਾਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਅਪਨਾਉਣ ਅਤੇ ਇਸ ਆਧਾਰਿਤ ਆਰਥਿਕ ਸਥਿਰਤਾ ਕਾਇਮ ਰੱਖਣ ਲਾਈ ਯੋਜਨਾਵਾਂ ਤਿਆਰ ਅਤੇ ਲਾਗੂ ਕਰਨ ਬਾਰੇ ਤੇਜ਼ੀ ਨਾਲ ਸਹੀ ਫੈਸਲੇ ਲੈਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੀ ਹੈ। ਜਾਣਕਾਰੀ ਇਕੱਠੀ ਕਰਨ ਲਈ ਆਮ ਤੌਰ ’ਤੇ ਸੰਚਾਰ ਨੈਟ-ਵਰਕ, ਮਨੁੱਖ-ਰਹਿਤ ਏਰੀਅਲ ਵਾਹਨਾਂ, ਰੋਬੋਟਿਕ ਮਸ਼ੀਨਰੀ, ਆਰਟੀਫਿਸ਼ੀਅਲ ਇੰਟੈਲੀਜੈਂਸ, ਸਵੈ-ਵਿਸ਼ਲੇਸ਼ਣ ਉਪਕਰਣ (Autoanalyzer) ਅਤੇ ਹੋਰ ਉੱਨਤ ਮਸ਼ੀਨਰੀ ਦੀ ਵਰਤੋਂ ਕੀਤੀ ਜਾਂਦੀ ਹੈ।

ਇਹ ਸਾਧਨ ਡਿਜੀਟਲ ਰੂਪ ਵਿੱਚ ਉਨ੍ਹਾਂ ਮੁੱਦਿਆਂ ਬਾਰੇ ਜਾਣਕਾਰੀ ਇਕੱਠੀ ਕਰਦੇ

ਹਨ ਜੋ ਸਮੁੱਚੀ ਖੇਤੀਬਾੜੀ ਪ੍ਰਣਾਲੀ (ਫ਼ਸਲ ਬੀਜਣ ਤੋਂ ਮੰਡੀਕਰਨ ਤੱਕ) ਦੀ ਸਥਿਰਤਾ ਨੂੰ ਪ੍ਰਭਾਵਤ ਕਰਦੇ ਹਨ ਜਿਵੇਂ ਕਿ ਵਾਤਾਵਰਣ (ਤਾਪਮਾਨ, ਬਾਰਿਸ਼, ਨਮੀ, ਹਵਾ ਦੀ ਗਤੀ ਆਦਿ); ਮਿੱਟੀ ਦੇ ਭੌਤਿਕ, ਰਸਾਇਣਕ ਅਤੇ ਜੈਵਿਕ ਗੁਣ; ਜ਼ਮੀਨ ਅਤੇ ਪਾਣੀ ਦੇ ਸਰੋਤਾਂ ਦੀ ਖੇਤੀ ਉਤਪਾਦਨ ਸਮਰੱਥਾ; ਪੌਦਿਆਂ ਵਿੱਚ ਨਮੀ, ਖੁਰਾਕੀ ਤੱਤਾਂ ਦੀ ਘਾਟ, ਕੀੜਿਆਂ ਅਤੇ ਬਿਮਾਰੀਆਂ ਦੀ ਮੌਜੂਦਗੀ; ਕੁਦਰਤੀ ਆਫ਼ਤਾਂ (ਤੂਫਾਨ, ਹੜ੍ਹ ਆਦਿ) ਕਾਰਨ ਹੋਏ ਨੁਕਸਾਨ ਦਾ ਮੁਲਾਂਕਣ; ਆਦਿ। ਇਨ੍ਹਾਂ ਤਕਨੀਕਾਂ ਨਾਲ ਦੂਰੀ ਤੋਂ ਲਏ ਗਏ ਚਿੱਤਰ (ਰਿਮੋਟ ਸੈਨਸਿੰਗ) ਦੁਆਰਾ ਫ਼ਸਲਾਂ ਦੀ ਉਤਪਾਦਕਤਾ ਨੂੰ ਪ੍ਰਭਾਵਿਤ ਕਰ ਸਕਣ ਵਾਲੇ ਲੱਛਣਾਂ ਦੀ ਅਸਾਨੀ ਨਾਲ ਪਛਾਣ ਕੀਤੀ ਜਾ ਸਕਦੀ ਹੈ। ਫ਼ਸਲਾਂ ਦੇ ਵਾਧੇ ਦੀ ਸਮੁੱਚੀ ਮਿਆਦ ਵਿੱਚ ਡਿਜੀਟਲ ਤੌਰ ’ਤੇ ਇਕੱਠੀ ਕੀਤੀ ਗਈ ਜਾਣਕਾਰੀ ਦਾ ਏਕੀਕਰਣ ਕਿਸਾਨਾਂ ਨੂੰ ਖੇਤੀ ਉਤਪਾਦਕਤਾ, ਉਤਪਾਦਨ-ਕੁਸ਼ਲਤਾ ਵਧਾਉਣ ਅਤੇ ਲੰਮੇ ਸਮੇਂ ਵਿੱਚ ਖਰਚਿਆਂ ਦੀ ਬੱਚਤ ਕਰਕੇ ਮੁਨਾਫਾ ਵਧਾਉਣ ਅਤੇ ਜੋਖਮ ਨੂੰ ਘਟ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ।

ਇਸ ਤਰੀਕੇ ਨਾਲ ਇਕੱਠੀ ਕੀਤੀ ਗਈ ਜਾਣਕਾਰੀ ਦਾ ਖੇਤਰ ਅਤੇ ਹਰੇਕ ਖੇਤ-ਨਿਸ਼ਚਿਤ ਵਿਸ਼ਲੇਸ਼ਣ ਕਰ ਕੇ ਕਿਸਾਨਾਂ ਤੱਕ ਪਹੁੰਚਾਈ ਜਾਂਦੀ ਹੈ ਤਾਂ ਜੋ ਉਹ ਫ਼ਸਲਾਂ ਦੀ ਸਿਹਤ ਅਤੇ ਉਪਜ ਨੂੰ ਪ੍ਰਭਾਵਤ ਕਰਨ ਵਾਲੇ ਕਾਰਨਾਂ ਬਾਰੇ ਅਤੇ ਇੱਕ ਹੀ ਖੇਤ ਜਾਂ ਖੇਤਰ ਦੇ ਅੰਦਰ ਫ਼ਸਲਾਂ ਦੇ ਝਾੜ ਵਿੱਚ ਭਿੰਨਤਾ ਬਾਰੇ ਬਿਹਤਰ ਗਿਆਨ ਪ੍ਰਾਪਤ ਕਰ ਸਕਣ। ਇਸ ਜਾਣਕਾਰੀ ਦੁਆਰਾ ਯੋਜਨਾਕਾਰ ਅਤੇ ਕਿਸਾਨ ਇਨ੍ਹਾਂ ਭਿੰਨਤਾਵਾਂ ਦੇ ਪ੍ਰਬੰਧਨ ਕਰਨ, ਸਥਾਨਕ (ਜ਼ਮੀਨ ਤੇ ਪਾਣੀ)-ਅਨੁਕੂਲਤਾ ਆਧਾਰਿਤ ਫ਼ਸਲਾਂ ਦੀ ਚੋਣ ਕਰਨ, ਲੋੜੀਂਦੀਆਂ ਇਨਪੁਟਸ (ਬੀਜ, ਪਾਣੀ, ਖਾਦਾਂ, ਕੀਟਨਾਸ਼ਕ,ਊਰਜਾ/ਮਸ਼ੀਨਰੀ) ਨੂੰ ਖੇਤ ਵਿੱਚ ਸਥਾਨਕ ਜ਼ਮੀਨ ਦੀ ਲੋੜ ਅਨੁਸਾਰ ਸਹੀ ਤਰੀਕੇ ਨਾਲ ਵਰਤਣ, ਵਾਤਾਵਰਣ ਨੂੰ ਪ੍ਰਦੂਸ਼ਿਤ ਕੀਤੇ ਬਿਨਾਂ ਫ਼ਸਲਾਂ ਦੇ ਝਾੜ ਵਿੱਚ ਸੁਧਾਰ ਕਰਨ, ਕੁਦਰਤੀ ਸਰੋਤਾਂ (ਜੈਵ-ਵਿਭਿੰਨਤਾ, ਜ਼ਮੀਨ, ਪਾਣੀ, ਵਾਤਾਵਰਣ) ਦੀ ਵਧੇਰੇ ਕੁਸ਼ਲਤਾ ਨਾਲ ਸੰਭਾਲ ਕਰਨ, ਖਰਚਿਆਂ ਨੂੰ ਘਟਾਉਣ ਅਤੇ ਸਮੁੱਚੀ ਖੇਤੀਬਾੜੀ ਪ੍ਰਣਾਲੀ (ਫ਼ਸਲਾਂ ਦਾ ਉਤਪਾਦਨ, ਵਾਢੀ ਤੋਂ ਬਾਅਦ ਪ੍ਰਬੰਧਨ, ਪ੍ਰੋਸੈਸਿੰਗ ਅਤੇ ਮੰਡੀਕਰਨ) ਦਾ ਆਰਥਿਕ ਵਿਕਾਸ ਕਰਨ ਲਈ ਸਹੀ ਫੈਸਲੇ ਲੈਣ ਅਤੇ ਤੇਜ਼ੀ ਨਾਲ ਲਾਗੂ ਕਰਨ ਬਾਰੇ ਦਿਸ਼ਾ ਪ੍ਰਾਪਤ ਕਰ ਸਕਦੇ ਹਨ।

ਇਹ ਤਕਨੀਕਾਂ ਖੋਜ ਕਰਤਾਵਾਂ, ਵਿਸਥਾਰ ਮਾਹਿਰਾਂ ਅਤੇ ਕਿਸਾਨਾਂ ਦੁਆਰਾ ਕਈ ਵਿਕਸਤ ਦੇਸ਼ਾਂ ਵਿੱਚ ਪਹਿਲਾਂ ਹੀ ਕਾਫ਼ੀ ਵਰਤੀਆਂ ਜਾ ਰਹੀਆਂ ਹਨ। ਸਾਡੇ ਦੇਸ਼ ਵਿੱਚ ਵੀ ਇਸ ਜਾਣਕਾਰੀ ਅਤੇ ਭੂਗੋਲਿਕ ਜਾਣਕਾਰੀ ਦਾ ਹੋਰ ਖੇਤੀਬਾੜੀ ਨਵੀਨਤਾਵਾਂ ਦੇ ਨਾਲ ਏਕੀਕਰਣ ਕਰਕੇ ਵੱਖ-ਵੱਖ ਕਿਸਮਾਂ ਦੇ ਨਕਸ਼ੇ ਅਤੇ ਕੰਪਿਊਟਰ ਮਾੱਡਲ ਤਿਆਰ ਕੀਤੇ ਜਾ ਸਕਦੇ ਹਨ ਜਿਨ੍ਹਾਂ ਆਧਾਰਿਤ ਯੋਜਨਾਕਾਰ ਅਤੇ ਖੇਤੀਬਾੜੀ ਵਿਕਾਸ ਵਿਭਾਗ ਵੱਖ-ਵੱਖ ਖੇਤੀ ਆਧਾਰਿਤ ਆਰਥਿਕ ਵਿਕਾਸ ਵਾਧੇ ਵੱਲ ਰੱਖਣ ਵਾਲੀਆਂ ਚੁਣੌਤੀਆਂ

ਦਾ ਕੁਸ਼ਲਤਾ ਨਾਲ ਪ੍ਰਬੰਧਨ ਕਰਨ ਲਈ ਕਿਸਾਨ ਨੂੰ ਸੇਧ ਦੇ ਸਕਦੇ ਹਨ। ਇਸ ਤਰ੍ਹਾਂ ਖੇਤੀ ਆਧਾਰਿਤ ਆਰਥਿਕ ਸਥਿਰਤਾ ਕਾਇਮ ਰੱਖਣ ਲਈ ਯੋਜਨਾਵਾਂ ਤਿਆਰ ਕਰਨ ਅਤੇ ਲਾਗੂ ਕਰਨ ਬਾਰੇ ਸਹੀ ਫੈਸਲੇ ਲੈਣ ਨਾਲ ਕਿਸਾਨ ਉੱਚ ਖੇਤੀ ਉਤਪਾਦਕਤਾ, ਉਤਪਦਾਨ ਕੁਸ਼ਲਤਾ, ਮੁਨਾਫਾ ਅਤੇ ਆਮਦਨੀ ਵਾਧੇ ਵਲ ਕਾਇਮ ਰੱਖ ਸਕਦੇ ਹਨ।

## 12. ਖੇਤੀ ਆਰਥਿਕਤਾ ਕਾਇਮ ਰੱਖਣ ਲਈ ਆਧੁਨਿਕ ਫ਼ਸਲੀ ਵਿਭਿੰਨਤਾ

ਪੰਜਾਬ ਵਿੱਚ ਭਵਿੱਖ ਦੀਆਂ ਖੇਤੀਬਾੜੀ ਆਧੁਨਿਕੀਕਰਨ ਕਾਰਜ-ਯੋਜਨਾਵਾਂ ਅਧੀਨ ਟਿੱਕਾਊ ਆਰਥਿਕ ਇਨਕਲਾਬ ਦੀ ਪ੍ਰਾਪਤੀ ਤਕਨਾਲੋਜੀ ਆਧਾਰਿਤ ਖੇਤੀ ਅਤੇ ਫ਼ਸਲੀ-ਵਿਭਿੰਨਤਾ ਪ੍ਰਣਾਲੀ ਅਪਨਾਉਣ ਨਾਲ ਪੈਦਾ ਹੋਣੀ ਚਾਹੀਦੀ ਹੈ। ਇਸ ਫ਼ਸਲੀ ਵਿਭਿੰਨਤਾ ਨੀਤੀ ਦਾ ਮੁੱਖ ਉਦੇਸ਼ ਖੇਤਰ-ਵਿਸ਼ੇਸ਼ ਯੋਜਨਾਬੱਧ ਅਤੇ ਸਥਾਨਕ ਜ਼ਮੀਨ ਤੇ ਪਾਣੀ ਦੀ ਖੇਤੀਬਾੜੀ ਉਤਪਾਦਨ ਸਮਰੱਥਾ ਅਤੇ ਅਨੁਕੂਲਤਾ ਆਧਾਰਿਤ ਆਧੁਨਿਕ ਤਕਨੀਕਾਂ ਦੀ ਤੀਬਰ (Intensive) ਵਰਤੋਂ ਨਾਲ ਵਿਭਿੰਨ ਫ਼ਸਲਾਂ ਅਤੇ ਫ਼ਸਲੀ ਪ੍ਰਣਾਲੀਆਂ ਦੀ ਉਤਪਾਦਕਤਾ, ਉਤਪਾਦਨ-ਕੁਸ਼ਲਤਾ ਅਤੇ ਮੁਨਾਫੇ ਵੱਧ ਤੋਂ ਵੱਧ ਕਾਇਮ ਰੱਖਣਾ ਅਤੇ ਕੁਦਰਤੀ ਸਰੋਤਾਂ (ਜ਼ਮੀਨ, ਪਾਣੀ, ਜੀਵ-ਵਿਭਿੰਨਤਾ ਅਤੇ ਵਾਤਾਵਰਣ) ਦੀ ਯਕੀਨੀ ਸੰਭਾਲ ਕਰਨਾ ਹੋਣਾ ਚਾਹੀਦਾ ਹੈ।

ਪੰਜਾਬ ਵਿੱਚ ਫ਼ਸਲੀ ਵਿਭਿੰਨਤਾ ਪ੍ਰਣਾਲੀ ਨੂੰ ਅਪਨਾਉਣ ਦਾ ਖਾਸ ਮਹੱਤਵ ਹੈ ਕਿਉਂਕਿ ਇੱਥੇ ਅਨਾਜ (ਝੋਨਾ-ਕਣਕ) ਆਧਾਰਿਤ ਆਰਥਿਕਤਾ ਵਿੱਚ ਵਾਧੇ ਦੀ ਦਰ ਘਟਦੀ ਜਾ ਰਹੀ ਹੈ, ਫ਼ਸਲਾਂ ਦੇ ਮੰਡੀਕਰਨ ਵਿੱਚ ਮੁਸ਼ਕਿਲਾਂ (ਖ਼ਾਸ ਕਰ ਝੋਨੇ ਲਈ) ਵਧ ਰਹੀਆਂ ਹਨ, ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ (ਐਮ ਐਸ ਪੀ) ਨਿਰਧਾਰਤ ਕਰਨ ਅਤੇ ਉਸ ਉੱਪਰ ਉਤਪਾਦਾਂ ਦੀ ਭਰੋਸੇਯੋਗ ਖਰੀਦ ਬਾਰੇ ਸਰਕਾਰੀ ਨੀਤੀਆਂ ਵਿੱਚ ਤੇਜ਼ੀ ਨਾਲ ਬਦਲਾਅ ਹੋ ਰਿਹਾ ਹੈ, ਝੋਨੇ ਅਤੇ ਕਣਕ ਦੀਆਂ ਫ਼ਸਲਾਂ ਹੇਠ ਜ਼ਮੀਨ ਦੀ ਸਿਹਤ (ਭੌਤਿਕ, ਰਸਾਇਣਕ ਤੇ ਜੈਵਿਕ ਵਿਸ਼ੇਸ਼ਤਾਵਾਂ) ਲਗਾਤਾਰ ਖਰਾਬ ਹੋ ਰਹੀ ਹੈ, ਸੂਬੇ ਦਾ ਵਾਤਾਵਰਣ (Ecology) ਬਦਲਦਾ ਜਾ ਰਿਹਾ ਹੈ ਅਤੇ ਹੋਰ ਸੰਬੰਧਿਤ ਸਮਾਜਿਕ-ਆਰਥਿਕ ਚੁਣੌਤੀਆਂ ਵਧਦੀਆਂ ਜਾ ਰਹੀਆਂ ਹਨ। ਇਸ ਸਭ ਤੋਂ ਵੱਡੀ ਸਮੱਸਿਆ ਪਾਣੀ ਦੇ ਸਰੋਤਾਂ (ਮੁੱਖ ਤੌਰ 'ਤੇ ਧਰਤੀ ਹੇਠਲਾ ਪਾਣੀ) ਦੇ ਤੇਜ਼ੀ ਨਾਲ ਖਤਮ ਹੋ ਰਹੇ ਸੰਕਟ ਦੀ ਹੈ। ਧਰਤੀ ਹੇਠਲੇ ਪਾਣੀ ਦੀ ਸਤਿਹ ਇਕ ਚਿੰਤਾਜਨਕ ਦਰ ਨਾਲ (ਪ੍ਰਤੀ ਸਾਲ 30 ਤੋਂ 70 ਸੈਂਟੀਮੀਟਰ ਤਕ) ਨੀਚੇ ਜਾ ਰਹੀ ਹੈ। ਇਕ ਅਨੁਮਾਨ ਅਨੁਸਾਰ ਇਸ ਵੇਲੇ ਪੰਜਾਬ ਵਿੱਚ ਲਗਪਗ 138 ਬਲਾਕਾਂ ਵਿਚੋਂ 80 ਪ੍ਰਤੀਸ਼ਤ ਬਲਾਕਾਂ ਵਿੱਚ 14 ਲੱਖ ਤੋਂ ਵੱਧ ਪੰਪਾਂ ਦੁਆਰਾ ਧਰਤੀ ਹੇਠਲੇ ਪਾਣੀ ਦੀ ਵੱਡੇ ਪੱਧਰ 'ਤੇ ਅਯੋਗ ਵਰਤੋਂ ਅਤੇ ਸ਼ੋਸ਼ਣ ਹੋ ਰਿਹਾ ਹੈ।

ਇਨ੍ਹਾਂ ਚੁਣੌਤੀਆਂ ਦੇ ਮੱਦੇਨਜ਼ਰ ਪੰਜਾਬ ਵਿੱਚ ਰਵਾਇਤੀ ਅਨਾਜ (ਮੁੱਖ ਤੌਰ 'ਤੇ ਝੋਨਾ ਅਤੇ ਕਣਕ) ਦੇ ਆਧਾਰਿਤ ਫ਼ਸਲੀ ਪ੍ਰਣਾਲੀ ਹੇਠੋਂ ਲਗਪਗ 25 ਲੱਖ ਏਕੜ ਰਕਬੇ ਨੂੰ ਬਦਲ ਕੇ ਮਾਰਕੀਟ-ਮੰਗ ਆਧਾਰਿਤ ਅਤੇ ਫ਼ਸਲ-ਨਿਸ਼ਚਿਤ ਸਥਾਨਿਕ (ਜ਼ਮੀਨ ਅਤੇ ਪਾਣੀ)-ਅਨੁਕੂਲਤਾ ਆਧਾਰਿਤ ਦੂਜੀਆਂ ਫ਼ਸਲਾਂ ਜਿਵੇਂ ਕਿ ਬਾਸਮਤੀ-ਚਾਵਲ,

ਵਡਾਣਕ-ਕਣਕ, ਫਲ, ਸਬਜ਼ੀਆਂ, ਮੱਕੀ (ਮਨੁੱਖੀ ਖਪਤ, ਪੋਲਟਰੀ ਫੀਡ, ਸਾਈਲੇਜ ਅਤੇ ਉਦਯੋਗਾਂ ਲਈ), ਗੰਨਾ, ਤੇਲ ਬੀਜ, ਦਾਲਾਂ, ਜੈਵਿਕ ਖੇਤੀ, ਦਵਾਈਆਂ ਵਾਲੇ ਪੌਦਿਆਂ ਦੀ ਖੇਤੀ, ਫੁੱਲਾਂ ਦੀ ਖੇਤੀ, ਆਦਿ ਦੇ ਹੇਠ ਲਿਆ ਕੇ ਕਾਰੋਬਾਰੀ (ਅਤੇ ਨਿਰਯਾਤ ਲਈ) ਪ੍ਰਸਤਾਵ ਵਜੋਂ ਪੈਦਾ ਕਰਨ ਦੀ ਲੋੜ ਹੈ।

ਪੰਜਾਬ ਵਿੱਚ ਕਿਸਾਨਾਂ ਨੂੰ ਦਾਲਾਂ ਤੇ ਤੇਲ ਬੀਜ ਫ਼ਸਲਾਂ ਦੀ ਕਾਸ਼ਤ ਅਤੇ ਉਤਪਾਦਨ ਵਿੱਚ ਵਾਧਾ ਕਰਨ ਲਈ ਵੱਡੇ ਪੱਧਰ ’ਤੇ (ਸਰਕਾਰ ਦੁਆਰਾ ਨਿਰਧਾਰਿਤ ਘੱਟੋ-ਘੱਟ ਸਮਰਥਨ ਮੁੱਲ ਜਾਂ ਉਸ ਤੋਂ ਵੱਧ ਮੁੱਲ) ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਨਾਂ ਕੇਵਲ ਝੋਨੇ ਤੇ ਕਣਕ ਹੇਠ ਰਕਬਾ ਘਟੇਗਾ ਸਗੋਂ ਘਰੇਲੂ ਖ਼ੁਰਾਕੀ ਜ਼ਰੂਰਤਾਂ ਦੀ ਪੂਰਤੀ ਵੀ ਹੋਵੇਗੀ ਅਤੇ ਦੇਸ਼ ਦੇ ਦੂਸਰੇ ਰਾਜਾਂ ਵਿੱਚ ਨਿਰਯਾਤ ਰਾਹੀਂ ਕਿਸਾਨਾਂ ਦੀ ਆਮਦਨ ਵਿੱਚ ਵੀ ਵਾਧਾ ਹੋਵੇਗਾ। ਇਹ ਯਕੀਨੀ ਬਣਾਉਣ ਲਈ ਜ਼ਰੂਰੀ ਹੈ ਕਿ ਵਿਭਿੰਨਤਾ ਦੀਆਂ ਯੋਜਨਾਵਾਂ ਸਮੁੱਚੀ ਖੇਤੀ/ਫ਼ਸਲ ਪ੍ਰਣਾਲੀ (ਉਤਪਾਦਨ, ਵਾਢੀ ਤੋਂ ਬਾਅਦ ਪ੍ਰਬੰਧਨ, ਪ੍ਰੋਸੈਸਿੰਗ ਅਤੇ ਮੰਡੀਕਰਨ) ਲਈ ਬਣਾਈਆਂ ਜਾਣ ਅਤੇ ਇਨ੍ਹਾਂ ਨੂੰ ਤਕਨਾਲੋਜੀ ਆਧਾਰਿਤ ਉੱਚ ਉਤਪਾਦਕ, ਆਰਥਿਕ ਤੌਰ ’ਤੇ ਲਾਭਕਾਰੀ ਅਤੇ ਰੁਜ਼ਗਾਰ ਪੈਦਾ ਕਰਨ ਵਾਲੇ ਉਦਮ/ਉਦਯੋਗ ਵਜੋਂ ਵਿਕਸਤ ਕੀਤਾ ਜਾਵੇ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਕਿਸੇ ਵੀ ਵਿਭਿੰਨਤਾ ਯੋਜਨਾ ਨੂੰ ਲਾਗੂ ਕਰਨ ਅਤੇ ਉਸ ਦੀ ਸਫਲਤਾ ਵਾਸਤੇ ਸਰਕਾਰਾਂ, ਉਨ੍ਹਾਂ ਦੇ ਵਿੱਤੀ ਪ੍ਰਬੰਧਕਾਂ ਅਤੇ ਵਿਕਾਸ ਵਿਭਾਗਾਂ ਵਲੋਂ ਲੋੜੀਂਦਾ ਸਮਰਥਨ ਜ਼ਰੂਰੀ ਹੈ।

ਖੇਤੀ/ਫ਼ਸਲੀ ਵਿਭਿੰਨਤਾ ਦੀਆਂ ਯੋਜਨਾਵਾਂ ਦੀ ਸਫਲਤਾ ਲਈ ਜ਼ਰੂਰੀ ਹੈ ਕਿ

☛ ਖੇਤੀ/ਫ਼ਸਲੀ ਵਿਭਿੰਨਤਾ ਦੀਆਂ ਯੋਜਨਾਵਾਂ ਰਾਜ, ਖੇਤਰ ਅਤੇ ਖੇਤ ਦੇ ਪੱਧਰ ’ਤੇ ਉਪਲੱਬਧ ਜ਼ਮੀਨ ਅਤੇ ਪਾਣੀ ਦੀ ਫ਼ਸਲ ਉਤਪਾਦਨ-ਸਮਰੱਥਾ ਅਤੇ ਫ਼ਸਲ-ਨਿਸ਼ਚਿਤ ਸਥਾਨਿਕ ਅਨੁਕੂਲਤਾ ਅਤੇ ਥੋੜ੍ਹੇ ਤੇ ਲੰਮੇ ਸਮੇਂ ਦੇ ਮਾਰਕਿਟ (ਘਰੇਲੂ ਤੇ ਵਿਸ਼ਵ) ਲੋੜੀਂਦੀਆਂ ਮੰਗਾਂ (ਮਾਤਰਾ ਤੇ ਗੁਣਵੱਤਾ) ਦੇ ਮੁਲਾਂਕਣ ਦੇ ਆਧਾਰ ’ਤੇ ਤਿਆਰ ਕੀਤੀਆਂ ਜਾਣ।

☛ ਸਰਕਾਰੀ ਅਦਾਰਿਆਂ ਵਲੋਂ ਵਿੱਤੀ ਨਿਵੇਸ਼ ਵਧਾ ਕੇ ਖੇਤੀ-ਵਿਭਿੰਨਤਾ ਦੀਆਂ ਵੱਖ-ਵੱਖ ਯੋਜਨਾਵਾਂ ਆਧਾਰਿਤ ਬੁਨਿਆਦੀ ਢਾਂਚਾ ਅਤੇ ਹੋਰ ਸਹਾਇਤਾ ਸੇਵਾਵਾਂ ਦਾ ਵਿਸਥਾਰ ਹੋਵੇ।

☛ ਸਰਕਾਰ ਵਲੋਂ ਖੇਤੀਬਾੜੀ ਮੰਡੀਕਰਨ ਪ੍ਰਣਾਲੀ ਅਤੇ ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ (ਐਮ ਐਸ ਪੀ) ਨਿਰਧਾਰਤ ਕਰਨ ਵਾਲੀ ਵਿਧੀ ਵਿੱਚ ਸੁਧਾਰ ਕਰਕੇ ਸਾਰੀਆਂ ਫ਼ਸਲਾਂ (ਸਿਰਫ ਝੋਨਾ ਅਤੇ ਕਣਕ ਹੀ ਨਹੀਂ) ਦੀ ਖਰੀਦ ਸਰਕਾਰ ਵਲੋਂ ਨਿਰਧਾਰਿਤ ਮੁੱਲ (ਐਮ ਐਸ ਪੀ) ਜਾਂ ਇਸ ਤੋਂ ਵੱਧ ਤੇ ਹੀ ਹੋਣੀ ਚਾਹੀਦੀ ਹੈ। ਮੁੱਲ ਨਿਰਧਾਰਣ ਵਿਧੀ ਨੂੰ ਇਹ ਲਾਜ਼ਮੀ ਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਵੰਨ-ਸੁਵੰਨੀਆਂ ਫ਼ਸਲਾਂ ਤੋਂ ਲਾਭ ਤੇ ਕੁੱਲ ਆਮਦਨੀ ਝੋਨਾ ਅਤੇ ਕਣਕ ਦੀਆਂ ਫ਼ਸਲਾਂ ਤੋਂ ਪ੍ਰਾਪਤ ਰਾਸ਼ੀ

ਦੇ ਮੁਕਾਬਲੇ ਬਰਾਬਰ ਜਾਂ ਵੱਧ ਹੋਵੇਗਾ। ਸਰਕਾਰ ਵਲੋਂ ਦਖਲ ਦੇ ਕੇ ਮੰਡੀਆਂ ਵਿੱਚ ਸਾਰੀਆਂ ਫ਼ਸਲਾਂ ਦੀਆਂ ਕੀਮਤਾਂ ਦੀ ਅਸਥਿਰਤਾ ਤੇ ਕਾਬੂ ਪਾਉਣਾ ਜ਼ਰੂਰੀ ਹੈ (ਇਹ ਸਿਰਫ ਖੇਤੀਬਾੜੀ ਦੇ ਖੇਤਰ ਵਿੱਚ ਹੀ ਹੋ ਸਕਦਾ ਹੈ ਕਿ ਕਦੀ ਉਤਪਾਦਾਂ ਦੇ ਭਾਅ 2 ਰੁਪਏ ਪ੍ਰਤੀ ਕਿੱਲੋ ਤੇ ਕਦੀ 50 ਰੁਪਏ ਪ੍ਰਤੀ ਕਿੱਲੋ ਅਤੇ ਬਹੁਤ ਵਾਰ ਕਿਸਾਨ ਆਪਣੇ ਉਤਪਾਦਾਂ ਨੂੰ ਸੜਕਾਂ ਤੇ ਸੁੱਟਣ ਲਈ ਮਜ਼ਬੂਰ ਹੋ ਜਾਂਦੇ ਹਨ)।

☛ ਸਰਕਾਰੀ ਜਾਂ ਗ਼ੈਰ-ਸਰਕਾਰੀ ਸੰਸਥਾਵਾਂ ਵਲੋਂ ਪੇਂਡੂ ਖੇਤਰਾਂ ਵਿੱਚ ਵੱਡੇ ਪੱਧਰ ’ਤੇ ਖੇਤੀ-ਵਿਭਿੰਨਤਾ ਦੀਆਂ ਯੋਜਨਾਵਾਂ ਆਧਾਰਿਤ ਫ਼ਸਲੀ ਉਤਪਾਦਾਂ ਦੇ ਪ੍ਰੋਸੈਸਿੰਗ ਉਦਯੋਗ ਸਥਾਪਤ ਕਰ ਕੇ ਉਨ੍ਹਾਂ ਨੂੰ ਕਿਸਾਨਾਂ ਨਾਲ ਜੋੜਨਾ ਚਾਹੀਦਾ ਹੈ ਤਾਂ ਜੋ ਸਥਾਨਕ ਉਪਜਾਏ ਜਾ ਰਹੇ ਫ਼ਸਲੀ ਉਤਪਾਦਾਂ ਦੀ ਕੱਚੇ ਮਾਲ ਦੇ ਤੌਰ ’ਤੇ ਵਰਤੋਂ ਕਰ ਕੇ ਉਤਪਾਦਾਂ ਦੀ ਬਰਬਾਦੀ ਤੇ ਕਾਬੂ ਪਾਇਆ ਜਾਵੇ, ਕਿਸਾਨਾਂ ਦੀ ਆਮਦਨੀ ਵਧਾਈ ਜਾਵੇ ਅਤੇ ਰੁਜ਼ਗਾਰ ਦੇ ਮੌਕੇ ਵੀ ਪੈਦਾ ਕੀਤੇ ਜਾਣ। ਇਹ ਵਿਸ਼ੇਸ਼ ਤੌਰ ’ਤੇ ਮਹੱਤਵਪੂਰਣ ਹੈ ਕਿਉਂਕਿ ਨਾਸ਼ਵਾਨ ਉਤਪਾਦਾਂ ਦੀ ਸੰਭਵ ਬਰਬਾਦੀ ਦੇ ਜੋਖਮ ਕਰਕੇ ਕਿਸਾਨ ਅਨਾਜ ਤੋਂ ਫਲ ਅਤੇ ਸਬਜ਼ੀਆਂ ਵਲ ਬਦਲਣ ਤੋਂ ਝਿਜਕਦੇ ਹਨ।

☛ ਕਿਸਾਨਾਂ ਨੂੰ ਵੰਨ-ਸੁਵੰਨੀਆਂ ਫ਼ਸਲਾਂ ਦੀ ਵਾਢੀ ਤੋਂ ਬਾਅਦ ਉਤਪਾਦਾਂ ਦੀ ਹੋਣ ਵਾਲੀ ਬਰਬਾਦੀ (ਜੋ ਉਤਪਾਦਕ ਤੋਂ ਖਪਤਕਾਰ ਤੱਕ ਲਗਪਗ 30 ਪ੍ਰਤੀਸ਼ਤ ਤੱਕ ਹੋ ਸਕਦੀ ਹੈ) ਤੋਂ ਬਚਾਉਣ ਲਈ ਪੇਂਡੂ ਖੇਤਰ ਵਿੱਚ ਨਾਸ਼ਵਾਨ ਅਤੇ ਗ਼ੈਰ-ਨਾਸ਼ਵਾਨ ਉਤਪਾਦਾਂ ਲਈ ਸਟੋਰ, ਗੁਦਾਮ, ਕੋਲਡ ਸਟੋਰ, ਕੋਲਡ-ਚੇਨ ਆਦਿ ਦੇ ਵੱਡੇ ਪੱਧਰ ’ਤੇ ਵਿਸਤਾਰ ਕਰਨ ਦੀ ਜ਼ਰੂਰਤ ਹੈ।

☛ ਬਹੁਤ ਸਾਰੇ ਕਿਸਾਨ (ਖਾਸ ਤੌਰ ’ਤੇ ਛੋਟੇ ਕਿਸਾਨ) ਜੋ ਸ਼ੁਰੂਆਤੀ ਸਾਲਾਂ ਦੌਰਾਨ ਘੱਟ ਆਮਦਨੀ ਕਰਕੇ ਫਲਾਂ ਦੀ ਕਾਸ਼ਤ ਨਹੀਂ ਅਪਣਾਅ ਸਕਦੇ, ਉਨ੍ਹਾਂ ਨੂੰ ਮਾਲੀ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ।

☛ ਖੋਜ ਅਤੇ ਵਿਕਾਸ ਸੰਸਥਾਵਾਂ ਨੂੰ ਮਜ਼ਬੂਤ ਕਰ ਕੇ ਇਹੋ ਜਿਹੀਆਂ ਤਕਨਾਲੋਜੀਆਂ ਵਿਕਸਤ ਕਰਨ ਦੀ ਲੋੜ ਹੈ ਜੋ ਖੇਤੀਬਾੜੀ ਦੇ ਉੱਚ ਉਤਪਾਦਨਸ਼ੀਲਤਾ ਅਤੇ ਵਿਭਿੰਨ ਫ਼ਸਲੀ ਪ੍ਰਣਾਲੀਆਂ ਤੋਂ ਕਿਸਾਨਾਂ ਦੀ ਆਮਦਨੀ ਨੂੰ ਵਾਧੇ ਵੱਲ ਕਾਇਮ ਰੱਖਣ ਅਤੇ ਜ਼ਮੀਨ, ਪਾਣੀ ਅਤੇ ਵਾਤਾਵਰਣ ਦੀ ਸੰਭਾਲ ਨੂੰ ਯਕੀਨੀ ਬਣਾਉਣ ਵਿੱਚ ਸਹਾਇਤਾ ਕਰਨ।

☛ ਕਿਸਾਨਾਂ (ਖਾਸ ਕਰ ਛੋਟੇ ਅਤੇ ਸੀਮਾਂਤ ਕਿਸਾਨ) ਦੇ ਆਧੁਨਿਕ ਮੰਡੀਆਂ (ਘਰੇਲੂ ਅਤੇ ਅੰਤਰਰਾਸ਼ਟਰੀ), ਖੋਜ ਤੇ ਵਿਕਾਸ ਸੰਸਥਾਵਾਂ ਅਤੇ ਉਦਯੋਗਾਂ ਨਾਲ ਦੋਸਤਾਨਾ ਸੰਬੰਧ ਵਧਾਏ ਜਾਣ ਦੀ ਲੋੜ ਹੈ।

☛ ਰਾਜ ਦੇ ਖੇਤੀਬਾੜੀ ਵਿਭਾਗ ਅਤੇ ਮਿੱਟੀ ਪਰਖ ਪ੍ਰਯੋਗਸ਼ਾਲਾਵਾਂ ਨੂੰ ਫ਼ਸਲੀ/ਖੇਤੀ-ਵਿਭਿੰਨਤਾ ਦੀਆਂ ਸਿਫਾਰਸ਼ਾਂ ਦੇਣ ਵਿੱਚ ਕਿਸਾਨਾਂ ਦੇ ਸਭ ਤੋਂ ਭਰੋਸੇਮੰਦ ਸਲਾਹਕਾਰ ਬਣਨਾ ਚਾਹੀਦਾ ਹੈ।

- ☛ ਸਰਕਾਰ ਦੀਆਂ ਬਦਲਦੀਆਂ ਨੀਤੀਆਂ ਦੇ ਮੱਦੇਨਜ਼ਰ ਕਿਸਾਨ ਉਤਪਾਦਕ ਸੰਗਠਨ (FPO), ਸਵੈ-ਸਹਾਇਤਾ ਸਮੂਹਾਂ, ਸਹਿਕਾਰੀ ਸਭਾਵਾਂ ਅਤੇ ਐਸੋਸੀਏਸ਼ਨਾਂ ਦੀ ਸਥਾਪਨਾ (ਅਤੇ ਰਜਿਸਟਰ ਕਰਵਾਉਣਾ) ਕਰਨ ਨਾਲ ਉਤਪਾਦਾਂ ਦੀ ਮਾਰਕੀਟਿੰਗ ਤੇ ਪ੍ਰੋਸੈਸਿੰਗ, ਇਨਪੁੱਟਸ (ਖਾਦਾਂ, ਕੀਟਨਾਸ਼ਕ, ਪਾਣੀ, ਮਸ਼ੀਨਰੀ) ਆਦਿ ਦੇ ਸਾਂਝੇ ਤੌਰ 'ਤੇ ਪ੍ਰਬੰਧਨ ਕਰਨ, ਲਾਗਤ ਘਟਾਉਣ, ਮੁਨਾਫਾ ਵਧਾਉਣ ਅਤੇ ਕਿਸਾਨੀ ਤੇ ਕਿਸਾਨ ਭਾਈਚਾਰੇ ਦੇ ਹਿਤਾਂ ਦੀ ਰਾਖੀ ਕਰਨ ਵਿੱਚ ਬਹੁਤ ਮਦਦ ਹੋ ਸਕਦੀ ਹੈ।

## 13. ਫ਼ਸਲਾਂ ਦੇ ਉਤਪਾਦਾਂ ਦੀ ਬਰਬਾਦੀ ਘਟਾਉਣਾ-ਖੇਤੀਬਾੜੀ ਆਧੁਨਿਕੀਕਰਨ ਵਿੱਚ ਅਹਿਮ ਚੁਣੌਤੀ

ਸਰਕਾਰਾਂ ਅਤੇ ਉਨ੍ਹਾਂ ਦੇ ਨੀਤੀ ਨਿਰਮਾਤਾਵਾਂ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਖੇਤੀਬਾੜੀ ਆਧੁਨਿਕੀਕਰਨ ਦੀਆਂ ਪ੍ਰਕਿਰਿਆਵਾਂ ਪੰਜਾਬ ਦੀ ਖੇਤੀ ਨੂੰ ਆਰਥਿਕ ਤੌਰ 'ਤੇ ਲਾਭ ਵਾਧੇ ਵੱਲ ਕਾਇਮ ਰੱਖਣ ਦੇ ਨਾਲ-ਨਾਲ ਦੇਸ਼ ਦੀ ਖੁਰਾਕ ਸੁਰੱਖਿਅਤਾ ਯਕੀਨੀ ਬਣਾਉਣ ਵਿੱਚ ਵੀ ਸਹਾਇਤਾ ਕਰਨ। ਪਰ ਇਹ ਉਦੋਂ ਤੱਕ ਸੰਭਵ ਨਹੀਂ ਹੋ ਸਕੇਗਾ ਜਦੋਂ ਤੱਕ ਗ਼ੈਰ-ਨਾਸ਼ਵਾਨ ਅਨਾਜ, ਦਾਲਾਂ ਆਦਿ ਅਤੇ ਅਤੇ ਨਾਸ਼ਵਾਨ ਫਲ, ਸਬਜ਼ੀਆਂ ਆਦਿ ਦੇ ਉਤਪਾਦਨ ਕਰਨ ਅਤੇ ਵਾਢੀ ਤੋਂ ਬਾਅਦ ਉਤਪਾਦਾਂ ਦੀ ਹੋਣ ਵਾਲੀ ਬਰਬਾਦੀ ਦੀ ਰੋਕਥਾਮ ਨੂੰ ਬਰਾਬਰ ਦੀ ਮਹੱਤਤਾ ਨਹੀਂ ਦਿੱਤੀ ਜਾਂਦੀ।

ਅਸਲ ਵਿੱਚ ਸਾਡੇ ਦੇਸ਼ ਵਿੱਚ ਖੁਰਾਕੀ ਉਤਪਾਦ ਭਾਰੀ ਮਾਤਰਾ ਵਿੱਚ ਬਰਬਾਦ ਹੋ ਰਹੇ ਹਨ। ਵੱਖ-ਵੱਖ ਅਨੁਮਾਨਾਂ ਅਨੁਸਾਰ ਦੇਸ਼ ਵਿੱਚ ਵਾਢੀ ਤੋਂ ਬਾਅਦ ਅਨਾਜ ਅਤੇ ਤੇਲ ਬੀਜਾਂ ਦੇ ਉਤਪਾਦਾਂ ਵਿੱਚ 5-15 ਪ੍ਰਤੀਸ਼ਤ, ਅਰਧ-ਨਾਸ਼ਵਾਨਾਂ ਵਿੱਚ 20-30 ਪ੍ਰਤੀਸ਼ਤ ਅਤੇ ਨਾਸ਼ਵਾਨ ਸਬਜ਼ੀਆਂ ਅਤੇ ਫਲਾਂ ਵਿੱਚ 30-50 ਪ੍ਰਤੀਸ਼ਤ ਬਰਬਾਦੀ ਹੁੰਦੀ ਹੈ। ਸੰਯੁਕਤ ਰਾਸ਼ਟਰ ਦੇ ਅਨੁਮਾਨਾਂ ਅਤੇ ਹੋਰ ਕਈ ਰਿਪੋਰਟਾਂ ਅਨੁਸਾਰ ਭਾਰਤ ਵਿੱਚ ਪੈਦਾ ਕੀਤੇ ਜਾਂਦੇ ਕੁੱਲ ਖੁਰਾਕੀ-ਉਤਪਾਦਾਂ ਵਿਚੋਂ 30 ਤੋਂ 40 ਪ੍ਰਤੀਸ਼ਤ (50,000 ਤੋਂ 90,000 ਕਰੋੜ ਰੁਪਏ ਦੇ ਬਰਾਬਰ) ਨਸ਼ਟ ਹੋ ਜਾਂਦਾ ਹੈ ਤੇ ਕਦੇ ਵੀ ਲੋੜਵੰਦਾਂ ਤੱਕ ਨਹੀਂ ਪਹੁੰਚਦਾ। ਇਹ ਵੀ ਅਨੁਮਾਨ ਲਗਾਇਆ ਗਿਆ ਹੈ ਕਿ ਹਰ ਸਾਲ ਅਨ-ਉਚਿੱਤ ਭੰਡਾਰਨਾ ਕਰਕੇ ਤਕਰੀਬਨ 210 ਲੱਖ ਟਨ ਕਣਕ ਨੂੰ ਕੀੜਿਆਂ, ਚੂਹਿਆਂ ਆਦਿ ਦੁਆਰਾ ਨੁਕਸਾਨ ਪਹੁੰਚਾਇਆ ਜਾਂਦਾ ਹੈ। ਘਰੇਲੂ ਅਤੇ ਫਾਰਮ ਪੱਧਰ 'ਤੇ ਰਵਾਇਤੀ ਗ਼ੈਰ-ਵਿਗਿਆਨਕ ਭੰਡਾਰਨ ਦੇ ਪ੍ਰਬੰਧਨਾਂ ਕਾਰਨ ਸਾਰੇ ਭੰਡਾਰ ਕੀਤੇ ਅਨਾਜ ਵਿਚੋਂ 50-60 ਪ੍ਰਤੀਸ਼ਤ ਬਰਬਾਦ ਹੋ ਜਾਂਦਾ ਹੈ।

ਚਿੰਤਾ ਦਾ ਇਕ ਗੰਭੀਰ ਮਸਲਾ ਇਹ ਹੈ ਕਿ ਸਾਡੇ ਦੇਸ਼ ਵਿੱਚ ਪਿਛਲੇ ਛੇ ਦਹਾਕਿਆਂ ਦੌਰਾਨ ਵੱਡੇ ਪੱਧਰ 'ਤੇ ਖੁਰਾਕ ਦੀ ਬਰਬਾਦੀ (ਉਤਪਾਦਨ ਤੋਂ ਖਪਤਕਾਰਾਂ ਤੱਕ) ਹੁੰਦੇ ਜਾਣ ਦੇ ਬਾਵਜੂਦ ਸਰਕਾਰਾਂ ਅਤੇ ਉਨ੍ਹਾਂ ਦੇ ਨੀਤੀ ਨਿਰਮਾਤਾ ਇਸ ਬਰਬਾਦੀ ਨੂੰ ਆਧੁਨਿਕ ਵਿਗਿਆਨ ਤੇ ਤਕਨਾਲੋਜੀਆਂ ਆਧਾਰਿਤ ਘਟਾਉਣ ਲਈ ਥੋੜ੍ਹੇ ਸਮੇਂ ਅਤੇ

ਲੰਮੇ ਸਮੇਂ ਦੀਆਂ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਵਿੱਚ ਪਛੜ ਗਏ ਹਨ। ਇਸ ਕਰਕੇ ਏਨੀ ਵੱਡੀ ਬਰਬਾਦੀ ਤੇਜ਼ੀ ਨਾਲ ਵੱਧ ਰਹੀ ਆਬਾਦੀ (ਸਾਲ 2050 ਤਕ 170 ਕਰੋੜ ਤੱਕ ਪਹੁੰਚਣ ਦੀ ਉਮੀਦ ਹੈ) ਲਈ ਖ਼ੁਰਾਕ, ਪੋਸ਼ਣ ਅਤੇ ਆਰਥਿਕ ਸਥਿਰਤਾ ਨੂੰ ਪ੍ਰਾਪਤ ਕਰਨ ਵਿੱਚ ਅਤੇ ਬਰਬਾਦ ਹੋਏ ਭੋਜਨ ਨੂੰ ਪੈਦਾ ਕਰਨ ਲਈ ਪਹਿਲਾਂ ਹੀ ਸੁੰਗੜ ਰਹੇ ਕੁਦਰਤੀ ਸਰੋਤਾਂ (ਜ਼ਮੀਨ, ਪਾਣੀ ਅਤੇ ਵਾਤਾਵਰਣ) ਉੱਪਰ ਸਿੱਧੇ ਤੌਰ 'ਤੇ ਮਾੜਾ ਪ੍ਰਭਾਵ ਪਾਉਂਦੀ ਜਾ ਰਹੀ ਹੈ। ਇਸ ਬਰਬਾਦੀ ਨੂੰ ਘੱਟ ਕਰਨ ਲਈ ਇਹ ਜ਼ਰੂਰੀ ਹੈ ਕਿ ਖੇਤੀਬਾੜੀ ਆਧੁਨਿਕੀਕਰਨ ਕਾਰਜ ਯੋਜਨਾਵਾਂ ਅਧੀਨ ਸੂਬਾ ਤੇ ਕੇਂਦਰੀ ਸਰਕਾਰਾਂ ਅਤੇ ਉਨ੍ਹਾਂ ਦੇ ਵਿੱਤੀ ਪ੍ਰਬੰਧਕਾਂ, ਗ਼ੈਰ-ਸਰਕਾਰੀ ਸੰਗਠਨਾਂ, ਖੋਜ ਅਤੇ ਵਿਕਾਸ ਦੀਆਂ ਸੰਸਥਾਵਾਂ ਅਤੇ ਹੋਰ ਸੰਬੰਧਿਤ ਅਦਾਰਿਆਂ ਦੇ ਸਾਂਝੇ ਯਤਨਾਂ ਨਾਲ ਆਧੁਨਿਕ ਸਟੋਰੇਜ ਸਹੂਲਤਾਂ ਅਤੇ ਪ੍ਰੋਸੈਸਿੰਗ ਤਕਨਾਲੋਜੀਆਂ ਵਿਕਸਤ ਕੀਤੀਆਂ ਜਾਣ ਅਤੇ ਉਨ੍ਹਾਂ ਦੀ ਵਰਤੋਂ ਕੀਤੀ ਜਾਵੇ।

**14. ਖੇਤੀ ਉਤਪਾਦਾਂ ਦੇ ਭੰਡਾਰਨ ਦੌਰਾਨ ਬਰਬਾਦੀ ਤੇ ਕਾਬੂ ਪਾਉਣਾ ਬਹੁਤ ਜ਼ਰੂਰੀ**

ਖੇਤੀਬਾੜੀ ਆਧੁਨਿਕੀਕਰਨ ਕਾਰਜ ਯੋਜਨਾਵਾਂ ਨੂੰ ਲਾਜ਼ਮੀ ਤੌਰ 'ਤੇ ਆਧੁਨਿਕ ਵਿਗਿਆਨਕ ਭੰਡਾਰਨ ਵਿਧੀਆਂ ਦੀ ਵਰਤੋਂ ਲਈ ਲੋੜੀਂਦੀ ਮਹੱਤਤਾ ਦੇਣੀ ਚਾਹੀਦੀ ਹੈ ਤਾਂ ਜੋ ਖੇਤੀ ਉਤਪਾਦਾਂ ਦੇ ਨੁਕਸਾਨ ਨੂੰ ਵੱਡੇ ਪੱਧਰ 'ਤੇ ਘਟਾਉਣ ਵਿੱਚ ਸਹਾਇਤਾ ਹੋ ਸਕੇ। ਆਧੁਨਿਕ ਵਿਗਿਆਨਕ ਭੰਡਾਰਨ ਤਰੀਕਿਆਂ ਦੀ ਵਰਤੋਂ ਇਨ੍ਹਾਂ ਨੁਕਸਾਨਾਂ ਨੂੰ 1-2 ਪ੍ਰਤੀਸ਼ਤ ਤੱਕ ਘੱਟ ਕਰ ਸਕਦੀ ਹੈ। ਪਰ ਇਸ ਸਮੇਂ ਪੰਜਾਬ ਵਿੱਚ ਕੁੱਲ ਅਨਾਜ ਭੰਡਾਰਨ ਸਮਰੱਥਾ ਲਗਪਗ 20 ਲੱਖ ਟਨ ਹੈ (68 ਪ੍ਰਤੀਸ਼ਤ ਸੁਰੱਖਿਅਤ ਪੱਕੇ ਸਟੋਰ ਅਤੇ 32 ਪ੍ਰਤੀਸ਼ਤ ਖੁੱਲ੍ਹੇ ਅਸਮਾਨ ਹੇਠ) ਅਤੇ ਭਾਰਤ ਵਿੱਚ ਲਗਪਗ 580 ਲੱਖ ਟਨ ਹੈ ਜੋ ਨਾ ਸਿਰਫ ਲੋੜ ਤੋਂ ਘੱਟ ਹਨ ਸਗੋਂ ਹਨ ਵੀ ਮਾੜੀ ਹਾਲਤ ਵਿੱਚ। ਇਸ ਲਈ ਜਨਤਕ ਅਤੇ ਨਿਜੀ ਨਿਵੇਸ਼ ਨਾਲ ਤਕਨਾਲੋਜੀ ਆਧਾਰਿਤ ਘੱਟ-ਕੀਮਤ ਵਾਲੇ ਫਾਰਮ ਪੱਧਰ 'ਤੇ ਸਟੋਰਾਂ (1 ਤੋਂ 4 ਟਨ ਦੀ ਸਮਰੱਥਾ ਵਾਲੇ), ਪਿੰਡਾਂ ਵਿੱਚ ਭਾਈਚਾਰਕ ਪੰਚਾਇਤ ਨਿਯੰਤਰਿਤ ਸਟੋਰਾਂ (25-100 ਟਨ ਸਮਰੱਥਾ ਵਾਲੇ) ਅਤੇ 100-1000 ਟਨ ਸਟੋਰੇਜ ਸਮਰੱਥਾ ਵਾਲੇ ਗੁਦਾਮਾਂ ਦੀ ਇਕ ਲੜੀ ਨੂੰ ਦਿਹਾਤੀ ਖੇਤਰ ਵਿੱਚ ਵਿਕਸਤ ਕਰਨ ਦੀ ਜ਼ਰੂਰਤ ਹੈ। ਅਨਾਜ ਦੇ ਲੰਮੇਂ ਸਮੇਂ ਦੇ ਵਿਗਿਆਨਕ ਭੰਡਾਰਨ ਲਈ ਫਾਰਮ ਦੇ ਪੱਧਰ 'ਤੇ ਛੋਟੇ ਆਕਾਰ (20-30 ਟਨ ਸਮਰੱਥਾ ਵਾਲੇ) ਅਤੇ ਪਿੰਡ ਪੱਧਰ 'ਤੇ ਦਰਮਿਆਨੇ ਆਕਾਰ (100 ਟਨ ਸਮਰੱਥਾ ਵਾਲੇ) ਦੇ ਸਾਈਲੋਜ ਸਥਾਪਤ ਕਰਨੇ ਚਾਹੀਦੇ ਹਨ। ਪੰਜਾਬ ਵਿੱਚ ਪਬਲਿਕ-ਨਿਜੀ ਭਾਈਵਾਲੀ ਰਾਹੀਂ ਸਰਕਾਰ ਦੁਆਰਾ ਨਿਯੰਤਰਿਤ ਵੱਡੇ ਆਕਾਰ (5-6 ਮਿਲੀਅਨ ਟਨ ਸਮਰੱਥਾ ਵਾਲੇ) ਦੇ ਸਾਈਲੋਜ ਬਣਾਉਣ ਦੀ ਲੋੜ ਹੈ।

ਨਾਸ਼ਵਾਨ ਫਲ, ਸਬਜ਼ੀਆਂ ਆਦਿ ਵਾਲੇ ਉਤਪਾਦਾਂ ਦੀ ਬਰਬਾਦੀ ਨੂੰ ਘੱਟ ਕਰਨ ਲਈ ਕੋਲਡ ਸਟੋਰੇਜ ਸਹੂਲਤਾਂ ਅਤੇ ਕੋਲਡ-ਚੇਨ ਸਿਸਟਮ ਨੂੰ ਵਧਾਉਣ ਵਾਸਤੇ ਸਰਕਾਰ ਵਲੋਂ ਇਕ ਠੋਸ ਨਿਵੇਸ਼-ਯੋਜਨਾ ਦੇ ਨਾਲ ਸਮਰਥਨ ਦੀ ਲੋੜ ਹੁੰਦੀ ਹੈ। ਪੰਜਾਬ ਵਿੱਚ

ਲਗਪਗ 600 ਕੋਲਡਸਟੋਰਾਂ (ਭਾਰਤ ਵਿੱਚ ਲਗਪਗ 7600) ਦੀ ਸੁਵਿਧਾ ਹੈ ਜਿਨ੍ਹਾਂ ਵਿੱਚੋਂ 75-80 ਪ੍ਰਤੀਸ਼ਤ ਦੀ ਵਰਤੋਂ ਸਿਰਫ ਆਲੂਆਂ ਨੂੰ ਸਟੋਰ ਕਰਨ ਲਈ ਵਰਤੀ ਜਾਂਦੀ ਹੈ ਜਦ ਕਿ 30-35 ਪ੍ਰਤੀਸ਼ਤ ਫਲ ਅਤੇ ਸਬਜ਼ੀਆਂ ਨਸ਼ਟ ਹੋ ਜਾਂਦੇ ਹਨ। ਅੰਕੜਿਆਂ ਅਨੁਸਾਰ ਅਮਰੀਕਾ ਵਿੱਚ 70 ਪ੍ਰਤੀਸ਼ਤ ਤੋਂ ਵੱਧ ਨਾਸ਼ਵਾਨ ਭੋਜਨ ਦਾ ਠੰਡਾ ਸਟੋਰੇਜ ਹੁੰਦਾ ਹੈ, ਭਾਰਤ ਵਿੱਚ ਇਹ 4 ਪ੍ਰਤੀਸ਼ਤ ਤੋਂ ਵੀ ਘੱਟ ਹੈ। ਇਸ ਲਈ ਪੰਜਾਬ ਵਿੱਚ ਫਲਾਂ ਤੇ ਸਬਜ਼ੀਆਂ ਲਈ ਵੱਡੇ ਪੱਧਰ ’ਤੇ ਆਧੁਨਿਕ ਕੋਲਡ ਸਟੋਰ ਅਤੇ ਕੋਲਡ-ਚੇਨ (ਉਤਪਾਦਨ ਤੋਂ ਮੰਡੀਕਰਨ ਤੱਕ) ਸੁਵਿਧਾਵਾਂ ਸਥਾਪਤ ਕਰਨ ਲਈ ਸਰਕਾਰ ਵਲੋਂ ਵਿਸ਼ੇਸ਼ ਤੌਰ ’ਤੇ ਨਿਵੇਸ਼ ਅਤੇ ਯਤਨ ਕਰਨ ਦੀ ਜ਼ਰੂਰਤ ਹੈ।

ਭਾਰਤ ਦੀ ਇਸ ਜ਼ਰੂਰਤ ਨੂੰ ਸਮਝਦਿਆਂ ਹੋਇਆਂ, ਨੈਸ਼ਨਲ ਹੌਰਟੀਕਲਚਰ ਮਿਸ਼ਨ, ਨੈਸ਼ਨਲ ਹੌਰਟੀਕਲਚਰ ਬੋਰਡ, ਨੈਸ਼ਨਲ ਸੈਂਟਰ ਫਾਰ ਕੋਲਡ ਚੇਨ ਡੀਵੈਲਪਮੈਂਟ, ਨੈਸ਼ਨਲ ਕੋਅਪਰੇਟਿਵ ਡੀਵੈਲਪਮੈਂਟ ਕਾਰਪੋਰੇਸ਼ਨ ਅਤੇ ਐਗਰੀਕਲਚਰਲ ਪ੍ਰੋਡਕਟਸ ਐਕਸਪੋਰਟ ਡੀਵੈਲਪਮੈਂਟ ਅਥੌਰਿਟੀ ਦੇਸ਼ ਵਿੱਚ ਕੋਲਡ ਸਟੋਰੇਜਸ ਸ਼ੁਰੂ ਕਰ ਰਹੇ ਹਨ।

### 15. ਖੇਤੀ ਆਧੁਨਿਕੀਕਰਨ ਨੀਤੀ ਵਿੱਚ ਖੁਰਾਕ ਪ੍ਰੋਸੈਸਿੰਗ ਇੱਕ ਜ਼ਰੂਰੀ ਹਿੱਸਾ

ਖੇਤੀ ਆਧੁਨਿਕੀਕਰਨ ਯੋਜਨਾਕਾਰਾਂ ਅਤੇ ਸਰਕਾਰ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਪੰਜਾਬ ਦੀ ਖੇਤੀਬਾੜੀ ਆਧਾਰਿਤ ਆਰਥਿਕਤਾ ਹੁਣ ਅਜਿਹੇ ਪੜਾਅ ਤੇ ਪਹੁੰਚ ਗਈ ਹੈ ਜਿੱਥੇ ਇਸ ਆਧਾਰਿਤ ਵਿਕਾਸ ਦਰ ਨੂੰ ਵਾਧੇ ਵੱਲ ਕਾਇਮ ਰੱਖਣ ਲਈ ਖੇਤੀਬਾੜੀ ਨੂੰ ਪ੍ਰੋਸੈਸਿੰਗ ਉਦਯੋਗ ਨਾਲ ਜੋੜਨਾ ਬਹੁਤ ਮਹੱਤਵਪੂਰਨ ਹੈ। ਫਿਲਹਾਲ ਪੰਜਾਬ ਦੀ ਪੇਂਡੂ ਆਰਥਿਕਤਾ ਉਪਜਾਏ ਜਾ ਰਹੇ ਅਨਾਜ, ਫਲ, ਸਬਜ਼ੀਆਂ, ਆਦਿ ਨੂੰ ਪ੍ਰੋਸੈਸਿੰਗ ਕੀਤੇ ਬਿਨਾਂ ਘੱਟ ਮੁੱਲ ਤੇ ਨਿਰਯਾਤ ਕਰਨ ਤੱਕ ਹੀ ਸੀਮਤ ਹੈ ਜਦ ਕਿ ਇਨ੍ਹਾਂ ਦੇ ਉੱਚ-ਮੁੱਲ ਵਾਲੇ ਪ੍ਰੋਸੈਸਡ ਉਤਪਾਦਾਂ ਦੇ ਕਾਰੋਬਾਰ ਦੁਆਰਾ ਆਮਦਨ ਬਹੁਤ ਵੱਡੇ ਪੱਧਰ ’ਤੇ ਵਾਧੇ ਵੱਲ ਕਾਇਮ ਰੱਖੀ ਜਾ ਸਕਦੀ ਹੈ। ਵਾਸਤਵ ਵਿੱਚ ਪੇਂਡੂ ਖੇਤਰਾਂ ਵਿੱਚ ਖੇਤੀ ਉਪਜਾਂ ਦੇ ਪ੍ਰੋਸੈਸਿੰਗ ਉਦਯੋਗ ਦੇ ਵਿਕਾਸ ਨਾਲ ਗ਼ੈਰ-ਨਾਸ਼ਵਾਨ ਅਤੇ ਨਾਸ਼ਵਾਨ ਖੇਤੀ ਉਤਪਾਦਾਂ ਦੀ ਹੋ ਰਹੀ ਬਰਬਾਦੀ ਨੂੰ ਘਟਾਇਆ ਜਾ ਸਕਦਾ ਹੈ, ਖੇਤੀ-ਵਿਭਿੰਨਤਾ ਲਈ ਸਹਾਇਤਾ ਕੀਤੀ ਜਾ ਸਕਦੀ ਹੈ, ਪੇਂਡੂ ਖੇਤਰਾਂ ਵਿੱਚ ਨੌਕਰੀਆਂ ਦੇ ਮੌਕੇ ਪੈਦਾ ਕੀਤੇ ਜਾ ਸਕਦੇ ਹਨ, ਵਾਤਾਵਰਣ ਦੇ ਨੁਕਸਾਨ ਨੂੰ ਘਟਾਇਆ ਜਾ ਸਕਦਾ ਹੈ ਅਤੇ ਕਿਸਾਨਾਂ ਦੀ ਆਮਦਨੀ ਨੂੰ ਭਰੋਸੇ ਦੇ ਨਾਲ ਵਾਧੇ ਵੱਲ ਕਾਇਮ ਰੱਖਿਆ ਜਾ ਸਕਦਾ ਹੈ।

ਇਸ ਦੇ ਬਾਵਜੂਦ ਭਾਰਤ ਵਿੱਚ ਖੇਤੀ ਉਪਜਾਂ ਦੀ ਪ੍ਰਸੈਸਿੰਗ ਦਾ ਪੱਧਰ ਲਗਪਗ 10 ਪ੍ਰਤੀਸ਼ਤ ਤੱਕ ਹੀ ਸੀਮਤ ਹੈ ਜਦ ਕਿ ਵਿਕਸਤ ਦੇਸ਼ਾਂ ਵਿੱਚ ਇਹ 65 ਤੋਂ 85 ਪ੍ਰਤੀਸ਼ਤ ਹੈ। ਫਲਾਂ ਅਤੇ ਸਬਜ਼ੀਆਂ ਦੇ ਮਾਮਲੇ ਵਿੱਚ ਉਪਜ ਦੀ ਸਿਰਫ 2 ਪ੍ਰਤੀਸ਼ਤ ਹੀ ਪ੍ਰਸੈਸਿੰਗ ਹੁੰਦੀ ਹੈ ਜਦੋਂ ਕਿ ਭਾਰਤ ਸਰਕਾਰ ਨੇ ਇਨ੍ਹਾਂ ਨਾਸ਼ਵਾਨਾਂ ਦੀ ਪ੍ਰੋਸੈਸਿੰਗ ਦੇ ਪੱਧਰ ਨੂੰ 20 ਪ੍ਰਤੀਸ਼ਤ ਤੱਕ ਵਧਾਉਣ ਦੀ ਯੋਜਨਾ ਬਣਾਈ ਹੈ। ਖੇਤੀ-ਪ੍ਰੋਸੈਸਿੰਗ ਸੈਕਟਰ ਦੀ ਸਮਰੱਥਾ ਜੋ ਇਸ ਸਮੇਂ ਲਗਪਗ 2 ਲੱਖ ਕਰੋੜ ਰੁਪਏ ਹੈ 2030 ਤੱਕ 5-6 ਲੱਖ ਕਰੋੜ ਰੁਪਏ ਤੱਕ

ਵਧਣ ਦੀ ਉਮੀਦ ਹੈ। ਇਸ ਲਈ ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਖੇਤੀਬਾੜੀ ਨੂੰ ਪ੍ਰੋਸੈਸਿੰਗ-ਉਦਯੋਗ ਦੇ ਨਜ਼ਦੀਕ ਲਿਆਂਦਾ ਜਾਵੇ ਤਾਂ ਕਿ ਨਾ ਸਿਰਫ਼ ਖੇਤੀ ਉਤਪਾਦਨ ਦੇ ਵਾਧੇ ਆਧਾਰਿਤ ਹੀ ਆਰਥਿਕਤਾ ਵਧਾਈ ਜਾਵੇ ਸਗੋਂ ਉੱਚ ਖੇਤੀ ਉਤਪਾਦਨ, ਉਤਪਾਦ ਦੇ ਉੱਚ ਮੁੱਲ ਅਤੇ ਪ੍ਰੋਸੈਸਿੰਗ ਉਦਯੋਗਾਂ ਦੇ ਆਧਾਰ 'ਤੇ ਇਹ ਆਰਥਿਕਤਾ ਲਗਾਤਾਰ ਵਾਧੇ ਵੱਲ ਕਾਇਮ ਰੱਖੀ ਜਾਵੇ।

ਐਗਰੋ-ਪ੍ਰੋਸੈਸਿੰਗ ਖੇਤਰ ਕੋਲਡ ਸਟੋਰਾਂ ਅਤੇ ਕੋਲਡ-ਚੇਨ ਪ੍ਰਣਾਲੀ (ਉਤਪਾਦਕ ਤੋਂ ਲੈ ਕੇ ਖਪਤਕਾਰਾਂ ਤੱਕ) ਦੇ ਵਿਕਾਸ ਦੇ ਨਾਲ ਬਾਗਬਾਨੀ ਅਤੇ ਗ਼ੈਰ-ਬਾਗਵਾਨੀ ਉਤਪਾਦਾਂ ਦੇ ਨਸ਼ਟ ਹੋਣ ਨੂੰ ਘਟਾਉਣ ਦੇ ਨਾਲ-ਨਾਲ ਰੁਜ਼ਗਾਰ ਪੈਦਾ ਕਰਨ ਵਿੱਚ ਵੱਡੇ ਪੱਧਰ 'ਤੇ ਯੋਗਦਾਨ ਪਾ ਸਕਦਾ ਹੈ। ਇਹ ਅਨੁਮਾਨ ਲਗਾਇਆ ਗਿਆ ਹੈ ਕਿ ਐਗਰੋਪ੍ਰੋਸੈਸਿੰਗ ਵਿੱਚ ਇਕ ਪ੍ਰਤੀਸ਼ਤ ਵਾਧਾ ਭਾਰਤ ਵਿੱਚ 4-5 ਲੱਖ ਲੋਕਾਂ ਲਈ ਸਿੱਧਾ ਵਾਧੂ ਰੁਜ਼ਗਾਰ ਅਤੇ 15 ਲੱਖ ਵਿਅਕਤੀਆਂ ਲਈ ਅਸਿੱਧਾ ਰੋਜ਼ਗਾਰ ਪੈਦਾ ਕਰ ਸਕਦਾ ਹੈ। ਭਾਰਤ ਸਰਕਾਰ ਦੇ ਫੂਡ-ਪ੍ਰੋਸੈਸਿੰਗ ਉਦਯੋਗ ਦੇ ਮੰਤਰਾਲੇ ਦੀ ਰਿਪੋਰਟ ਅਨੁਸਾਰ ਸੰਗਠਿਤ ਫੂਡ ਪ੍ਰੋਸੈਸਿੰਗ ਸੈਕਟਰ ਇਸ ਸਮੇਂ ਤਕਰੀਬਨ 17 ਲੱਖ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਦਿੰਦਾ ਹੈ ਅਤੇ ਲਗਪਗ 48 ਲੱਖ ਲੋਕ ਗ਼ੈਰ-ਸੰਗਠਿਤ ਪ੍ਰੋਸੈਸਿੰਗ ਸੈਕਟਰ ਵਿੱਚ ਕੰਮ ਕਰਦੇ ਹਨ। ਇਸ ਲਈ ਸਰਕਾਰੀ ਅਤੇ ਗ਼ੈਰ-ਸਰਕਾਰੀ ਭਾਈਵਾਲੀ ਨਾਲ ਨਿਵੇਸ਼ ਵਧਾ ਕੇ ਪੇਂਡੂ ਖੇਤਰਾਂ ਵਿੱਚ ਆਧੁਨਿਕ ਤਕਨਾਲੋਜੀ ਨਾਲ ਐਗ੍ਰੋ-ਪ੍ਰੋਸੈਸਿੰਗ ਉਦਯੋਗ ਦਾ ਵੱਡੇ ਪੱਧਰ 'ਤੇ ਨਿਰਮਾਣ ਕਰਨ ਅਤੇ ਮੌਜੂਦਾ ਇਕਾਈਆਂ (ਜੋ ਜ਼ਿਆਦਾ ਤਰ ਘੱਟ ਕੁਸ਼ਲ ਹਨ) ਨੂੰ ਆਧੁਨਿਕ ਬਣਾਉਣ ਦੀ ਜ਼ਰੂਰਤ ਹੈ। ਇਸ ਨਾਲ ਅਨਾਜ ਸੁਰੱਖਿਆ, ਨੌਕਰੀਆਂ ਪੈਦਾ ਕਰਨ, ਕਿਸਾਨਾਂ ਦੀ ਆਮਦਨੀ ਵਧਾਉਣ ਅਤੇ ਜਨਤਾ ਨੂੰ ਪੌਸ਼ਟਿਕ ਖੁਰਾਕ ਮੁਹੱਈਆ ਕਰਵਾਉਣ ਦੇ ਗੰਭੀਰ ਮੁੱਦਿਆਂ ਨੂੰ ਹੱਲ ਕਰਨ ਵਿੱਚ ਵੀ ਸਹਾਇਤਾ ਮਿਲੇਗੀ। ਲਾਡ੍ਹੋਵਾਲ (ਲੁਧਿਆਣਾ), ਕਪੂਰਥਲਾ, ਫਾਜ਼ਿਲਕਾ ਅਤੇ ਹੋਰ ਆਧੁਨਿਕ ਮੈਗਾ ਫੂਡ ਪਾਰਕਾਂ ਦੀ ਸਥਾਪਨਾ ਨਾਲ ਇਸ ਦਿਸ਼ਾ ਵਿੱਚ ਇਕ ਕਦਮ ਅੱਗੇ ਵਧਿਆ ਹੈ। ਪਰ ਖੇਤਰ-ਵਿਸ਼ੇਸ਼ ਲੋੜੀਂਦੇ ਜਨਤਕ ਅਤੇ ਨਿਜੀ ਵਿੱਤੀ ਸਹਾਇਤਾ ਨਾਲ ਪੇਂਡੂ ਖੇਤਰਾਂ ਵਿੱਚ ਛੋਟੇ ਅਤੇ ਦਰਮਿਆਨੇ ਖੇਤੀ-ਪ੍ਰੋਸੈਸਿੰਗ ਉਦਯੋਗਾਂ ਅਤੇ ਸਹਾਇਕ ਇਕਾਈਆਂ ਵਾਲੇ ਸਮੂਹਾਂ (ਜੋ ਸਥਾਨਕ ਉਤਪਾਦਨ ਵਾਲੇ ਖੇਤੀ ਉਤਪਾਦਾਂ ਦੇ ਕੱਚੇ ਮਾਲ ਦੀ ਵਰਤੋਂ ਕਰਨ) ਦੇ ਨਾਲ-ਨਾਲ ਕੋਲਡ-ਚੇਨ (ਉਤਪਾਦਕ ਤੋਂ ਲੈ ਕੇ ਖਪਤਕਾਰਾਂ ਤੱਕ), ਠੰਡੇ-ਭੰਡਾਰਨ ਅਤੇ ਮੰਡੀਕਰਨ ਸਹੂਲਤਾਂ ਦੇ ਵੱਡੇ ਪੱਧਰ 'ਤੇ ਵਿਸਥਾਰ ਲਈ ਇਸ ਤਰ੍ਹਾਂ ਦੀਆਂ ਹੋਰ ਪਹਿਲਕਦਮੀਆਂ ਦੀ ਜ਼ਰੂਰਤ ਹੈ। ਇਸ ਦੇ ਨਾਲ-ਨਾਲ ਸਰਕਾਰ ਵਲੋਂ ਤਕਨੀਕੀ, ਵਿੱਤੀ, ਮੰਡੀਕਰਨ, ਹੁਨਰ ਵਿਕਾਸ, ਗੁਣਵਤਾ ਕੰਟਰੋਲ ਆਦਿ ਦੀ ਸਹਾਇਤਾ ਦੇ ਕੇ ਕਿਸਾਨ-ਸਮੂਹਾਂ, ਪੇਂਡੂ ਸਵੈ-ਸਹਾਇਤਾ ਸੰਸਥਾਵਾਂ, ਪੇਂਡੂ-ਘਰਾਣਿਆਂ, ਉੱਦਮੀਆਂ ਅਤੇ ਹੋਰਾਂ ਨੂੰ ਖੇਤੀਬਾੜੀ ਪ੍ਰਕਿਰਿਆ ਅੱਗੇ ਵਧਾਉਣ ਲਈ ਉਤਸ਼ਾਹਿਤ ਕਰਨ ਦੀ ਲੋੜ ਹੈ। ਪੰਜਾਬ ਸਰਕਾਰ ਮਾਰਕਫੈਡ ਅਤੇ ਐਗਰੋਇੰਡਸਟਰੀਜ਼ ਕਾਰਪੋਰੇਸ਼ਨ ਵਰਗੀਆਂ ਸੰਸਥਾਵਾਂ ਦਾ ਪੁਨਰਗਠਨ ਕਰ ਸਕਦੀ ਹੈ ਤਾਂ ਜੋ ਖੇਤੀਬਾੜੀ ਉਤਪਾਦਾਂ ਦੀ ਆਯੋਜਿਤ

ਪ੍ਰੋਸੈਸਿੰਗ ਪ੍ਰਕਿਰਿਆ ਅਪਨਾ ਕੇ ਕਿਸਾਨ ਦੀ ਆਮਦਨੀ ਵਧਾਉਣ ਤੇ ਜ਼ੋਰ ਦਿੱਤਾ ਜਾ ਸਕੇ। ਖੇਤੀ ਆਧਾਰਿਤ ਪ੍ਰੋਸੈਸਿੰਗ ਉਦਯੋਗਾਂ ਨੂੰ ਸਿੱਖਿਆ, ਖੋਜ, ਕਿਸਾਨ ਸਿਖਲਾਈ ਅਤੇ ਰਾਜ ਅਤੇ ਰਾਸ਼ਟਰੀ ਖੁਰਾਕ-ਪ੍ਰੋਸੈਸਿੰਗ ਸੰਬੰਧਿਤ ਸੰਸਥਾਵਾਂ ਨਾਲ ਸੰਪਰਕ ਬਣਾਉਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਨੂੰ ਪ੍ਰੋਸੈਸਿੰਗ ਲਈ ਲੋੜੀਂਦੇ ਗੁਣਾਂ ਵਾਲੀਆਂ ਫ਼ਸਲਾਂ ਦੀਆਂ ਕਿਸਮਾਂ, ਪ੍ਰੋਸੈਸਿੰਗ ਤਕਨੀਕ, ਮਾਹਿਰਾਂ ਅਤੇ ਸਿਖਲਾਈ ਪ੍ਰਾਪਤ ਮਾਨਵ ਸੰਸਾਧਨ ਲਗਾਤਾਰ ਉਪਲੱਬਧ ਹੋ ਸਕਣ।

ਪ੍ਰੋਸੈਸਿੰਗ-ਇਕਾਈਆਂ (ਦੋਵੇਂ ਵੱਡੇ ਤੇ ਛੋਟੇ ਕਿਸਮ ਦੀਆਂ) ਦੇ ਆਧੁਨਿਕੀਕਰਨ ਲਈ ਸਰਕਾਰ ਨੂੰ ਬੁਨਿਆਦੀ ਇਨਫਰਾਸਟਰਕਚਰ (Infrastructure) ਦਾ ਵਿਕਾਸ, ਮਸ਼ੀਨੀਰੀ ਦੀ ਖਰੀਦ ਅਤੇ ਹੋਰ ਬੁਨਿਆਦੀ ਸਹੂਲਤਾਂ ਪੈਦਾ ਕਰਨ ਲਈ ਵੱਡੇ ਪੱਧਰ ’ਤੇ ਵਿੱਤੀ ਨਿਵੇਸ਼/ਸਹਾਇਤਾ ਪ੍ਰਦਾਨ ਕਰਨ ਦੀ ਜ਼ਰੂਰਤ ਹੈ। ਪ੍ਰੋਸੈਸਿੰਗ ਉਦਯੋਗ ਨੂੰ ਉਤਸ਼ਾਹਿਤ ਕਰਨ ਲਈ ਟੈਕਸੇਸ਼ਨ ਪ੍ਰਣਾਲੀ (Tax structure) ਨੂੰ ਤਰਕਸ਼ੀਲ ਬਣਾਉਣ ਦੀ ਜ਼ਰੂਰਤ ਹੈ, ਜਿਵੇਂ ਕਿ: ਨਾਸ਼ਵਾਨ ਅਤੇ ਨਾਸ਼ ਹੋਣ ਯੋਗ ਪ੍ਰੋਸੈੱਸ ਕੀਤੇ ਉਤਪਾਦਾਂ, ਕੱਚੇ ਮਾਲ, ਪੈਕਜਿੰਗ ਸਮੱਗਰੀ ਆਦਿ ਦੀ ਖਰੀਦ ਉੱਪਰ ਬਹੁਤ ਘੱਟ ਆਬਕਾਰੀ, ਕਸਟਮ-ਟੈਕਸ ਅਤੇ ਮੁੱਲ ਵਧਾਉਣ ਟੈਕਸ ਜਾਂ ਟੈਕਸ ਬਿਲਕੁਲ ਨਹੀਂ ਲੱਗਣਾ ਚਾਹੀਦਾ।

## 16. ਛੋਟੇ ਕਿਸਾਨਾਂ ਦੇ ਸਥਾਈ ਆਰਥਿਕ ਵਿਕਾਸ ਨੂੰ ਯਕੀਨੀ ਬਣਾਉਣਾ

ਪੰਜਾਬ ਵਿੱਚ ਖੇਤੀ ਨਿਰਭਰ ਆਰਥਿਕਤਾ ਨੂੰ ਆਧੁਨਿਕ ਬਣਾਉਣ ਦੀ ਇਕ ਹੋਰ ਵਿਲੱਖਣ ਵਿਸ਼ੇਸ਼ਤਾ ਇਹ ਹੈ ਕਿ ਰਾਜ ਵਿੱਚ ਲਗਪਗ ਦਸ ਲੱਖ ਕਾਰਜਸ਼ੀਲ ਜ਼ਮੀਨ ਹੋਲਡਿੰਗਾਂ (Operational holdings) ਵਿਚੋਂ 30 ਪ੍ਰਤੀਸ਼ਤ ਕਿਸਾਨ 5 ਏਕੜ ਨਾਲੋਂ ਘੱਟ ਅਤੇ 63 ਪ੍ਰਤੀਸ਼ਤ ਕਿਸਾਨ 10 ਏਕੜ ਤੋਂ ਘੱਟ ਜ਼ਮੀਨ ਦੇ ਮਾਲਿਕ ਹਨ। ਭਾਰਤ ਵਿੱਚ 85 ਪ੍ਰਤੀਸ਼ਤ ਨਾਲੋਂ ਵੱਧ ਛੋਟੀ ਅਤੇ ਸੀਮਾਂਤ ਕਿਸਾਨੀ ਹੈ। ਇਹ ਕਿਸਾਨ ਬਹੁਤ ਕਮਜ਼ੋਰ ਛੋਟੇ ਉਤਪਾਦਕ, ਖਪਤਕਾਰ ਅਤੇ ਗਰੀਬ ਪੇਂਡੂ ਲੋਕ ਹਨ। ਸਿਰਫ ਖੇਤੀ ਵਿਚੋਂ ਘੱਟ ਆਮਦਨ ਕਾਰਨ ਅਤੇ ਦਿਹਾਤੀ ਖੇਤਰ ਵਿੱਚ ਲਗਪਗ ਨਾ-ਮਾਤਰ ਗ਼ੈਰ-ਖੇਤੀ ਆਮਦਨੀ ਦੇ ਮੌਕੇ ਹੋਣ ਕਰਕੇ ਇਹ ਕਿਸਾਨ ਲੋੜਾਂ ਨਾਲੋਂ ਕਾਫੀ ਘੱਟ ਆਮਦਨੀ ਦੇ ਤਣਾਉ ਵਿੱਚ ਜੀ ਰਹੇ ਹਨ। ਇਸ ਲਈ ਲੋੜ ਹੈ ਕਿ ਇਸ ਕਿਸਮ ਦੇ ਭਾਈਚਾਰੇ ਦੀ ਆਮਦਨ ਵਧਾਉਣ ਲਈ ਸਰਕਾਰਾਂ, ਵਿਕਾਸ ਮਾਹਿਰ ਅਤੇ ਵਿੱਤੀ ਪ੍ਰਬੰਧਕ ਛੋਟੇ ਕਿਸਾਨਾਂ ਦੀ ਸ਼ਮੂਲੀਅਤ ਨਾਲ ਖੇਤਰ-ਨਿਸ਼ਚਿਤ ਥੋੜ੍ਹੇ ਅਤੇ ਲੰਮੇ ਸਮੇਂ ਦੀਆਂ ਵਿਆਪਕ ਖੇਤੀਬਾੜੀ ਆਧੁਨਿਕੀਕਰਨ ਨੀਤੀਆਂ ਤਿਆਰ ਕਰਨ ਜਿਨ੍ਹਾਂ ਅਧੀਨ ਛੋਟੀ ਕਿਸਾਨੀ ਵਧੇਰੇ ਲਾਭਕਾਰੀ ਤੇ ਟਿਕਾਊ ਉਦਮ ਬਣ ਸਕੇ।

ਖੇਤੀਬਾੜੀ ਆਧੁਨਿਕੀਕਰਨ ਦੀਆਂ ਯੋਜਨਾਵਾਂ ਵਿੱਚ ਸਰਕਾਰ ਵਲੋਂ ਪੂੰਜੀ ਨਿਵੇਸ਼ ਕਰਨ ਵੇਲੇ ਉਨ੍ਹਾਂ ਪ੍ਰਾਜੈਕਟਾਂ ਅਤੇ ਸੰਸਥਾਵਾਂ ਵੱਲ ਜ਼ਿਆਦਾ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ ਜੋ ਖੇਤਰ-ਵਿਸ਼ੇਸ਼ ਥੋੜ੍ਹੇ ਅਤੇ ਲੰਮੇ ਸਮੇਂ ਦੀਆਂ ਕਾਰਜ ਯੋਜਨਾਵਾਂ ਨੂੰ ਲਾਗੂ ਕਰਨ ਜੋ ਛੋਟੇ ਪੱਧਰ ਦੀ ਕਿਸਾਨੀ ਦਾ ਉੱਚ ਉਤਪਾਦਕ, ਉਤਪਾਦਨ-ਕੁਸ਼ਲ ਅਤੇ

ਆਰਥਿਕ ਤੌਰ 'ਤੇ ਲਾਭਕਾਰੀ ਕਿੱਤੇ ਵਾਂਗ ਵਿਕਾਸ ਕਰਨ ਵਾਸਤੇ ਸਮਰੱਥਾ (ਤਕਨੀਕੀ, ਵਿੱਤੀ, ਹੁਨਰ ਵਿਕਾਸ, ਆਦਿ) ਵਧਾਉਣ ਅਤੇ ਛੋਟੇ ਕਿਸਾਨਾਂ ਦੀ ਆਮਦਨੀ ਨੂੰ ਵਾਧੇ ਵਲ ਰੱਖਣ ਵਿੱਚ ਸਹਾਇਤਾ ਕਰਨ।

ਆਧੁਨਿਕ ਨੀਤੀ ਦੇ ਅਧੀਨ ਛੋਟੇ ਕਿਸਾਨਾਂ ਲਈ ਜੋਖਮ ਮੁਕਤ ਅਤੇ ਜਲਵਾਯੂ ਅਨੁਕੂਲ ਤਕਨਾਲੋਜੀ, ਮੁਨਾਸਿਬ ਦਰਾਂ ਤੇ ਇਨਪੁਟਸ (ਬੀਜ, ਪਾਣੀ, ਖਾਦ, ਕੀਟਨਾਸ਼ਕ ਅਤੇ ਖੇਤੀ-ਮਸ਼ੀਨਰੀ), ਮਾਲੀ ਸਹਾਇਤਾ, ਰੁਜ਼ਗਾਰ ਹਾਸਲ ਕਰਨ ਦੇ ਵਿਭਿੰਨ ਮੌਕੇ, ਲਾਭਕਾਰੀ ਮੰਡੀਆਂ ਅਤੇ ਸੁਪਰ-ਮਾਰਕੀਟ ਤਕ ਪਹੁੰਚ, ਵਿਸ਼ੇਸ਼ ਹੁਨਰ ਵਿਕਾਸ ਦੇ ਮੌਕੇ ਅਤੇ ਹੋਰ ਮਦਦ ਬਰਾਬਰਤਾ ਦੇ ਨਾਲ ਮਿਲਦੇ ਰਹਿਣਾ ਯਕੀਨੀ ਹੋਣਾ ਚਾਹੀਦਾ ਹੈ। ਸਰਕਾਰ ਵਲੋਂ ਛੋਟੀ ਕਿਸਾਨੀ ਨੂੰ ਵਿੱਤੀ, ਲੋੜੀਂਦੀ ਤਕਨੀਕੀ ਸਿਖਲਾਈ ਤੇ ਮੰਡੀਕਰਨ ਸਹਾਇਤਾ ਦੇ ਕੇ ਉੱਚ ਉਤਪਾਦਕਤਾ, ਉੱਚ ਲਾਭ ਤੇ ਆਮਦਨ ਪੈਦਾ ਕਰਨ ਅਤੇ ਰੁਜ਼ਗਾਰ ਦੇਣ ਵਾਲੀਆਂ ਫ਼ਸਲਾਂ ਜਿਵੇਂ ਕਿ ਸਬਜ਼ੀਆਂ, ਫਲ, ਫੁੱਲ, ਖੁੰਬਾਂ, ਜੈਵਿਕ-ਭੋਜਨ ਆਦਿ ਦੇ ਉਤਪਦਾਨ, ਪ੍ਰੋਸੈਸਿੰਗ ਤੇ ਮੰਡੀਕਰਨ ਨੂੰ ਉਦਯੋਗ ਵਾਂਗ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਜ਼ਮੀਨ ਦੀ ਬੇਕਾਬੂ ਵੰਡ ਨਾਲ ਛੋਟੇ ਪੱਧਰ ਦੀ ਖੇਤੀ-ਆਰਥਿਕ ਤੌਰ 'ਤੇ ਅਕਸਰ ਲਾਭਕਾਰੀ ਨਹੀਂ ਰਹਿੰਦੀ ਜਿਸ ਕਰਕੇ ਪੇਂਡੂ ਖੇਤਰਾਂ ਵਿੱਚ ਕਿਸਾਨ ਦੀ ਗ਼ੈਰ-ਖੇਤੀ ਆਮਦਨੀ ਵਧਾਉਣ (ਰੁਜ਼ਗਾਰ ਅਤੇ ਸਵੈ-ਰੁਜ਼ਗਾਰ) ਦੇ ਮੌਕੇ ਪੈਦਾ ਕਰਨ ਤੇ ਧਿਆਨ ਦੇਣਾ ਖੇਤੀਬਾੜੀ ਆਧੁਨਿਕੀਕਰਨ ਨੀਤੀ ਦਾ ਮਹੱਤਵਪੂਰਨ ਹਿੱਸਾ ਹੋਣਾ ਚਾਹੀਦਾ ਹੈ। ਦਿਹਾਤੀ ਖੇਤਰ ਵਿੱਚ ਉਦਯੋਗਿਕ ਵਿਸਥਾਰ ਕਰਨਾ ਜ਼ਰੂਰੀ ਹੈ ਤਾਂ ਜੋ ਛੋਟੇ ਕਿਸਾਨਾਂ ਅਤੇ ਗ਼ੈਰ-ਖੇਤੀ ਕਾਮਿਆਂ ਨੂੰ ਰੋਜ਼ਗਾਰ ਦੇ ਮੌਕੇ ਮਿਲਣ ਅਤੇ ਉਨ੍ਹਾਂ ਦੀ ਆਮਦਨੀ ਵਿੱਚ ਵਾਧਾ ਹੋ ਸਕੇ। ਕੌਮੀ ਪੇਂਡੂ ਰੁਜ਼ਗਾਰ ਗਰੰਟੀ ਐਕਟ (ਨਰੇਗਾ) ਦੀ ਯੋਜਨਾ ਨੂੰ ਛੋਟੇ ਗਰੀਬ ਕਿਸਾਨਾਂ ਅਤੇ ਖੇਤੀਬਾੜੀ ਕਰਨ ਦੇ ਕਾਰਜਾਂ ਨਾਲ ਵੀ ਜੋੜਿਆ ਜਾਣਾ ਚਾਹੀਦਾ ਹੈ। ਨੀਤੀ ਆਯੋਗ ਦੇ ਅਨੁਮਾਨ ਅਨੁਸਾਰ ਜੇ ਕਿਸੇ ਕਿਸਾਨ ਕੋਲ ਆਮਦਨੀ ਦਾ ਕੋਈ ਹੋਰ ਸਾਧਨ ਨਹੀਂ ਹੈ ਤਾਂ ਭਾਰਤ ਵਿੱਚ 53 ਪ੍ਰਤੀਸ਼ਤ ਕਿਸਾਨ ਗਰੀਬੀ ਰੇਖਾ ਤੋਂ ਹੇਠਾਂ ਹਨ ਅਤੇ ਜੇਕਰ ਕਿਸਾਨਾਂ ਦੀ ਗ਼ੈਰ-ਖੇਤੀ ਆਮਦਨ ਵੀ ਹੋਵੇ ਤਾਂ 22.5 ਪ੍ਰਤੀਸ਼ਤ ਕਿਸਾਨ ਗਰੀਬੀ ਰੇਖਾ ਤੋਂ ਹੇਠਾਂ ਹਨ। ਸਰਕਾਰ ਨੂੰ ਛੋਟੇ ਕਿਸਾਨਾਂ ਨੂੰ ਤਕਨੀਕੀ, ਵਿੱਤੀ, ਹੁਨਰ ਵਿਕਾਸ, ਮੰਡੀਕਰਨ ਦੀ ਮਦਦ ਦੇ ਕੇ ਉਤਸ਼ਾਹਿਤ ਕਰਨ ਦੀ ਜ਼ਰੂਰਤ ਹੈ ਤਾਂ ਕਿ ਉਹ ਆਪਣੇ ਪਰਿਵਾਰ ਦੇ ਮੈਂਬਰਾਂ ਦੀ ਸਹਾਇਤਾ ਨਾਲ ਆਪਣੇ ਘਰਾਂ ਵਿੱਚ ਹੀ ਛੋਟੇ ਪੈਮਾਨੇ ਤੇ ਖੁਰਾਕ-ਪ੍ਰੋਸੈਸ ਕੀਤੇ ਉਤਪਾਦ ਵਪਾਰਕ ਆਧਾਰ 'ਤੇ ਪੈਦਾ ਕਰ ਕੇ ਆਪਣੀ ਆਮਦਨੀ ਵਿੱਚ ਵਾਧਾ ਕਰ ਸਕਣ।

ਸਰਕਾਰ ਦੀਆਂ ਬਦਲਦੀਆਂ ਨੀਤੀਆਂ ਦੇ ਮੱਦੇਨਜ਼ਰ, ਕਿਸਾਨ ਉਤਪਾਦਕ ਸੰਗਠਨ (FPO), ਸਵੈ-ਸਹਾਇਤਾ ਸਮੂਹਾਂ, ਸਹਿਕਾਰੀ ਸਭਾਵਾਂ ਅਤੇ ਐਸੋਸੀਏਸ਼ਨਾਂ ਦੀ ਸਥਾਪਨਾ (ਸਰਕਾਰੀ ਰਜਿਸਟਰੀ ਕਰਨ ਦੇ ਨਾਲ) ਕਰਨ ਨਾਲ ਸਮੂਹਿਕ ਤੌਰ 'ਤੇ ਉਤਪਾਦਨ, ਉੱਪਜਾਂ ਦੀ ਵਾਢੀ ਤੋਂ ਬਾਅਦ ਦੇ ਪ੍ਰਬੰਧ ਅਤੇ ਪ੍ਰੋਸੈਸਿੰਗ, ਮੰਡੀਕਰਨ,

ਖੇਤੀਬਾੜੀ ਕਾਰੋਬਾਰ, ਪੂੰਜੀ ਨਿਰਮਾਣ, ਬੁਨਿਆਦੀ ਢਾਂਚੇ ਦੇ ਵਿਕਾਸ ਦੇ ਪ੍ਰਬੰਧਨ, ਕਿਸਾਨ-ਸੇਵਾ ਕੇਂਦਰਾਂ ਦੇ ਪ੍ਰਬੰਧ, ਖੇਤੀ-ਪ੍ਰੋਸੈਸਿੰਗ, ਮਾਰਕੀਟਿੰਗ, ਲਾਗਤ ਘਟਾਉਣ, ਮੁਨਾਫਾ ਵਧਾਉਣ ਅਤੇ ਛੋਟੇ ਕਿਸਾਨਾਂ ਦੇ ਸਮਾਜਿਕ-ਆਰਥਿਕ ਹਿੱਤਾਂ ਦੀ ਰਾਖੀ ਕੀਤੀ ਜਾ ਸਕੇਗੀ।

ਸਰਕਾਰ ਨੂੰ ਲਾਜ਼ਮੀ ਤੌਰ 'ਤੇ ਹੁਨਰਮੰਦ ਸਿਖਲਾਈ, ਸਿੱਖਿਆ ਅਤੇ ਉੱਦਮਤਾ-ਵਿਕਾਸ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਕਿਸਾਨ ਭਾਈਚਾਰਾ ਲਾਭਕਾਰੀ ਸਵੈ-ਰੁਜ਼ਗਾਰ ਪ੍ਰਾਪਤ ਕਰ ਸਕੇ ਜਾਂ ਗ਼ੈਰ-ਖੇਤੀ ਨੌਕਰੀ ਦੇ ਹੋਰ ਮੌਕੇ ਪ੍ਰਾਪਤ ਕਰ ਸਕੇ। ਸਰਕਾਰ ਨੂੰ ਚਾਹੀਦਾ ਹੈ ਕਿ ਇਸ ਗਰੀਬ ਕਿਸਾਨ ਭਾਈਚਾਰੇ ਦੇ ਬੱਚਿਆਂ ਨੂੰ ਸਿੱਖਿਅਤ ਕਰਵਾਉਣ ਲਈ ਵਿੱਤੀ ਸਹਾਇਤਾ ਅਤੇ ਹੋਰ ਪ੍ਰੋਤਸਾਹਨ ਦੇਵੇ।

## 17. ਨੌਜਵਾਨਾਂ ਨੂੰ ਖੇਤੀਬਾੜੀ ਕਿੱਤੇ ਵੱਲ ਆਕਰਸ਼ਿਤ ਕਰਨਾ ਬਹੁਤ ਜ਼ਰੂਰੀ

ਖੇਤੀਬਾੜੀ ਆਧੁਨਿਕੀਕਰਨ ਦੀਆਂ ਨੀਤੀਆਂ ਅਤੇ ਪ੍ਰਕ੍ਰਿਆਵਾਂ ਵਿੱਚ ਨੌਜਵਾਨਾਂ ਨੂੰ ਖੇਤੀਬਾੜੀ ਵੱਲ ਆਕਰਸ਼ਿਤ ਕਰਨ ਅਤੇ ਇਸ ਵਿੱਚ ਉਨ੍ਹਾਂ ਦੀ ਲਗਾਤਾਰ ਦਿਲਚਸਪੀ ਬਣਾਈ ਰੱਖਣ ਨੂੰ ਉੱਚ ਪੱਧਰੀ ਤਰਜੀਹ ਅਤੇ ਪਹਿਲ ਦੇਣ ਦੀ ਲੋੜ ਹੈ। ਭਾਰਤ ਦੀ ਕੁੱਲ ਆਬਾਦੀ ਵਿੱਚ ਲਗਭਾਗ 41 ਪ੍ਰਤੀਸ਼ਤ ਨੌਜਵਾਨ ਹਨ। ਸਾਲ 1971 ਵਿੱਚ ਦੇਸ਼ ਦੀ ਨੌਜਵਾਨ ਆਬਾਦੀ 17 ਕਰੋੜ ਸੀ ਜੋ ਹੁਣ 45 ਕਰੋੜ ਤੋਂ ਵੱਧ ਹੋ ਗਈ ਹੈ। ਸਾਲ 2050 ਤਕ ਭਾਰਤ ਦੀ ਲਗਪਗ 60 ਪ੍ਰਤੀਸ਼ਤ ਆਬਾਦੀ 18 ਤੋਂ 35 ਸਾਲ ਦੀ ਉਮਰ ਵਾਲਿਆਂ ਦੀ ਹੋਵੇਗੀ। ਪੰਜਾਬ ਦੀ ਲਗਪਗ 3 ਕਰੋੜ ਕੁੱਲ ਆਬਾਦੀ ਵਿੱਚੋਂ ਤਕਰੀਬਨ 20 ਪ੍ਰਤੀਸ਼ਤ ਨੌਜਵਾਨਾਂ (15 ਤੋਂ 29 ਸਾਲ ਦੀ ਉਮਰ) ਦੀ ਆਬਾਦੀ ਹੈ। ਪਰ ਇਕ ਵੱਡੀ ਚੁਣੌਤੀ ਹੈ ਕਿ ਇਹ ਵਿਸ਼ਾਲ ਨੌਜਵਾਨ ਮਨੁੱਖੀ ਸਰੋਤ (ਖ਼ਾਸ ਕਰ ਪੜ੍ਹੇ ਲਿਖੇ ਨੌਜਵਾਨ) ਆਮ ਤੌਰ 'ਤੇ ਖੇਤੀ ਨੂੰ ਆਰਥਿਕ ਤੌਰ 'ਤੇ ਬਹੁਤ ਹੀ ਅਨਿਸ਼ਚਿਤ ਤੇ ਘਾਟੇ ਵਾਲਾ ਕਿੱਤਾ ਸਮਝਦਾ ਹੈ ਅਤੇ ਇਸ ਨੂੰ ਅਪਨਾਉਣ ਵਿੱਚ ਦਿਲਚਸਪੀ ਨਹੀਂ ਰੱਖਦਾ। ਇਸ ਤੋਂ ਇਲਾਵਾ ਖੇਤੀਬਾੜੀ ਖੇਤਰ (ਖਾਸ ਤੌਰ 'ਤੇ ਛੋਟੀ ਕਿਸਾਨੀ) ਪੇਂਡੂ ਨੌਜਵਾਨਾਂ ਲਈ ਰੁਜ਼ਗਾਰ ਪੈਦਾ ਕਰਨ ਵਿੱਚ ਵੀ ਕਾਫ਼ੀ ਹੱਦ ਤੱਕ ਪਿਛੜ ਗਿਆ ਹੈ। ਸ਼ਾਇਦ ਹੀ 5 ਪ੍ਰਤੀਸ਼ਤ ਨੌਜਵਾਨ ਖੇਤੀ ਕਰ ਰਹੇ ਹਨ ਹਾਲਾਂ ਕਿ 60 ਪ੍ਰਤੀਸ਼ਤ ਪੇਂਡੂ ਆਬਾਦੀ ਖੇਤੀਬਾੜੀ ਗਤੀਵਿਧੀਆਂ ਨਾਲ ਜੁੜੀ ਹੋਈ ਹੈ। ਇਸ ਰੁਝਾਨ ਨੂੰ ਉਲਟਾਉਣ ਦੀ ਲੋੜ ਹੈ ਕਿਉਂਕਿ ਰਵਾਇਤੀ ਖੇਤੀ ਕਰ ਰਹੇ ਲੋਕ ਬਜ਼ੁਰਗ ਹੁੰਦੇ ਜਾ ਰਹੇ ਹਨ ਅਤੇ ਭਵਿੱਖ ਵਿੱਚ ਨੌਜਵਾਨਾਂ ਨੂੰ ਹੀ ਖੇਤੀਬਾੜੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣੀ ਪਏਗੀ। ਪਰ ਇਹ ਸਮਝਣਾ ਜ਼ਰੂਰੀ ਹੈ ਕਿ ਨੌਜਵਾਨ ਖੇਤੀਬਾੜੀ ਨੂੰ ਤਾਂ ਹੀ ਅਪਨਾਉਣਗੇ ਜੇ ਉਨ੍ਹਾਂ ਨੂੰ ਉੱਚ ਉਤਪਾਦਕਤਾ, ਖ਼ੁਰਾਕੀ-ਪੋਸ਼ਣ, ਮੁਨਾਫਾ ਅਤੇ ਆਮਦਨੀ ਲਗਾਤਾਰ ਵਾਧੇ ਵਾਲ ਰੱਖ ਸਕਣ ਬਾਰੇ ਭਰੋਸਾ ਹੋਏਗਾ।

ਇਸ ਲਈ ਜ਼ਰੂਰੀ ਹੈ ਕਿ ਸਰਕਾਰ, ਵਿੱਤੀ ਪ੍ਰਬੰਧਕ, ਗ਼ੈਰ-ਸਰਕਾਰੀ ਅਦਾਰੇ ਅਤੇ ਵਿਕਾਸ ਮਾਹਿਰ ਉਨ੍ਹਾਂ ਨਿਵੇਸ਼ ਦੀਆਂ ਯੋਜਨਾਵਾਂ, ਪ੍ਰਾਜੈਕਟਾਂ ਅਤੇ ਸੰਸਥਾਵਾਂ ਵੱਲ ਜ਼ਿਆਦਾ ਤਰਜੀਹ ਦੇਣ ਜੋ ਨੌਜਵਾਨਾਂ ਦੀ ਤਕਨੀਕੀ, ਵਿੱਤੀ, ਹੁਨਰ ਵਿਕਾਸ, ਮਾਰਕਿਟੰਗ

ਆਦਿ ਦੀ ਸਮਰੱਥਾ ਵਧਾਉਣ ਤਾਂ ਜੋ ਉਹ ਸਮੁੱਚੀ ਖੇਤੀਬਾੜੀ ਪ੍ਰਣਾਲੀ (ਉਤਪਾਦਨ, ਵਾਢੀ ਤੋਂ ਬਾਅਦ ਪ੍ਰਬੰਧਨ, ਪ੍ਰੋਸੈਸਿੰਗ ਤੇ ਮੰਡੀਕਰਨ) ਵਿੱਚ ਤਕਨੀਕੀ ਆਧੁਨਿਕਤਾ ਅਤੇ ਆਰਥਿਕ ਗਤੀਸ਼ੀਲਤਾ ਲਿਆ ਕੇ ਕਿਸਾਨੀ ਨੂੰ ਉੱਚ ਉਤਪਾਦਕ, ਲਾਭਕਾਰੀ, ਵਾਤਾਵਰਣ ਅਨੁਕੂਲ, ਵਿਸ਼ਵਵਿਆਪੀ ਪ੍ਰਤੀਯੋਗੀ, ਆਰਥਿਕ ਤੌਰ 'ਤੇ ਟਿਕਾਊ ਅਤੇ ਰੁਜ਼ਗਾਰ ਪੈਦਾ ਕਰਨ ਵਰਗੇ ਉੱਦਮ/ਉਦਯੋਗ ਦੀ ਤਰ੍ਹਾਂ ਵਿਕਸਤ ਕਰ ਸਕਣ।

ਇਹ ਸਮਾਂ ਹੈ ਕਿ ਆਧੁਨਿਕ ਨੀਤੀਆਂ ਅਧੀਨ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਦੇ ਸਿਲੇਬਸ ਵਿੱਚ ਖੇਤੀ-ਸਿੱਖਿਆ ਨੂੰ ਸ਼ਾਮਲ ਕੀਤਾ ਜਾਵੇ। ਯੂਨੀਵਰਸਿਟੀਆਂ ਵਿੱਚ ਰਸਮੀ ਸਿੱਖਿਆ ਅਤੇ ਸਿਖਲਾਈ ਪ੍ਰੋਗਰਾਮਾਂ ਨੂੰ ਮਜ਼ਬੂਤ ਕਰ ਕੇ ਹਰ ਸਿੱਖਿਅਤ ਨੌਜਵਾਨ ਅਤੇ ਖੇਤੀਬਾੜੀ ਗ੍ਰੈਜੂਏਟਾਂ ਨੂੰ ਹੁਨਰਮੰਦ, ਕਾਰੋਬਾਰ-ਪ੍ਰਬੰਧਕ, ਨਵੀਨਤਾਕਾਰੀ, ਉੱਦਮੀ-ਕਾਮੇ ਬਣਾਇਆ ਜਾਵੇ ਤਾਂ ਜੋ ਉਹ ਸੁਰੱਖਿਅਤ ਖੇਤੀ ਅਤੇ ਗ਼ੈਰ-ਖੇਤੀ ਨੌਕਰੀ ਅਤੇ ਸਵੈ-ਰੁਜ਼ਗਾਰ ਦੇ ਮੌਕੇ ਪ੍ਰਾਪਤ ਕਰਨ ਯੋਗ ਬਣਨ। ਸਿੱਖਿਆ ਸੰਸਥਾਵਾਂ ਅਤੇ ਯੁਵਾ ਸੰਗਠਨਾਂ ਨੂੰ ਚਾਹੀਦਾ ਹੈ ਕਿ ਉਹ ਰੁਜ਼ਗਾਰ ਦੇਣ ਵਾਲੇ ਅਦਾਰਿਆਂ (ਜਿਵੇਂ ਕਿ ਉਦਯੋਗ, ਕਾਰੋਬਾਰ, ਸਰਕਾਰੀ ਤੇ ਗ਼ੈਰ-ਸਰਕਾਰੀ ਅਦਾਰੇ ਆਦਿ) ਨਾਲ ਮਜ਼ਬੂਤ ਤਾਲ ਮੇਲ ਅਤੇ ਸਾਂਝਦਾਰੀ ਬਣਾਉਣ ਤਾਂ ਕਿ ਖੇਤੀਬਾੜੀ ਸਿੱਖਿਅਤ ਨੌਜਵਾਨਾਂ ਦੇ ਹਾਸਲ ਕੀਤੇ ਹੁਨਰ ਨੌਕਰੀ/ਰੁਜ਼ਗਾਰ ਪ੍ਰਾਪਤ ਕਰਨ ਲਈ ਪ੍ਰਵਾਨ ਹੋਣ। ਪੇਂਡੂ ਖੇਤਰਾਂ ਵਿੱਚ ਐਗਰੋ-ਪ੍ਰੋਸੈਸਿੰਗ ਉਦਯੋਗ (ਦੋਵੇਂ ਛੋਟੇ ਅਤੇ ਵੱਡੀਆਂ ਇਕਾਈਆਂ) ਦੇ ਵੱਡੇ ਪੱਧਰ 'ਤੇ ਵਿਸਥਾਰ ਕਰਨ ਨਾਲ ਪੜ੍ਹੇ-ਲਿਖੇ ਅਤੇ ਘੱਟ ਪੜ੍ਹੇ-ਲਿਖੇ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਹੋ ਸਕਦੇ ਹਨ। ਇੱਕ ਅਨੁਮਾਨ ਅਨੁਸਾਰ ਸੰਗਠਿਤ ਫੂਡ-ਪ੍ਰੋਸੈਸਿੰਗ ਸੈਕਟਰ 17 ਲੱਖ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਦਿੰਦਾ ਹੈ ਅਤੇ ਲਗਪਗ 48 ਲੱਖ ਲੋਕ ਗ਼ੈਰ-ਸੰਗਠਿਤ ਪ੍ਰੋਸੈਸਿੰਗ ਖੇਤਰ ਵਿੱਚ ਕੰਮ ਕਰਦੇ ਹਨ।

ਨੌਜਵਾਨਾਂ ਨੂੰ ਸਵੈ-ਸਹਾਇਤਾ ਵਾਲੀ ਆਮਦਨ ਵਧਾਉਣ ਲਈ ਉਤਸ਼ਾਹਿਤ ਕਰਨ ਲਈ ਸਰਕਾਰੀ ਤੇ ਗ਼ੈਰ-ਸਰਕਾਰੀ ਅਦਾਰਿਆਂ ਵੱਲੋਂ ਲੋੜੀਂਦੀ ਵਿੱਤੀ (ਵਿਆਜ ਮੁਕਤ ਜਾਂ ਬਹੁਤ ਘੱਟ ਵਿਆਜ ਤੇ), ਤਕਨੀਕੀ, ਮਾਰਕੀਟਿੰਗ ਆਦਿ ਦੀ ਸਹਾਇਤਾ (ਖ਼ਾਸ ਕਰ ਖੇਤੀ ਸ਼ੁਰੂ ਕਰਨ ਵੇਲੇ) ਬਹੁਤ ਮਹੱਤਵਪੂਰਨ ਹੈ। ਇਸ ਤੋਂ ਇਲਾਵਾ ਨੌਜਵਾਨਾਂ ਨੂੰ ਉੱਚ ਤਕਨੀਕੀ-ਖੇਤੀ, ਗ੍ਰੀਨ-ਹਾਊਸ ਤੇ ਨੈੱਟ-ਹਾਊਸ ਸੁਰੱਖਿਅਤ-ਖੇਤੀ; ਫ਼ਸਲਾਂ ਦੇ ਬੀਜ (ਵਿਸ਼ੇਸ਼ ਤੌਰ 'ਤੇ ਹਾਈਬ੍ਰਿਡ ਬੀਜ) ਉਤਪਾਦਨ ਅਤੇ ਨਰਸਰੀਆਂ ਦਾ ਪ੍ਰਬੰਧਨ; ਸ਼ਹਿਰੀ-ਖੇਤੀ ਤੇ ਨੀਮ-ਸ਼ਹਿਰੀ ਖੇਤੀ ਅਤੇ ਵਰਟੀਕਲ-ਖੇਤੀ; ਕੁਦਰਤੀ ਸਰੋਤਾਂ ਦੀ ਸੰਭਾਲ; ਫਾਰਮ-ਮਸ਼ੀਨੀਕਰਨ; ਖੇਤੀਬਾੜੀ ਦੀ ਰਹਿੰਦ ਖੂੰਹਦ ਦੇ ਪ੍ਰਬੰਧ; ਖੁਰਾਕ-ਪ੍ਰੋਸੈਸਿੰਗ, ਮੰਡੀਕਰਨ ਆਦਿ ਬਾਰੇ ਲੋੜੀਂਦੀ ਵਿਸ਼ੇਸ਼-ਸਿਖਲਾਈ ਦਿੱਤੇ ਜਾਣ ਨੂੰ ਬਹੁਤ ਮਹੱਤਤਾ ਦੇਣ ਦੀ ਲੋੜ ਹੈ।

ਸਰਕਾਰ ਦੀਆਂ ਬਦਲਦੀਆਂ ਨੀਤੀਆਂ ਦੇ ਮੱਦੇਨਜ਼ਰ ਕਿਸਾਨ ਉਤਪਾਦਕ ਸੰਗਠਨ (FPO), ਸਵੈ-ਸਹਾਇਤਾ ਸਮੂਹਾਂ, ਸਹਿਕਾਰੀ ਸਭਾਵਾਂ ਅਤੇ ਐਸੋਸੀਏਸ਼ਨਾਂ ਦੀ

ਸਥਾਪਨਾ (ਅਤੇ ਰਜਿਸਟਰੀਕਰਣ) ਕਰਨ ਨਾਲ ਖੇਤੀ-ਉਤਪਾਦਾਂ ਦੀ ਮੰਡੀਕਰਨ ਤੇ ਪ੍ਰੋਸੈਸਿੰਗ, ਇਨਪੁੱਟਸ (ਖਾਦਾਂ, ਕੀਟਨਾਸ਼ਕਾਂ, ਪਾਣੀ, ਮਸ਼ੀਨਰੀ) ਆਦਿ ਦੇ ਸਾਂਝੇ ਤੌਰ ’ਤੇ ਪ੍ਰਬੰਧਨ ਕਰਨ, ਲਾਗਤ ਘਟਾਉਣ, ਮੁਨਾਫਾ ਵਧਾਉਣ ਅਤੇ ਕਿਸਾਨੀ ਤੇ ਕਿਸਾਨ ਭਾਈਚਾਰੇ ਦੇ ਹਿੱਤਾਂ ਦੀ ਰਾਖੀ ਕਰਨ ਵਿੱਚ ਬਹੁਤ ਮਦਦ ਹੋ ਸਕਦੀ ਹੈ।

## 18. ਖੇਤੀਬਾੜੀ ਆਧੁਨਿਕੀਕਰਨ ਵਿੱਚ ਸਵੈ-ਸਹਾਇਤਾ ਕਿਸਾਨ ਸੰਸਥਾਵਾਂ ਦੇ ਗਠਨ

ਖੇਤੀਬਾੜੀ ਆਧੁਨਿਕੀਕਰਨ ਦੇ ਨੀਤੀ ਨਿਰਮਾਤਾਵਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਵਿਅਕਤੀਗਤ ਤੌਰ ’ਤੇ ਬਹੁਤ ਸਾਰੇ ਕਿਸਾਨ (ਖ਼ਾਸ ਕਾਰ ਛੋਟੇ ਕਿਸਾਨ ਅਤੇ ਪੇਂਡੂ ਨੌਜਵਾਨ) ਸੀਮਤ ਸਰੋਤਾਂ ਅਤੇ ਕਾਫੀ ਪੂੰਜੀ ਨਿਵੇਸ਼ ਕਰਨ ਦੀ ਅਸਮਰਥਾ ਕਰਕੇ ਗਿਆਨ-ਆਧਾਰਿਤ ਕਾਰਜ ਯੋਜਨਾਵਾਂ ਨੂੰ ਅਪਨਾਉਣ ਵਿੱਚ ਮੁਸ਼ਕਿਲ ਦਾ ਸਾਹਮਣਾ ਕਰਦੇ ਹਨ। ਪੇਂਡੂ ਖੇਤਰਾਂ ਵਿੱਚ ਕਿਸਾਨ-ਸੰਗਠਨਾਂ, ਕਿਸਾਨ ਉਤਪਾਦਕ ਸੰਸਥਾਵਾਂ, ਕਿਸਾਨ ਸਮੂਹ ਅਤੇ ਸਹਿਕਾਰੀ ਸਭਾਵਾਂ ਨੂੰ ਲੋੜੀਂਦੀ ਤਕਨੀਕੀ, ਜਨਤਕ ਨੀਤੀ, ਉਧਾਰ ਅਤੇ ਹੋਰ ਸਹਾਇਤਾ ਸੇਵਾਵਾਂ ਨਾਲ ਮਜ਼ਬੂਤ ਕਰਨਾ ਖੇਤੀਬਾੜੀ ਆਧੁਨਿਕੀਕਰਨ ਪ੍ਰਕਿਰਿਆਵਾਂ ਦਾ ਅਨਿੱਖੜਵਾਂ ਅੰਗ ਹੋਣਾ ਚਾਹੀਦਾ ਹੈ। ਭਵਿੱਖ ਵਿੱਚ ਬਹੁ-ਅਨੁਸ਼ਾਸਨੀ ਭਾਗੀਦਾਰੀ ਅਤੇ ਕਿਸਾਨਾਂ, ਤਕਨਾਲੋਜੀ ਨਿਰਮਾਤਾ, ਖੇਤੀ ਆਧਾਰਿਤ ਉਦਯੋਗ, ਮੰਡੀਕਰਨ ਪ੍ਰਣਾਲੀ ਅਤੇ ਜਨਤਕ ਤੇ ਨਿੱਜੀ ਸੰਗਠਨਾਂ ਵਿਚਕਾਰ ਸੰਬੰਧਾਂ ਨੂੰ ਵਿਕਸਤ ਕਰਨ ਲਈ ਵਧੇਰੇ ਜ਼ੋਰ ਦੇਣ ਦੀ ਲੋੜ ਹੈ। ਇਨ੍ਹਾਂ ਕਿਸਾਨ ਸਮੂਹਾਂ ਦੇ ਵਿਕਾਸ ਦੇ ਨਾਲ ਸਮੂਹਿਕ ਅਤੇ ਸਾਂਝੇ ਤੌਰ ’ਤੇ ਖੇਤੀ-ਉਤਪਾਦਨ ਕਰਨ ਵਿੱਚ ਖਰਚੇ ਘਟਾਉਣ ਅਤੇ ਮੁਨਾਫਾ ਵਧਾਉਣ, ਉੱਪਜਾਂ ਦੀ ਵਾਢੀ ਤੋਂ ਬਾਅਦ ਦੇ ਪ੍ਰਬੰਧ ਅਤੇ ਪ੍ਰੋਸੈਸਿੰਗ, ਇਨਪੁੱਟਸ (ਖਾਦਾਂ, ਕੀਟਨਾਸ਼ਕ, ਪਾਣੀ, ਮਸ਼ੀਨਰੀ) ਦੇ ਪ੍ਰਬੰਧਨ, ਮੰਡੀਕਰਨ, ਖੇਤੀਬਾੜੀ ਕਾਰੋਬਾਰ, ਪੂੰਜੀ ਨਿਰਮਾਣ, ਪੇਂਡੂ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਪਿੰਡ ਦੀਆਂ ਪੰਚਾਇਤਾਂ ਨੂੰ ਸਹਾਇਤਾ ਪ੍ਰਦਾਨ ਕਰਨ, ਖੇਤੀ ਉਦਯੋਗ ਸਥਾਪਤ ਕਰਨ, ਕਿਸਾਨ-ਸੇਵਾ ਕੇਂਦਰਾਂ ਦੇ ਪ੍ਰਬੰਧ, ਪਿੰਡ ਦੇ ਗਿਆਨ-ਕੇਂਦਰਾਂ ਦਾ ਵਿਕਾਸ, ਕਿਸਾਨ ਸਿਖਲਾਈ ਦੀਆਂ ਗਤੀਵਿਧੀਆਂ ਦਾ ਆਯੋਜਨ, ਵੱਖ-ਵੱਖ ਸਰਕਾਰੀ ਅਤੇ ਨਿੱਜੀ ਏਜੰਸੀਆਂ ਅਤੇ ਹੋਰ ਰਾਜ/ਕੇਂਦਰੀ ਭਲਾਈ ਸਕੀਮਾਂ ਨਾਲ ਸੰਪਰਕ ਬਣਾਉਣ ਅਤੇ ਕਿਸਾਨੀ ਤੇ ਕਿਸਾਨ ਭਾਈਚਾਰੇ ਦੇ ਸਮਾਜਿਕ-ਆਰਥਿਕ ਹਿੱਤਾਂ ਦੀ ਰਾਖੀ ਕਰਨ ਵਿੱਚ ਬਹੁਤ ਮਦਦ ਹੋ ਸਕਦੀ ਹੈ ਜਿਸ ਲਈ ਲੋੜੀਂਦਾ ਨਿਵੇਸ਼ ਵਿਅਕਤੀਗਤ ਕਿਸਾਨਾਂ ਦੀ ਪਹੁੰਚ ਤੋਂ ਬਾਹਰ ਹੋ ਸਕਦਾ ਹੈ। ਪੰਜਾਬ ਵਿੱਚ ਬਹੁਤ ਸਾਰੇ ਕਿਸਾਨਾਂ ਦੇ ਸਮੂਹ ਬਹੁਤ ਵਧੀਆ ਕੰਮ ਕਰ ਰਹੇ ਹਨ ਪਰ ਅਜੇ ਵੀ ਹੋਰ ਬਹੁਤ ਕੁੱਝ ਕਰਨ ਦੀ ਜ਼ਰੂਰਤ ਹੈ।

ਤੇਜ਼ੀ ਨਾਲ ਬਦਲ ਰਹੀਆਂ ਸਰਕਾਰੀ ਨੀਤੀਆਂ ਜਿਵੇਂ ਕਿ ਮਾਰਕੀਟ ਡੀਰੈਗੂਲੇਸ਼ਨ ਆਰਡੀਨੈਂਸ (2020), ਈ-ਮਾਰਕੀਟਿੰਗ ਪ੍ਰਣਾਲੀ ਆਦਿ ਲਾਗੂ ਕਰਨ ਦੇ ਮੱਦੇਨਜ਼ਰ ਕਿਸਾਨਾਂ (ਖ਼ਾਸ ਕਰ ਛੋਟੇ ਕਿਸਾਨ ਤੇ ਪੇਂਡੂ ਨੌਜਵਾਨ) ਦੇ ਫ਼ਸਲੀ-ਉਪਜਾਂ ਦੀ ਮਾਰਕੀਟ

ਲਈ ਕਿਸਾਨ ਸਮੂਹਾਂ ਦਾ ਨਿਰਮਾਣ ਹੋਰ ਮਹੱਤਵਪੂਰਨ ਹੋ ਗਿਆ ਹੈ। ਇਨ੍ਹਾਂ ਕਿਸਾਨ ਐਸੋਸੀਏਸ਼ਨਾਂ/ਸੰਸਥਾਵਾਂ/ਸੰਗਠਨਾਂ ਦੀ ਸਰਕਾਰੀ ਰਜਿਸਟਰੀ ਕਰਵਾਉਣੀ ਚਾਹੀਦੀ ਹੈ ਤਾਂ ਜੋ ਉਹ ਹਿੱਸਾ ਲੈਣ ਵਾਲਿਆਂ ਲਈ ਰਸਮੀ ਤੌਰ 'ਤੇ ਫੰਡ ਇਕੱਠਾ ਕਰਨ ਅਤੇ ਕਿਸਾਨੀ ਦੇ ਅਧਿਕਾਰਾਂ ਦੀ ਰਾਖੀ ਕਰਨ ਦੇ ਯੋਗ ਹੋ ਸਕਣ।

## 19. ਇਕਰਾਰਨਾਮੇ ਨਾਲ ਖੇਤੀਬਾੜੀ

ਪੰਜਾਬ ਵਿੱਚ, ਪੰਜਾਬ-ਐਗਰੋਕਾਰਪੋਰੇਸ਼ਨ ਨੇ ਕੁੱਝ ਖੇਤਰਾਂ ਨੂੰ ਝੋਨਾ, ਕਣਕ ਤੋਂ ਹੋਰ ਫ਼ਸਲਾਂ ਵਿੱਚ ਤਬਦੀਲ ਕਰਨ ਲਈ ਕਿਸਾਨਾਂ ਦੇ ਉਦਯੋਗ, ਤਕਨਾਲੋਜੀ ਅਤੇ ਮਾਰਕੀਟ ਪ੍ਰਣਾਲੀ ਨਾਲ ਪਾਰਦਰਸ਼ੀ ਉੱਦਮਸ਼ੀਲ ਭਾਗੀਦਾਰੀ ਅਤੇ ਆਰਥਿਕ ਤੌਰ 'ਤੇ ਲਾਭਕਾਰੀ ਸੰਬੰਧ ਬਣਾਉਣ ਲਈ ਇਕਰਾਰਨਾਮੇ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਦੀ ਪਹਿਲ ਕੀਤੀ ਹੈ। ਇਸ ਪ੍ਰਣਾਲੀ ਨੂੰ ਅੱਗੇ ਲਿਜਾਣ ਲਈ ਵੱਖ-ਵੱਖ ਠੇਕੇਦਾਰੀ ਅਦਾਰਿਆਂ ਵਲੋਂ ਪਹਿਲਾਂ ਤੋਂ ਘੋਸ਼ਿਤ ਨੀਤੀਆਂ ਦੇ ਤਹਿਤ ਕਿਸਾਨਾਂ ਨੂੰ ਉਨ੍ਹਾਂ ਦੀ ਜ਼ਮੀਨ ਦੀ ਮਲਕੀਅਤ ਕਾਇਮ ਰੱਖੇ ਜਾਣ, ਕਿਸਾਨਾਂ ਵਲੋਂ ਆਪ ਹੀ ਫ਼ਸਲ ਦੀ ਕਾਸ਼ਤ (ਨਾ ਕਿ ਕਿਸੇ ਹੋਰ ਕੰਟਰੈਕਟਿੰਗ ਅਦਾਰੇ ਵਲੋਂ) ਕੀਤੇ ਜਾਣ, ਉਤਪਾਦਾਂ ਦੀਆਂ ਵਾਤਾਵਰਣ ਕੁਸ਼ਲ ਉੱਚਿਤ ਗੁਣਵੱਤਾ ਵਾਲੀਆਂ ਫ਼ਸਲਾਂ ਦੀਆਂ ਕਿਸਮਾਂ ਜਾਂ ਹਾਈਬ੍ਰਿਡ-ਕਿਸਮਾਂ ਦੇ ਬੀਜ, ਪਨੀਰੀਆਂ, ਖਾਦ, ਕੀਟਨਾਸ਼ਕ ਆਦਿ ਦੀ ਸਪਲਾਈ ਅਤੇ ਫ਼ਸਲਾਂ ਦਾ ਉਤਪਾਦਨ ਕਰਨ ਬਾਰੇ ਤਕਨਾਲੋਜੀ, ਖਰੀਦ/ਮਾਰਕੀਟਿੰਗ, ਆਦਿ ਦਾ ਜ਼ਰੂਰੀ ਕਨੂੰਨਨ, ਰਜਿਸਟਰਡ ਭਰੋਸਾ ਦੇਣਾ ਚਾਹੀਦਾ ਹੈ। ਦਰਅਸਲ, ਇਕਰਾਰਨਾਮੇ ਦੀ ਖੇਤੀ ਦੀ ਸਫਲਤਾ ਇਕਰਾਰ ਕਰਨ ਵਾਲੀਆਂ ਏਜੰਸੀਆਂ ਅਤੇ ਕਿਸਾਨ ਵਿਚਕਾਰ ਸਰਕਾਰੀ ਰਜਿਸਟਰੀ ਕਰਵਾ ਕੇ ਵਚਨਬੱਧਤਾ ਵਧ ਤੋਂ ਵਧ ਦੋ ਸਾਲ ਦੇ ਸਮੇਂ (ਸਿਰਫ ਖਾਸ ਜ਼ਰੂਰੀ ਸਥਿਤੀ ਵਾਸਤੇ ਹੀ ਇਸ ਦੋ ਸਾਲ ਮਿਆਦ ਦੇ ਬਾਅਦ ਨਵੀਨੀਕਰਣ ਕੀਤਾ ਜਾ ਸਕੇ) ਤੱਕ ਹੀ ਚਾਹੀਦੀ ਹੈ। ਕਿਸਾਨ ਨੂੰ ਭਰੋਸਾ ਹੋਣਾ ਚਾਹੀਦਾ ਹੈ ਕਿ ਇਕਰਾਰ ਕਰਨ ਵਾਲੀ ਏਜੰਸੀ ਉਤਪਾਦਾਂ (ਅਸਲ ਤਾਜ਼ਾ ਰੂਪ ਵਿੱਚ ਨਾ ਕਿ ਗਰੇਡ ਕਰਨ ਤੋਂ ਬਾਅਦ) ਦੀ ਕਨੂੰਨਨ ਯਕੀਨੀ ਖਰੀਦ ਕਰੇਗੀ ਅਤੇ ਉਹ ਵੀ ਸਰਕਾਰ ਦੁਆਰਾ ਨਿਰਧਾਰਤ ਘੱਟੋ ਘੱਟ ਸਮਰਥਨ ਮੁੱਲ (ਐਮ ਐਸ ਪੀ) ਤੋਂ ਘੱਟ ਨਹੀਂ। ਸਾਰੇ ਇਕਰਾਰਾਂ ਦਾ ਲਾਜ਼ਮੀ ਸਰਕਾਰੀ ਰਜਿਸਟਰੀਕਰਨ ਹੋਣਾ ਚਾਹੀਦਾ ਹੈ ਤਾਂ ਜੋ ਝਗੜੇ ਦੇ ਨਿਪਟਾਰੇ ਲਈ ਕਨੂੰਨਨ ਪ੍ਰਕਿਰਿਆ ਅਪਣਾਈ ਜਾਵੇ ਅਤੇ ਕਿਸਾਨਾਂ ਦੀ ਜ਼ਮੀਨ, ਪ੍ਰਾਪਰਟੀ ਦੀ ਮਲਕੀਅਤ ਅਤੇ ਕਿਸਾਨੀ ਅਧਿਕਾਰਾਂ ਦੀ ਰਾਖੀ ਕੀਤੀ ਜਾ ਸਕੇ।

## 20. ਖੇਤੀ ਸਿੱਖਿਆ ਅਤੇ ਖੋਜ ਵਿੱਚ ਆਧੁਨਿਕ ਬਦਲਾਅ ਦੀ ਲੋੜ

ਦੇਸ਼ ਦੀਆਂ ਭਵਿੱਖਤ ਨੀਤੀਆਂ ਤਿਆਰ ਕਰਨ ਵੇਲੇ ਖੇਤੀਬਾੜੀ ਸਿੱਖਿਆ, ਖੋਜ ਅਤੇ ਸੰਬੰਧਿਤ ਸੰਸਥਾਵਾਂ ਦੇ ਆਧੁਨਿਕੀਕਰਨ ਨੂੰ ਇਕ ਨਿਰੰਤਰ ਪ੍ਰਕਿਰਿਆ ਬਣਾਉਣ ਲਈ ਉੱਚ ਪਹਿਲ ਮਿਲਣੀ ਮਹੱਤਵਪੂਰਣ ਵਿਸ਼ਾ ਹੋਣਾ ਚਾਹੀਦਾ ਹੈ। ਭਾਵੇਂ ਖੇਤੀ ਸਿੱਖਿਆ ਅਤੇ ਖੋਜ ਦੀਆਂ ਮੌਜੂਦਾ ਸਥਾਪਿਤ ਸੰਸਥਾਵਾਂ ਵੱਡੇ ਪੱਧਰ 'ਤੇ ਮਨੁੱਖੀ ਸਰੋਤਾਂ ਦੇ ਵਿਕਾਸ ਕਰਨ ਵਿੱਚ ਅਤੇ ਖੇਤੀ ਆਧਾਰਿਤ ਦੇਸ਼ ਦੀ ਖੁਰਾਕ ਸੁਰੱਖਿਆ ਤੇ ਆਰਥਿਕਤਾ ਵਧਾਉਣ

ਵਾਲੀਆਂ ਤਕਨੀਕਾਂ ਦੇ ਵਿਕਾਸ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੀਆਂ ਹਨ ਪਰ ਸਮੇਂ ਦੇ ਨਾਲ ਖੇਤੀਬਾੜੀ ਸਿੱਖਿਆ ਤੇ ਖੋਜ ਪ੍ਰਣਾਲੀਆਂ ਕਈ ਤਬਦੀਲੀਆਂ ਅਤੇ ਅਸਾਧਾਰਣ ਗੰਭੀਰ ਚੁਣੌਤੀਆਂ ਅਨੁਭਵ ਕਰ ਰਹੀਆਂ ਹਨ ਜਿਵੇਂ ਕਿ ਤੇਜ਼ੀ ਨਾਲ ਹੋ ਰਹੀਆਂ ਵਿਗਿਆਨ, ਤਕਨਾਲੋਜੀ, ਜਾਣਕਾਰੀ-ਸੰਚਾਰ ਅਤੇ ਈ-ਵਿਦਿਅਕ ਪ੍ਰਣਾਲੀਆਂ ਵਿੱਚ ਨਵੀਨਤਾਵਾਂ; ਵਧ ਰਹੇ ਖੇਤੀ ਆਧਾਰਿਤ ਆਰਥਿਕ ਵਿਕਾਸ-ਦਰ ਘਟਾਊ ਮੁੱਦੇ; ਜਲਵਾਯੂ ਤਬਦੀਲੀ ਅਤੇ ਉਤਰਾਅ-ਚੜ੍ਹਾਅ; ਖੇਤੀਬਾੜੀ ਸਿੱਖਿਆ, ਖੋਜ ਅਤੇ ਉਦਯੋਗਾਂ ਵਿਚਕਾਰ ਲਗਾਤਾਰ ਵਧਦਾ ਪਾੜਾ; ਕੁਦਰਤੀ ਸਰੋਤ ਪਾਣੀ ਦਾ ਲਗਾਤਾਰ ਘੱਟਦੇ ਜਾਣਾ, ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਹੋ ਰਹੀ ਗਿਰਾਵਟ ਅਤੇ ਵਾਤਾਵਰਣ ਵਿੱਚ ਵਧ ਰਹੇ ਪ੍ਰਦੂਸ਼ਣ ਕਰਕੇ ਮੰਡਰਾਉਂਦੇ ਸੰਕਟ; ਨੌਜਵਾਨਾਂ ਨੂੰ ਖੇਤੀਬਾੜੀ ਪੇਸ਼ੇ ਵਜੋਂ ਅਪਨਾਉਣ ਲਈ ਆਕਰਸ਼ਿਤ ਕਰਨਾ; ਉੱਭਰ ਰਹੀ ਵਿਸ਼ਵ ਆਰਥਿਕ ਮੁਕਾਬਲੇਬਾਜ਼ੀ; ਲਗਾਤਾਰ ਵਧ ਰਹੀਆਂ ਮੰਡੀਕਰਨ ਪ੍ਰਣਾਲੀ ਦੀਆਂ ਸਮੱਸਿਆਵਾਂ; ਤੇਜ਼ੀ ਨਾਲ ਬਦਲਦੀਆਂ ਕਿਸਾਨੀ ਨਾਲ ਸੰਬੰਧਿਤ ਸਰਕਾਰੀ ਨੀਤੀਆਂ ਅਤੇ ਕਿਸਾਨ ਭਾਈਚਾਰੇ ਤੇ ਪੇਂਡੂ ਆਬਾਦੀ ਦੀਆਂ ਸਮਾਜਿਕ-ਆਰਥਿਕ ਜ਼ਰੂਰਤਾਂ ਆਦਿ।

ਇਨ੍ਹਾਂ ਤਬਦੀਲੀਆਂ ਕਾਰਨ ਖੇਤੀ ਖੋਜ, ਸਿੱਖਿਆ ਅਤੇ ਸੰਬੰਧਿਤ ਸੰਸਥਾਵਾਂ ਦੇ ਆਧੁਨਿਕੀਕਰਨ ਲਈ ਗਤੀਸ਼ੀਲ ਅਤੇ ਭਵਿੱਖਵਾਦੀ ਨੀਤੀ ਵਾਲਾ ਵਾਤਾਵਰਣ ਬਣਾਇਆ ਜਾਣਾ ਜ਼ਰੂਰੀ ਹੈ ਤਾਂ ਕਿ ਉਹ ਵਿਸ਼ਵ ਪੱਧਰੀ ਖੇਤੀ ਗਿਆਨਵਾਨੀ ਪੈਦਾ ਕਰਨ ਅਤੇ ਖੇਤੀਬਾੜੀ ਵਿੱਚ ਨਵੀਆਂ ਤਕਨੀਕੀ ਉੱਨਤੀਆਂ ਦੀ ਸਿਰਜਣਾ ਕਰਨ ਦੀਆਂ ਪ੍ਰਕਿਰਿਆਵਾਂ ਨੂੰ ਮਜ਼ਬੂਤ ਬਣਾ ਕੇ ਕਿਸਾਨਾਂ ਅਤੇ ਪੇਂਡੂ ਲੋਕਾਂ ਲਈ ਖੁਰਾਕ, ਪੋਸ਼ਣ ਅਤੇ ਆਮਦਨੀ ਨੂੰ ਲਗਾਤਾਰ ਵਾਧੇ ਵੱਲ ਕਾਇਮ ਰੱਖਣ ਯੋਗ ਬਣਨ।

ਖੇਤੀਬਾੜੀ ਵਿੱਚ ਸਿੱਖਿਆ ਦੇ ਆਧੁਨਿਕੀਕਰਨ ਦਾ ਉਦੇਸ਼ ਮੌਜੂਦਾ ਪ੍ਰੋਗਰਾਮਾਂ ਨੂੰ ਬਹੁ-ਅਨੁਸ਼ਾਸਨੀ ਅਤੇ ਅੰਤਰ-ਫੈਕਲਟੀ ਪਹੁੰਚ ਨਾਲ ਵਿਗਿਆਨਕ ਤੌਰ ’ਤੇ ਸੋਧ ਕੇ ਵਿਸ਼ਵ ਪੱਧਰੀ ਜਾਣਕਾਰ ਵਿਦਿਆਰਥੀ ਤੇ ਵਿਗਿਆਨੀ ਪੈਦਾ ਕਰਨਾ ਅਤੇ ਖੇਤੀਬਾੜੀ ਵਿੱਚ ਨਵੀਆਂ ਤਕਨੀਕੀ ਉੱਨਤੀਆਂ ਦੀ ਸਿਰਜਣਾ ਨੂੰ ਸੰਸਥਾਗਤ (Institutional) ਬਣਾ ਕੇ ਖੇਤੀਬਾੜੀ ਨਾਲ ਜੁੜੀਆਂ ਨਵੀਆਂ ਉੱਭਰਦੀਆਂ ਮੁਸ਼ਕਿਲਾਂ ਦਾ ਹੱਲ ਕਰਨਾ ਹੋਣਾ ਚਾਹੀਦਾ ਹੈ। ਖੇਤੀਬਾੜੀ ਸਿੱਖਿਆ, ਖੋਜ ਤੇ ਇੰਡਸਟਰੀ ਦੇ ਆਪਸ ਵਿੱਚ ਸਹਿਯੋਗ, ਖੇਤੀ ਉਤਪਾਦਨ, ਪ੍ਰੋਸੈਸਿੰਗ ਅਤੇ ਮੰਡੀਕਰਨ ਵਿੱਚ ਤਰੱਕੀ ਕਰਨ, ਹੁਨਰਮੰਦ-ਮਜ਼ਦੂਰ ਪੈਦਾ ਕਰਨ, ਰੁਜ਼ਗਾਰ ਪੈਦਾ ਕਰਨ ਅਤੇ ਤਕਨਾਲੋਜੀ ਆਧਾਰਿਤ ਆਰਥਿਕਤਾ ਵਾਧੇ ਵੱਲ ਰੱਖਣ ਲਈ ਸਰਬੋਤਮ ਹਨ। ਇਸ ਕਰਕੇ ਕਿਸਾਨਾਂ, ਅਧਿਆਪਕਾਂ, ਵਿਦਿਆਰਥੀਆਂ, ਖੋਜਕਰਤਾਵਾਂ, ਪਰਸਾਰ ਦੇ ਅਦਾਰਿਆਂ ਲਈ ਉਦਯੋਗਿਕ ਅਤੇ ਖੇਤੀ-ਕਾਰੋਬਾਰ ਦੇ ਕਾਰਜਸ਼ੀਲ-ਗਿਆਨ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਲੋੜੀਂਦੀ ਸਿਖਲਾਈ ਪ੍ਰਾਪਤ ਮਨੁੱਖੀ ਸ਼ਕਤੀ ਦਾ ਵਿਕਾਸ ਕੀਤਾ ਜਾ ਸਕੇ ਅਤੇ ਉਦਯੋਗ ਦੀਆਂ ਖੋਜ ਤੇ ਵਿਕਾਸ ਦੀਆਂ ਜ਼ਰੂਰਤਾਂ ਨੂੰ ਜਾਣਨ ਵਿੱਚ ਸਹਾਇਤਾ ਕਰਨਾ ਸੰਭਵ ਹੋ ਸਕੇ।

ਆਧੁਨਿਕ ਸਿੱਖਿਆ ਪ੍ਰਣਾਲੀ ਨੂੰ ਹੁਨਰ-ਵਿਕਾਸ, ਕਿੱਤਾ-ਮੁਖੀ ਸਿਖਲਾਈ, ਤਜਰਬੇਕਾਰ (ਪ੍ਰਯੋਗਸ਼ਾਲਾ ਤੋਂ ਖੇਤ ਤਕ) ਪ੍ਰਯੋਗਵਾਦੀ, ਤਕਨਾਲੋਜੀ ਪੈਦਾ ਅਤੇ ਪ੍ਰਸਾਰ ਕਰਨ ਯੋਗ ਵਿਗਿਆਨੀ, ਰੁਜ਼ਗਾਰ ਪ੍ਰਾਪਤ ਕਰਨ ਯੋਗ ਗ੍ਰੈਜੂਏਟ ਅਤੇ ਕਰਮ-ਯੋਗੀ ਉੱਦਮੀ ਖੇਤੀ-ਤਕਨੀਕੀ ਮਾਹਿਰ ਪੈਦਾ ਕਰਨ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਸਾਨੂੰ ਰੋਜ਼ਗਾਰ-ਦਾਤਾਵਾਂ ਅਤੇ ਵਿਦਿਅਕ ਅਦਾਰਿਆਂ ਦੇ ਵਿਚਕਾਰ ਮਜ਼ਬੂਤ ਸਾਂਝੇਦਾਰੀ ਬਣਾਉਣ ਦੀ ਜ਼ਰੂਰਤ ਹੈ ਤਾਂ ਜੋ ਖੇਤੀਬਾੜੀ ਪੇਸ਼ੇਵਰਾਂ ਦੇ ਹੁਨਰਾਂ ਨੂੰ ਨੌਕਰੀਆਂ ਦੇਣ ਵਾਲਿਆਂ ਦੀਆਂ ਜ਼ਰੂਰਤਾਂ ਪ੍ਰਤੀ ਹੁੰਗਾਰਾ ਮਿਲੇ ਅਤੇ ਨੌਜਵਾਨ ਗ੍ਰੈਜੂਏਟ ਰੁਜ਼ਗਾਰ ਪ੍ਰਾਪਤ ਕਰਨ ਯੋਗ ਹੋ ਸਕਣ। ਖੇਤੀਬਾੜੀ ਸਿੱਖਿਆ ਦੇ ਸਿਲੇਬਸ ਵਿੱਚ ਕਿਸਾਨੀ-ਕੇਂਦ੍ਰਿਤ ਤਕਨੀਕੀ, ਜਲਵਾਯੂ-ਤਬਦੀਲੀ, ਖੇਤਰੀ ਉਦਯੋਗਾਂ ਦੀਆਂ ਜ਼ਰੂਰਤਾਂ ਅਤੇ ਹੋਰ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਪਹਿਲੂਆਂ ਨੂੰ ਸ਼ਾਮਲ ਕਰਨ ਦੀ ਵੀ ਜ਼ਰੂਰਤ ਹੈ। ਇਸ ਤਰ੍ਹਾਂ ਤਿਆਰ ਕੀਤੇ ਗਏ ਮਨੁੱਖੀ ਸਰੋਤਾਂ ਵਿੱਚ ਭਵਿੱਖਤ ਗੁੰਝਲਦਾਰ ਮੁੱਦਿਆਂ ਨਾਲ ਨਜਿੱਠਣ ਲਈ ਲੋੜੀਂਦੀ ਰਚਨਾਤਮਿਕਤਾ, ਹੁਨਰ ਅਤੇ ਵਿਸ਼ਲੇਸ਼ਣ ਕਰਨ ਦੀਆਂ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਉਹ ਰਸਮੀ-ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਦੀਆਂ ਗਤੀਵਿਧੀਆਂ ਕਰਨ ਦਾ ਭਰੋਸਾ ਰੱਖਣ। ਖੇਤੀਬਾੜੀ ਵਿੱਚ ਨਿੱਜੀ ਖੇਤਰ ਦੀ ਵੱਧ ਸ਼ਮੂਲੀਅਤ ਦੇ ਨਾਲ ਉਦਯੋਗ, ਵਪਾਰ ਪ੍ਰਬੰਧਨ ਅਤੇ ਮਾਰਕੀਟ-ਮੁਖੀ ਖੇਤੀਬਾੜੀ ਸਿੱਖਿਆ ਤੇ ਵੀ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ।

ਇਹ ਸੁਨਿਸ਼ਚਿਤ ਕਰਨ ਦੀ ਜ਼ਰੂਰਤ ਹੈ ਕਿ ਗ੍ਰੈਜੂਏਟਸ ਅਤੇ ਨੌਜਵਾਨ ਵਿਗਿਆਨੀ ਖੇਤੀਬਾੜੀ ਨਾਲ ਸੰਬੰਧਿਤ ਉੱਚ ਗੁਣਵੱਤਾ ਵਾਲੀ ਖੋਜ ਕਰਨ, ਨਵੇਂ ਤੋਂ ਨਵੇਂ ਗਿਆਨ ਵਾਲੀਆਂ ਖੇਤੀ ਤਕਨੀਕਾਂ ਵਿਕਸਤ ਕਰਨ ਵਿੱਚ ਯੋਗਦਾਨ ਪਾਉਣ ਅਤੇ ਅੰਤਰਰਾਸ਼ਟਰੀ ਪੱਧਰ ਵਾਲੇ ਉੱਚ ਕੁਆਲਿਟੀ ਦੇ ਖੋਜ-ਪ੍ਰਕਾਸ਼ਨ ਪੈਦਾ ਕਰਨ ਦੇ ਕਾਬਲ ਬਣਨ। ਗ੍ਰੈਜੂਏਟ ਅਤੇ ਖੇਤੀਬਾੜੀ-ਤਕਨੀਕੀ ਮਾਹਿਰਾਂ ਨੂੰ ਆਪਣੇ ਵਿਦਿਅਕ ਵਿਸ਼ੇ ਦੇ ਗਿਆਨ ਦੇ ਨਾਲ-ਨਾਲ ਸਮੁੱਚੀ ਖੇਤੀਬਾੜੀ (ਉਤਪਾਦਨ,ਵਾਢੀ ਤੋਂ ਬਾਅਦ ਪ੍ਰਬੰਧਨ ਅਤੇ ਮੰਡੀਕਰਨ) ਦੇ ਕੁਸ਼ਲ ਪ੍ਰਬੰਧਨ ਕਰਨ, ਗੁੰਝਲਦਾਰ ਸਮੱਸਿਆਵਾਂ ਦੇ ਹੱਲ ਕਰਨ ਅਤੇ ਕੁਦਰਤੀ ਸਰੋਤਾਂ (ਜ਼ਮੀਨ, ਪਾਣੀ ਅਤੇ ਵਾਤਾਵਰਣ) ਦੀ ਸੰਭਾਲ ਕਰਨ ਲਈ ਗਿਆਨ ਨੂੰ ਲਾਗੂ ਕਰਨਾ ਆਉਣਾ ਵੀ ਜ਼ਰੂਰੀ ਹੈ।

ਇੰਟਰਨੈਟ ਰਾਹੀਂ ਨਵੇਂ ਨਵੇਂ ਵਿਗਿਆਨਕ ਗਿਆਨ ਪਰਦਾਨ ਕਰਨ ਅਤੇ ਪ੍ਰਾਪਤ ਕਰਨ ਵਿੱਚ ਨਕਲੀ-ਬੁੱਧੀ (Artifical Intelligence), ਵਰਚੁਅਲ ਸਿੱਖਿਆ (Virtual education), ਡਿਜੀਟਲ-ਕੋਰਸਵੇਅਰ ਅਤੇ ਇੰਟਰ-ਐਕਟਿਵ ਮਲਟੀ-ਮੀਡੀਆ ਤਕਨੀਕਾਂ ਨੂੰ ਖੇਤੀਬਾੜੀ ਸਿੱਖਿਆ, ਖੋਜ ਅਤੇ ਵਿਕਾਸ-ਗਤੀਵਿਧੀਆਂ ਦਾ ਹਿੱਸਾ ਬਣਨਾ ਚਾਹੀਦਾ ਹੈ। ਇਸ ਸਭ ਨੂੰ ਪ੍ਰਾਪਤ ਕਰਨ ਲਈ ਬੁਨਿਆਦੀ ਵਿਗਿਆਨ, ਆਧੁਨਿਕ ਤਕਨਾਲੋਜੀਆਂ (ਬਾਇਓ-ਟੈਕਨਾਲੋਜੀ, ਨੈਨੋ-ਟੈਕਨੋਲੋਜੀ, ਭੂਗੋਲਿਕ ਜਾਣਕਾਰੀ ਪ੍ਰਣਾਲੀ ਆਦਿ) ਵਿਦਿਆਰਥੀਆਂ ਅਤੇ ਗ੍ਰੈਜੂਏਟਾਂ ਦਾ ਉਦਯੋਗਿਕ ਸੰਪਰਕ,

ਸਮਾਜਿਕ ਵਿਗਿਆਨ, ਸੰਚਾਰ ਤਕਨਾਲੋਜੀ ਆਦਿ ਖੇਤੀਬਾੜੀ ਸਿੱਖਿਆ ਦੇ ਹਿੱਸੇ ਹੋਣੇ ਚਾਹੀਦੇ ਹਨ। ਪੰਜਾਬ ਸਰਕਾਰ ਵਲੋਂ ਖੇਤੀਬਾੜੀ ਸਿੱਖਿਆ ਅਤੇ ਖੋਜ ਦੇ ਮਿਆਰ ਨੂੰ ਬਿਹਤਰ ਬਣਾਉਣ ਅਤੇ ਨਿਯਮਤ ਕਰਨ ਲਈ ਪੰਜਾਬ ਸਟੇਟ ਕੌਂਸਲ ਫਾਰ ਹਾਇਰ ਐਜੂਕੇਸ਼ਨ ਐਕਟ (2017) ਨੂੰ ਪ੍ਰਭਾਵਸ਼ਾਲੀ ਅਤੇ ਪੇਸ਼ੇਵਰ ਤਰੀਕੇ ਨਾਲ ਲਾਗੂ ਕਰਨ ਦੀ ਲੋੜ ਹੈ।

ਖੋਜ ਗਤੀਵਿਧੀਆਂ ਅਤੇ ਸੰਬੰਧਿਤ ਸੰਸਥਾਵਾਂ ਦੇ ਵਿਆਪਕ ਤੌਰ ’ਤੇ ਆਧੁਨਿਕੀਕਰਨ ਅਤੇ ਮਜ਼ਬੂਤੀ ਲਈ ਗਤੀਸ਼ੀਲ ਅਤੇ ਭਵਿੱਖਵਾਦੀ ਨੀਤੀ ਵਾਤਾਵਰਣ ਬਣਾਏ ਜਾਣ ਦੀ ਲੋੜ ਹੈ। ਬਹੁ-ਅਨੁਸ਼ਾਸਨੀ ਵਿਗਿਆਨਕ ਖੋਜ ਦੁਆਰਾ ਫ਼ਸਲਾਂ ਦੀਆਂ ਕਿਸਮਾਂ, ਜ਼ਮੀਨ ਦੀ ਸਿਹਤ, ਪਾਣੀ, ਜਲਵਾਯੂ, ਕੀਟ-ਨਿਯੰਤਰਣ ਅਤੇ ਹੋਰ ਖੇਤੀਬਾੜੀ ਪ੍ਰਬੰਧਨ ਅਭਿਆਸਾਂ ਅਤੇ ਦੇਸੀ (Indigenous) ਗਿਆਨ ਦਾ ਏਕੀਕ੍ਰਿਤ ਕਰ ਕੇ ਜਲਵਾਯੂ ਲਚਕੀਲ ਅਤੀ ਆਧੁਨਿਕ ਸੂਖਮ ਪ੍ਰਬੰਧਨ ਤਕਨਾਲੋਜੀਆਂ ਦੁਆਰਾ ਖੇਤੀ-ਆਰਥਿਕ ਵਿਕਾਸ-ਘਟਾਉ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਹੱਲ ਕੀਤਾ ਜਾਣਾ ਚਾਹੀਦਾ ਹੈ। ਖੇਤੀਬਾੜੀ (ਫਲ, ਸਬਜ਼ੀਆਂ ਅਤੇ ਹੋਰ ਫ਼ਸਲਾਂ ਸਮੇਤ) ਉਤਪਾਦਕਤਾ, ਉਤਪਾਦਨ-ਕੁਸ਼ਲਤਾ ਅਤੇ ਮੁਨਾਫੇ ਵਧਾਏ ਅਤੇ ਖੇਤੀਬਾੜੀ ਵਿਭਿੰਨਤਾ ਅਤੇ ਸੁਨਿਸ਼ਚਿਤ-ਖੇਤੀਬਾੜੀ ਅਪਣਾਏ ਜਾਣੇ ਚਾਹੀਦੇ ਹਨ। ਬਾਰਿਸ਼ ’ਤੇ ਨਿਰਭਰ ਖੇਤਰਾਂ ਵਿੱਚ ਖੇਤੀ ਉਤਪਾਦਕਤਾ ਅਤੇ ਮੁਨਾਫਿਆਂ ਨੂੰ ਵਧਾਉਣ ਲਈ ਅਤੇ ਵਿਗੜ ਰਹੇ ਕੁਦਰਤੀ ਸਰੋਤਾਂ (ਜ਼ਮੀਨ, ਪਾਣੀ ਅਤੇ ਵਾਤਾਵਰਣ) ਦੀ ਸੰਭਾਲ ਦੇ ਵਿਚਕਾਰ ਸੰਤੁਲਨ ਬਣਾਈ ਰੱਖਣ ਲਈ ਆਧੁਨਿਕ ਖੋਜ ਦੀ ਲੋੜ ਹੈ।

ਆਧੁਨਿਕ ਤਕਨਾਲੋਜੀਆਂ ਦੀ ਵਰਤੋਂ ਕਰਦਿਆਂ ਫ਼ਸਲਾਂ ਦੀਆਂ ਨਵੀਆਂ ਉੱਨਤ ਕਿਸਮਾਂ/ਹਾਈਬ੍ਰਿਡ (ਇੱਥੋਂ ਤੱਕ ਕਿ ਜੈਨੇਟਿਕ ਤੌਰ ’ਤੇ ਸੰਸ਼ੋਧਿਤ, ਜਿਵੇਂ ਕਿ ਬੀ ਟੀ ਕਪਾਹ) ਉੱਚ ਉਤਪਾਦਕਤਾ, ਉੱਚ ਗੁਣਵੱਤਾ (ਪ੍ਰੋਟੀਨ, ਵਿਟਾਮਿਨ, ਜ਼ਰੂਰੀ-ਤੱਤ) ਅਤੇ ਬਾਇਉਟਿਕ ਤਣਾਅ (ਵਾਇਰਸਾਂ, ਬੈਕਟੀਰੀਆ, ਫੁੰਜਾਈ, ਨੈਮਾਟੋਡਜ਼, ਕੀੜੇ-ਮਕੌੜਿਆਂ ਅਤੇ ਨਦੀਨਾਂ ਕਾਰਨ) ਤੇ ਏਬਾਇਉਟਿਕ ਤਣਾਅ (ਘੱਟ ਜਾਂ ਵੱਧ ਤਾਪਮਾਨ, ਘੱਟ ਜਾਂ ਬਹੁਤ ਜ਼ਿਆਦਾ ਪਾਣੀ, ਉੱਚਖਾਰ, ਭਾਰੀ ਧਾਤਾਂ ਅਤੇ ਰੇਡੀਏਸ਼ਨ ਕਾਰਨ) ਪ੍ਰਤੀ ਵਧੇਰੇ ਸਹਿਣਸ਼ੀਲਤਾ ਰੱਖਣ ਦੀ ਜ਼ਰੂਰਤ ਹੈ। ਖੋਜ ਨੂੰ ਛੋਟੇ ਪੱਧਰ ਦੀ ਖੇਤੀਬਾੜੀ ਪ੍ਰਣਾਲੀ ਦੇ ਅਨੁਕੂਲ ਤਕਨਾਲੋਜੀਆਂ ਵਿਕਸਤ ਕਰਨ ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਤਾਂ ਕਿ ਛੋਟੇ ਕਿਸਾਨ ਖੇਤੀ ਉਤਪਾਦਨ ਅਤੇ ਮੁਨਾਫੇ, ਬਾਜ਼ਾਰ ਦੀਆਂ ਕੀਮਤਾਂ ਅਤੇ ਜਲਵਾਯੂ ਤਬਦੀਲੀ ਦੀਆਂ ਅਨਿਸ਼ਚਿਤਤਾਵਾਂ ਤੋਂ ਬਚੇ ਰਹਿਣ। ਜੈਨੇਟਿਕ ਸੋਧ ਤਕਨਾਲੋਜੀ ਦੁਆਰਾ ਉੱਚ ਉਪਜ ਦੇਣ ਵਾਲੀਆਂ ਫ਼ਸਲਾਂ/ਕਿਸਮਾਂ ਦੇ ਵਿਕਾਸ ਅਤੇ ਵੱਡੇ ਪੱਧਰ ’ਤੇ ਕਾਸ਼ਤ ਦੀ ਸਿਫਾਰਿਸ਼ ਕਰਨ ਲਈ ਸਰਕਾਰ ਅਤੇ ਵਿਗਿਆਨੀਆਂ ਨੂੰ ਚੰਗੀ ਤਰ੍ਹਾਂ ਵਿਚਾਰ ਕੇ ਇੱਕ ਨੀਤੀ ਬਣਾਉਣ ਦੀ ਜ਼ਰੂਰਤ ਹੈ। ਕਿਉਂਕਿ ਕੁਦਰਤੀ ਸਰੋਤ ਸੁੰਗੜ ਰਹੇ ਹਨ ਅਤੇ ਵਾਤਾਵਰਣ ਤਬਦੀਲੀ ਦੇ ਅਸਰ ਵਧ ਰਹੇ ਹਨ, ਇਸ ਕਰਕੇ ਸਾਲ 2050

ਤੱਕ 170 ਕਰੋੜ ਆਬਾਦੀ ਦੀਆਂ ਖੁਰਾਕੀ ਲੋੜਾਂ ਦੀ ਪੂਰਤੀ ਲਈ ਉਦੇਸ਼ ਪ੍ਰਤੀ ਯੂਨਿਟ ਵਰਤੇ ਗਏ ਪਾਣੀ, ਖਾਦ, ਕੀਟਨਾਸ਼ਕਾਂ ਅਤੇ ਊਰਜਾ ਤੋਂ ਵੱਧ ਤੋਂ ਵੱਧ ਖੇਤੀਬਾੜੀ ਉਤਪਾਦਕਤਾ ਹੋਣਾ ਚਾਹੀਦਾ ਹੈ।

ਖੇਤੀਬਾੜੀ ਖੋਜ ਅਤੇ ਸੰਬੰਧਿਤ ਸੰਸਥਾਵਾਂ ਦੇ ਵਿਆਪਕ ਤੌਰ 'ਤੇ ਆਧੁਨਿਕੀਕਰਨ ਅਤੇ ਮਜ਼ਬੂਤ ਕਰਨ ਲਈ ਸਰਕਾਰ ਵਾਲੋਂ ਵੱਡੇ ਪੱਧਰ 'ਤੇ ਨਿਵੇਸ਼ ਵਧਾਉਣ ਦੀ ਲੋੜ ਹੈ। ਇਹ ਮਹੱਤਵਪੂਰਨ ਹੈ ਕਿ ਆਰਥਿਕ ਸਰਵੇਖਣ 2019 ਦੀ ਰਿਪੋਰਟ ਅਨੁਸਾਰ ਭਾਰਤ ਖੇਤੀਬਾੜੀ ਖੋਜ ਅਤੇ ਵਿਕਾਸ ਤੇ ਦੇਸ਼ ਦੀ ਆਰਥਿਕਤਾ (ਜੀ.ਡੀ.ਪੀ.) ਦਾ ਸਿਰਫ 0.37 ਪ੍ਰਤੀਸ਼ਤ ਖਰਚ ਕਰਦਾ ਹੈ ਪਰ ਅਸਲ ਵਿੱਚ ਨਿਵੇਸ਼ ਨੂੰ ਜੀ.ਡੀ.ਪੀ. ਦੇ 2 ਪ੍ਰਤੀਸ਼ਤ ਤੋਂ ਅੱਗੇ ਵਧਾਉਣਾ ਚਾਹੀਦਾ ਹੈ।

ਇਸ ਸਭ ਲਈ ਭਵਿੱਖ ਵਿੱਚ ਉੱਚ-ਆਧੁਨਿਕ ਵਿਗਿਆਨ, ਤਕਨਾਲੋਜੀ ਤੇ ਨਵੀਨਤਾਵਾਂ ਦੇ ਨਾਲ ਖੇਤੀਬਾੜੀ ਸਿੱਖਿਆ ਅਤੇ ਖੋਜ ਪ੍ਰਣਾਲੀਆਂ ਉੱਪਰ ਉਦਾਰੀਕਰਨ ਅਤੇ ਸੰਸਾਰੀਕਰਨ ਦੇ ਪਰਭਾਵ, ਚੱਲ ਰਹੇ ਜੈਨੇਟਿਕ, ਟੈਕਨੋਲੋਜੀਕਲ ਅਤੇ ਸੂਚਨਾ ਤਕਨੀਕ (IT) ਇਨਕਲਾਬ; ਨਵੀਨਤਾਕਾਰੀ ਆਨ-ਲਾਈਨ ਈ-ਸਿੱਖਿਆ ਪ੍ਰਣਾਲੀ, ਵਿਸ਼ਵ ਵਪਾਰ ਸੰਗਠਨ (WTO), ਬੌਧਿਕ ਜਾਇਦਾਦ ਅਧਿਕਾਰ (IPR) ਅਤੇ ਖੇਤੀ ਵਿਗਿਆਨ, ਤਕਨਾਲੋਜੀ, ਉਦਯੋਗ ਅਤੇ ਕਾਰੋਬਾਰੀ ਸੰਬੰਧਾਂ ਦੇ ਪਰਭਾਵ ਤੇਜ਼ੀ ਨਾਲ ਵੱਧਦੇ ਜਾ ਰਹੇ ਹਨ।

ਖੇਤੀਬਾੜੀ ਸਿੱਖਿਆ, ਖੋਜ ਤੇ ਸੰਬੰਧਿਤ ਸੰਸਥਾਵਾਂ ਅਤੇ ਖੇਤਰੀ ਖੋਜ ਕੇਂਦਰਾਂ ਦੀਆਂ ਗਤੀਵਿਧੀਆਂ ਨੂੰ ਆਧੁਨਿਕ ਬਣਾਉਣ ਲਈ ਸਰਕਾਰੀ ਅਤੇ ਗ਼ੈਰ-ਸਰਕਾਰੀ ਵਿੱਤੀ ਸਹਾਇਤਾ ਯਕੀਨੀ ਤੌਰ 'ਤੇ ਮਿਲਣੀ ਜ਼ਰੂਰੀ ਹੈ ਤਾਂ ਜੋ ਵਿਸ਼ਵ ਪੱਧਰੀ ਫੈਕਲਟੀ ਅਤੇ ਵਿਗਿਆਨੀ ਨਿਯੁਕਤ ਕੀਤੇ ਜਾਣ ਅਤੇ ਉਨ੍ਹਾਂ ਦੀ ਸਮੇਂ ਸਮੇਂ ਤੇ ਯੋਗਤਾ ਬਿਹਤਰ ਬਣਾਉਣ ਲਈ, ਲੋੜੀਂਦਾ ਬੁਨਿਆਦੀ ਢਾਂਚਾ, ਆਧੁਨਿਕ ਲਾਇਬ੍ਰੇਰੀ, ਜਾਣਕਾਰੀ ਤਕਨਾਲੋਜੀ ਨਾਲ ਸੰਪਰਕ (connectivity) ਅਤੇ ਹੋਰ ਸਿੱਖਿਆ ਅਤੇ ਖੋਜ ਕਰਨ ਲਈ ਸਹੂਲਤਾਂ ਪੈਦਾ ਕੀਤੀਆਂ ਜਾ ਸਕਣ।

## 21. ਖੇਤੀਬਾੜੀ ਆਧੁਨਿਕੀਕਰਨ ਲਈ ਮੰਡੀਕਰਨ ਸੁਧਾਰ

ਖੇਤੀਬਾੜੀ ਦੇ ਆਧੁਨਿਕੀਕਰਨ ਦੀਆਂ ਯੋਜਨਾਵਾਂ ਸ਼ਾਇਦ ਹੀ ਸਫਲ ਹੋਣਗੀਆਂ ਜਦੋਂ ਤੱਕ ਸਰਕਾਰਾਂ ਵਲੋਂ ਸਮੁੱਚੀ ਮੰਡੀਕਰਨ ਪ੍ਰਣਾਲੀ (ਸਥਾਨਕ ਪ੍ਰਚੂਨ ਵਿਕਰੇਤਾ ਗ਼ੈਰ-ਸੰਗਠਿਤ ਮੰਡੀਕਰਨ ਸਮੇਤ) ਵਿੱਚ ਬੁਨਿਆਦੀ ਢਾਂਚਾਗਤ ਸੁਧਾਰ ਕਰ ਕੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਖੇਤੀ ਉਪਜਾਂ ਦੀ ਯਕੀਨਨ ਖਰੀਦ ਅਤੇ ਵਾਜਬ ਭਾਅ ਮਿਲਣੇ ਯਕੀਨੀ ਬਣਾਉਣ ਨੂੰ ਉੱਚ ਤਰਜੀਹ ਨਹੀਂ ਦਿੱਤੀ ਜਾਂਦੀ। ਇਸਦੇ ਨਾਲ-ਨਾਲ ਜ਼ਰੂਰੀ ਹੈ ਕਿ ਫ਼ਸਲਾਂ ਦੀਆਂ ਕੀਮਤਾਂ ਨਿਰਧਾਰਤ ਕਰਨ ਵਾਲੀ ਵਿਧੀ ਵਿੱਚ ਕਿਸਾਨਾਂ ਪੱਖੀ ਸੁਧਾਰ ਕਰਕੇ ਉਤਪਾਦਕਾਂ ਲਈ ਸਕਾਰਾਤਮਕ ਮੁਨਾਫਾ ਯਕੀਨੀ ਬਣਾਇਆ ਜਾਵੇ। ਹਰੀ ਕ੍ਰਾਂਤੀ ਦੌਰਾਨ ਖੇਤੀਬਾੜੀ ਪੈਦਾਵਾਰ ਮਾਰਕੀਟ ਰੈਗੂਲੇਸ਼ਨ ਐਕਟ ਲਾਗੂ ਹੋਣ ਦੇ ਨਾਲ ਪੰਜਾਬ

ਨੇ ਕਣਕ ਅਤੇ ਝੋਨੇ ਲਈ ਤਾਂ ਕਾਫ਼ੀ ਸਹੀ ਮੰਡੀਕਰਨ ਢਾਂਚਾ ਬਣਾਇਆ ਹੈ ਪਰ ਨਾਸ਼ਵਾਨ ਉਤਪਾਦਾਂ ਜਿਵੇਂ ਫਲ ਅਤੇ ਸਬਜ਼ੀਆਂ ਲਈ ਸਹੂਲਤਾਂ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਸੁਧਾਰ ਨਹੀਂ ਕੀਤੇ ਗਏ ਜਿਨ੍ਹਾਂ ਲਈ ਮੰਡੀਆਂ ਵਿੱਚ ਅਕੁਸ਼ਲਤਾ, ਵਿਚੋਲੇ ਦੀ ਮੌਜੂਦਗੀ ਅਤੇ ਕੀਮਤਾਂ ਵਿੱਚ ਹੇਰਾਫੇਰੀ ਹੁੰਦੀ ਹੈ।

ਕਿਉਂਕਿ ਖੇਤੀਬਾੜੀ ਮੰਡੀਕਰਨ ਇੱਕ ਰਾਜ/ਸੂਬੇ ਦਾ ਵਿਸ਼ਾ ਹੈ, ਰਾਜ ਸਰਕਾਰ ਵਲੋਂ ਉਤਪਾਦਾਂ ਦੇ ਖਰੀਦਣ ਦੀਆਂ ਪ੍ਰਣਾਲੀਆਂ, ਕੀਮਤ-ਸਥਿਰਤਾ ਨੂੰ ਕਾਇਮ ਰੱਖਣ ਵਿੱਚ, ਕਿਸਾਨਾਂ ਨੂੰ ਉਨ੍ਹਾਂ ਵਲੋਂ ਕਮਾਈ ਗਈ ਰਾਸ਼ੀ ਦੇ ਭੁਗਤਾਨ ਕਰਨ ਲਈ ਅਤੇ ਮੰਡੀਆਂ ਵਿੱਚ ਉਨ੍ਹਾਂ ਦੇ ਉਤਪਾਦਾਂ ਦੀ ਬਰਬਾਦੀ (ਜੋ ਲਗਪਗ 30 ਪ੍ਰਤੀਸ਼ਤ ਤਕ ਹੋ ਸਕਦੀ ਹੈ) ਨੂੰ ਰੋਕਣ ਲਈ ਆਧੁਨਿਕ ਬੁਨਿਆਦੀ ਢਾਂਚੇ ਅਤੇ ਹੋਰ ਸਹੂਲਤਾਂ ਦੇ ਵਿਕਾਸ ਵਿੱਚ ਵਿਸ਼ੇਸ਼ ਤੌਰ ’ਤੇ ਸੁਧਾਰ ਲਿਆਉਣ ਦੀ ਜ਼ਰੂਰਤ ਹੈ।

ਵਾਸਤਵ ਵਿੱਚ ਕਿਸਾਨ-ਮੰਡੀ-ਖਪਤਕਾਰ ਦੇ ਸੰਪਰਕ ਅਤੇ ਫ਼ਸਲ ਦੀ ਸਮੁੱਚੀ ਵੈਲਯੂ-ਚੇਨ (ਉਤਪਾਦਨ, ਵਾਢੀ, ਖਰੀਦ, ਗਰੇਡਿੰਗ, ਕੁਆਲਿਟੀ ਕੰਟਰੋਲ, ਪੈਕਿੰਗ, ਢੋਅ-ਢੁਆਈ, ਸਟੋਰੇਜ, ਵਿਕਰੀ ਆਦਿ) ਦੇ ਪ੍ਰਬੰਧਨ ਨੂੰ ਮਜ਼ਬੂਤ ਕਰਨ ਅਤੇ ਨਾਲ-ਨਾਲ ਕਿਸਾਨਾਂ ਦੀ ਆਮਦਨੀ ਨੂੰ ਵਧਾਉਣ ਲਈ ਉਚਿੱਤ ਕੀਮਤ ਅਤੇ ਵਪਾਰ ਨੀਤੀ ਦਾ ਵਿਕਾਸ ਕਰਨ ਦੀ ਜ਼ਰੂਰਤ ਹੈ। ਕੇਂਦਰੀ ਸਰਕਾਰ ਦੀਆਂ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਤੈਅ ਕਰਨ ਅਤੇ ਇਸ ਉੱਪਰ ਖਰੀਦ ਕਰਨ ਦੀਆਂ ਨੀਤੀਆਂ ਨੂੰ ਬੰਦ ਨਹੀਂ ਕੀਤਾ ਜਾਣਾ ਚਾਹੀਦਾ। ਅਸਲ ਵਿੱਚ ਸਵਾਮੀਨਾਥਨ ਕਮੇਟੀ ਦੀ ਸਿਫਾਰਿਸ਼ ਅਨੁਸਾਰ ਫ਼ਸਲ ਉਤਪਾਦਨ ਕਰਨ ਉੱਪਰ ਕੁੱਲ ਲਾਗਤਾਂ ਨਾਲੋਂ 50 ਪ੍ਰਤੀਸ਼ਤ ਵੱਧ ਐਮ ਐਸ ਪੀ ਨਿਰਧਾਰਤ ਕਰਨ ਨੂੰ ਸਰਕਾਰ ਵਲੋਂ ਪਰਵਾਨ ਕਰਕੇ ਨਾਂ ਸਿਰਫ ਝੋਨਾ ਅਤੇ ਕਣਕ ਲਈ ਸਗੋਂ ਸਾਰੀਆਂ ਫ਼ਸਲਾਂ ਦੇ ਉਤਪਾਦਾਂ ਦੀ ਵੀ ਨਿਰਧਾਰਤ ਕੀਮਤਾਂ ਤੇ ਖਰੀਦ ਯਕੀਨੀ ਹੋਣੀ ਚਾਹੀਦੀ ਹੈ। ਜੇ ਮੰਡੀ ਵਿੱਚ ਖਰੀਦ ਕੀਮਤਾਂ ਨਿਰਧਾਰਤ ਐਮ ਐਸ ਪੀ ਤੋਂ ਘੱਟ ਜਾਂਦੀਆਂ ਹੋਣ ਤਾਂ ਸਰਕਾਰੀ ਅਦਾਰਿਆਂ ਵਲੋਂ ਦਖਲ ਦੇ ਕੇ ਘਾਟਾ ਪੂਰਾ ਕਰਨਾ ਚਾਹੀਦਾ ਹੈ। ਵਾਸਤਵ ਵਿੱਚ ਨਿਰਧਾਰਿਤ ਐੱਮ ਐੱਸ ਪੀ ਤੋਂ ਘੱਟ ਕੀਮਤਾਂ ਤੇ ਖਰੀਦ ਕਰਨ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ। ਕਿਸਾਨਾਂ ਨੂੰ ਫ਼ਸਲਾਂ ਦੀ ਨਿਰਧਾਰਤ ਕੀਤੀ ਐਮ ਐਸ ਪੀ ਆਧਾਰਿਤ ਉਤਪਾਦਾਂ ਵੇਚਣ ਦਾ ਕਾਨੂੰਨਨ ਅਧਿਕਾਰ ਹੋਣਾ ਚਾਹੀਦਾ ਹੈ।

ਪੰਜਾਬ ਮੰਡੀਬੋਰਡ ਵਲੋਂ ਆਧੁਨਿਕ “ਮਾਰਕੀਟ-ਪ੍ਰਮੋਸ਼ਨ ਸੈੱਲ”, “ਈ-ਮਾਰਕੀਟ ਸਿਸਟਮ” ਅਤੇ “ਮਾਰਕੀਟ ਇੰਟੈਲੀਜੈਂਸ ਨੈੱਟ-ਵਰਕ” ਸਥਾਪਤ ਕੀਤੇ ਜਾਣੇ ਚਾਹੀਦੇ ਹਨ ਜਿਨ੍ਹਾਂ ਨਾਲ ਪੰਜਾਬ ਦੀ ਖੇਤੀ ਵਿੱਚ ਪੈਦਾ ਹੋ ਰਹੀਆਂ ਵਸਤਾਂ, ਖਾਸ ਕਰਕੇ ਫਲ, ਸਬਜ਼ੀਆਂ ਆਦਿ ਦੇ ਉਤਪਾਦਾਂ ਲਈ ਭਾਰਤੀ ਅਤੇ ਅੰਤਰਰਾਸ਼ਟਰੀ ਮੰਡੀਆਂ ਵਿੱਚ ਸੰਭਾਵਤ ਖਰੀਦਦਾਰਾਂ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਬਾਰੇ ਕਿਸਾਨਾਂ ਨੂੰ ਤੇਜ਼ੀ ਨਾਲ ਜਾਣਕਾਰੀ ਮੁਹਈਆ ਕਰਨ, ਨਵੇਂ ਨਵੇਂ ਘਰੇਲੂ ਅਤੇ ਵਿਸ਼ਵ ਵਿੱਚ ਉਤਪਾਦਨ ਦੇ ਰੁਝਾਨ, ਵਸਤੂ-ਸੰਬੰਧੀ ਲੋੜੀਂਦੀ ਗੁਣਵੱਤਾ ਦੇ ਮਿਆਰ ਅਤੇ ਕਿਸਾਨਾਂ ਦੀ ਸਮੇਂ ਸਿਰ ਮੰਡੀਆਂ

ਤੱਕ ਪਹੁੰਚ ਕਰਨ ਵਿੱਚ ਸਹਾਇਤਾ ਹੋ ਸਕਦੀ ਹੈ। ਇਸ ਤੋਂ ਇਲਾਵਾ ਖੇਤੀ ਭਾਈਚਾਰੇ ਦੀ ਸਰਕਾਰ ਦੁਆਰਾ ਜਾਰੀ ਰਵਾਇਤੀ ਮੰਡੀਆਂ ਦੇ ਨਿਯਮ ਅਧੀਨ ਪ੍ਰਚੂਨ ਨੂੰ ਵੇਚ ਕੇ ਕਾਫ਼ੀ ਲਾਭ ਵਧਾ ਸਕਣ ਵਿੱਚ ਮਦਦ ਵੀ ਹੋਵੇਗੀ। ਕਿਸਾਨਾਂ ਨੂੰ ਫ਼ਸਲਾਂ ਵਿਸ਼ੇਸ਼ ਉਤਪਾਦਾਂ ਦੇ ਮੰਡੀ-ਲੋੜੀਂਦੇ ਗੁਣਵੱਤਾ-ਮਾਪਦੰਡਾਂ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ ਜਾਂ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਨੂੰ ਆਪਣੀ ਉਪਜ ਵੇਚਣ ਵਿੱਚ ਮੁਸ਼ਕਿਲਾਂ ਨਾ ਆਉਣ। ਲੋੜ ਹੈ ਕਿ ਕੇਂਦਰ ਅਤੇ ਰਾਜ ਸਰਕਾਰਾਂ ਦੁਆਰਾ "ਮਾਰਕੀਟ ਕੀਮਤ ਸਥਿਰਤਾ ਫੰਡ" ਅਤੇ "ਖੇਤੀ ਜੋਖਮ ਫੰਡ" ਸਥਾਪਤ ਕੀਤੇ ਜਾਣ ਤਾਂ ਜੋ ਉਤਪਾਦਾਂ (ਖ਼ਾਸ ਕਰ ਨਾਸ਼ਵਾਨ) ਦੀਆਂ ਕੀਮਤਾਂ ਵਿੱਚ ਉਤਰਾਅ-ਚੜ੍ਹਾਅ ਦੇ ਸਮੇਂ ਦੌਰਾਨ ਕਿਸਾਨਾਂ ਦੀ ਵਿੱਤੀ ਸੁਰੱਖਿਆ ਕੀਤੀ ਜਾਵੇ।

ਪੰਜਾਬ ਸਰਕਾਰ, ਨੀਤੀ ਨਿਰਮਾਤਾ ਅਤੇ ਵਿਤੀ ਪ੍ਰਬੰਧਕਾਂ ਦੁਆਰਾ ਸਰਕਾਰ ਨਿਯੰਤਰਤ (ਸਰਕਾਰੀ ਜਾਂ ਗ਼ੈਰ-ਸਰਕਾਰੀ) ਉਤਪਾਦ-ਵਿਸ਼ੇਸ਼ "ਸਪਲਾਈ ਚੇਨਾਂ" (Supply chains) ਬਣਾਉਣ ਲਈ ਵਿਤੀ ਨਿਵੇਸ਼ ਕਰਨ ਦੀ ਜ਼ਰੂਰਤ ਹੈ ਤਾਂ ਜੋ ਸੂਬੇ ਅੰਦਰ ਪੈਦਾ ਹੋਣ ਵਾਲੇ ਵੱਖ-ਵੱਖ ਤਾਜ਼ਾ ਗ਼ੈਰ-ਪ੍ਰੋਸੈੱਸਡ ਅਤੇ ਪ੍ਰੋਸੈੱਸਡ ਖੇਤੀ ਉਤਪਾਦਾਂ (ਜਿਵੇਂ ਅਨਾਜ, ਫਲ, ਸਬਜ਼ੀਆਂ ਆਦਿ) ਨੂੰ ਵੱਖ-ਵੱਖ ਘਰੇਲੂ ਅਤੇ ਵਿਸ਼ਵ ਮੰਡੀਆਂ ਤੱਕ ਸਪਲਾਈ ਕਰਕੇ ਕਿਸਾਨਾਂ ਦੀ ਵੱਡੇ ਪੱਧਰ 'ਤੇ ਆਮਦਨ ਵਧਾਈ ਜਾ ਸਕੇ।

ਆਰਥਿਕਤਾ ਦਾ ਤੇਜ਼ੀ ਨਾਲ ਉਦਾਰੀਕਰਨ ਅਤੇ ਵਿਸ਼ਵੀਕਰਨ ਹੁੰਦੇ ਜਾਣ ਕਰਕੇ ਭਾਰਤ ਸਰਕਾਰ ਦੁਆਰਾ ਉਦਾਰ-ਵਪਾਰ ਨੀਤੀ ਦਾ ਮਾਹੌਲ ਬਣਾਇਆ ਜਾਣਾ ਚਾਹੀਦਾ ਹੈ ਤਾਂ ਜੋ ਘਰੇਲੂ ਵਪਾਰ ਅਤੇ ਨਿਰਯਾਤ ਵਧ ਫੁੱਲ ਸਕਣ ਅਤੇ ਕਿਸਾਨਾਂ ਨੂੰ ਲਾਭਕਾਰੀ ਭਾਅ ਮਿਲਣ ਵਿੱਚ ਸਹਾਇਤਾ ਕੀਤੀ ਜਾ ਸਕੇ। ਅਸਲ ਵਿੱਚ ਹੁਣ ਸਮਾਂ ਹੈ ਕਿ ਵਿਸ਼ਵਵਿਆਪੀ ਅਰਥ-ਵਿਵਸਥਾ ਦੇ ਵਿਸਥਾਰ ਅਤੇ ਵਿਸ਼ਵ ਪੱਧਰੀ ਸੰਗਠਨ (WTO) ਦੇਸ਼ਾਂ ਅਧੀਨ "ਮਾਤਰਾਤਮਕ ਪਾਬੰਦੀਆਂ" (Quantitative restrictions) ਨਾਲ ਪੈਦਾ ਹੋਈਆਂ ਚੁਣੌਤੀਆਂ ਦੇ ਮੱਦੇ ਨਜ਼ਰ ਮਾਰਕੀਟ ਪ੍ਰਣਾਲੀ ਦਾ ਆਧੁਨਿਕੀਕਰਨ ਕੀਤਾ ਜਾਵੇ।

## 22. ਖੇਤੀਬਾੜੀ ਆਧੁਨਿਕੀਕਰਨ ਲਈ ਵਿੱਤੀ ਨਿਵੇਸ਼ ਵਧਾਉਣਾ ਇਕ ਬੁਨਿਆਦੀ ਜ਼ਰੂਰਤ

ਖੇਤੀਬਾੜੀ ਦੇ ਆਧੁਨਿਕੀਕਰਨ ਦੀ ਪ੍ਰਾਪਤੀ ਲਈ ਵਿੱਤੀ ਸਹਾਇਤਾ ਇੱਕ ਮੁੱਢਲੀ ਜ਼ਰੂਰਤ ਹੈ। ਅਸਲ ਵਿੱਚ ਪੂਰੀ ਖੇਤੀਬਾੜੀ ਪ੍ਰਣਾਲੀ (ਉਤਪਾਦਨ, ਵਾਢੀ ਤੋਂ ਬਾਅਦ ਪ੍ਰਬੰਧਨ, ਪ੍ਰੋਸੈਸਿੰਗ ਅਤੇ ਮੰਡੀਕਰਨ), ਸਿੱਖਿਆ, ਖੋਜ ਅਤੇ ਤਕਨਾਲੋਜੀ ਦੇ ਪ੍ਰਸਾਰ ਪ੍ਰਣਾਲੀਆਂ ਵਿੱਚ ਅਤੇ ਇਸ ਨਾਲ ਜੁੜੇ ਬੁਨਿਆਦੀ ਢਾਂਚੇ ਤੇ ਸਹੂਲਤਾਂ ਦੇ ਆਧੁਨਿਕੀਕਰਨ ਅਤੇ ਵਿਕਾਸ ਕਰਨ ਲਈ ਵਿੱਤੀ-ਨਿਵੇਸ਼ ਨੂੰ ਵਧਾਉਣਾ ਜ਼ਰੂਰੀ ਹੈ ਤਾਂ ਕਿ ਕਿਸਾਨੀ ਨੂੰ ਤਕਨਾਲੋਜੀ ਆਧਾਰਿਤ ਉੱਚ ਉਤਪਾਦਕ, ਆਰਥਿਕ ਤੌਰ 'ਤੇ ਲਾਭਦਾਇਕ ਅਤੇ ਰੁਜ਼ਗਾਰ ਪੈਦਾ ਕਰਨ ਵਾਲੇ ਉੱਦਮ ਵਜੋਂ ਵਿਕਸਤ ਕੀਤਾ ਜਾਵੇ। ਪਰ ਇਹ ਨਿਰਾਸ਼ਾਜਨਕ ਹੈ ਕਿ ਅਗਾਮੀ ਰਾਜ ਤੇ ਕੇਂਦਰੀ ਸਰਕਾਰਾਂ ਅਤੇ ਉਨ੍ਹਾਂ ਦੇ ਵਿੱਤੀ

ਪ੍ਰਬੰਧਕ ਸਪੱਸ਼ਟ ਤੌਰ 'ਤੇ ਖੇਤੀਬਾੜੀ ਖੇਤਰ ਵਿੱਚ ਅਤੇ ਖ਼ਾਸ ਕਰ ਖੋਜ ਅਤੇ ਵਿਕਾਸ ਦੀਆਂ ਗਤੀਵਿਧੀਆਂ ਦੇ ਆਧੁਨਿਕੀਕਰਨ ਲਈ ਵਿੱਤੀ-ਨਿਵੇਸ਼ ਵਧਾਉਣ ਲਈ ਉੱਚ ਤਰਜੀਹ ਦੇਣ ਨੂੰ ਨਜ਼ਰ ਅੰਦਾਜ਼ ਕਰਦੀਆਂ ਜਾ ਰਹੀਆਂ ਹਨ। ਸਾਲ 1985 ਤੋਂ ਪਹਿਲਾਂ ਖੇਤੀਬਾੜੀ ਵਿੱਚ ਵਿੱਤੀ-ਨਿਵੇਸ਼ ਦੇਸ਼ ਦੀ ਆਰਥਿਕਤਾ (ਜੀ.ਡੀ.ਪੀ.) ਦਾ 4 ਪ੍ਰਤੀਸ਼ਤ ਤੋਂ ਵੱਧ ਸੀ ਜੋ ਘਟ ਕੇ ਲਗਪਗ 2 ਪ੍ਰਤੀਸ਼ਤ ਰਹਿ ਗਿਆ ਹੈ। ਕਾਰਪੋਰੇਟ ਸੈਕਟਰ ਦਾ ਯੋਗਦਾਨ ਮੁਸ਼ਕਿਲ ਨਾਲ 2 ਪ੍ਰਤੀਸ਼ਤ ਹੈ। ਖੇਤੀਬਾੜੀ ਸਿੱਖਿਆ ਵਿਕਾਸ ਦੇ ਆਧੁਨਿਕੀਕਰਨ ਲਈ ਵੀ ਵਿੱਤੀ-ਨਿਵੇਸ਼ ਲੋੜ ਤੋਂ ਘੱਟ ਹਨ। ਆਰਥਿਕ ਸਰਵੇਖਣ 2019 ਅਨੁਸਾਰ ਭਾਰਤ ਖੇਤੀਬਾੜੀ ਦੀ ਖੋਜ ਅਤੇ ਵਿਕਾਸ ਤੇ ਆਰਥਿਕਤਾ (ਜੀ.ਡੀ.ਪੀ.) ਦਾ ਸਿਰਫ 0.37 ਪ੍ਰਤੀਸ਼ਤ ਖਰਚ ਕਰਦਾ ਹੈ ਜੋ ਅਸਲ ਵਿੱਚ 2 ਪ੍ਰਤੀਸ਼ਤ ਤੋਂ ਵੱਧ ਹੋਣਾ ਚਾਹੀਦਾ ਹੈ ਤਾਂ ਜੋ ਬਹੁ-ਅਨੁਸ਼ਾਸਨੀ ਖੋਜ ਅਤੇ ਵਿਕਾਸ ਦੀਆਂ ਗਤੀਵਿਧੀਆਂ ਅਤੇ ਸੰਬੰਧਿਤ ਸੰਸਥਾਵਾਂ ਨੂੰ ਮਜ਼ਬੂਤ ਕਰ ਕੇ ਜੋਖਮ ਮੁਕਤ, ਜਲਵਾਯੂ ਲਚਕੀਲੀਆਂ ਆਧੁਨਿਕ ਤਕਨੀਕਾਂ ਤਿਆਰ ਅਤੇ ਪ੍ਰਸਾਰਿਤ ਕੀਤੀਆਂ ਜਾ ਸਕਣ। ਬਾਰਿਸ਼ ਤੇ ਨਿਰਭਰ ਅਤੇ ਬਰਾਨੀ-ਖੇਤੀ ਵਾਲੇ ਖੇਤਰ ਅਤੇ ਛੋਟੀ ਕਿਸਾਨੀ ਨਾਲ ਜੁੜੇ ਪ੍ਰਾਜੈਕਟ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ।

ਕੋਵਿਡ-ਮਹਾਂਮਾਰੀ ਦੌਰਾਨ ਆਮ ਲੋਕਾਂ ਅਤੇ ਵੱਡੇ ਪੱਧਰ 'ਤੇ ਕਿਸਾਨੀ ਤੇ ਬਹੁਤ ਮਾੜਾ ਅਸਰ ਪਿਆ ਹੈ ਅਤੇ ਕਿਸਾਨਾਂ ਦੀ ਆਮਦਨ ਘਟਦੇ ਜਾਣ ਕਰਕੇ ਖੇਤੀ ਆਰਥਿਕ ਵਿਕਾਸ ਦੀ ਸਮੁੱਚੀ ਦਰ ਬਹੁਤ ਘਟਦੀ ਜਾ ਰਹੀ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਸਰਕਾਰ ਵਲੋਂ ਖੇਤੀਬਾੜੀ ਸੈਕਟਰ, ਖੇਤੀਬਾੜੀ ਖੋਜ ਅਤੇ ਵਿਕਾਸ ਲਈ ਨਿਵੇਸ਼ ਜ਼ਰੂਰ ਵਧਾਇਆ ਜਾਵੇ ਤਾਂ ਜੋ ਕਿਸਾਨਾਂ (ਖਾਸ ਕਰ ਛੋਟੇ ਕਿਸਾਨ) ਦੀ ਤਕਨੀਕੀ, ਵਿਤੀ, ਸਿਖਲਾਈ, ਲਾਭਕਾਰੀ ਮੰਡੀਕਰਨ ਆਦਿ ਸਮਰੱਥਾ ਵਧਾਈ ਜਾਵੇ ਅਤੇ ਉਹ ਉੱਚ ਉਤਪਾਦਕਤਾ ਅਤੇ ਲਾਭਕਾਰੀ ਆਮਦਨੀ ਪ੍ਰਾਪਤ ਕਰਨ ਯੋਗ ਬਣ ਸਕਣ ਅਤੇ ਲੋੜ ਤੋਂ ਘੱਟ ਆਮਦਨ ਦੇ ਸੰਕਟ ਤੋਂ ਇਕ ਵੱਡੀ ਰਾਹਤ ਪ੍ਰਾਪਤ ਕਰ ਸਕਣ।

ਖੇਤੀਬਾੜੀ ਖੇਤਰ ਦੀ ਸਮੁੱਚੀ ਪ੍ਰਣਾਲੀ ਦੇ ਖੇਤਰਾਂ (ਉਤਪਾਦਨ ਤੋਂ ਲੈ ਕੇ ਮੰਡੀਕਰਨ ਤੱਕ) ਵਿੱਚ ਵਿਆਪਕ ਬੁਨਿਆਦੀ ਢਾਂਚੇ ਅਤੇ ਹੋਰ ਸਹੂਲਤਾਂ ਲਈ ਅਤੇ ਆਰਥਿਕ ਵਿਕਾਸ ਦਰ (ਜੋ ਸਿੱਧੇ ਤੌਰ 'ਤੇ ਕਿਸਾਨਾਂ ਦੀ ਆਮਦਨੀ ਵਧਾਉਣ ਵਿੱਚ ਸਹਾਇਤਾ ਕਰੇਗਾ) ਨੂੰ ਤੇਜ਼ ਕਰਨ ਲਈ ਜਨਤਕ ਖੇਤਰ ਵਲੋਂ ਵਿੱਤੀ-ਨਿਵੇਸ਼ ਵਿੱਚ ਨਿਰੰਤਰ ਵਾਧਾ ਕੀਤਾ ਜਾਣਾ ਚਾਹੀਦਾ ਹੈ।

ਇਸ ਸਭ ਦੇ ਇਲਾਵਾ ਪੇਂਡੂ ਖੇਤਰਾਂ ਵਿੱਚ ਐਗਰੋ ਪ੍ਰੋਸੈਸਿੰਗ ਵਧਾਉਣ ਲਈ, ਅਨਾਜ ਤੇ ਨਾਸ਼ਵਾਨ ਉਤਪਾਦਾਂ ਦੇ ਭੰਡਾਰਨ, ਕੋਲਡ-ਚੇਨ (ਉਤਪਾਦਨ ਤੋਂ ਮੰਡੀਕਰਨ ਤੱਕ) ਆਦਿ ਦੀਆਂ ਸਹੂਲਤਾਂ ਸਥਾਪਤ ਕਰਨ ਲਈ; ਪੇਂਡੂ ਖੇਤਰਾਂ ਵਿੱਚ ਵਿਭਿੰਨ ਫਾਰਮ ਤੇ ਗ਼ੈਰ-ਫਾਰਮ ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਦੇ ਮੌਕਿਆਂ ਦੀ ਸਿਰਜਣਾ ਲਈ; ਖੇਤੀਬਾੜੀ ਵਿੱਚ ਸੂਚਨਾ ਤਕਨੀਕ, ਡਰੋਨ, ਭੂਗੋਲਿਕ ਜਾਣਕਾਰੀ ਸਿਸਟਮ, ਈ-ਮਾਰਕੀਟ ਪ੍ਰਣਾਲੀ

ਦਾ ਵਿਕਾਸ ਕਰਨ ਲਈ; ਪੇਂਡੂ ਖੇਤਰਾਂ ਵਿੱਚ ਫਾਰਮ ਮਸ਼ੀਨਰੀਕਰਨ ਅਤੇ ਲੋੜੀਂਦੇ ਮਸ਼ੀਨਰੀ ਸੇਵਾ-ਕੇਂਦਰਾਂ ਦੇ ਵਿਕਾਸ ਲਈ, ਬਰਸਾਤ ਤੇ ਨਿਰਭਰ ਅਤੇ ਬਰਾਨੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ, ਮੀਂਹ ਦੇ ਪਾਣੀ ਦੀ ਸੰਭਾਲ ਅਤੇ ਪ੍ਰਬੰਧਨ ਕਰਨ ਲਈ, ਵਿਭਿੰਨ ਫਾਰਮ ਅਤੇ ਗ਼ੈਰ-ਖੇਤੀ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ, ਫਾਰਮ ਸਲਾਹਕਾਰੀ ਸੇਵਾਵਾਂ ਸਥਾਪਤ ਕਰਨ ਲਈ ਅਤੇ ਹੋਰ ਸਹਾਇਤਾ ਸੇਵਾਵਾਂ ਵਿੱਚ ਸੁਧਾਰ ਕਰਨ ਲਈ ਵਿੱਤੀ ਨਿਵੇਸ਼ ਵਧਾਉਣ ਦੀ ਜ਼ਰੂਰਤ ਹੈ। ਕਾਰਪੋਰੇਟ ਸੈਕਟਰ ਨੂੰ ਖੋਜ ਅਤੇ ਵਿਕਾਸ ਨੂੰ ਮਜ਼ਬੂਤ ਕਰਨ ਅਤੇ ਮਿਆਰੀ ਬੀਜ, ਖੇਤੀ ਲਈ ਰਸਾਇਣਾਂ, ਮਸ਼ੀਨਾਂ ਆਦਿ ਦੀ ਸਪਲਾਈ ਕਰਨ ਲਈ ਵੀ ਵਿੱਤੀ-ਨਿਵੇਸ਼ ਕੀਤਾ ਜਾਣਾ ਚਾਹੀਦਾ ਹੈ।

## 23. ਲੋੜੀਂਦੇ ਨੀਤੀਗਤ ਉਦੇਸ਼

ਪੰਜਾਬ ਪਿਛਲੇ ਕਈ ਸਾਲਾਂ ਤੋਂ ਖੇਤੀਬਾੜੀ ਸੈਕਟਰ ਵਿੱਚ ਬਹੁਤ ਸਾਰੀਆਂ ਚੁਣੌਤੀਆਂ ਅਤੇ ਤਬਦੀਲੀਆਂ ਦਾ ਅਨੁਭਵ ਕਰ ਰਿਹਾ ਹੈ, ਜਿਸ ਕਰਕੇ ਕਿਸਾਨੀ ਅਤੇ ਕਿਸਾਨ ਭਾਈਚਾਰੇ (ਖਾਸ ਕਰ ਛੋਟੇ ਕਿਸਾਨ ਤੇ ਪੇਂਡੂ ਨੌਜਵਾਨ) ਵਿੱਚ ਰਵਾਇਤੀ ਖੇਤੀ ਆਧਾਰਿਤ ਘਟ ਰਹੇ ਮੁਨਾਫ਼ਿਆਂ ਅਤੇ ਜ਼ਰੂਰਤਾਂ ਤੋਂ ਘੱਟ ਆਮਦਨੀ ਸੰਬੰਧਿਤ ਸੰਕਟ ਵਾਲੇ ਹਾਲਾਤ ਪੈਦਾ ਹੁੰਦੇ ਜਾਣ ਕਰਕੇ ਆਰਥਿਕ-ਨਿਰਾਸ਼ਾ ਵਾਲੀ ਭਾਵਨਾ ਵਧਦੀ ਜਾ ਰਹੀ ਹੈ। ਕਿਸਾਨ ਦੀ ਆਰਥਿਕ ਸਥਿਤੀ ਵਿੱਚ ਸੁਧਾਰ ਲਿਆਉਣ ਲਈ ਭਾਰਤ ਸਰਕਾਰ ਵੱਲੋਂ ਕਈ ਯੋਜਨਾਵਾਂ/ਸਕੀਮਾਂ ਤਾਂ ਚਲਾਈਆਂ ਜਾ ਰਹੀਆਂ ਹਨ ਪਰ ਇਨ੍ਹਾਂ ਦਾ ਅਜੇ ਤੱਕ ਜ਼ਮੀਨੀ ਪੱਧਰ 'ਤੇ ਬਹੁਤਾ ਲਾਭ ਨਜ਼ਰ ਨਹੀਂ ਆ ਰਿਹਾ। ਪੰਜਾਬ ਵਲੋਂ ਅਜੇ ਤੱਕ ਇੱਕ ਵਿਆਪਕ ਖੇਤੀਬਾੜੀ ਨੀਤੀ ਤਿਆਰ ਨਹੀਂ ਕੀਤੀ ਗਈ ਅਤੇ ਇਸ ਖੇਤਰ ਨੂੰ ਭਵਿੱਖਵਾਦੀ ਸੋਚ ਅਤੇ ਆਧੁਨਿਕ ਤਕਨਾਲੋਜੀਆਂ ਆਧਾਰਿਤ ਵਿਕਸਤ ਕਰਕੇ ਕਿਸਾਨ ਭਾਈਚਾਰੇ ਦੀ ਆਰਥਿਕਤਾ ਨੂੰ ਵਾਧੇ ਵੱਲ ਰੱਖਣਾ ਲਗਪਗ ਅਣਗੌਲਿਆ ਹੀ ਗਿਆ ਹੈ।

ਇਸ ਲਈ ਲੋੜ ਹੈ ਕਿ ਪੰਜਾਬ ਸਰਕਾਰ, ਨੀਤੀ ਨਿਰਮਾਤਾ ਅਤੇ ਵਿਕਾਸ-ਮਾਹਿਰ ਸੰਭਾਵਿਤ, ਗੰਭੀਰ, ਗੁੰਝਲਦਾਰ ਚੁਣੌਤੀਆਂ ਦੇ ਪ੍ਰਭਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ (ਕਿਸਾਨ ਤੇ ਪੇਂਡੂ ਨੌਜਵਾਨ ਦੀ ਸ਼ਮੂਲੀਅਤ ਦੇ ਨਾਲ ਅਤੇ ਰਾਜ ਅਤੇ ਰਾਸ਼ਟਰੀ ਟੀਚਿਆਂ ਨੂੰ ਵਿਚਾਰ ਕੇ) ਵਿਗਿਆਨ, ਤਕਨਾਲੋਜੀ ਅਤੇ ਨਵੀਨਤਾਵਾਂ ਆਧਾਰਿਤ ਗਤੀਸ਼ੀਲ ਭਵਿੱਖਵਾਦੀ ਵਿਆਪਕ ਖੇਤੀਬਾੜੀ ਆਧੁਨਿਕੀਕਰਨ ਵਾਲਾ ਵਾਤਾਵਰਣ ਤਿਆਰ ਕਰਨ। ਇਸ ਤਹਿਤ ਨੀਤੀਆਂ ਹੇਠ ਕਿਸਾਨੀ (ਖਾਸ ਕਰਕੇ ਛੋਟੀ ਕਿਸਾਨੀ) ਅਤੇ ਕਿਸਾਨਾਂ ਦੀ ਆਰਥਿਕਤਾ ਵਾਧੇ ਵੱਲ ਰੱਖਣ ਲਈ ਤਕਨੀਕੀ, ਆਰਥਿਕ ਅਤੇ ਵਾਤਾਵਰਣਿਕ ਚੁਣੌਤੀਆਂ ਦੇ ਹੱਲ ਕੀਤੇ ਜਾਣ ਤਾਂ ਜੋ ਕਿਸਾਨ ਭਾਈਚਾਰਾ (ਖ਼ਾਸ ਕਰ ਛੋਟੇ ਕਿਸਾਨ) ਲੋੜਾਂ ਨਾਲੋਂ ਘੱਟ ਆਮਦਨੀ ਨਾਲ ਜੁੜੇ ਤਣਾਅ ਤੋਂ ਰਾਹਤ ਪਾ ਸਕੇ।

ਇਸ ਵਾਸਤੇ ਹੇਠ ਲਿਖੇ ਸੁਝਾਵਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ:

☛ ਖੇਤੀਬਾੜੀ ਆਧੁਨਿਕੀਕਰਨ ਨੀਤੀਗਤ ਵਾਤਾਵਰਣ ਹੇਠ ਸਹੀ ਗਤੀਸ਼ੀਲ ਥੋੜ੍ਹੇ ਸਮੇਂ ਅਤੇ ਭਵਿੱਖਵਾਦੀ ਲੰਮੇ ਸਮੇਂ ਦੀਆਂ ਨੀਤੀਆਂ ਅਤੇ ਕਾਰਜ ਯੋਜਨਾਵਾਂ ਨਾਲ

ਖੇਤੀਬਾੜੀ ਖੇਤਰ ਅਤੇ ਇਸ ਨਾਲ ਸੰਬੰਧਿਤ ਗਤੀਵਿਧੀਆਂ ਵਿੱਚ ਵੱਡੇ ਪੱਧਰ 'ਤੇ ਵਿੱਤੀ ਨਿਵੇਸ਼ ਵਧਾਇਆ ਜਾਵੇ ਅਤੇ ਵੱਖ-ਵੱਖ ਖੇਤਰਾਂ-ਨਿਸ਼ਚਿਤ ਸਮੁੱਚੀ ਖੇਤੀਬਾੜੀ-ਪ੍ਣਾਲੀ (ਉਤਪਾਦਨ, ਵਾਢੀ ਤੋਂ ਬਾਅਦ ਉਤਪਾਦਾਂ ਦੇ ਪ੍ਰਬੰਧਨ, ਪ੍ਰੋਸੈਸਿੰਗ ਅਤੇ ਮੰਡੀਕਰਨ) ਨੂੰ ਵਿਗਿਆਨ, ਤਕਨਾਲੋਜੀ ਅਤੇ ਸੂਚਨਾ ਤਕਨਾਲੋਜੀ ਦੀ ਵਰਤੋਂ ਆਧਾਰਿਤ ਉੱਚ ਉਤਪਾਦਕ, ਆਰਥਿਕ ਤੌਰ 'ਤੇ ਲਾਭਕਾਰੀ, ਵਾਤਾਵਰਣ ਲਚਕੀਲੀ, ਵਿਸ਼ਵ-ਵਿਆਪੀ ਪ੍ਰਤੀਯੋਗੀ, ਕੁਦਰਤੀ ਸਰੋਤ (ਜੈਵ ਵਿਭਿੰਨਤਾ, ਜ਼ਮੀਨ, ਪਾਣੀ, ਵਾਤਾਵਰਣ) ਸੰਭਾਲੂ ਅਤੇ ਰੁਜ਼ਗਾਰ ਪੈਦਾ ਕਰਨ ਵਰਗੇ ਕਿੱਤੇ/ਉੱਦਮ ਦੀ ਤਰ੍ਹਾਂ ਵਿਕਸਤ ਕੀਤਾ ਜਾਵੇ। ਇਸ ਲਈ ਖੇਤਰ ਵਿਸ਼ੇਸ਼ ਕਿਸਾਨ ਅਤੇ ਕਿਸਾਨ ਦੀ ਵਿੱਤੀ, ਤਕਨਾਲੋਜੀਕਲ, ਵਿਸ਼ੇਸ਼ ਸਿਖਲਾਈ, ਲਾਭਕਾਰੀ ਮਾਰਕਿਟ ਆਦਿ ਸਮਰੱਥਾ ਵਧਾਉਣ ਦੀ ਜ਼ਰੂਰਤ ਹੈ। ਮੁੱਖ ਉਦੇਸ਼, ਉੱਚ ਖੇਤੀ-ਉਤਪਾਦਨ, ਪੋਸ਼ਣ, ਮੁਨਾਫ਼ਾ ਅਤੇ ਸ਼ੁੱਧ-ਆਮਦਨੀ (Net-income) ਯਕੀਨਨ ਵਾਧੇ ਵੱਲ ਕਾਇਮ ਰੱਖ ਕੇ ਕਿਸਾਨ ਭਾਈਚਾਰੇ ਨੂੰ ਲੋੜਾਂ ਨਾਲੋਂ ਘੱਟ ਆਮਦਨ ਵਾਲੇ ਸੰਕਟ ਤੋਂ ਰਾਹਤ ਮੁਹੱਈਆ ਕਰਵਾਉਣਾ ਹੋਣਾ ਚਾਹੀਦਾ ਹੈ।

☛ ਸਹੀ ਨੀਤੀ, ਵਿੱਤੀ ਨਿਵੇਸ਼ ਅਤੇ ਪ੍ਰੋਤਸਾਹਨ ਦੀ ਲੋੜ ਹੈ ਤਾਂ ਕਿ ਖੇਤਰ ਵਿਸ਼ੇਸ਼ ਖੇਤੀਬਾੜੀ (ਅਨਾਜ, ਬਾਗਬਾਨੀ ਅਤੇ ਗ਼ੈਰ-ਅਨਾਜ ਫ਼ਸਲਾਂ ਸਮੇਤ) ਆਧਾਰਿਤ ਆਰਥਿਕ ਵਿਕਾਸ ਲਗਾਤਾਰ ਵਾਧੇ ਵੱਲ ਕਾਇਮ ਰੱਖਿਆ ਜਾਵੇ। ਪ੍ਰਮੁੱਖ ਤਰਜੀਹ ਕਿਸਾਨ ਅਤੇ ਕਿਸਾਨੀ ਦੀ ਸਮਰੱਥਾ (ਵਿੱਤੀ, ਟੈਕਨੋਲੋਜੀਕਲ, ਵਿਸ਼ੇਸ਼ ਸਿਖਲਾਈ, ਲਾਭਕਾਰੀ ਮਾਰਕਿਟ ਆਦਿ) ਵਧਾਉਣ ਨੂੰ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਸਾਲ ਦਰ ਸਾਲ ਖੇਤੀ ਆਧਾਰਿਤ ਆਰਥਿਕਤਾ ਨੂੰ ਵਾਧੇ ਵੱਲ ਕਾਇਮ ਰੱਖਿਆ ਜਾ ਸਕੇ।

☛ ਆਧੁਨਿਕ ਖੇਤੀਬਾੜੀ ਆਧਾਰਿਤ ਆਰਥਿਕ ਸਥਿਰਤਾ ਨੂੰ ਪ੍ਰਾਪਤ ਕਰਨ ਲਈ ਕੁਦਰਤੀ ਸਰੋਤਾਂ ਜ਼ਮੀਨ, ਪਾਣੀ ਅਤੇ ਵਾਤਾਵਰਣ ਦੀ ਖੇਤੀ ਉਤਪਾਦਨ ਸਮਰੱਥਾ ਅਤੇ ਖੇਤੀ ਉਤਪਾਦਨ ਵਿਚਕਾਰ ਟਿਕਾਊ ਸੰਤੁਲਨ ਬਣਾਈ ਰੱਖਣਾ ਇੱਕ ਮਹੱਤਵਪੂਰਨ ਅਨਿੱਖੜਵਾਂ ਅੰਗ ਚਾਹੀਦਾ ਹੈ। ਇਸ ਲਈ ਜ਼ਰੂਰਤ ਹੈ ਕਿ ਖੇਤਰ-ਨਿਸ਼ਚਿਤ ਕੁਦਰਤੀ ਸਰੋਤ ਸੰਭਾਲੂ ਕਾਰਜ ਯੋਜਨਾਵਾਂ ਤਿਆਰ ਕੀਤੀਆਂ ਜਾਣ, ਜਿਨ੍ਹਾਂ ਨਾਲ (i) ਜ਼ਮੀਨ/ਮਿੱਟੀ ਦੀ ਨਿਯਮਿਤ ਕੁਸ਼ਲ ਵਰਤੋਂ ਅਤੇ ਇਸ ਦੀ ਉਪਜਾਊ ਸ਼ਕਤੀ ਕਾਇਮ ਰੱਖਣ ਨੂੰ ਯਕੀਨੀ ਬਣਾਇਆ ਜਾ ਸਕੇ, (ii) ਪਾਣੀ ਦੇ ਸਰੋਤਾਂ ਦੀ ਫਾਰਮ (on-farm) ਵਿੱਚ ਕੁਸ਼ਲ ਵਰਤੋਂ (ਛਿੜਕਾਅ ਤੇ ਡਰਿੱਪ ਮਾਈਕਰੋ-ਸਿੰਚਾਈ ਸਮੇਤ), ਧਰਤੀ ਹੇਠਲੇ ਪਾਣੀ ਦੀ ਨਿਯਮਿਤ ਖਿਚਾਈ, ਸਿੰਚਾਈ ਲਈ ਡਰੇਨੇਜ-ਪਾਣੀ ਅਤੇ ਸੋਧੇ ਹੋਏ ਸੀਵਰੇਜ ਪਾਣੀ ਦੀ ਰੀਸਾਈਕਲਿੰਗ (recycling), ਬਰਸਾਤੀ ਪਾਣੀ ਦੀ ਕੁਸ਼ਲ ਸਿੰਚਾਈ-ਤਕਨਾਲੋਜੀ ਅਪਣਾ ਕੇ ਪਾਣੀ ਦੀ ਸੰਭਾਲ ਕੀਤੀ ਜਾਵੇ ਅਤੇ (iii) ਵਾਤਾਵਰਣ ਵਿਗਾੜਨ ਉੱਪਰ ਰੋਕ ਲਗਾਈ ਜਾਵੇ।

- ਇਹ ਸਮਾਂ ਹੈ ਜਦ ਫ਼ਸਲ ਵਿਸ਼ੇਸ਼ ਸਾਈਟ (ਮਿੱਟੀ, ਪਾਣੀ ਅਤੇ ਵਾਤਾਵਰਣ) ਅਨੁਕੂਲਤਾ ਆਧਾਰਿਤ ਗਤੀਸ਼ੀਲ ਭਵਿੱਖਵਾਦੀ ਫ਼ਸਲੀ/ਖੇਤੀ ਵਿਭਿੰਨਤਾ ਸਿਸਟਮ ਅਪਨਾਉਣ ਨੂੰ ਪ੍ਰਮੁੱਖ ਤਰਜੀਹ ਦੇ ਕੇ ਕਣਕ-ਝੋਨਾ ਫ਼ਸਲੀ-ਪ੍ਰਣਾਲੀ ਤੋਂ ਬਦਲ ਕੇ ਉੱਚ ਮੁਨਾਫ਼ਾ ਅਤੇ ਆਮਦਨੀ ਪੈਦਾ ਕਰਨ ਅਤੇ ਮਾਰਕਿਟ ਵਿੱਚ ਉੱਚ ਮੰਗ ਵਾਲੀਆਂ ਫ਼ਸਲਾਂ (ਫਲ, ਸਬਜ਼ੀਆਂ, ਫੁੱਲ, ਤੇਲ ਬੀਜ, ਦਾਲਾਂ, ਮੱਕੀ, ਆਦਿ) ਪੈਦਾ ਕਰਨ ਵੱਲ ਜਾਣ ਦੀ ਲੋੜ ਹੈ। ਫ਼ਸਲੀ/ਖੇਤੀਬਾੜੀ ਵਿਭਿੰਨਤਾ ਯੋਜਨਾਵਾਂ ਦੀ ਸਫਲਤਾ ਵਾਸਤੇ ਸਰਕਾਰ ਵਲੋਂ ਵਿੱਤੀ, ਮਾਰਕੀਟਿੰਗ ਅਤੇ ਫ਼ਸਲਾਂ ਦਾ ਮੁੱਲ ਨਿਰਧਾਰਣ ਵਿਧੀ ਦਾ ਲੋੜੀਂਦਾ ਕਿਸਾਨ ਪੱਖੀ ਸਮਰਥਨ ਜ਼ਰੂਰੀ ਹੈ ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਜੇ ਕਣਕ ਅਤੇ ਝੋਨੇ ਨੂੰ ਕਿਸੇ ਹੋਰ ਫ਼ਸਲ ਨਾਲ ਤਬਦੀਲ ਕਰਨਾ ਹੈ ਤਾਂ ਕਿਸਾਨ ਨੂੰ ਬਦਲੀ ਗਈ ਫ਼ਸਲ ਤੋਂ ਕਣਕ ਤੇ ਝੋਨੇ ਮੁਕਾਬਲੇ ਬਰਾਬਰ ਜਾਂ ਵੱਧ ਸ਼ੁੱਧ ਆਮਦਨੀ (Net income) ਪ੍ਰਾਪਤ ਹੋਣੀ ਚਾਹੀਦੀ ਹੈ।
- ਛੋਟੇ ਪੱਧਰ ਦੀ ਕਿਸਾਨੀ ਵਿਸ਼ੇਸ਼ ਆਧੁਨਿਕੀਕਰਨ ਦੀਆਂ ਯੋਜਨਾਵਾਂ ਦੇ ਤਹਿਤ ਖੇਤਰ-ਵਿਸ਼ੇਸ਼ ਵਿੱਤੀ-ਪ੍ਰਬੰਧਕ ਅਤੇ ਵਿਕਾਸ ਮਾਹਿਰ ਭਵਿੱਖਤ ਪੂੰਜੀ ਨਿਵੇਸ਼ ਅਤੇ ਵਿਕਾਸ ਯੋਜਨਾਵਾਂ ਵਿੱਚ ਉਨ੍ਹਾਂ ਪ੍ਰੋਜੈਕਟਾਂ ਅਤੇ ਸੰਸਥਾਵਾਂ ਵੱਲ ਜ਼ਿਆਦਾ ਤਰਜੀਹ ਦੇਣ ਜੋ ਸੰਪੂਰਨ ਤੌਰ ’ਤੇ ਛੋਟੀ ਕਿਸਾਨੀ ਨੂੰ ਉੱਚ ਉਤਪਾਦਕ ਅਤੇ ਆਰਥਿਕ ਤੌਰ ’ਤੇ ਲਾਭਕਾਰੀ ਉੱਦਮ/ਕਿੱਤਾ ਬਣਾਉਣ ਲਈ ਕਿਸਾਨਾਂ ਦੀ ਸਮਰੱਥਾ (ਤਕਨੀਕੀ, ਵਿੱਤੀ, ਮਾਰਕੀਟਿੰਗ, ਆਦਿ) ਵਧਾਉਣ ਵਿੱਚ ਸਹਾਈ ਹੋਣ। ਸਰਕਾਰ ਵਿੱਤੀ, ਤਕਨੀਕੀ, ਹੁਨਰ ਆਦਿ ਸਹਾਇਤਾ ਦੇ ਕੇ ਕਿਸਾਨਾਂ ਦੀ ਆਰਥਿਕ ਤੌਰ ’ਤੇ ਵਿਵਹਾਰਿਕ ਅਤੇ ਵਿਭਿੰਨ “ਗ਼ੈਰ-ਖੇਤੀ ਆਮਦਨੀ” ਵਧਾਉਣ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਿੱਚ ਮਦਦ ਕਰੇ ਤਾਂ ਜੋ ਕਿਸਾਨਾਂ ਦੀ ਖੇਤੀ ਤੋਂ ਇਲਾਵਾ ਵੀ ਆਮਦਨੀ ਵਧ ਸਕੇ ਅਤੇ ਉਨ੍ਹਾਂ ਨੂੰ ਲੋੜਾਂ ਤੋਂ ਘੱਟ ਆਮਦਨੀ ਵਾਲੇ ਹਾਲਾਤ ਤੋਂ ਕਾਫੀ ਹੱਦ ਤੱਕ ਰਾਹਤ ਮਿਲ ਸਕੇ।
- ਨਿਯੰਤ੍ਰਿਤ ਨੀਤੀ ਵਿਕਸਤ ਕਰਨ ਦੀ ਜ਼ਰੂਰਤ ਹੈ ਜਿਸ ਦੇ ਤਹਿਤ ਕੁਦਰਤੀ ਸਰੋਤਾਂ ਜ਼ਮੀਨ, ਪਾਣੀ ਅਤੇ ਇਨਪੁਟਸ (ਕੀਟਨਾਸ਼ਕ, ਖਾਦ, ਪਾਣੀ, ਊਰਜਾ/ਮਸ਼ੀਨਰੀ) ਦੀ ਕੁਸ਼ਲ ਵਰਤੋਂ ਨੂੰ ਯਕੀਨੀ ਬਣਾਇਆ ਜਾਵੇ ਤਾਂ ਕਿ ਲਾਗਤਾਂ/ਖਰਚੇ ਘਟਾ ਕੇ ਮੁਨਾਫ਼ਾ ਵਧਾਇਆ ਜਾਵੇ ਅਤੇ ਜ਼ਮੀਨ, ਪਾਣੀ ਅਤੇ ਵਾਤਾਵਰਣ ਦੀ ਸੰਭਾਲ ਕੀਤੀ ਜਾ ਸਕੇ। ਮਸ਼ੀਨੀਕਰਣ ਅਤੇ ਸਵੈ-ਚਾਲਨ (Automation) ਹੇਠ ਘੱਟ ਊਰਜਾ ਦੀ ਵਰਤੋਂ ਕਰਨ ਵਾਲੇ ਤਰੀਕੇ ਦੀ ਵਰਤੋਂ ਉਤਸ਼ਾਹਿਤ ਕਰਕੇ ਵੱਖ-ਵੱਖ ਖੇਤੀ-ਉਤਪਾਦਨ ਗਤੀਵਿਧੀਆਂ ਦੀ ਕੁਸ਼ਲਤਾ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਇਨ੍ਹਾਂ ਨੀਤੀਆਂ ਅਧੀਨ ਰਸਾਇਣਾਂ ਦੀ ਵਰਤੋਂ ਵਿੱਚ ਕਮੀ ਪ੍ਰਾਪਤ ਕਰਨ ਲਈ ਸਾਰੀਆਂ ਵੱਡੀਆਂ ਫ਼ਸਲਾਂ ਲਈ ਏਕੀਕ੍ਰਿਤ ਕੀਟ ਪ੍ਰਬੰਧਨ (IPM) ਅਤੇ ਏਕੀਕ੍ਰਿਤ ਜ਼ਮੀਨ ਸਿਹਤ ਪ੍ਰਬੰਧਨ (ISHM) ਪ੍ਰਣਾਲੀਆਂ ਨੂੰ ਵਿਕਸਤ ਕਰਨ ਦੀ ਜ਼ਰੂਰਤ ਹੈ।

- ਭਵਿੱਖਵਾਦੀ ਨੀਤੀਆਂ ਦੀ ਲੋੜ ਹੈ ਜਿਨ੍ਹਾਂ ਅਧੀਨ ਮੰਡਰਾਅ ਰਹੀ ਮੌਸਮੀ ਤਬਦੀਲੀ ਅਤੇ ਗਲੋਬਲ ਵਾਰਮਿੰਗ ਦੀ ਸਮੱਸਿਆ ਆਉਣ ਤੋਂ ਪਹਿਲਾਂ ਹੀ ਸੰਭਵ ਪ੍ਰਭਾਵਾਂ ਨੂੰ ਘਟਾਉਣ (Mitigate) ਅਤੇ ਅਡੈਪਸਟੇਸ਼ਨ (Adaptation) ਤਕਨਾਲੋਜੀਆਂ ਅਤੇ ਕਾਰਜ ਯੋਜਨਾਵਾਂ ਅਪਣਾਈਆਂ ਜਾਣ ਤਾਂ ਜੋ ਮੌਸਮੀ ਤਬਦੀਲੀ ਦੇ ਪ੍ਰਭਾਵਾਂ ਨੂੰ ਘਟਾਉਣ ਦੇ ਨਾਲ ਹੀ ਨਾਲ ਉਸੇ ਸਮੇਂ ਖੇਤੀਬਾੜੀ ਉਤਪਾਦਨ ਵਿੱਚ ਵਾਧਾ ਵੀ ਲਗਾਤਾਰ ਕਾਇਮ ਰੱਖਿਆ ਜਾ ਸਕੇ।
- ਭਵਿੱਖਵਾਦੀ ਖੇਤੀਬਾੜੀ ਆਧੁਨਿਕੀਕਰਨ ਨੀਤੀਆਂ ਵਿੱਚ ਨੌਜਵਾਨਾਂ (ਖਾਸ ਕਰ ਪੇਂਡੂ ਪੜ੍ਹੇ-ਲਿਖੇ) ਨੂੰ ਖੇਤੀਬਾੜੀ ਵੱਲ ਆਕਰਸ਼ਿਤ ਕਰਨ ਅਤੇ ਇਸ ਵਿੱਚ ਬਰਕਰਾਰ ਰੱਖਣ ਨੂੰ ਉੱਚ ਪੱਧਰੀ ਤਰਜੀਹ ਅਤੇ ਪਹਿਲ ਦੇਣੀ ਸਮੇਂ ਦੀ ਵੱਡੀ ਜ਼ਰੂਰਤ ਹੈ। ਸਰਕਾਰੀ ਤੇ ਗ਼ੈਰ-ਸਰਕਾਰੀ ਅਦਾਰਿਆਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਯੋਜਨਾਵਾਂ ਅਤੇ ਸੰਸਥਾਵਾਂ ਵੱਲ ਜ਼ਿਆਦਾ ਤਰਜੀਹ ਦਿੱਤੀ ਜਾਵੇ ਜੋ ਨੌਜਵਾਨਾਂ ਦੀ ਤਕਨੀਕੀ, ਵਿੱਤੀ, ਹੁਨਰ ਵਿਕਾਸ, ਮਾਰਕੀਟਿੰਗ ਆਦਿ ਸਮਰੱਥਾ ਵਧਾਉਣ ਤਾਂ ਜੋ ਉਹ ਆਪਣੀ ਆਮਦਨੀ ਲਗਾਤਾਰ ਵਾਧੇ ਵੱਲ ਕਾਇਮ ਰੱਖਣ ਲਈ ਸਮੁੱਚੀ ਖੇਤੀਬਾੜੀ ਪ੍ਰਣਾਲੀ (ਉਤਪਾਦਨ, ਵਾਢੀ ਤੋਂ ਬਾਅਦ ਪ੍ਰਬੰਧਨ, ਪ੍ਰੋਸੈਸਿੰਗ ਤੇ ਮੰਡੀਕਰਨ) ਵਿੱਚ ਤਕਨੀਕੀ ਆਧੁਨਿਕਤਾ ਅਤੇ ਗਤੀਸ਼ੀਲਤਾ ਲਿਆ ਕੇ ਖੇਤੀਬਾੜੀ ਨੂੰ ਉੱਚ ਉਤਪਾਦਕ, ਆਰਥਿਕ ਤੌਰ ’ਤੇ ਲਾਭਕਾਰੀ, ਵਾਤਾਵਰਣ ਅਨੁਕੂਲ, ਵਿਸ਼ਵ-ਵਿਆਪੀ ਪ੍ਰਤੀਯੋਗੀ ਅਤੇ ਰੁਜ਼ਗਾਰ ਪੈਦਾ ਕਰਨ ਵਰਗੇ ਕਿੱਤੇ/ਉਦਯੋਗ ਦੀ ਤਰ੍ਹਾਂ ਵਿਕਸਤ ਕਰ ਸਕਣ। ਨੌਜਵਾਨਾਂ ਨੂੰ ਉੱਦਮੀ ਬਣਨ ਅਤੇ ਖੇਤੀਬਾੜੀ ਨੂੰ ਉਦਯੋਗਾਂ ਵਾਂਗ ਪ੍ਰਬੰਧਿਤ ਕਰਨ ਦੀ ਜ਼ਰੂਰਤ ਹੈ।
- ਨੀਤੀ ਨਿਰਮਾਤਾ ਅਤੇ ਵਿਕਾਸ ਮਾਹਿਰਾਂ ਵਲੋਂ ਖੇਤੀ ਉਤਪਾਦਾਂ ਦੇ ਉਤਪਾਦਨ ਕਰਨ ਅਤੇ ਉਤਪਾਦਾਂ ਦੀ ਬਰਬਾਦੀ ਘਟਾਉਣ/ਰੋਕਣ ਨੂੰ ਬਰਾਬਰ ਮਹੱਤਤਾ ਦੇਣੀ ਚਾਹੀਦੀ ਹੈ। ਗ਼ੈਰ-ਨਾਸ਼ਵਾਨ ਅਤੇ ਨਾਸ਼ਵਾਨ ਖੇਤੀ ਉਤਪਾਦਾਂ (ਅਨਾਜ, ਫਲ, ਸਬਜ਼ੀਆਂ, ਆਦਿ) ਨੂੰ ਨੁਕਸਾਨ/ਬਰਬਾਦ ਹੋਣ ਤੋਂ ਬਚਾਉਣ ਲਈ ਪੇਂਡੂ ਖੇਤਰਾਂ ਵਿੱਚ ਆਧੁਨਿਕ ਸਟੋਰੇਜ ਤੇ ਕੋਲਡ ਚੇਨ (ਉਤਪਾਦਨ ਤੋਂ ਖਪਤਕਾਰ ਤੱਕ) ਸਹੂਲਤਾਂ ਵਧਾਉਣ ਅਤੇ ਐਗਰੋ-ਪ੍ਰੋਸੈਸਿੰਗ ਉਦਯੋਗ ਵੱਡੇ ਪੱਧਰ ’ਤੇ ਸਥਾਪਤ ਕਰਨ ਲਈ ਪਾਲਿਸੀਆਂ ਅਤੇ ਕਾਰਜ ਯੋਜਨਾਵਾਂ ਤਿਆਰ ਕਰਨਾ ਅਤੇ ਲਾਗੂ ਕਰਨਾ ਵੀ ਲਾਜ਼ਮੀ ਸ਼ਾਮਲ ਹੋਣਾ ਚਾਹੀਦਾ ਹੈ। ਇਸ ਨਾਲ ਉਤਪਾਦਾਂ ਦੀ ਬਰਬਾਦੀ ਘਟੇਗੀ, “ਉਤਪਾਦਾਂ ਦੇ ਮੁੱਲ ਵਧਾਊ ਆਰਥਿਕਤਾ ਵਾਲਾ ਅੰਦੋਲਨ” ਪੈਦਾ ਹੋ ਸਕੇਗਾ ਅਤੇ ਨਾਲ-ਨਾਲ ਖੁਰਾਕ (Food) ਦੀ ਉਪਲੱਬਧਤਾ ਵਧਾਈ ਜਾ ਸਕੇਗੀ, ਨਿਰਵਿਘਨ ਰੁਜ਼ਗਾਰ ਦੇ ਮੌਕੇ ਪੈਦਾ ਹੋ ਸਕਣਗੇ ਅਤੇ ਕਿਸਾਨਾਂ ਦੀ ਆਮਦਨੀ ਵਧਾਈ ਜਾ ਸਕੇਗੀ।
- ਸੂਬੇ ਵਿੱਚ ਵੱਖਰੀ ਬੀਜ ਨੀਤੀ ਤਿਆਰ ਕਰਨ ਦੀ ਲੋੜ ਹੈ ਤਾਂ ਜੋ ਫ਼ਸਲਾਂ ਦੇ ਬੀਜਾਂ

ਦੀ ਸਹੀ ਪ੍ਰਮਾਣਿਕਤਾ ਨੂੰ ਯਕੀਨੀ ਬਣਾਇਆ ਜਾਵੇ। ਫ਼ਸਲਾਂ ਦੀਆਂ ਵਧੇਰੇ ਝਾੜ ਵਾਲੀਆਂ ਕਿਸਮਾਂ/ਹਾਈਬ੍ਰਿਡਾਂ ਦੇ ਬੀਜ ਉਤਪਾਦਨ ਨੂੰ ਮਜ਼ਬੂਤ ਕਰਨ ਵਿੱਚ ਨਿੱਜੀ ਖੇਤਰ ਦੀ ਭੂਮਿਕਾ ਦਾ ਵਿਸਥਾਰ ਵੀ ਕਰਨ ਦੀ ਲੋੜ ਹੈ। "Planting Material and Nursery Act, 1961" ਵਿੱਚ ਸੋਧ ਕਰਕੇ ਕਿਸਾਨਾਂ ਨੂੰ ਯਕੀਨਨ ਸਹੀ ਗੁਣਵੱਤਾ ਵਾਲੇ ਬਿਮਾਰੀ ਰਹਿਤ ਬੀਜ ਅਤੇ ਪੌਦ/ਪੌਦਿਆਂ ਦੀ ਉਪਲੱਬਧਤਾ ਹੋ ਸਕੇਗੀ।

☛ ਖੇਤੀਬਾੜੀ ਆਧੁਨਿਕੀਕਰਨ ਪ੍ਰਕਿਰਿਆਵਾਂ ਤਹਿਤ, ਨੀਤੀਆਂ ਨੂੰ ਪੇਂਡੂ ਖੇਤਰਾਂ ਵਿੱਚ ਵਿਵਹਾਰਿਕ (Viable) ਵਿਭਿੰਨ ਹੁਨਰ ਵਿਕਾਸ ਦੀਆਂ ਗਤੀਵਿਧੀਆਂ ਨੂੰ ਮਜ਼ਬੂਤ ਕਰਨ ਲਈ ਪਹਿਲ ਦੇਣ ਦੀ ਜ਼ਰੂਰਤ ਹੈ ਤਾਂ ਕਿ ਕਿਸਾਨ ਅਤੇ ਨੌਜਵਾਨ ਆਪਣੀ ਸਮੁੱਚੀ ਖੇਤੀਬਾੜੀ ਪ੍ਰਣਾਲੀ (ਉਤਪਾਦਨ ਗੁਣਵੱਤਾ ਕੰਟਰੋਲ ਤੇ ਮਾਰਕੀਟਿੰਗ ਤੱਕ ਅਤੇ ਉੱਚ ਤਕਨੀਕੀ ਸੁਰੱਖਿਅਤ, ਡਿਜੀਟਲ, ਸ਼ਹਿਰੀ ਖੇਤੀ ਆਦਿ ਸਮੇਤ) ਦੀ ਅਮਲੀ ਕਾਰਗੁਜ਼ਾਰੀ ਲਈ ਯੋਗਤਾ ਵਧਾਉਣ ਅਤੇ ਉਦਯੋਗ ਤੇ ਹੋਰ ਗ਼ੈਰ-ਖੇਤੀ ਗਤੀਵਿਧੀਆਂ ਵਿੱਚ ਰੁਜ਼ਗਾਰ-ਯੋਗ ਬਣ ਸਕਣ। ਆਧੁਨਿਕ ਖੇਤੀ ਕਰਨ ਲਈ, ਖੇਤੀਬਾੜੀ ਨਾਲ ਸੰਬੰਧਿਤ ਫੀਲਡ/ਐਕਸਟੈਂਸ਼ਨ ਦੇ ਕਾਰਜ ਕਰਤਾਵਾਂ ਦੇ ਅਮਲੀ ਗਿਆਨ ਅਤੇ ਇਨਫਰਮੇਸ਼ਨ-ਤਕਨਾਲੌਜੀ (IT) ਦੇ ਹੁਨਰ ਨੂੰ ਅਪਗ੍ਰੇਡ ਕਰਨ ਦੀ ਲੋੜ ਹੈ। ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਪ੍ਰਧਾਨ ਮੰਤਰੀ ਕੁਸ਼ਲ ਵਿਕਾਸ ਯੋਜਨਾ, ਰਾਸ਼ਟਰੀ ਹੁਨਰ ਵਿਕਾਸ ਮਿਸ਼ਨ ਅਤੇ ਹੋਰ ਯੋਜਨਾਵਾਂ ਦੇ ਦਿਹਾਤੀ ਖੇਤਰ ਵਿੱਚ ਲੋੜੀਂਦੇ ਅਨੁਮਾਨਤ ਨਤੀਜੇ ਪ੍ਰਾਪਤ ਨਹੀਂ ਹੋ ਰਹੇ।

☛ ਇੱਕ ਖ਼ਾਸ ਨੀਤੀ ਹੇਠ ਪੇਂਡੂ ਖੇਤਰਾਂ ਵਿੱਚ ਪਰਿਵਾਰਾਂ (ਖਾਸ ਕਰਕੇ ਛੋਟੇ ਕਿਸਾਨ, ਪੇਂਡੂ ਨੌਜਵਾਨ ਅਤੇ ਗ਼ੈਰ-ਖੇਤੀ ਕਾਮੇ) ਨੂੰ ਵਿੱਤੀ, ਤਕਨੀਕੀ, ਸਿਖਲਾਈ, ਮਾਰਕੀਟਿੰਗ ਸਹਾਇਤਾ ਦੇ ਕੇ ਉਤਸ਼ਾਹਿਤ ਕਰਨ ਦੀ ਜ਼ਰੂਰਤ ਹੈ ਤਾਂ ਕਿ ਉਹ ਪਰਿਵਾਰਿਕ ਮੈਂਬਰਾਂ ਨੂੰ ਆਪਣੇ ਹੀ ਘਰਾਂ ਵਿੱਚ ਛੋਟੇ ਪੈਮਾਨੇ ਦੇ ਖੁਰਾਕ-ਪ੍ਰੋਸੈੱਸ, ਨਿਰਮਾਣ ਅਤੇ ਸੇਵਾਵਾਂ ਦੇ ਖੇਤਰਾਂ ਤੋਂ ਕਮਾਈ ਰਾਹੀਂ ਘਰੇਲੂ ਆਮਦਨੀ ਵਾਧੇ ਵੱਲ ਰੱਖਣ ਵਿੱਚ ਯੋਗਦਾਨ ਪਾ ਸਕਣ।

☛ ਭਵਿੱਖਵਾਦੀ ਨੀਤੀ ਦੀ ਲੋੜ ਹੈ ਜਿਸ ਅਧੀਨ ਵਿੱਤੀ ਨਿਵੇਸ਼ ਵਧਾ ਕੇ ਅੰਤਰ ਅਤੇ ਬਹੁ-ਅਨੁਸ਼ਾਸਨੀ ਖੇਤੀਬਾੜੀ ਸਿੱਖਿਆ, ਖੋਜ (ਖੇਤਰੀ ਖੋਜ ਸਮੇਤ) ਤੇ ਵਿਕਾਸ ਅਤੇ ਸੰਬੰਧਿਤ ਸੰਸਥਾਵਾਂ ਨੂੰ ਮਜ਼ਬੂਤ ਕੀਤਾ ਜਾਵੇ ਤਾਂ ਕਿ ਵਿਗਿਆਨ, ਤਕਨਾਲੋਜੀ, ਸੂਚਨਾ ਤਕਨਾਲੋਜੀ, ਬਾਇਉਟੈਕਨਾਲੋਜੀ, ਇਨਫਰਮੇਸ਼ਨ-ਤਕਨਾਲੋਜੀ (IT), ਸਮਾਜਿਕ ਵਿਗਿਆਨ ਅਤੇ ਸਥਾਨਕ ਗਿਆਨ ਦੇ ਵਿਆਪਕ ਤਾਲਮੇਲ ਨਾਲ ਨਵੀਆਂ ਅਤੀ-ਆਧੁਨਿਕ, ਜੋਖਮ-ਮੁਕਤ/ਘੱਟ-ਜੋਖਮ, ਜਲਵਾਯੂ-ਲਚਕੀਲੀ ਤਕਨਾਲੋਜੀਆਂ (ਖ਼ਾਸ ਕਰ ਛੋਟੀ ਕਿਸਾਨੀ ਲਈ) ਐਕਸਟੈਨਸ਼ਨ ਐਗਰੋ-ਟੈਕਨੋਲੋਜਿਸਟ ਅਤੇ ਸਿੱਖਿਅਤ ਮਨੁੱਖੀ ਸਰੋਤ ਦੇ ਨਿਰਵਿਘਨ ਪੈਦਾ ਕਰਨ ਤੇ ਪਸਾਰ

ਕਰਨ ਦੇ ਸਮਰੱਥ ਬਣ ਸਕਣ। ਖੇਤੀਬਾੜੀ ਸਿੱਖਿਆ ਤੇ ਖੋਜ ਦੀ ਗੁਣਵੱਤਾ ਬਿਹਤਰ ਅਤੇ ਨਿਯਮਿਤ ਕਰਨ ਲਈ ਪੰਜਾਬ ਸਟੇਟ ਕੌਂਸਲ ਫ਼ਾਰ ਹਾਇਰ ਐਜੂਕੇਸ਼ਨ ਐਕਟ, 2017 ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ।

☛ ਸਰਕਾਰ ਅਤੇ ਵਿਕਾਸ ਵਿਭਾਗ ਤੋਂ ਸਮਰਥਨ (ਤਕਨੀਕੀ, ਵਿੱਤੀ, ਸਿਖਲਾਈ, ਮੰਡੀਕਰਨ ਆਦਿ) ਕਰਕੇ ਗ਼ੈਰ-ਸਰਕਾਰੀ ਸੰਗਠਨਾਂ, ਸਵੈ-ਸਹਾਇਤਾ ਵਾਲੇ ਕਿਸਾਨ-ਸਮੂਹਾਂ, ਸਹਿਕਾਰੀ ਸੇਵਾਵਾਂ, ਕਿਸਾਨ ਉਤਪਾਦਕ ਸੰਗਠਨਾਂ ਅਤੇ ਗ੍ਰਾਮ ਉਤਪਾਦਕ ਸੰਸਥਾਵਾਂ ਦੇ ਵਿਕਾਸ ਕਰਨ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ।

☛ ਖੇਤੀਬਾੜੀ ਆਧੁਨਿਕੀਕਰਨ ਦੀਆਂ ਨੀਤੀਆਂ ਨੂੰ ਵਿਵਹਾਰਿਕ ਤੌਰ 'ਤੇ ਕਿਸਾਨਾਂ ਦੇ ਖੇਤ ਪੱਧਰ 'ਤੇ ਲਾਗੂ ਕਰਨ ਲਈ, ਅੰਤਰ-ਅਨੁਸ਼ਾਸਨੀ ਖੋਜ ਅਤੇ ਵਿਕਾਸ ਮਾਹਿਰਾਂ ਦੇ ਆਪਸੀ ਤਾਲਮੇਲ ਨਾਲ ਸੂਬਾ ਪੱਧਰ 'ਤੇ ਵੱਖ-ਵੱਖ ਖੇਤਰਾਂ ਅਤੇ ਵੱਖ-ਵੱਖ ਕਿਸਮ ਦੀਆਂ ਜ਼ਮੀਨਾਂ ਦੇ ਅਨੁਕੂਲ ਵਿਭਿੰਨ ਫ਼ਸਲਾਂ ਤੇ ਫ਼ਸਲੀ/ਖੇਤੀ ਪ੍ਰਣਾਲੀਆਂ ਤੋਂ ਵੱਧ ਤੋਂ ਵੱਧ ਮੁਨਾਫ਼ਾ ਅਤੇ ਆਮਦਨ ਪੈਦਾ ਕਰਨ ਵਾਸਤੇ, ਫ਼ਸਲਾਂ ਦੇ ਉਤਪਾਦਨ, ਸੁਰੱਖਿਆ, ਵਾਢੀ ਤੋਂ ਬਾਅਦ ਦੇ ਪ੍ਰਬੰਧਨ, ਪ੍ਰੋਸੈਸਿੰਗ ਅਤੇ ਮੰਡੀਕਰਨ ਆਦਿ ਲਈ ਕੀਤੀਆਂ ਗਈਆਂ ਸਾਰੀਆਂ ਪ੍ਰਬੰਧਨ ਸਿਫਾਰਸ਼ਾਂ ਅਤੇ ਲੋੜੀਂਦੀਆਂ ਤਕਨੀਕਾਂ ਨੂੰ ਇੱਕ ਪੈਕੇਜ ਵਿੱਚ ਜੋੜ ਕੇ ਮਾਡਲ ਵਿਕਸਤ ਕਰਨੇ ਚਾਹੀਦੇ ਹਨ, ਜਿਨ੍ਹਾਂ ਨੂੰ ਕਿਸਾਨ ਅਪਣਾ ਸਕਦੇ ਹੋਣ।

☛ ਪੰਜਾਬ ਸਰਕਾਰ, ਨੀਤੀ ਨਿਰਮਾਤਾਵਾਂ ਅਤੇ ਵਿੱਤੀ ਪ੍ਰਬੰਧਕਾਂ ਦੁਆਰਾ ਸੂਬਾ ਅਤੇ ਵੱਖ-ਵੱਖ ਖੇਤਰਾਂ ਨਿਸ਼ਚਿਤ ਸਰਕਾਰ ਨਿਯੰਤ੍ਰਿਤ (ਸਰਕਾਰੀ ਜਾਂ ਗ਼ੈਰ-ਸਰਕਾਰੀ) ਉਤਪਾਦ-ਵਿਸ਼ੇਸ਼ "ਸਪਲਾਈ-ਚੇਨਾਂ" ਸਥਾਪਤ ਕਰਨ ਲਈ ਵਿੱਤੀ ਨਿਵੇਸ਼ ਕਰਨ ਦੀ ਜ਼ਰੂਰਤ ਹੈ ਤਾਂ ਜੋ ਸੂਬਾ ਅਤੇ ਵੱਖ-ਵੱਖ ਖੇਤਰਾਂ ਅੰਦਰ ਪੈਦਾ ਹੋਣ ਵਾਲੇ ਵੱਖ-ਵੱਖ ਤਾਜ਼ਾ (ਗ਼ੈਰ-ਪ੍ਰੋਸੈੱਸਡ) ਅਤੇ ਪ੍ਰੋਸੈੱਸਡ ਖੇਤੀ-ਉਤਪਾਦਾਂ (ਜਿਵੇਂ ਅਨਾਜ, ਫਲ, ਸਬਜ਼ੀਆਂ ਆਦਿ) ਨੂੰ ਵੱਖ-ਵੱਖ ਘਰੇਲੂ ਅਤੇ ਵਿਸ਼ਵ (ਜਿਵੇਂ ਕਿ ਖਾੜੀ ਦੇਸ਼ਾਂ ਵਿੱਚ ਜਾਂ ਯੂਰਪ ਤੋਂ ਵੀ ਅੱਗੇ) ਮੰਡੀਆਂ ਤੱਕ ਸਪਲਾਈ ਕਰਕੇ ਕਿਸਾਨਾਂ ਦੀ ਵੱਡੇ ਪੱਧਰ 'ਤੇ ਆਮਦਨੀ ਵਧਾਈ ਜਾ ਸਕੇ।

☛ ਇਹ ਉਮੀਦ ਕੀਤੀ ਜਾਂਦੀ ਹੈ ਕਿ ਸਰਕਾਰ, ਵਿੱਤੀ ਪ੍ਰਬੰਧਕ ਅਤੇ ਵਿਕਾਸ ਵਿਭਾਗ ਤੋਂ ਖੇਤੀਬਾੜੀ ਨੂੰ ਵਿੱਤੀ, ਸੰਸਥਾਗਤ, ਨੀਤੀ ਅਤੇ ਰਾਜਨੀਤਿਕ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

## 24. ਦ੍ਰਿੜ ਰਾਜਨੀਤਿਕ ਇੱਛਾ ਬਹੁਤ ਜ਼ਰੂਰੀ

ਖੇਤੀਬਾੜੀ ਦੇ ਆਧੁਨਿਕੀਕਰਨ ਅਤੇ ਤਬਦੀਲੀ ਲਈ ਰਾਜਨੀਤਿਕ ਇੱਛਾ ਨੂੰ ਸੁਰਜੀਤ ਕਰਨ ਦੀ ਖਾਸ ਮਹੱਤਤਾ ਹੈ। ਕਿਸਾਨੀ ਤੇ ਕਿਸਾਨਾਂ ਪੱਖੀ ਲੋੜੀਂਦੀਆਂ ਨੀਤੀਆਂ ਬਣਾਉਣ, ਬੁਨਿਆਦੀ ਢਾਂਚੇ ਤੇ ਸਹੂਲਤਾਂ ਮੁਹੱਈਆ ਕਰਨ ਵਾਸਤੇ ਪੂੰਜੀ ਨਿਵੇਸ਼ ਕਰਨ/ਵਧਾਉਣ ਅਤੇ ਤਕਨੀਕੀ ਕਾਰਜ-ਯੋਜਨਾਵਾਂ ਤੇ ਪਹਿਲਕਦਮੀਆਂ ਨੂੰ ਸਹੀ ਤਰ੍ਹਾਂ ਲਾਗੂ